# ਫਾਂਸੀ, ਦੰਗੇ ਤੇ ਹੋਰ ਕੌਮੀ ਮਸਲੇ

(ਲੇਖ ਸੰਗ੍ਰਹਿ)

**ਡਾ. ਅਜੀਤਪਾਲ ਸਿੰਘ ਐਮ. ਡੀ.**

ਤਰਕਭਾਰਤੀ ਪ੍ਰਕਾਸ਼ਨ ਬਰਨਾਲਾ

**ਫਾਂਸੀ, ਦੰਗੇ ਤੇ ਹੋਰ ਕੌਮੀ ਮਸਲੇ**

(ਲੇਖ ਸੰਗ੍ਰਹਿ)

**ਡਾ. ਅਜੀਤਪਾਲ ਸਿੰਘ ਐਮ. ਡੀ**

ਬੀਬੀ ਵਾਲਾ ਰੋਡ, ਗਲੀ ਨੰਬਰ 6, ਬਠਿੰਡਾ।

ਫ਼ੋਨ : 0164-2213535, ਮੋ. 94172 00340

ਪਹਿਲੀ ਵਾਰ : 2013

© ਲੇਖਕ

**ਪ੍ਰਕਾਸ਼ਕ :**

*ਤਰਕਭਾਰਤੀ ਪ੍ਰਕਾਸ਼ਨ,*

ਪੁਰਾਣੀ ਸਬਜ਼ੀ ਮੰਡੀ, ਕੱਚਾ ਕਾਲੇਜ ਰੋਡ, ਬਰਨਾਲਾ-148101

ਫ਼ੋਨ : 01679-241744, 233244 ਫ਼ੈਕਸ : 241744

Email : tarksheel@gmail.com

**ਛਾਪਕ :** **ਸ਼ਿਵ ਸ਼ਕਤੀ ਪ੍ਰਿੰਟਰਜ਼, ਨਵੀਂ ਦਿੱਲੀ।**

**ਕੀਮਤ :** **100/-**

*© 2013 All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without publisher's prior written consent on any form of binding or cover other then that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photocopying, recording or otherwise), without the prior written permission of both the copyright owner and the above-mentioned publisher of this book.*

## ਇਸ ਲੇਖਕ ਦੀ ਕਲਮ ਤੋਂ ਹੁਣ ਤੱਕ ਛਪੀਆਂ ਪੁਸਤਕਾਂ

1. ਸਿਹਤ ਸੰਭਾਲ
2. ਸਿਹਤ ਫੁਲਵਾੜੀ
3. ਡਾਕਟਰ ਦੀ ਸਲਾਹ
4. ਤੰਦਰੁਸਤ ਕਿਵੇਂ ਰਹੀਏ
5. ਅਜੋਕਾ ਸਭਿਆਚਾਰ ਬੇਨਕਾਬ
6. ਸਾਮਰਾਜੀ ਵਿਸ਼ਵੀਕਰਨ ਬੇਨਕਾਮ
   ਭਾਗ-1 ਭਾਗ-2
   ਭਾਗ-3 ਭਾਗ-4
7. ਸਾਮਰਾਜੀ ਝੱਖੜ
8. ਸਾਮਰਾਜ ਦੇ ਮਾੜੇ ਪ੍ਰਭਾਵ
9. ਸਾਮਰਾਜੀ ਜੋਕਾਂ
10. ਵਿਸ਼ਵ ਵਿਆਪੀ ਆਰਥਕ ਮੰਦੀ
11. ਜੰਜ਼ੀਰਾਂ ਬਨਾਮ ਮੇਹਨਤਕਸ਼
12. ਕਿਵ ਕੂੜੈ ਤੁਟੇ ਪਾਲਿ
13. ਵਪਾਰੀਕਰਨ ਦੇ ਦੁਰਪ੍ਰਭਾਵ
14. ਤੰਦਰੁਸਤੀ ਇੱਕ ਨਿਆਮਤ ਹੈ
15. ਮੌਜੂਦਾ ਵਿਕਾਸ ਬਨਾਮ ਮੇਹਨਤਕਸ਼
16. ਪੂੰਜੀਵਾਦ ਦਾ ਵਿਨਾਸ਼ ਜਰੂਰੀ
17. ਕਟਹਿਰੇ 'ਚ ਰਾਜਨੀਤੀ
18. ਦਾਗੀ ਰਾਜਨੀਤੀ ਦੇ ਨਾਇਕ
19. ਆਲਮੀ ਤਪਸ਼ ਤੇ ਮਹਿੰਗਾਈ
20. ਸ਼ੀਸ਼ਾ ਬੋਲਦਾ ਹੈ
21. ਸ਼ਬਦ ਬੂੰਦ
22. ਨੰਗੇ ਹਰਫ਼
23. ਭ੍ਰਿਸ਼ਟਾਚਾਰ ਦਾ ਖਾਤਮਾ ਕਿਵੇਂ?
24. ਪਛੜੇ ਵਰਗ ਦੀ ਮੁਕਤੀ ਕਿਵੇਂ?
25. ਕੌਮਾਂਤਰੀ ਸਮੱਸਿਆਵਾਂ
26. ਔਰਤਾਂ ਦੀ ਦਸ਼ਾ ਤੇ ਦਿਸ਼ਾ
27. ਮਾਓਵਾਦੀ ਵਿਚਾਰਧਾਰਾ ਤੇ ਆਦਿਵਾਸੀ
28. ਭ੍ਰਿਸ਼ਟਾਚਾਰ ਤੇ ਹੋਰ ਭਖਦੇ ਮਸਲੇ
29. ਫਾਂਸੀ, ਦੰਗੇ ਤੇ ਹੋਰ ਕੌਮੀ ਮਸਲੇ
30. ਬਿਮਾਰੀਆਂ ਤੋਂ ਬਚਾਅ ਕਿਵੇਂ?
31. ਗਰੀਬ ਬਨਾਮ ਭਾਰਤੀ ਅਰਥਚਾਰਾ
32. ਓਸਾਮਾ ਜਾਂ ਓਬਾਮਾ ਅੱਤਵਾਦੀ ਕੌਣ?

# ਤਤਕਰਾ


ਸਵਦੇਸ਼ੀ ਦਾ ਨਾਹਰਾ ਲਾਉਣ ਵਾਲਿਆਂ ਦੀ ਅਸਲੀਅਤ ਕੀ? 5
ਮੌਤ ਦੀ ਸਜ਼ਾ 'ਤੇ ਬਹਿਸ ਕਿਉਂ ਜ਼ਰੂਰੀ? 8
ਕਿਸ ਤਰ੍ਹਾਂ ਦਾ ਹੈ ਪੱਛਮੀ ਬੰਗਾਲ ਦੀ ਨਵੀਂ ਸਰਕਾਰ ਦਾ ਕਿਰਦਾਰ? 11
ਕੀ ਹੈ ਯੂ. ਪੀ. ਏ. ਸਰਕਾਰ ਦੀ ਨਵੀਂ ਸਿੱਖਿਆ ਨੀਤੀ? 13
ਸਾਡੀ ਸੜਕੀ ਆਵਾਜਾਈ ਦੇ ਦਸ਼ਾ ਤੇ ਦਿਸ਼ਾ 20
ਕੀ ਅਰਥ ਹੈ ਪੱਛਮੀ ਬੰਗਾਲ 'ਚ ਖੱਬੇ ਮੋਰਚੇ ਦੀ ਹਾਰ ਦਾ 24
ਓ. ਬੀ. ਸੀ. ਦੀ ਪਿੱਠ 'ਚ ਛੁਰਾ ਕਾਂਗਰਸ ਨੇ ਮਾਰਿਆ? 31
ਧਾਰਮਿਕ ਪੂੰਜੀਵਾਦ ਦੇ ਅਪਰਾਧ ਕਿਵੇਂ? 33
ਸੂਚਨਾ ਅਧਿਕਾਰ ਕਾਨੂੰਨ ਵਰਤਣ 'ਤੇ ਖਜਲਖੁਆਰੀ ਕਿਉਂ? 37
ਰਾਜਨੇਤਾ, ਰਾਜਸੀ ਪਾਰਟੀਆਂ ਤੇ ਸੰਸਦੀ ਪ੍ਰਣਾਲੀ 40
ਕਾਨੂੰਨ ਨੂੰ ਮਾਖੌਲਾ ਕਰਦੇ ਕਾਲੇ ਕੋਟਾਂ ਵਾਲੇ 42
ਭੱਟਾ ਪ੍ਰਸੌਲ ਕਿਸਾਨ ਸੰਘਰਸ਼ 'ਚ ਕੀ ਨਿਬੜਿਆ 45
ਕੀ ਹੈ ਪਾਕਿਸਤਾਨ ਦੀਆਂ ਜੇਹਲਾਂ 'ਚ ਬੰਦ ਭਾਰਤੀ ਦੀ ਦਸ਼ਾ? 48
ਕੀ ਸੀ ਇਕ ਸਾਜਿਸ ਜਿਸ ਨਾਲ ਲੋਕ ਦੀ ਚੇਤਨਾ ਪਥਰਾ ਜਾਵੇ? 51
ਖੁਦਾਈ ਮਾਫੀਆਂ ਦਾ ਕਿੰਨਾ ਕੁ ਹੈ ਖੌਫ? 53
ਆਮ ਬਜਟ 2012-13 ਲੋਕਾਂ ਨਾਲ ਫੇਰ ਇਕ ਧੋਖਾ? 56
ਵਿਧਾਨ ਸਭਾਵਾਂ ਦੀਆਂ ਚੋਣਾਂ ਦੇ ਸਿੱਟੇ ਕੀ ਦਰਸਾਉਂਦੇ ਹਨ? 58
ਭ੍ਰਿਸ਼ਟਾਚਾਰ ਨਾਲ ਲੜੇ ਕੌਣ? 60
ਆਰ.ਟੀ.ਆਈ ਕਾਰਕੁੰਨ ਦਾ ਕਤਲ ਜਿੰਮੇਵਾਰ ਕੌਣ? 64
ਪੰਜ ਰਾਜਾਂ ਦੀਆਂ ਚੋਣਾਂ ਬਨਾਮ ਮੀਡੀਆ ਦਾ ਕਿਰਦਾਰ 68
ਸੰਕਟ ਵਿਚ ਜ਼ਿੰਦਗੀਆਂ : ਆਦੀਵਾਸੀ ਵਿਧਵਾਵਾਂ 70
ਫਿਰਕੂ ਹਿੰਸਾ ਦਾ ਸੁਲਗਦਾ ਜਵਾਲਾ ਮੁਖੀ ਕਿਉਂ? 73
ਗੋਦਰਾਕਾਂਡ ਪਿਛੋਂ ਹੋਏ ਕਤਲੇਆਮ ਦੇ ਜ਼ਖਮ ਅਜੇ ਵੀ ਅੱਲ੍ਹੇ ਕਿਉਂ? 80
ਕੀ ਮੋਦੀ ਪਾਸ ਦੋ ਦਰਜਨ ਸੁਆਲਾਂ ਦੇ ਜੁਆਬ ਹਨ? 83
ਜ਼ਮੀਨ ਮਾਲਕ ਕਿਉਂ ਬਣਨ ਮੋਹਤਾਜ 86
ਕਿਉਂ ਹੋਇਆ ਉਤਰਾਖੰਡ ਵੀ ਫਿਰਕਾਪ੍ਰਸਤੀ ਦੀ ਭੇਂਟ? 89
ਭਾਰਤ 'ਚ ਮੁਸਲਮਾਨ ਦਾ ਹੈ ਕੋਈ ਬੇਲੀ? 92
ਭਾਰਤੀ ਅਰਥਚਾਰੇ ਦਾ ਸੰਕਟ ਕਿੰਨਾ ਡੂੰਘਾ? 97
ਕੀ ਲੋਕਾਂ ਦੀ ਜੇਬ 'ਤੇ ਸਰਕਾਰੀ ਡਾਕਾ ਹੈ ਪੈਟਰੋਲ ਦੇ ਮੁੱਲ 'ਚ ਵਾਧਾ? 103
ਕੀ ਹਨ ਕਿਸਾਨਾਂ ਹਿਤੇਸ਼ੀ ਸਿਫ਼ਾਰਸ਼ਾਂ ਤੇ ਹਾਕਮਾਂ ਦੀ ਮੌਕਾਪ੍ਰਸਤੀ? 106
ਕਿਉਂ ਹੈ ਹੋਇਆ ਪੁਲਸ ਦਾ ਅਪਰਾਧੀ ਕਰਨ? 109
ਕੀ ਹੈ ਯੂ.ਪੀ.ਏ ਸਰਕਾਰ ਦੇ ਅੱਠ ਸਾਲਾਂ ਦਾ ਲੇਖਾ-ਜੋਖਾ? 114
ਕੀ ਹੈ ਜਨਗਣਨਾ ਕੋਡ ਦੀ ਮੰਗ ਤੇ ਸਰਨਾ ਬਰਾਦਰੀ? 120
ਭਾਰਤੀ ਫੌਜ ਅੰਦਰਲਾ ਭ੍ਰਿਸ਼ਟਾਚਾਰ ਕੀ ਗੁੱਲ ਖਿਲਾਵੇਗੀ? 123
ਹਕੂਮਤੀ ਕੁਰਸੀ ਦੀ ਦੌੜ: ਮੋਦੀ ਬਨਾਮ ਅਡਵਾਨੀ 126
ਮੀਡੀਆ ਰਿਪੋਰਟਿੰਗ ਦੇ ਦਿਸ਼ਾ-ਨਿਰਦੇਸ਼ ਤਹਿ ਕਰਨ ਬਾਰੇ 129
ਪੰਜਾਬ ਦਾ ਭਵਿੱਖ ਕਿਵੇਂ ਸੁਧਰੇ? 132
ਸੱਚ ਬੋਲਣ ਦੀ ਸਜ਼ਾ ਫਾਂਸੀ ਕਿਉਂ? 150
ਵਾਰ-ਵਾਰ ਅੰਨਾ ਮੌਨ ਵਰਤ ਕਿਉਂ ਰੱਖ ਲੈਂਦੇ ਹਨ? 156
ਮਿੰਨੀ ਕਹਾਣੀ / ਦੁਵਿਧਾ 160

# ਸਵਦੇਸ਼ੀ ਦਾ ਨਾਹਰਾ ਲਾਉਣ ਵਾਲਿਆਂ ਦੀ ਅਸਲੀਅਤ ਕੀ?

ਸਵਦੇਸ਼ੀ ਦਾ ਰਾਗ ਅਲਾਪਣ ਵਾਲਾ ਸੰਘ ਪਰਿਵਾਰ (ਆਰ. ਐਸ. ਐਸ.) ਆਪਣੇ ਰਾਜਸੀ ਮੰਸੂਬਿਆਂ ਲਈ ਇਹ ਵਿਦੇਸ਼ੀ ਚੰਦੇ ਦੀ ਵਰਤੋਂ ਕਰਨ ਤੋਂ ਵੀ ਗੁਰੇਜ਼ ਨਹੀਂ ਕਰਦਾ। ਇਸ ਕੜੀ 'ਚ ਸੰਘ ਪ੍ਰੀਵਾਰ ਦੀਆਂ ਵੱਖ-ਵੱਖ ਸ਼ਾਖਾਵਾਂ ਨੂੰ ਵਿਦੇਸ਼ੀ ਚੰਦਾ ਮਿਲਣ ਦੀ ਗੱਲ ਸਾਹਮਣੇ ਆਈ ਹੈ। ਫੰਡ ਇਕੱਠੇ ਕਰਨ ਦਾ ਕੰਮ ਇਹ ਅਖੌਤੀ 'ਦੇਸ਼ ਭਗਤ' ਕਾਫੀ ਲੰਮੇ ਸਮੇਂ ਤੋਂ ਗੌਰਵਸ਼ਾਲੀ ਹਿੰਦੂ ਅਤੀਤ ਦੇ ਖ਼ਤਰੇ ਦੇ ਨਾਂ ਹੇਠ ਕਰਦੇ ਹਨ। ਉਸੇ ਕੜੀ 'ਚ 9 ਅਗਸਤ 2009 ਨੂੰ ਨਵੀਂ ਦੁਨੀਆਂ ਅਖਬਾਰ ਦੇ ਪਹਿਲੇ ਸਫੇ 'ਤੇ ਛਪੀ ਖ਼ਬਰ ਤੋਂ ਇਹ ਸਚਾਈ ਇਕ ਵਾਰ ਫੇਰ ਸਾਹਮਣੇ ਆਈ। ਸੀ. ਬੀ. ਆਈ. ਜਾਂਚ ਦੌਰਾਨ ਪਾਇਆ ਗਿਆ ਕਿ ਸੰਘ ਪਰਿਵਾਰ ਦੇ ਸੰਗਠਨ ਨੂੰ ਵਿਵੇਕਾਨੰਦ ਦੇ ਨਾਂ ਹੇਠ, ਰਾਮ ਦੇ ਨਾਂ 'ਤੇ ਸਿੱਖਿਆ ਦੇ ਨਾਂ ਹੇਠ (ਭਗਵਾਂਕਰਨ ਕਰਨ ਲਈ), ਆਦੀਵਾਸੀਆਂ ਦੇ ਕਲਿਆਣ ਦੇ ਨਾਂ ਹੇਠ ਆਫਤ ਦੇ ਨਾਂ ਹੇਠ ਕਰੋੜਾਂ ਰੁਪਏ ਦਾ ਵਿਦੇਸ਼ੀ ਚੰਦਾ ਮਿਲਿਆ ਹੈ। ਮਿਸਾਲ ਵਜੋਂ 2006-07 'ਚ ਵਿਦੇਸ਼ੀ ਚੰਦਾ ਹਾਸਲ ਕਰਨ ਵਾਲੇ ਸੰਗਠਨਾ 'ਚ ਵਿਵੇਕਾਨੰਦ ਰਾਇਲ ਮੈਮੋਰੀਅਲ ਕੇਂਦਰ (ਤਾਮਿਲਨਾਡੂ) ਨੂੰ 54 ਲੱਖ 53 ਹਜ਼ਾਰ 346 ਰੁਪਏ ਮਿਲੇ। ਉਤਰ ਪ੍ਰਦੇਸ਼ ਵਿੱਚ ਸਰਗਰਮ ਸਿਖਿਆ ਭਾਰਤੀ ਸੰਸਥਾ ਨੂੰ 27 ਲੱਖ 56 ਹਜ਼ਾਰ 400 ਰੁਪਏ ਮਿਲੇ ਤਾਂ ਉਸੇ ਸੂਬੇ 'ਚ ਸਰਗਰਮ ਸ੍ਰੀ ਰਾਮ ਵਿਕਾਸ ਸੰਮਤੀ ਨੂੰ 22, 11, 870 ਰੁਪੈ ਉਤਰਾਖੰਡ 'ਚ ਕੁਦਰਤੀ ਆਫਤ ਪੀੜਤ ਸਹਾਇਤਾ ਸੰਮਤੀ ਨੂੰ 17, 90, 800 ਰੁਪਏ ਝਾਰਖੰਡ ਵਿੱਚ ਬਣਵਾਸੀ ਕਲਿਆਨ ਕੇਂਦਰ ਨੂੰ 6, 50, 430 ਰੁਪਏ ਅਤੇ ਕੇਰਲਾ 'ਚ ਸਰਗਰਮ ਬਣਵਾਸੀ ਆਸ਼ਰਮ ਟਰਸਟ ਨੂੰ 5, 59, 876 ਰੁਪਏ ਮਿਲੇ। ਵਿਦੇਸ਼ੀ ਚੰਦੇ ਦੀ ਗੱਲ ਤਾਂ ਇਕ ਪਾਸੇ ਸੰਘ ਪਰਿਵਾਰ ਦਾ ਵਿਚਾਰ ਤੇ ਅਮਲ ਤੋਂ ਵੀ ਸਵਦੇਸ਼ੀ ਨਹੀ ਹੈ ਅਤੇ ਨਾ ਹੀ ਵਰਦੀ ਅਤੇ ਨਾ ਤੋਂ ਸਵਦੇਸ਼ੀ ਨਾਂ ਦੇ ਪ੍ਰਸੰਗ 'ਚ ਖ਼ੁਦ ਆਰ. ਐਸ. ਐਸ. ਦੀ ਸਰਭਉਚ ਲੀਡਰਸ਼ਿਪ ਨੇ ਹਿਟਲਰ ਦੀ ਨਾਜੀ ਪਾਰਟੀ (ਨੈਸ਼ਨਲ ਸੋਸ਼ਲਿਸਟ ਜਰਮਨ ਵਰਕਰਸ ਪਾਰਟੀ ਦਾ ਸੰਖੇਪ ਰੂਪ) ਤੇ ਇਟਲੀ ਦੀ ਫਾਸ਼ੀਵਾਦੀ ਪਾਰਟੀ (ਇਤਾਲਵੀ ਭਾਸ਼ਾ 'ਚ 'ਫਾਸ਼ੀ' ਸ਼ਬਦ ਸੰਘ ਦਾ ਪਰਾਏਵਾਚੀ ਹੁੰਦਾ ਹੈ) ਦੀ ਪ੍ਰੇਰਨਾ ਨੂੰ ਆਪਣੇ ਲੇਖ 'ਚ ਮੰਨਿਆ ਸੀ ਅਤੇ ਇੱਥੋਂ ਤਕ ਕਿ ਸੰਘ ਦੇ ਸੇਵਕਾਂ ਦੀ ਯੂਨੀਫਾਰਮ ਵੀ ਸਪੇਨੀ ਤੇ ਇਤਾਲਵੀ ਫਾਸਿਸਟਾਂ ਤੋਂ ਪ੍ਰੇਰਿਤ ਹੈ। ਦੁਨੀਆਂ 'ਚ ਇਟਲੀ ਦੇ ਫਾਸਿਸਟਾਂ ਦੀ ਪਹਿਚਾਣ 'ਕਾਲੀ ਕਮੀਜ਼' ਅਤੇ ਸਪੇਨ ਦੇ ਫਾਸਿਸਟਾਂ ਦੀ ਪਹਿਚਾਣ 'ਭੂਰੀ ਕਮੀਜ਼' ਵਾਲਿਆਂ ਵਜੋਂ ਸੀ ਤਾਂ ਸੰਘੀਆਂ ਨੇ ਆਪਣੀ ਪਹਿਚਾਣ 'ਖਾਕੀ ਨਿਕਰ' ਤੇ 'ਕਾਲੀ ਟੋਪੀ' ਵਾਲਿਆਂ ਵਜੋਂ ਕਾਇਮ ਕੀਤੀ। ਜੇ ਵਿਚਾਰਧਾਰਕ ਪ੍ਰਸੰਗ 'ਚ ਗੱਲ ਕਰੀਏ ਤਾਂ ਡਾ. ਕੇਸ਼ਵਰਾਓ ਬਲੀਰਾਮ ਹੈਡਗੇਵਰ ਦੇ ਸਹਿਯੋਗੀ ਡਾ. ਮੰਜੇ ਨੇ ਇਟਲੀ ਦੇ ਨੇਤਾ ਮਸੋਲਿਨੀ ਨਾਲ ਮੁਲਾਕਾਤ ਵੀ ਕੀਤੀ ਸੀ ਅਤੇ ਉਥੋਂ ਵਿਚਾਰਧਾਰਕ ਪ੍ਰਸ਼ਾਦ ਲੈ ਕੇ ਵਾਪਸ ਆਏ ਸਨ। ਸੰਘ ਪਰਿਵਾਰ ਦਾ ਜਥੇਬੰਦਕ

ਢਾਂਚਾ ਅਤੇ ਕਾਰਜ ਪ੍ਰਣਾਲੀ ਵੀ ਕੁਝ ਹਿਟਲਰ ਦੀ ਨਾਜੀ ਪਾਰਟੀ ਅਤੇ ਮਸੋਲਿਨੀ ਦੀ ਫਾਸ਼ੀਵਾਦੀ ਪਾਰਟੀ ਨਾਲ ਮੇਲ ਖਾਂਦਾ ਹੈ ਨਾ ਕਿ ਭਾਰਤੀ ਸਭਿਆਚਾਰ ਦੇ ਕਿਸੇ ਅਧਿਆਇ ਨਾਲ ਇਸ ਦਾ ਜਥੇਬੰਦਕ ਢਾਂਚਾ ਨਾ ਤਾਂ ਕਿਸੇ ਤਰੀਕੇ ਦੇ ਸੰਵਿਧਾਨ ਨੂੰ ਮੰਨਦਾ ਹੈ ਅਤੇ ਨਾ ਹੀ ਆਪਣੇ ਅਹੁਦੇਦਾਰਾਂ ਦੇ ਚੁਣੇ ਜਾਣ ਦੇ ਅਧਿਕਾਰ ਨੂੰ। ਚਾਹੇ ਨਵੇਂ ਮੈਂਬਰ ਦੀ ਭਰਤੀ ਸਮੇਂ ਸੰਘ ਦੇ ਸਰਸੰਘ ਚਾਲਕ ਪ੍ਰਤੀ ਪੂਰਨ ਤੇ ਪ੍ਰਸ਼ਨਹੀਨ ਵਚਨਬੱਧਤਾ ਦੀ ਮੈਂਬਰਸ਼ਿਪ ਦੀ ਸ਼ਰਤ ਦਾ ਸੁਆਲ ਹੋਵੇ ਜਾਂ ਜਮਹੂਰੀਅਤ ਦਾ। ਜਥੇਬੰਦਕ ਢਾਂਚਾ ਕਮਾਂਡ ਸਟਰੱਕਚਰ ਹੁੰਦਾ ਹੈ। ਸੰਘ ਦੀ ਕਾਰਜਪ੍ਰਣਾਲੀ ਵੀ ਹਿਟਲਰ ਮਸੋਲਿਨੀ ਵਾਂਗੂੰ ਰੈਲੀਆਂ ਸਮੇਂ ਮੰਚ ਦੇ ਸਾਹਮਣੇ ਸਭ ਤੋਂ ਪਹਿਲਾਂ ਆਰ. ਐਸ. ਐਸ. ਦੇ ਵਰਦੀਧਾਰੀ ਸਵੈ ਸੇਵਕ ਬੈਠਦੇ ਹਨ ਅਤੇ ਸੰਘ ਦੇ ਨੇਤਾ ਨੂੰ ਹਿੰਦੂਆਂ ਦੇ ਵੀਰ ਸੈਨਾਨੀ ਵਜੋਂ ਪੇਸ਼ ਕਰਦੇ ਹਨ। ਇੱਥੋਂ ਤਕ ਕਿ ਇਹਨਾਂ ਦਾ ਰਾਸ਼ਟਰਵਾਦ ਵੀ ਹਿਟਲਰ ਦੇ ਜਰਮਨ ਰਾਸ਼ਟਰ, ਜਿਸ ਵਿੱਚ ਆਸਟ੍ਰਿਆ, ਪ੍ਰਸ਼ਾ ਬਵਾਰੀਆ ਤੇ ਚੈਕੋਸਲਵਾਕੀਆ ਨੂੰ ਮਿਲਾ ਕੇ ਬਣਾਇਆ ਗਿਆ ਸੀ ਦੀ ਤਰਜ਼ 'ਤੇ ਹੈ। ਉਸੇ ਤਰ੍ਹਾਂ 'ਆਖੰਡ ਭਾਰਤ' ਦੀ ਗੱਲ ਵੀ, ਪਾਕਿਸਤਾਨ, ਭਾਰਤ, ਬਰਮਾ, ਸ੍ਰੀ ਲੰਕਾ, ਨੇਪਾਲ ਆਦਿ ਨੂੰ ਮਿਲਾ ਕੇ ਕੀਤੀ ਗਈ ਹੈ। ਹੈਡਗੇਵਾਰ ਤੋਂ ਗੋਲਵਲਕਰ ਤੇ ਅਸ਼ੋਕ ਸਿੰਗਲ, ਪ੍ਰਵੀਨ ਤੋਗੜੀਆ ਨਰੇਂਦਰ ਮੋਦੀ ਦੇ ਭਾਸ਼ਣਾ ਦੀ ਸ਼ੈਲੀ ਦੀ ਗੱਲ ਹੋਵੇ ਜਾਂ ਗੁਜਰਾਤ ਵਿੱਚ ਮੁਸਲਮਾਨਾ ਦੀ ਸਫਾਇਆ ਮੁਹਿੰਮ ਹੋਵੇ ਜਾਂ ਕੰਧ ਮਾਲ 'ਚ ਇਸਾਈਆਂ ਦਾ ਇਹ ਵੀ ਜਰਮਨੀ ਦੇ ਯਹੂਦੀਆਂ ਦੀ ਸਫਾਇਆ ਮੁਹਿੰਮ ਦੀ ਤਰਜ 'ਤੇ ਕੀਤਾ ਗਿਆ ਹੈ। ਸੰਘ ਪਰਿਵਾਰ ਦਾ 'ਰਾਸ਼ਟਰਵਾਦ' ਮੁਸਲਮਾਨਾ ਸਮੇਤ ਸਭ ਘਟ ਗਿਣਤੀ ਫਿਰਕਿਆਂ ਪ੍ਰਤੀ ਘ੍ਰਿਣਾ ਅਤੇ ਹਿੰਦੂ ਜਾਤੀ ਪ੍ਰਤੀ ਸਭ ਤੋਂ ਉਤਮ ਦੀ ਗੱਲ ਕਰਦਾ ਹੈ। ਬ੍ਰਿਟਿਸ਼ ਸਾਮਰਾਜਵਾਦ ਖਿਲਾਫ਼ ਸਮੁੱਚੇ ਕੌਮੀ ਮੁਕਤੀ ਸੰਘਰਸ਼ ਦੌਰਾਨ ਆਰ. ਐਸ. ਐਸ. ਨੇ ਕਦੀ ਹਿੱਸਾ ਨਹੀਂ ਲਿਆ। ਸੰਘ ਦੇ ਵਰਕਰਾਂ ਵਲੋਂ ਆਪਣੀ ਚਮੜੀ ਬਚਾਉਣ ਲਈ ਅਜਾਦੀ ਦੇ ਸਿਪਾਹੀਆਂ ਖਿਲਾਫ਼ ਗਵਾਹੀਆਂ ਦੇਣ ਤਕ ਦੇ ਸਬੂਤ ਹਨ। ਸੰਘ ਪ੍ਰੀਵਾਰ ਦੇ 'ਸਵਦੇਸ਼ੀ' ਆਰਥਿਕ ਚਿੰਤਨ ਅਤੇ ਰਾਜਸੀ ਧਾਰਨਾਵਾਂ ਤਕ ਦੀ ਅਸਲੀਅਤ ਵੀ ਜਾਨਣੀ ਜ਼ਰੂਰੀ ਹੈ। ਸੰਘ ਸ਼ੁਰੂ ਤੋਂ ਹੀ ਅਮਰੀਕੀ ਕਿਸਮ ਦੇ ਪੂੰਜੀਵਾਦੀ ਮਾਡਲ ਤੇ ਅਮਰੀਕਾ ਪ੍ਰਸਤ ਵਿਦੇਸ਼ ਨੀਤੀ ਦਾ ਹਮਾਇਤੀ ਰਿਹਾ ਹੈ। ਜਿਸ ਨੂੰ ਆਪਣੇ ਅਖਬਾਰ 'ਆਗ੍ਰੇਨਾਈਜ਼ਰ' 'ਚ ਵੀ ਇਹਨਾਂ ਨੇ ਮੰਨਿਆ ਹੈ। ਇਸ ਦੀ ਰਾਜਸੀ ਸ਼ਾਖਾ ਭਾਰਤੀ ਜਨਤਾ ਪਾਰਟੀ ਖੁੱਲ੍ਹੇ ਬਾਜ਼ਾਰ ਦੀ ਨੀਤੀਆਂ ਤੇ ਵਿਦੇਸ਼ੀ ਪੂੰਜੀ ਦੀ ਮਦਦ ਨਾਲ ਦੇਸ਼ ਦੇ ਆਰਥਿਕ ਵਿਕਾਸ ਦੀ ਹਮਾਇਤੀ ਰਹੀ ਹੈ। ਆਪਣੇ ਕਾਰਜਕਾਲ 'ਚ ਸਰਕਾਰ ਨੇ ਖੁਦ ਲੋਕਾਂ ਦੀ ਖੂਨ-ਪਸੀਨੇ ਦੀ ਕਮਾਈ ਨਾਲ ਖੜ੍ਹੇ ਕੀਤੇ ਜਨਤਕ ਖੇਤਰ ਦੇ ਅਦਾਰਿਆਂ ਨੂੰ ਅਰੁਣ ਸ਼ੋਰੀ ਦੀ ਅਗਵਾਈ ਵਿੱਚ ਬਕਾਇਦਾ ਇਕ ਅਪਨਿਵੇਸ਼ ਮੰਤਰਾਲਾ ਖੋਹ ਲਿਆ ਗਿਆ ਸੀ।

ਸੰਘ ਦਾ ਜੇ ਚਾਲ-ਚਿਹਰਾ ਤੇ ਕਿਰਦਾਰ ਸਭ ਕੁਝ ਹਿਟਲਰ-ਮਸੋਲਿਨੀ ਵਾਂਗ ਵਿਦੇਸ਼ੀ ਹੈ। ਇੱਥੋਂ ਤਕ ਕਿ ਆਤਮਾ ਵੀ, ਤਾਂ ਇਹ ਵਿਦੇਸ਼ੀ ਚੰਦੇ ਨੂੰ ਵਰਤਣ ਕਿਉਂ ਨਾ। ਸੰਘ ਪਰਿਵਾਰ ਭਾਰਤੀਆਂ ਤੋਂ ਵੀ ਚੰਦਾ ਵਸੂਲਦਾ ਹੈ। ਪਿਛਲੇ ਸਾਲ ਹੀ ਦੋ ਸਨਅਤਕਾਰਾਂ ਦੇ ਨਾਂ ਮੂਹਰੇ ਆਏ ਹਨ। ਜਦ ਸੰਘ ਪ੍ਰੀਵਾਰ ਦੀਆਂ ਸ਼ਾਖਾਵਾਂ 'ਚ ਸ਼ਾਮਲ ਹੋਣ ਵਾਲੇ ਲੋਕਾਂ ਦੀ ਗਿਣਤੀ ਘਟ ਕੇ 60 ਤੋਂ 20 ਹਜ਼ਾਰ ਰਹਿ ਗਈ

ਸੀ। ਇਸ ਸਥਿਤੀ ਤੋਂ ਉਭਰਨ ਲਈ ਆਰ. ਐਸ. ਐਸ. ਨੇ ਉਦਯੋਗਪਤੀਆਂ ਕੋਲ ਮਦਦ ਲਈ ਅਪੀਲ ਕੀਤੀ ਸੀ ਅਤੇ ਇਕ ਹਿੰਦੂ ਫੰਡ ਬਣਾਉਣ ਦੀ ਯੋਜਨਾ ਬਣਾਈ ਸੀ। ਸੰਘ ਨੇ ਇਸ ਫੰਡ ਦੀ ਵਰਤੋਂ ਇਕ ਪਾਸੇ ਦਿੱਲੀ ਤੇ ਸੂਬਿਆਂ ਦੀਆਂ ਰਾਜਧਾਨੀਆਂ 'ਚ ਉਚ ਅਹੁਦਿਆਂ ਤੇ ਬੈਠੇ ਨੌਕਰਸ਼ਾਹਾਂ 'ਤੇ ਫ਼ੌਜ ਦੇ ਉਚ ਅਧਿਕਾਰੀਆਂ ਨਾਲ ਸਬੰਧ ਸਥਾਪਤ ਕਰਕੇ ਉਹਨਾਂ 'ਚ ਸੰਘ ਦੀ ਵਿਚਾਰਧਾਰਾ ਲੈ ਜਾਣਗੇ ਅਤੇ ਕਾਰਪੋਰੇਟ ਜਗਤ ਦੇ ਨੌਜਵਾਨਾਂ ਨੂੰ ਆਪਣੇ ਰੰਗ 'ਚ ਰੰਗਣ ਦੀ ਕੋਸ਼ਿਸ਼ ਲਈ ਇਹ ਕੋਈ ਪਹਿਲੀ ਤੇ ਆਖਰੀ ਵਾਰੀ ਪੋਲ ਨਹੀਂ ਖੋਲ੍ਹੀ ਹੋਵੇਗੀ। ਇਕ ਹੋਰ ਤੱਥ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ 15ਵੀਂ ਲੋਕ ਸਭਾ 'ਚ ਭਾਜਪਾ ਨੇ 129 ਕਰੋੜਪਤੀਆਂ ਨੂੰ ਟਿਕਟ ਦਿੱਤੀ। ਕਾਂਗਰਸ ਵਾਂਗੂੰ ਭਾਜਪਾ ਨੇ ਵੀ ਸਾਢੇ 52 ਕਰੋੜ ਰੁਪਏ ਸਨਅਤਕਾਰਾਂ ਤੋਂ ਲਏ। ਭਾਜਪਾ 'ਚ ਵੀ ਹੋਰ ਪਾਰਟੀਆਂ ਵਾਂਗੂੰ ਸੰਸਦ 'ਚ ਧਨਾਂਢਾਂ ਦੀ ਸਿੱਧੀ ਹਿੱਸੇਦਾਰੀ ਵਧੀ ਹੈ। ਸੰਘ ਆਪਣੇ ਦਰਜਨਾ ਹੋਰ ਸੰਗਠਨਾ ਰਾਹੀਂ ਫਾਸੀਵਾਦੀ ਨੀਤੀਆਂ ਨੂੰ ਲਾਗੂ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ।

# ਮੌਤ ਦੀ ਸਜ਼ਾ ’ਤੇ ਬਹਿਸ ਕਿਉਂ ਜ਼ਰੂਰੀ?

ਰਾਸ਼ਟਰਪਤੀ ਨੇ ਫਾਂਸੀ ਦੀ ਸਜ਼ਾ ਵਾਲੇ ਰਾਜੀਵ ਗਾਂਧੀ ਦੀ ਹੱਤਿਆ ਦੇ ਤਿੰਨ ਸਾਜਸ਼ਕਾਰੀਆਂ ਤੇ ਮਨਿੰਦਰਜੀਤ ਬਿੱਟਾ ’ਤੇ ਬੰਬ ਹਮਲੇ ਦੇ ਦੋਸ਼ੀ ‘ਖਾਲਿਸਤਾਨੀ ਦਹਿਸ਼ਤਗਰਦ’ ਦਵਿੰਦਰ ਸਿੰਘ ਭੁਲਰ (ਪ੍ਰੋ.) ਦੀ ਰਹਿਮ ਦੀ ਅਪੀਲ ਵਾਲੀ ਪਟੀਸ਼ਨ ਖਾਰਜ ਕਰ ਦੇਣ ਨਾਲ ਮੌਤ ਦੀ ਸਜ਼ਾ ਦੇ ਹਮਾਇਤੀਆਂ ਤੇ ਵਿਰੋਧੀਆਂ (ਖਾਸ ਕਰਕੇ ਮਨੁੱਖੀ ਅਧਿਕਾਰ ਜਥੇਬੰਦੀਆਂ) ਵਿਚਕਾਰ ਅਦਾਲਤ ਤੋਂ ਬਾਹਰ ਦਲੀਲਾਂ ਦੀ ਬਹਿਸ ਸ਼ੁਰੂ ਹੋ ਗਈ। ਫਾਂਸੀ ਵਿਰੋਧੀਆਂ ਤੇ ਮਨੁੱਖੀ ਅਧਿਕਾਰ ਜੱਥੇਬੰਦੀਆਂ ਦੀ ਦਲੀਲ ਹੈ ਕਿ ਸਮਾਜ ’ਚੋਂ ਅਪਰਾਧ ਖ਼ਤਮ ਕਰਨ ਲਈ ਜ਼ਰੂਰੀ ਨਹੀਂ ਹੈ ਕਿ ਅਪਰਾਧੀਆਂ ਨੂੰ ਖ਼ਤਮ ਕੀਤਾ ਜਾਵੇ ਕਿਉਂਕਿ ਘੁਟ-ਘੁਟ ਕੇ ਉਮਰ ਕੈਦ ਮੌਤ ਤੋਂ ਵੀ ਵੱਡੀ ਸਜ਼ਾ ਹੈ ਤਾਂ ਦੂਜੇ ਪੱਖ ਦੀ ਦਲੀਲ ਹੈ ਕਿ ਅਪਰਾਧੀ ਨੂੰ ਮੌਤ ਦੀ ਸਜ਼ਾ ਇਸ ਲਈ ਦਿੱਤੀ ਜਾਵੇ ਤਾਂ ਕਿ ਹੋਰ ਕੋਈ ਐਸੀ ਗੁਸਤਾਖੀ ਨਾ ਕਰੇ। ਬੀਤੀ 20 ਅਗਸਤ ਨੂੰ ਰਾਸ਼ਟਰਪੀ ਪ੍ਰਤਿਭਾ ਪਾਟਿਲ ਨੇ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੀ ਹੱਤਿਆ ਦੇ ਤਿੰਨ ਸਾਜਿਸ਼ ਘਾੜਿਆ ਪੇਮਰੀਵਲਨ, ਮੁਰੂਗਨ, ਮੰਥਨ ਦੀ ਰਹਿਮ ਦੀ ਅਪੀਲ ਖਾਰਜ ਕਰ ਦਿੱਤੀ ਗਈ। ਉਸ ਪਿੱਛੋਂ ਤਾਮਿਲਨਾਡੂ ’ਚ ਉਹਨਾਂ ਨੂੰ ਫਾਂਸੀ ਤੋਂ ਬਚਾਉਣ ਲਈ ਰਾਜਨੀਤੀ ਤੇਜ ਹੋ ਗਈ। ਉਧਰ ਕਸ਼ਮੀਰ ’ਚ ਪਾਰਲੀਮੈਂਟ ’ਤ ਹਮਲੇ ਦੇ ਦੋਸੀ ਅਫਜਲ ਗੁਰੂ ਤੇ ਪੰਜਾਬ ’ਚ ਉਸ ਵੇਲੇ ਦੇ ਯੂਥ ਕਾਂਗਰਸ ਪ੍ਰਧਾਨ ਮਨਿੰਦਰਜੀਤ ਸਿੰਘ ਬਿੱਟਾ ’ਤੇ ਹਮਲੇ ਦੇ ਦੋਸ਼ੀ ਪ੍ਰੋ. ਦਵਿੰਦਰ ਸਿੰਘ ਭੁੱਲਰ ਨੂੰ ਵੀ ਫਾਂਸੀ ਤੋਂ ਬਚਾਉਣ ਲਈ ਕਵਾਇਤ ਸ਼ੁਰੂ ਹੋ ਗਈ। ਹਮਲੇ ’ਚ ਬਿੱਟਾ ਤਾਂ ਬਚ ਗਏ ਪਰ ਨੌ ਪੁਲਸ ਮੁਲਾਜ਼ਮ ਮਾਰੇ ਗਏ ਸਨ। ਇਹ ਤਾਂ ਹੋਈ ਫਾਂਸੀ ’ਤੇ ਰਾਜਨੀਤੀ, ਪਰ ਇਨਸਾਫ਼ ਪ੍ਰਸਤਾਂ ਤੇ ਮਨੁੱਖਤਾ-ਵਾਦੀਆਂ ਦਾ ਮੌਤ ਦੀ ਸਜ਼ਾ ਦਾ ਵਿਰੋਧ ਇਸ ਤੋਂ ਪਰੇ ਜਾਂਦਾ ਹੈ। ਉਹ ਦੁਨੀਆਂ ’ਚ ਕਿੱਧਰੇ ਵੀ ਮੌਤ ਦੀ ਸਜ਼ਾ ਦੇ ਵਿਰੋਧੀ ਹਨ ਅਤੇ ਸੰਸਾਰ ਦੇ ਕਈ ਸਭਿਅਕ ਤੇ ਵਿਕਸਤ ਲੋਕਰਾਜੀ ਦੇਸ਼ਾਂ ਨੇ ਆਪਣੇ ਦੇਸ਼ਾਂ ’ਚ ਮੌਤ ਦੀ ਸਜ਼ਾ ਖ਼ਤਮ ਹੀ ਕਰ ਦਿੱਤੀ ਹੈ। ਜਦਕਿ ਉਸ ਨਾਲ ਅਪਰਾਧ ਨਹੀਂ ਅਪਰਾਧੀ ਨੂੰ ਖ਼ਤਮ ਕੀਤਾ ਜਾਂਦਾ ਹੈ। ਉਸ ’ਚ ਤਬਦੀਲੀ ਕਰਨ ਦੀ ਦੀ ਲੋੜ ਹੈ। ਕੌਮਾਂਤਰੀ ਮਨੁੱਖੀ ਅਧਿਕਾਰ ਸੰਸਥਾ ਐਮਨਿਸਟੀ ਦੀ ਭਾਰਤੀ ਸ਼ਾਖਾ ਦੇ ਸਾਬਕਾ ਡਾਇਰੈਕਟਰ ਮੁਕੂ ਸ਼ਰਮਾ ਨੈਤਿਕਤਾ ਦੇ ਆਧਾਰ ਤੇ ਦੁਨੀਆਂ ਦੇ ਕਿਸੇ ਵੀ ਬੰਦੇ ਨੂੰ ਫਾਂਸੀ ਨਾ ਦਿੱਤੇ ਜਾਣ ਦੀ ਵਕਾਲਤ ਕਰਦੇ ਹਨ। ਉਹਨਾਂ ਅਨੁਸਾਰ ਇਸ ਮੁੱਦੇ ਤੇ ਸਮਾਜਿਕ ਭਾਵਨਾਤਮਿਕ ਤੌਰ ’ਤੇ ਵੰਡਿਆ ਹੋਇਆ। ਜੇ ਇਕ ਵਾਰੀ ਨਿਰਦੋਸ਼ ਨੂੰ ਸਜਾ-ਏ ਮੌਤ ਮਿਲ ਜਾਵੇ ਤਾਂ ਉਸ ’ਚ ਸੁਧਾਰ ਜਾਂ ਤਬਦੀਲੀ ਨਹੀਂ ਹੋ ਸਕਦੀ। ਸਾਬਕਾ ਗਵਰਨਰ ਗੋਪਾਲ ਕ੍ਰਿਸ਼ਨ ਗਾਂਧੀ ਨੇ ਇਕ ਲੇਖ ’ਚ ਲਿਖਿਆ ਕਿ 1940 ’ਚ ਕਿਸੇ ਸੁਆਲ ਦੇ ਜੁਆਬ ’ਚ ਮਹਾਤਮਾ ਗਾਂਧੀ ਨੇ ਲਿਖਿਆ ਸੀ ‘ਹਾਂ, ਮੈਂ ਫਾਂਸੀ ਨੂੰ ਅਹਿੰਸਾ ਦੇ ਖਿਲਾਫ਼ ਮੰਨਦਾ ਹਾਂ ਜੀਵਨ ਲੈਣ ਦਾ ਅਧਿਕਾਰ ਸਿਰਫ਼ ਉਸ ਨੂੰ ਹੈ ਜੋ ਜੀਵਨ ਦੇ ਸਕਦਾ ਹੈ। ਅਹਿੰਸਾ ਦੇ ਵਿਚਾਰਾਂ ’ਤੇ ਚੱਲਣ ਵਾਲੇ ਸੂਬੇ ’ਚ ਹਤਿਆਰੇ ਨੂੰ ਸੁਧਾਰ ਘਰ ਭੇਜਣਾ ਚਾਹੀਦਾ ਹੈ ਤੇ ਉਸ ਨੂੰ ਖੁਦ ਸੁਧਰਨ ਦਾ ਮੌਕਾ ਵੀ ਦਿਉ।” ਇਕ ਗਲਤੀ ਗਾਂਧੀ ਨੇ ਜ਼ਰੂਰ

ਕੀਤੀ ਭਗਤ ਸਿੰਘ ਤੇ ਸਾਥੀਆਂ ਦੀ ਫਾਂਸੀ ਦੀ ਸਜ਼ਾ ਰੋਕਣ ਲਈ ਮੁਹਿੰਮ ਸ਼ੁਰੂ ਨਹੀਂ ਕੀਤੀ। ਖੈਰ ਹੈ ਗਾਂਧੀ ਫਾਂਸੀ ਦੀ ਸਜ਼ਾਦੇ ਖਿਲਾਫ਼ ਹੀ 1975 'ਚ ਨਿਆਂਮੂਰਤੀ ਐਨ ਕੇਰੇ ਨੇ ਕਿਹਾ ਸੀ ਕਿ ਕਿਸੇ ਵੀ ਸਜ਼ਾ ਦਾ ਮਕਸਦ ਅਪਰਾਧੀ ਨੂੰ ਸੁਧਾਰਨ ਤਕ ਹੁੰਦਾ ਹੈ ਪਰ ਫਾਂਸੀ ਇਕ ਅਜਿਹੀ ਸਜ਼ਾ ਹੈ ਜੋ ਇਸ ਉਦੇਸ਼ ਨੂੰ ਖ਼ਤਮ ਕਰ ਦਿੰਦਾ ਹੈ।

ਇਹ ਐਮਨੇਸਟੀ ਇੰਟਰਨੈਸ਼ਨਲ ਤੇ ਦੇਸ਼ ਦੇ ਮਸ਼ਹੂਰ ਮਨੁੱਖੀ ਅਧਿਕਾਰ ਸੰਗਠਨ ਪੀਪਲਜ਼ ਯੂਨੀਅਨ ਫਾਰ ਸਿਵਲ ਸਿਬਰਟੀਜ਼ ਨੇ ਫਾਂਸੀ ਦੀ ਸਜ਼ਾ ਸਬੰਧੀ ਸਾਂਝੀ ਰੀਪੋਟ ਦੀ ਲੀਥਲ ਲਾਟਰੀ ਦੇ ਅਨੁਸਾਰ ਵੀ ਸਜ਼ਾਏ ਮੌਤ ਤੋਂ ਤਾਕਤਵਰ ਗੁਨਾਹ ਗਾਰ ਵੀ ਅਕਸਰ ਬਚ ਨਿਕਲਦੇ ਹਨ। ਇਹ ਬਰਾਬਰੀ ਦੇ ਮੌਲਿਕ ਅਧਿਕਾਰ ਦੀ ਉਲੰਘਣਾ ਹੈ। ਇਸ ਦੀ ਤਾਜਾ ਮਿਸਾਲ ਹੈ ਅਸਮ ਦਾ ਮਹਿੰਦਰ ਨਾਥ ਟਰੱਕ ਡਰਾਈਵਰ ਰਹੇ ਇਸ ਚਾਲੀ ਸਾਲਾ ਬੰਦੇ ਨੇ 20 ਸਾਲ ਪਹਿਲਾਂ ਗੁਹਾਟੀ ਦੇ ਟਰੱਕ ਯੂਨੀਅਨ ਸਕੱਤਰ ਹਾਂਡਾਕਾਂਤ ਦਾਸ ਦੀ ਹੱਤਿਆ ਕਰ ਦਿੱਤੀ ਸੀ। ਇਹਨੀ ਦਿਨੀ ਇਹ ਜੋਰਹਾਟ ਜੇਲ੍ਹ 'ਚ ਫਾਂਸੀ ਦੀ ਉਡੀਕ ਕਰ ਰਿਹਾ ਹੈ। ਮਹਿੰਦਰ ਨਾਥ ਤੇ ਆਤੰਕੀ ਦਵਿੰਦਰ ਭੁਲਰ ਦੀ ਫਾਂਸੀ 'ਤੇ ਮੁਆਫ਼ੀ ਪਟੀਸ਼ਨ ਇਕ ਦਿਨ ਹੀ ਰੱਦ ਹੋਈਆਂ ਸਨ। ਮੁੰਬਈ 'ਚ ਰਾਜੀਵ ਗਾਂਧੀ ਦਾ ਮੰਨਣਾ ਹੈ ਕਿ ਜੋ ਰਾਜਨੀਤੀ ਤੋਂ ਪ੍ਰੇਰਿਤ ਹੋਣ ਅਜਿਹੀ ਸਜ਼ਾ ਖ਼ਤਮ ਹੋਣੀ ਚਾਹੀਦੀ ਹੈ ਕਿਉਂਕਿ ਫਾਂਸੀ ਅਜਿਹਾ ਜਾਲ ਹੈ ਜਿਸ 'ਚ ਮਹਿੰਦਰ ਨਾਥ ਵਰਗੇ ਛੋਟੇ ਕੀੜੇ ਹੀ ਫਸਣਗੇ ਤੇ ਰਾਜਸੀ ਪਹੁੰਚ ਕਾਰਨ ਵੱਡੀਆਂ ਮਕੜੀਆਂ ਨਿਕਲ ਜਾਣਗੀਆਂ। ਧਿਆਨਯੋਗ ਹੈ ਕਿ 230 ਦੇਸ਼ਾਂ ਵਿੱਚੋਂ 137 ਦੇਸ਼ ਫਾਂਸੀ ਦੀ ਸਜ਼ਾ ਖ਼ਤਮ ਕਰ ਚੁੱਕੇ ਹਨ। 88 ਫੀਸਦੀ ਫੀਸ ਇਕੱਲੇ ਚੀਨ, ਇਰਾਕ ਅਫਗਾਨਿਸਤਾਨ, ਪਾਕਿਸਤਾਨ, ਆਉਂਦੀ ਅਰਬਤੇ ਅਮਰੀਕਾ 'ਚ ਦਿੱਤੀ ਜਾਂਦੀ ਹੈ। ਅਮਰੀਕਾ ਦੇ ਕਈ ਰਾਜਾਂ 'ਚ ਫਾਂਸੀ ਦੀ ਸਜ਼ਾ ਮੁਆਫ਼ ਕੀਤੀ ਜਾ ਚੁੱਕੀ ਹੈ। ਭਾਰਤ 'ਚ ਆਖਰੀ ਦਫਾ ਫਾਂਸੀ ਕੋਲਕਾਤਾ 'ਚ ਧਨੰਜਯ ਚੈਟਰਜੀ ਨੂੰ ਹੋਈ ਸੀ। ਬੀਤੇ 35 ਸਾਲਾਂ ਤੋਂ ਇਸ ਸਜ਼ਾ ਖਿਲਾਫ਼ ਕੰਮ ਕਰ ਰਹੇ ਮਨੁੱਖੀ ਅਧਿਕਾਰ ਸੰਗਠਨ ਪੀ. ਯੂ. ਸੀ. ਐਸ. ਦੇ ਕੌਮੀ ਸਕੱਤਰ ਡਾ. ਸੁਰੇਸ਼ ਵੀ ਕਹਿੰਦੇ ਹਨ "ਰਾਜੀਵ ਗਾਂਧੀ ਹੱਤਿਆ ਇਕ ਅਪਰਾਧ ਸੀ ਪਰ ਇਹ ਭਾਰਤੀ ਫ਼ੌਜ ਵੱਲੋਂ ਸ੍ਰੀ ਲੰਕਾ ਤਾਮਿਲਾ 'ਤੇ ਹੋਏ ਅਤਿਆਚਾਰਾਂ ਦਾ ਸਿੱਟਾਂ ਸੀ। ਮੁਰੂਗਨ, ਸੰਥਨ ਤੇ ਪੇਰਾਰੀਵਲਨ ਬੀਤੇ 20 ਸਾਲਾਂ ਤੋਂ ਜੇਲ੍ਹ ਵਿੱਚ ਹਨ। ਉਕਤ ਤਿੰਨਾਂ ਦੋਸ਼ੀਆਂ ਦੇ ਵਕੀਲ ਰਾਜ ਜੇਠਮਿਲਾਨੀ ਕਹਿੰਦੇ ਹਨ ਮੁਆਫ਼ੀ ਅਪੀਲ 'ਤੇ ਫੈਸਲਾ ਲੈਣ 'ਚ 11 ਸਾਲ ਲਾਉਣੇ ਦੋਸ਼ੀਆਂ ਨੂੰ ਅਨਸਕ ਤਸੀਹੇ ਦੇਣ ਬਰਾਬਰ ਹੈ ਜਿਸ ਪਿੱਛੋਂ ਹੋਰ ਸਜ਼ਾ ਦੀ ਲੋੜ ਨਹੀਂ ਹੈ। ਪਿੱਛੇ ਜਿਹੇ ਹੀ ਦਿੱਲੀ ਬੰਬ ਧਮਾਕੇ 'ਚ ਆਪਣੇ ਪਿਤਾ ਨੂੰ ਗੁਆ ਚੁੱਕਿਆ ਤ੍ਰਿਸ਼ਭੂ ਕਹਿੰਦਾ ਹੈ ਕਿ ਜੇ ਬੇਕਸੂਰ ਲੋਕਾਂ ਦਾ ਖ਼ੂਨ ਵਹਿ ਸਕਦਾ ਹੈ ਤਾਂ ਦੋਸ਼ੀ ਨੂੰ ਫਾਂਸੀ ਕਿਉਂ ਨਹੀਂ ਹੋਣੀ ਚਾਹੀਦੀ? ਪੀੜਤਾਂ ਦੀਆਂ ਅਜਿਹੀਆਂ ਦਲੀਲਾਂ ਤੋਂ ਪਰੇ ਡਾ. ਵੀ ਸੁਰੇਸ਼ ਤਾਂ ਕਹਿੰਦੇ ਹਨ ਕਿ ਪੀੜਤ ਦੀ ਨਜ਼ਰ ਨਾਲ ਨਿਆਂ ਨਹੀਂ ਹੋ ਸਕਦਾ। ਇਹ ਉਚਿਤ, ਸਹੀ ਪਰ ਗੁੱਸੇ ਨਾਲ ਭਰਿਆ ਹੁੰਦਾ ਹੈ। ਸਜ਼ਾ ਸੁਧਾਰਤਮਕ ਹੋਣੀ ਚਾਹੀਦੀ ਹੈ। ਪੰਜਾਬ ਪੁਲਸ ਦੀ ਏ ਆਈ ਜੀ ਕ੍ਰਾਈਮ ਅਮ੍ਰਿਤ ਬਰਾੜ ਦਾ ਮੰਨਣਾ ਹੈ ਕਿ ਇਉਂ ਤਾਂ ਫਿਰ ਸਦਾਮ ਹੁਸੈਨ ਤੇ ਓਸਾਮਾ ਬਿਨ ਲਾਦੇਨ ਨੂੰ ਵੀ ਸੁਧਰਨ ਦਾ ਮੌਕਾ ਦਿੱਤਾ ਜਾਣਾ ਚਾਹੀਦਾ ਸੀ। ਅੰਮ੍ਰਿਤ ਬਰਾੜ

ਆਤੰਕਵਾਦ ਦੇ ਸਮੇਂ ਪੰਜਾਬ ਦੇ ਸੰਵੇਦਨਸ਼ੀਲ ਇਲਾਕਿਆਂ 'ਚ ਤੈਨਾਤ ਤੇ ਸੀ. ਆਰ. ਪੀ. ਐਫ. 'ਚ ਘਾਟੀ 'ਚ ਬਤੌਰ ਡੀ. ਐਸ. ਪੀ. ਅੱਤਵਾਦੀਆਂ ਖਿਲਾਫ਼ ਕਈ ਅਪ੍ਰੇਸ਼ਨਾ ਦੀ ਅਗਵਾਈ ਕਰਨ ਵਾਲੀ ਪਹਿਲੀ ਔਰਤ ਪੁਲਸ ਅਧਿਕਾਰੀ ਹੈ। ਮੁਰੂਗਨ ਦੇ ਵਕੀਲ ਯੁੱਗ ਚੌਧਰੀ ਦੀ ਦਲੀਲ ਹੈ ਕਿ ਮੁਰੂਗਨ ਨੂੰ ਫਾਂਸੀ ਚੜ੍ਹਾ ਕੇ ਅਸੀਂ ਕੀ ਇਹ ਮਿਸਾਲ ਪੇਸ਼ ਕਰਨਾ ਚਾਹੁੰਦੇ ਹਾਂ ਕਿ ਕੋਈ ਦੂਜਾ ਅਜਿਹਾ ਕੰਮ ਨਾ ਕਰੇ। ਇਸ ਨਾਲ ਕੀ ਅਸੀਂ ਆਉਣ ਵਾਲੇ ਦਹਿਸ਼ਤਗਰਦਾਂ ਨੂੰ ਰੋਕ ਸਕਦੇ ਹਾਂ? ਉਸ ਲਈ ਉਮਰ ਕੈਦ ਵੀ ਵੱਡੀ ਸਜ਼ਾ ਹੋਵੇਗੀ। ਦੁਨੀਆਂ ਦੇ ਚਾਰ ਸਭ ਤੋਂ ਵੱਡੀ ਅਬਾਦੀ ਵਾਲੇ ਦੇਸ਼ ਚੀਨ, ਭਾਰਤ, ਇੰਡੀਨੇਸ਼ੀਆ ਤੇ ਅਮਰੀਕਾ 'ਚ ਇਹ ਸਜ਼ਾ ਲਾਗੂ ਹੈ। ਦੁੱਖ ਤਾਂ ਇਹ ਹੈ ਕਿ ਚੀਨ, ਇੰਡੋਨੇਸ਼ੀਆ ਤੇ ਪਾਕਿਸਤਾਨ ਨੇ ਇਹ ਸਜ਼ਾ 'ਤੇ ਰੋਕ ਲਾਉਣ ਤੇ ਇਸ ਨੂੰ ਖ਼ਤਮ ਕਰਨ ਦੇ ਸੰਯੁਕਤ ਰਾਸ਼ਟਰ ਦੇ ਪ੍ਰਸਤਾਵ ਖਿਲਾਫ਼ ਵੋਟ ਦਿੱਤੀ। ਭਾਰਤ 'ਚ ਫਾਂਸੀ ਦੀ ਸਜ਼ਾ ਸਿਰਫ਼ ਸੰਗੀਨ ਕੇਸਾਂ 'ਚ ਦੇਣ ਦੀ ਵਿਵਸਥਾ ਸੁਪਰੀਮ ਕੋਰਟ ਨੇ 1980 'ਚ ਕਹੀ ਸੀ। ਹੱਤਿਆ, ਡਕੈਤੀ ਦੇ ਨਾਲ ਹੱਤਿਆ, ਦੇਸ਼ ਖਿਲਾਫ਼ ਜੰਗ ਵੱਡੇ ਪੈਮਾਨੇ 'ਤੇ ਨਸ਼ੀਲੇ ਪਦਾਰਥਾਂ ਦੇ ਲੈਣ ਦੇਣ, ਅੱਤਵਾਦ ਵਿਰੋਧੀ ਨਵੇਂ ਕਾਨੂੰਨ ਦੇ ਤਹਿਤ ਦੋਸ਼ੀ ਠਹਿਰਾਏ ਲੋਕ ਅਤੇ ਆਨਰ ਕਿਲਿੰਗ ਨੂੰ ਵੀ ਇਸ ਅਪਰਾਧ 'ਚ ਸ਼ਾਮਲ ਕਰ ਦਿੱਤਾ ਗਿਆ ਹੈ। ਅੰਮ੍ਰਿਤ ਬਰਾੜ ਵਰਗੇ ਫਾਂਸੀ ਦੇ ਅਨੇਕਾਂ ਹਾਮੀਆਂ ਦਾ ਮੰਨਣਾ ਹੈ ਕਿ ਜੇ ਸਰਕਾਰ ਦੇਸ਼ 'ਚ ਅੱਤਵਾਦ ਖ਼ਤਮ ਕਰੇ, ਸੁਰੱਖਿਆ ਮੁਹੱਈਆ ਕਰੇ ਤਾਂ ਮੁਆਫ਼ੀ ਬਾਰੇ ਸੋਚਿਆ ਜਾ ਸਕਦਾ ਹੈ। ਉਹਨਾਂ ਦਾ ਕਹਿਣਾ ਹੈ ਕਿ ਜਦ ਹੱਥ ਅੱਤਵਾਦੀ ਦੀ ਗਰਦਨ ਤਕ ਪਹੁੰਚਦੇ ਹਨ ਤਾਂ ਹੀ ਉਸ ਨੂੰ ਸਮਝ ਆਉਂਦਾ ਹੈ ਕਿ ਕੋਈ ਦੂਜਾ ਅਜਿਹਾ ਨਾ ਕਰੇ। ਇਸ ਲਈ ਫਾਂਸੀ ਦਿੱਤੀ ਹੀ ਜਾਣੀ ਚਾਹੀਦੀ ਹੈ। ਮਨਿੰਦਰਜੀਤ ਬਿੱਟਾ ਤਾਂ ਏਨੇ ਖਫਾ ਹਨ ਕਿ "ਜੇ ਫਾਂਸੀ ਲਈ ਸਰਕਾਰ ਨੂੰ ਜਲਾਦ ਨਹੀਂ ਮਿਲਦੇ ਤਾਂ ਕੁਝ ਦੇਰ ਲਈ ਸਾਨੂੰ ਦੇਸ਼ ਦੀ ਸੇਵਾ ਕਰਨ ਦਾ ਮੌਕਾ ਦਿਉਂ। ਉਹਨਾਂ ਦਾ ਸੁਆਲ ਹੈ ਕਿ ਮਨੁੱਖੀ ਅਧਿਕਾਰ ਸੰਗਠਨ ਵਾਲੇ ਕੌਣ ਹੁੰਦੇ ਹਨ? ਮਾਰੇ ਗਏ ਪਰਿਵਾਰ ਤੇ ਆਮ ਆਦਮੀ ਕੁਝ ਵੀ ਨਹੀਂ।"

ਮਨੁੱਖੀ ਅਧਿਕਾਰ ਸੰਗਠਨ ਪੀ. ਯੂ. ਡੀ. ਆਰ. ਨਾਲ ਜੁੜੇ ਗੌਤਮ ਨਵਲੱਖਾ ਦਾ ਕਹਿਣਾ ਹੈ ਕਿ ਫਾਂਸੀ ਦੁਰਲੱਭ ਕੇਸਾਂ 'ਚ ਦਿੱਤੇ ਜਾਣ ਦੀ ਵਿਵਸਥਾ ਸੁਪਰੀਮ ਕੋਰਟ ਨੇ ਕੀਤੀ ਹੈ ਪਰ ਵਿਸ਼ੇਸ਼ ਕੇਸਾਂ ਦੀ ਗੱਲ ਕਰੀਏ ਤਾਂ ਉਹਨਾਂ 'ਚ ਕੇਸਾਂ ਦਾ ਛਾਣਬੀਣ ਹੀ ਸਹੀ ਢੰਗ ਨਾਲ ਨਹੀਂ ਹੋਈ। ਚਾਹੇ ਉਹ ਅਸ਼ਫਾਕ ਦਾ ਕੇਸ ਹੋਵੇ, ਜਾਂ ਅਫਜਲ ਗੁਰੂ ਦਾ। ਮੌਤ ਦੇ ਬਦਲੇ ਮੌਤ ਤਾਂ ਅਤਿਆਚਾਰ ਹੈ। ਬਦਲਾ ਇਨਸਾਫ ਤਾਂ ਨਹੀਂ ਹੋ ਸਕਦਾ। ਉਮਰ ਕੈਦ ਗੁਨਾਹ ਦੀ ਵੱਧ ਵੱਡੀ ਸਜ਼ਾ ਹੈ। ਮੌਤ ਦੇ ਬਦਲੇ ਮੌਤ ਦੀ ਨੀਤੀ ਨਹੀਂ ਹੋਣੀ ਚਾਹੀਦੀ। ਦੋਸ਼ੀਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਮਿਲੇ ਪਰ ਮੌਤ ਨਹੀਂ। ਅਸੀਂ ਪੀੜਤਾਂ ਦੇ ਕੇਸਾਂ 'ਚ ਇਕ ਤਰਫਾ ਗੱਲ ਕਰਦੇ ਹਾਂ। ਪੀੜਤ ਸਿਰਫ਼ ਏਨਾ ਚਾਹੁੰਦਾ ਹੈ ਕਿ ਅਸਲੀ ਗੁਨਾਹਗਾਰ ਨੂੰ ਜਲਦੀ ਤੋਂ ਜਲਦੀ ਸਜ਼ਾ ਮਿਲੇ। ਗੁਨਾਹ ਕਰਨ ਵਾਲਾ ਜਿਉਂਦਾ ਰਹਿੰਦਾ ਹੈ ਤੇ ਫਾਂਸੀ 'ਤੇ ਚੜ੍ਹਦਾ ਕੋਈ ਹੋਰ ਹੀ ਹੈ। ਕਸਾਬ ਦੇ ਕੇਸ 'ਚ ਅਸਲੀ ਗੁਨਾਹਗਾਰ ਤਾਂ ਜਿਉਂਦੇ ਹਨ ਜੋ ਕਸਾਬ ਨੂੰ ਫਾਂਸੀ ਹੁੰਦਿਆਂ ਹੀ ਸ਼ਹੀਦ ਦਾ ਦਰਜਾ ਦੇਣਗੇ।

# ਕਿਸ ਤਰ੍ਹਾਂ ਦਾ ਹੈ ਪੱਛਮੀ ਬੰਗਾਲ ਦੀ ਨਵੀਂ ਸਰਕਾਰ ਦਾ ਕਿਰਦਾਰ?

ਪੱਛਮੀ ਬੰਗਾਲ 'ਚ ਮਮਤਾ ਬੈਨਰਜੀ ਵਲੋਂ 'ਤਬਦੀਲੀ' ਲਈ ਦਿੱਤੇ ਸੱਦੇ 'ਤੇ ਭਰੋਸਾ ਕਰਦਿਆਂ ਲੋਕਾਂ ਦੇ ਵਿਸ਼ਾਲ ਬਹੁਮਤ ਨੇ ਤ੍ਰਿਣਮੂਲ ਕਾਂਗਰਸ ਦੇ ਹੱਕ 'ਚ ਵੋਟ ਦਿੱਤਾ ਸੀ ਪਰ ਇਹ ਤਬਦੀਲੀ ਮੇਹਨਤਕਸਾਂ, ਕਿਸਾਨਾਂ ਜਾਂ ਮਜ਼ਦੂਰਾਂ ਲਈ ਨਹੀਂ ਹੈ। ਬਲਕਿ ਨਵੀਂ ਸਰਕਾਰ ਦੇ ਬਣਨ ਪਿੱਛੋਂ ਉਹਨਾਂ 'ਤੇ ਮਾਲਕਾਂ ਤੇ ਜਿੰਮੀਦਾਰਾਂ ਦਾ ਹੱਲਾ ਹੋਰ ਵੱਧ ਗਿਆ ਹੈ। ਸਰਕਾਰ ਵੱਲੋਂ ਮਜ਼ਦੂਰਾਂ ਤੇ ਕਿਸਾਨਾਂ ਦੇ ਅਧਿਕਾਰਾਂ ਨੂੰ ਪਹਿਲਾਂ ਤੋਂ ਵੱਧ ਕੁਚਲਿਆ ਜਾ ਰਿਹਾ ਹੈ। ਨਵੀਂ ਸਰਕਾਰ ਇਹ ਐਲਾਨ ਕਰ ਚੁੱਕੀ ਹੈ ਕਿ ਹੜਤਾਲ ਤੇ ਜੁਝਾਰੂ ਅੰਦੋਲਨਾ ਨੂੰ ਸਹਿਣ ਨਹੀਂ ਕੀਤਾ ਜਾਵੇਗਾ। ਕਈ ਸਾਰੀਆਂ ਸਨਅਤਾਂ 'ਚ ਮਜ਼ਦੂਰ ਵੱਖ-ਵੱਖ ਤਰ੍ਹਾਂ ਦੇ ਹਮਲੇ ਝੱਲ ਰਹੇ ਹਨ। ਪਟੇਦਾਰ ਕਿਸਾਨ, ਜਿਹਨਾਂ ਨੇ ਸੰਘਰਸ਼ਾਂ ਜ਼ਰੀਏ ਜਿੰਮੀਦਾਰ ਦੀ ਜ਼ਮੀਨ ਦਖ਼ਲ ਕੀਤੀ ਸੀ। ਉਹਨਾਂ ਨੂੰ ਹੁਣ ਸਾਬਕਾ ਜਿੰਮੀਦਾਰਾਂ ਦੇ ਹਮਲਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜਿੰਮੀਦਾਰ ਹਮਲਾਵਰ ਤਰੀਕਿਆਂ ਨਾਲ ਜ਼ਮੀਨ 'ਤੇ ਮੁੜ ਕਬਜੇ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਇੱਥੇ ਕੁੱਝ ਘਟਨਾਵਾਂ ਜ਼ਿਕਰਯੋਗ ਹਨ।

ਮੈਟਰੋ ਡੇਅਰੀ ਦੀ ਘਟਨਾ - ਇਹ ਬੰਗਾਲ ਦੀ ਪ੍ਰਸਿੱਧ ਡੇਅਰੀ ਹੈ। ਇੱਥੇ ਰੋਜਾਨਾ ਹਜ਼ਾਰਾਂ ਲਿਟਰ ਯੁੱਧ ਦੀ ਪੈਦਾਵਾਰ ਨਿੱਜੀ ਹੁੰਦੀ ਹੈ। ਇਹ ਉਦਯੋਗ ਸਰਕਾਰ ਅਤੇ ਇਕ ਕੇਵੇਂਟਰ ਗਰੁੱਪ ਨਾਂ ਦੀ ਕੰਪਨੀ ਦੀ ਸਾਂਝ ਨਾਲ ਚਲਾਈ ਜਾ ਰਹੀ ਹੈ। 13 ਜੂਨ ਨੂੰ ਇਸ ਡੇਅਰੀ ਦੇ ਮਜ਼ਦੂਰ, ਜਿਹਨਾਂ 'ਚੋਂ ਬਹੁਤੇ ਠੇਕਾ ਮਜ਼ਦੂਰ ਸਨ, ਵੱਧ ਤਨਖਾਹ ਦੀ ਮੰਗ ਕਰਦਿਆਂ ਹੜਤਾਲ 'ਤੇ ਚਲੇ ਗਏ। ਨਵੀਂ ਸਰਕਾਰ ਨੇ ਇਸ ਹੜਤਾਲ ਨੂੰ ਤੋੜਨ ਲਈ ਪੁਲਸ ਭੇਜੀ। ਪੁਲਸ ਨੇ ਮਜ਼ਦੂਰਾਂ ਦੀ ਮੀਟਿੰਗ ਨੂੰ ਲਾਠੀਚਾਰਜ ਕਰਕੇ ਭੰਗ ਕਰ ਦਿੱਤਾ ਤੇ ਕੁਝ ਮਜ਼ਦੂਰਾਂ ਨੂੰ ਗ੍ਰਿਫ਼ਤਾਰ ਕਰ ਲਿਆ। ਮਜ਼ਦੂਰਾਂ ਨੂੰ ਡਿਊਟੀ 'ਤੇ ਵਾਪਸ ਆਉਣ ਲਈ ਮਜ਼ਬੂਰ ਕੀਤਾ ਗਿਆ। ਚੋਣਾ ਸਮੇਂ ਤ੍ਰਿਣਮੂਲ ਕਾਂਗਰਸ ਦਾ ਹਰਮਨ ਪਿਆਰਾ ਨਾਹਰਾ ਸੀ - ਮਾਂ, ਮਾਟੀ ਤੇ ਮਨੁੱਖ। ਇਸ ਨਾਹਰੇ ਦੇ ਪੱਖੀਆਂ ਨੇ ਬੇਰਹਿਮ ਪੁਲਸ ਫੋਰਸ ਦੀ ਵਰਤੋਂ ਕਰਕੇ ਮਜ਼ਦੂਰਾਂ ਦੇ ਕਾਨੂੰਨੀ, ਨਿਆਂਪੂਰਨ ਤੇ ਜਾਇਜ ਅਧਿਕਾਰਾਂ ਦੀ ਉਲੰਘਣਾ ਕੀਤੀ।

ਲੈਦਰ ਤੇ ਟੇਨਰੀ ਸਨਅਤ ਦੀ ਘਟਨਾ - ਇਸ ਸਨਅਤ 'ਚ ਕੰਮ ਕਰਦੇ ਮਜ਼ਦੂਰ ਲੰਮੇ ਸਮੇਂ ਤੋਂ ਇਕ ਬੇਹੱਦ ਨਾਜ਼ੁਕ ਸਥਿਤੀ 'ਚ ਰਹਿ ਰਹੇ ਹਨ। ਖੱਬੇ ਮੋਰਚੇ ਦੀ ਸਰਕਾਰ ਨੇ ਇਸ ਸਨਅਤ ਨੂੰ ਧੱਕੇ ਨਾਲ ਕੋਲਕਾਤਾ ਦੇ ਨੇੜੇ (ਪਾਰਕ ਸਰਕਸ) ਦੱਖਣੀ ਚੌਬੀ ਪਰਗਣਾ ਜ਼ਿਲ੍ਹੇ 'ਚ ਬੰਟਾਲਾ ਲੈਦਰ ਕਮਪਲੈਕਸ 'ਚ ਤਬਦੀਲ ਕਰ ਦਿੱਤਾ ਸੀ। ਇਸ ਉਜਾੜੇ ਕਾਰਨ ਮਜ਼ਦੂਰਾਂ ਨੂੰ ਕਈ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ ਸੀ। ਇਸ ਫੈਕਟਰੀ 'ਚ ਕੰਮ ਕਰਦੇ ਮਜ਼ਦੂਰਾਂ ਨੂੰ ਕਿਸੇ ਤਰ੍ਹਾਂ ਦਾ ਹੱਕ ਹਾਸਲ ਨਹੀਂ ਹੈ। ਇੱਥੋਂ ਤੱਕ ਕਿ ਘਟੋ ਘੱਟ ਤਨਖਾਹ ਵੀ ਨਹੀਂ ਦਿੱਤੀ ਜਾਂਦੀ। ਮਾਲਕਾਂ ਵੱਲੋਂ

ਕਿਰਤ ਕਾਨੂੰਨਾਂ ਤੇ ਵਾਤਾਵਰਣ ਦੇ ਕਾਨੂੰਨਾਂ ਦੀ ਪਾਲਣਾ ਨਹੀਂ ਕੀਤੀ ਜਾਂਦੀ ਹੈ। ਟੀ. ਯੂ. ਸੀ. ਆਈ. ਨਾਲ ਸਬੰਧਤ ਕੋਲਕਾਤਾ ਲੈਦਰ ਟੇਨਰੀ ਵਰਕਸ ਯੂਨੀਅਨ ਸ਼ੁਰੂ ਤੋਂ ਮਜ਼ਦੂਰਾਂ ਦੇ ਅਧਿਕਾਰਾਂ ਲਈ ਸੰਘਰਸ਼ ਕਰਦੀ ਆ ਰਹੀ ਹੈ। ਇਸ ਯੂਨੀਅਨ ਨੇ ਪਾਰਕ ਸਰਕਸ ਤੋਂ ਬੰਟਾਲਾ 'ਚ ਉਜਾੜੇ ਖਿਲਾਫ਼ ਸੰਘਰਸ਼ ਕੀਤਾ ਸੀ। ਇਸ ਯੂਨੀਅਨ ਨੇ ਮੁਆਵਜੇ ਤੇ ਵਾਜਬ ਤਨਖਾਹ ਦੀ ਮੰਗ ਵੀ ਕੀਤੀ ਸੀ। ਇਹ ਸੰਘਰਸ਼ ਅੰਸ਼ਿਕ ਰੂਪ 'ਚ ਸਫ਼ਲ ਹੋਇਆ ਸੀ। ਜਿਸ ਨਾਲ ਯੂਨੀਅਨ 'ਚ ਮਜ਼ਦੂਰਾਂ ਦਾ ਨਿਹਚਾ ਵਧਿਆ ਸੀ। ਇਸ ਸਾਲ ਦੇ ਸ਼ੁਰੂ, ਚੁਣਾਵੀ ਤਬਦੀਲੀ ਆਉਣ ਦੇ ਪਹਿਲਾਂ ਤੋਂ ਮਜ਼ਦੂਰ ਘਟੋ ਘੱਟ ਤਨਖਾਹ ਡਾਕਟਰੀ ਸਹੂਲਤ, ਪੀ. ਐਫ ਤੇ ਪਹਿਚਾਣ ਪਤਰ ਦੀ ਮੰਗ ਕਰਦਿਆਂ ਤੇ ਮਨਚਾਹੀ ਬਰਖਾਸਤਗੀ ਦਾ ਵਿਰੋਧ ਕਰਦਿਆਂ ਸੰਘਰਸ਼ ਵੱਲ ਵਧ ਰਹੇ ਸਨ। ਇਹ ਅੰਦੋਲਨ ਡਾਲਿਫਨ ਲੇਦਰ ਨਾਮਕ ਕੰਪਨੀ 'ਚ ਵੱਧ ਮਜ਼ਬੂਤੀ ਨਾਲ ਅੱਗੇ ਵੱਧ ਰਿਹਾ ਸੀ। ਇਸ ਕੰਪਨੀ ਦਾ ਮਾਲਕ ਸਾਮਸ ਤਬਰੇਜ ਹੈ ਜੋ ਲੈਦਰ ਕਮਪਲੈਕਸ ਟੇਨਰੀ ਐਸੋਸੀਏਸ਼ਨ ਦਾ ਜਨਰਲ ਸਕੱਤਰ ਵੀ ਹੈ। ਉਸ ਨੇ ਯੂਨੀਅਨ ਨੇਤਾ ਕਾਮਰੇਡ ਉਪੇਂਦਰ ਸਾਹਨੀ ਨੂੰ ਵੀ ਕੰਮ ਤੋਂ ਕੱਢਕੇ ਇਸ ਦਾ ਜੁਆਬ ਦਿੱਤਾ ਪਰ ਮਜ਼ਦੂਰਾਂ ਦੇ ਸੰਘਰਸ਼ ਦੇ ਦਬਾਅ ਹੇਠ ਇਹ ਸਾਹਨੀ ਨੂੰ ਕੰਮ 'ਤੇ ਬਹਾਲ ਕਰਨ ਲਈ ਮਜ਼ਬੂਰ ਹੋਏ। ਅਜੇ ਤੱਕ ਮਜ਼ਦੂਰਾਂ ਦੀ ਮੰਗ ਪੂਰੀ ਨਹੀਂ ਕੀਤੀ ਗਈ ਹੈ। ਹਾਲਾਂਕਿ ਐਸੋਸੀਏਸ਼ਨ ਨੇ ਹੱਲ ਕਰਨ ਦਾ ਵਾਅਦਾ ਕੀਤਾ ਸੀ। ਨਵੀਂ ਸਰਕਾਰ ਦੇ ਸੱਤਾ 'ਚ ਆਉਣ ਪਿੱਛੋਂ ਮਾਲਕ ਇਸ ਯੂਨੀਅਨ ਤੇ ਸੰਘਰਸ਼ਸ਼ੀਲ ਮਜ਼ਦੂਰਾਂ ਪ੍ਰਤੀ ਵੱਧ ਹਮਲਾਵਰ ਹੋ ਗਏ। ਪ੍ਰਸਾਸ਼ਨ ਦੀ ਮਦਦ ਨਾਲ ਯੂਨੀਅਨ ਦੇ ਚਾਰ ਨੇਤਾਵਾਂ ਉਪੇਂਦਰ ਸਾਹਨੀ, ਅਨਵਰੂਲ ਹੱਕ, ਵਿਜੈ ਰਾਮ ਤੇ ਮੋਇਨ ਖਾਨ ਦੇ ਖਿਲਾਫ਼ ਝੂਠੇ ਕੇਸ ਤਿਆਰ ਕੀਤੇ ਗਏ ਤੇ ਉਹਨਾਂ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ। ਪੁਲਸ ਨੇ ਮਿੱਲ 'ਚੋਂ ਹੀ ਉਹਨਾਂ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਵਿੱਚ ਸੁੱਟ ਦਿੱਤਾ। ਤ੍ਰਿਣਮੂਲ ਕਾਂਗਰਸ ਦੇ ਝੰਡੇ ਹੇਠ ਗੁੰਡਿਆਂ ਵਲੋਂ ਇਸ ਗ੍ਰਿਫ਼ਤਾਰੀ ਦਾ ਵਿਰੋਧ ਕਰ ਰਹੇ ਮਜ਼ਦੂਰਾਂ ਨੂੰ ਧਮਕੀਆਂ ਦਿੱਤੀਆਂ ਜਾਣ ਲੱਗੀਆਂ। ਇਸ ਦੇ ਬਾਵਜੂਦ ਮਜ਼ਦੂਰਾਂ ਨੇ ਠਾਣੇ ਦਾ ਘਿਰਾਓ ਕੀਤਾ ਤੇ ਉਹ ਲਗਾਤਾਰ ਮੁਜਾਹਰਾ ਕਰਦੇ ਰਹੇ। ਆਖਰਕਾਰ ਮਜ਼ਦੂਰਾਂ ਨੂੰ ਜਮਾਨਤ 'ਤੇ ਰਿਹਾਅ ਕੀਤਾ ਗਿਆ। ਅੱਜ ਮਾਲਕ ਤੇ ਤ੍ਰਿਣਮੂਲ ਕਾਂਗਰਸ ਦੇ ਕੇਡਰ ਇਸ ਇਲਾਕੇ 'ਚ ਇਕ ਵੱਡਾ ਖ਼ਤਰਾ ਬਣ ਗਏ ਹਨ ਤੇ ਪੂਰੇ ਇਲਾਕੇ ਨੂੰ ਡਰਾ ਧਮਕਾ ਰਹੇ ਹਨ। ਇਸ ਤਰ੍ਹਾਂ ਦੇ ਹਮਲੇ ਕਈ ਸਨਅਤਾਂ 'ਚ ਹੋ ਰਹੇ ਹਨ। ਇੰਡੀਆਂ ਜੂਟ ਮਿਲਦੇ 122 ਮਜ਼ਦੂਰਾਂ ਦੀ ਛਾਂਟੀ ਕਰ ਦਿੱਤੀ ਗਈ ਹੈ।

# ਕੀ ਹੈ ਯੂ. ਪੀ. ਏ. ਸਰਕਾਰ ਦੀ ਨਵੀਂ ਸਿੱਖਿਆ ਨੀਤੀ?

ਪਿਛਲੇ ਦੋ ਤਿੰਨ ਸਾਲਾਂ ਵਿੱਚ ਯੂ. ਪੀ. ਏ. ਸਰਕਾਰ ਨੇ ਸਿੱਖਿਆ ਦੇ ਖੇਤਰ ਵਿੱਚ ਕਈ ਨੀਤੀਗਤ ਬਦਲਾਅ ਕੀਤੇ ਹਨ। ਕੌਮੀ ਗਿਆਨ ਕਮਿਸ਼ਨ ਦੀਆਂ ਸਿਫਾਰਸ਼ਾਂ ਪਿੱਛੋਂ, ਯਸ਼ਪਾਲ ਸੰਮਤੀ ਦੀਆਂ ਸਿਫਾਰਸ਼ਾਂ, ਸਿੱਖਿਆ ਦਾ ਅਧਿਕਾਰ ਕਾਨੂੰਨ ਅਤੇ ਉੱਚ ਸਿੱਖਿਆ ਬਿੱਲ 2009 ਇਹਨਾਂ ਨੀਤੀਗਤ ਤਬਦੀਲੀਆਂ ਵੱਲ ਇਸ਼ਾਰਾ ਕਰਦੇ ਹਨ। ਸਿੱਖਿਆ ਦੇ ਖੇਤਰ ’ਚ ਨਿੱਜੀਕਰਣ ਤੇ ਉਦਾਰੀਕਰਨ ਦੀਆਂ ਨੀਤੀਆਂ ਨੂੰ ਮਨਮੋਹਨ ਸਰਕਾਰ ਨੇ ਬਹੁਤ ਹੀ ਸ਼ਾਤਰਾਨਾ ਤਰੀਕੇ ਨਾਲ ਲਾਗੂ ਕਰਨਾ ਸ਼ੁਰੂ ਕੀਤਾ ਹੈ। ਇਹ ਪੂਰਾ ਅਮਲ ਕੁੱਝ ਇਸ ਤਰ੍ਹਾਂ ਨਾਲ ਚਲਾਇਆ ਗਿਆ ਹੈ ਕਿ ਸਰਕਾਰ ਦੀਆਂ ਸਾਰੀਆਂ ਨਵੀਆਂ ਸਿੱਖਿਆ ਨੀਤੀਆਂ ਕਈਆਂ ਨੂੰ ਕਾਫੀ ਲੋਕ ਪੱਖੀ ਨਜ਼ਰ ਆ ਰਹੀਆਂ ਹਨ। ਤਾਜੁਬ ਦੀ ਗੱਲ ਹੈ ਕਿ ਇਹ ਸਿੱਖਿਆ ਸਾਸ਼ਤਰੀ ਇਹਨਾਂ ਨੀਤੀਆਂ ਦਾ ਢੰਗ ਨਾਲ ਅਧਿਐਨ ਹੀ ਨਹੀਂ ਕਰਦੇ ਅਤੇ ਸਿਰਫ਼ ਬਾਜ਼ਾਰੂ ਕਾਰਪੋਰੇਟ ਮੀਡੀਆ ਦੀ ਕਹੀ ਸੁਣੀ ’ਤੇ ਵਿਸਵਾਸ਼ ਕਰਦਿਆਂ ਮਨਮੋਹਨ ਸਰਕਾਰ ਨੂੰ ਕਲਿਆਣਕਾਰੀ ਰਾਜ ਦੀ ਭੂਮਿਕਾ ਅਦਾ ਕਰਨ ਲਈ ਧੰਨਵਾਦ ਕਰਦੇ ਨਜ਼ਰ ਆਉਂਦੇ ਹਨ। ਮਨਮੋਹਨ ਸਰਕਾਰ ਨੂੰ ਅਤੇ ਉਸ ਦੇ ਮਨੁੱਖੀ ਵਸੀਲਿਆਂ ਬਾਰੇ ਮੰਤਰੀ ਕਪਿਲ ਸਿੱਬਲ ਦੇ ਜਿਸ ਕਦਮ ਨੇ ਪਿੱਛੇ ਜਿਹੇ ਹੀ ਮੀਡੀਆ ਨੇ ਉਸ ਨੂੰ ਸਿਰ-ਅੱਖਾਂ ’ਤੇ ਬਿਠਾ ਲਿਆ ਹੈ। ਉਹ ਹੈ ‘ਸਿੱਖਿਆ ਦਾ ਅਧਿਕਾਰ’ ਕਾਨੂੰਨ 2009। ਇਸ ਦੇ ਤਹਿਤ 14 ਸਾਲ ਤੱਕ ਦੇ ਬੱਚਿਆਂ ਲਈ ਗੁਆਂਢ ਦੇ ਸਰਕਾਰੀ ਸਕੂਲ ’ਚ ਸਿੱਖਿਆ ਨੂੰ ਲਾਜ਼ਮੀ ਬਣਾ ਦਿੱਤਾ ਗਿਆ ਪਰ ਇਸ ਕਾਨੂੰਨ ਦੀਆਂ ਬਰੀਕੀਆਂ ਦਾ ਜੇ ਅਧਿਐਨ ਕਰੀਏ ਬਜ਼ਾਰੂ ਮੀਡੀਆ ’ਚ ਇਸ ਦਾ ਵਿਸਲੇਸ਼ਣ ਨਹੀਂ ਮਿਲਦਾ। ਮਿਲਦਾ ਹੈ ਤਾਂ ਬਸ ਕਪਿਲ ਸਿੱਬਲ ਤੇ ਮਨਮੋਹਨ ਸਰਕਾਰ ਦਾ ਗੁਣਗਾਨ। ਇਸ ਕਦਮ ਨੂੰ ਇਤਿਹਾਸਕ ਦੱਸਿਆ ਗਿਆ ਹੈ। ‘ਅਜ਼ਾਦ’ ਭਾਰਤ ਦੇ ਇਤਿਹਾਸ ਵਿੱਚ ਇਸ ਨੂੰ ਮੀਲ ਦਾ ਪੱਥਰ ਦੱਸਿਆ ਗਿਆ ਹੈ। ਯਸ਼ਪਾਲ ਸੰਮਤੀ ਦੀਆਂ ਸਿਫਾਰਸ਼ਾਂ ਤੇ ਉੱਚ ਸਿੱਖਿਆ ਬਿੱਲ-2009 ਦੇ ਆਉਣ ਤੱਕ ਤਾਂ ਮੀਡੀਆ ਸਰਕਾਰ ਦੇ ਸੋਹਲੇ ਗਾਉਣ ਵਾਲੀ ਮੰਡਲੀ ’ਚ ਸ਼ਾਮਲ ਹੋ ਗਿਆ ਸੀ। ਖਾਦਾ ਪੀਂਦਾ ਮੱਧਵਰਗ ਕਪਿਲ ਸਿੱਬਲ ’ਚ ਇਕ ਪਰਪੱਕ ਪ੍ਰਸ਼ਾਸਕ ਨੂੰ ਵੇਖ ਰਿਹਾ ਹੈ ਤੇ ਉਸ ਵੱਲੋਂ ਚਲਾਈਆਂ ਜਾ ਰਹੀਆਂ ਤਬਦੀਲੀਆਂ ਨੂੰ ਯੁੱਗ ਪਲਟਾਊ ਮੰਨ ਰਿਹਾ ਹੈ। ਕਿਉਂ ਨਾ ਮੰਨੇ? ਉਹਨਾਂ ਲਈ ਹੀ ਤਾਂ ਕਪਿਲ ਸਿੱਬਲ ਨੇ ਇਹ ਇਨਕਲਾਬੀ ਕਦਮ ਉਠਾਏ ਹਨ। ਸਭ ਤੋਂ ਅਹਿਮ ਗੱਲ ਇਹ ਹੈ ਕਿ ਆਮ ਸਮਝ ਤੇ ਵਿਸ਼ੇਸ਼ ਸਮਝ, ਦੋਨਾਂ ’ਚ ਹੀ ਇਹਨਾਂ ਨਵੀਆਂ ਨੀਤੀਆਂ ਵੱਲੋਂ ਲਿਆਂਦੇ ਜਾਣ ਵਾਲੇ ਪ੍ਰੀਵਰਤਨਾਂ ਨੂੰ ਨਹੀਂ ਸਮਝਿਆ ਗਿਆ ਹੈ। ਇਹ ਨੀਤੀਆਂ ਆਪਣੇ ਆਪ ਨੂੰ ਉਨੀ ਵੱਡੀ ਤਬਦੀਲੀ ਲਿਆਉਣ ਵਾਲੀਆਂ ਨਹੀਂ ਹਨ। ਜਿੰਨੀਆਂ ਵੱਡੀਆਂ ਤਬਦੀਲੀਆਂ ਰਾਜੀਵ ਗਾਂਧੀ ਦੀ ਨਵੀਂ ਸਿੱਖਿਆ ਨੀਤੀ 1986 ’ਚ

ਲਿਆਈ ਸੀ। ਸਿੱਖਿਆ ਖੇਤਰ 'ਚ ਇਹ ਤਬਦੀਲੀਆਂ ਭਾਰਤ ਦੇ ਅੱਜ ਦੇ ਪੂੰਜੀਵਾਦ ਦੀਆਂ ਲੋੜਾਂ ਮੁਤਾਬਕ ਸਿੱਖਿਆ ਨੂੰ ਢਾਲਣ ਦਾ ਕੰਮ ਕਰਨ ਵਾਲੀਆਂ ਹਨ।

ਪਹਿਲੀ ਗੱਲ - ਇਹ ਕਿ ਇਸ ਕੰਮ ਨੂੰ ਇਹ ਨੀਤੀਆਂ ਇਉਂ ਅੰਜਾਮ ਦੇਣਗੀਆਂ ਜਿਵੇਂ ਕਿਤੇ ਇਹ ਲੋਕਾਂ ਦੇ ਹਿੱਤ 'ਚ ਕੀਤੇ ਜਾਣ ਵਾਲੇ ਕੰਮ ਹੋਣ। ਯਾਨੀ ਨਾ ਲੋਕਾਂ ਦਾ ਅਤੇ ਕੰਮ ਦਲਾਲ ਸਰਮਾਏਦਾਰਾਂ ਤੇ ਕਾਰਪੋਰੇਟ ਘਰਾਣਿਆਂ ਦਾ। ਇਸ ਗੱਲ ਨੂੰ ਬਰੀਕੀ ਨਾਲ ਸਮਝਣ ਲਈ ਇਹਨਾਂ ਨੀਤੀਆਂ ਦੀ ਇੱਕ-ਇੱਕ ਕਰਕੇ ਸਮੀਖਿਆ ਜ਼ਰੂਰੀ ਹੈ। ਸਭ ਤੋਂ ਪਹਿਲਾਂ ਸਿੱਖਿਆ ਦਾ ਅਧਿਕਾਰ ਕਾਨੂੰਨ 2009 ਕਿਉਂਕਿ ਇਸ ਸਬੰਧੀ ਮੀਡੀਆ ਅਤੇ ਅਗਿਆਨੀ ਮੱਧਵਰਗ 'ਚ ਸੰਤੁਸ਼ਟੀ ਦੀ ਲਹਿਰ ਹੈ। ਇਹ ਕਾਨੂੰਨ 6 ਤੋਂ 14 ਸਾਲ ਤੱਕ ਦੇ ਬੱਚਿਆਂ ਲਈ ਗੁਆਂਢ ਦੇ ਸਰਕਾਰੀ ਸਕੂਲਾਂ 'ਚ ਮੁਫ਼ਤ ਤੇ ਲਾਜ਼ਮੀ ਸਿੱਖਿਆ ਦੀ ਵਿਵਸਥਾ ਕਰਦਾ ਹੈ। ਇਹ ਸੁਪਰੀਮ ਕੋਰਟ ਦੇ ਉਨੀ ਕ੍ਰਿਸ਼ਨਨ ਫੈਸਲੇ ਦਾ ਹਵਾਲਾ ਦਿੰਦੇ ਹੋਏ ਉਸ ਨੂੰ ਲਾਗੂ ਕਰਨ ਦੀ ਗੱਲ ਕਰਦਾ ਹੈ। ਇਹ ਕੋਰੀ ਲਫਾਫੇਬਾਜ਼ੀ ਹੈ। ਉਨੀ ਕ੍ਰਿਸ਼ਨਨ ਫੈਸਲੇ ਨੇ ਕਿਹਾ ਸੀ ਕਿ 14 ਸਾਲਾਂ ਤੱਕ ਦੇ ਬੱਚਿਆਂ ਦੀ ਮੁਫ਼ਤ ਸਿੱਖਿਆ ਦੀ ਜ਼ਿੰਮੇਵਾਰੀ ਸਰਕਾਰ ਦੀ ਹੋਣੀ ਚਾਹੀਦੀ ਹੈ। ਜੇ ਕਾਨੂੰਨ 0-6 ਤੱਕ ਦੇ ਬੱਚਿਆਂ ਨੂੰ ਇਸ ਅਧਿਕਾਰ ਦੇ ਦਾਇਰੇ 'ਚ ਸ਼ਾਮਲ ਨਹੀਂ ਕਰਦਾ ਹੈ ਤਾਂ ਸਪਸ਼ਟ ਹੈ ਕਿ 70 ਫੀਸਦੀ ਅਜਿਹੇ ਬੱਚਿਆਂ ਨੂੰ ਇਸ ਕਾਨੂੰਨ 'ਚ ਕੋਈ ਲਾਭ ਨਹੀਂ ਮਿਲਣਾ, ਜੋ ਸਕੂਲ ਨਹੀਂ ਜਾ ਸਕਦੇ ਹਨ। ਯਾਦ ਹੋਵੇ ਕਿ ਭਾਰਤ ਵਿੱਚ 7 ਕਰੋੜ ਬੱਚੇ ਸਕੂਲ ਨਹੀਂ ਜਾਂਦੇ ਹਨ। ਇਸ ਗਿਣਤੀ ਦਾ 70 ਫੀਸਦੀ ਯਾਨੀ ਕਰੀਬ 4.9 ਕਰੋੜ ਬੱਚੇ। ਜੋ ਬਾਲਗ ਹੋਣ ਤੋਂ ਪਹਿਲਾਂ ਸਭ ਨੂੰ ਬੱਚਾ ਮੰਨ ਲਿਆ ਜਾਵੇ ਤਾਂ 15.7 ਕਰੋੜ ਬੱਚੇ ਇਸ ਕਾਨੂੰਨ ਦੇ ਦਾਇਰੇ ਤੋਂ ਬਾਹਰ ਹਨ। ਦੁਨੀਆਂ ਭਰ ਦੇ ਸਿੱਖਿਆ ਮਾਹਰ ਮੰਨਦੇ ਹਨ ਕਿ 0-6 ਸਾਲਾਂ ਤੱਕ ਦੀ ਉਮਰ 'ਚ ਹੀ ਬੱਚੇ ਦੇ ਮਨੋਵਿਗਿਆਨ ਦਾ ਬੁਨਿਆਦੀ ਨਿਰਮਾਣ ਹੁੰਦਾ ਹੈ। ਇਸ ਦੇ ਬਾਵਜੂਦ ਇਸ ਕਾਨੂੰਨ ਰਾਹੀ 0 ਤੋਂ 6 ਸਾਲ ਦੇ ਬੱਚਿਆਂ ਦੇ ਸਕੂਲੀ ਸਿੱਖਿਆ ਦੇ ਅਧਿਕਾਰ ਨੂੰ ਸ਼ਾਮਲ ਨਾ ਕੀਤਾ ਜਾਣਾ, ਕਈ ਸੁਆਲ ਉਠਾਉਂਦਾ ਹੈ।

ਦੂਜੀ ਗੱਲ - ਇਹ ਹੈ ਕਿ ਜੇ ਇਹ ਬਿੱਲ ਸਿਰਫ਼ 14 ਸਾਲ ਤੱਕ ਦੇ ਬੱਚਿਆਂ ਲਈ ਹੀ ਸਿੱਖਿਆ ਦੇ ਅਧਿਕਾਰ ਨੂੰ ਹੀ ਬੁਨਿਆਦੀ ਮੰਨਦਾ ਹੈ ਤਾਂ ਇਸ ਦਾ ਅਰਥ ਹੋਇਆ ਕਿ ਸਰਕਾਰ 8ਵੀਂ ਤੱਕ ਹੀ ਬੱਚਿਆਂ ਦੀ ਸਿੱਖਿਆ ਦੇ ਅਧਿਕਾਰ ਨੂੰ ਬੁਨਿਆਦੀ ਅਧਿਕਾਰ ਮੰਨਦੀ ਹੈ। ਸਿੱਖਿਆ ਸਿਰਫ਼ ਆਪਣਾ ਨਾਂ ਲਿਖਣ ਸਿਖਣ ਅਤੇ ਜੋੜ ਘਟਾਉਣ ਤੇ ਗੁਣਾ-ਭਾਗ ਸਿੱਖਣ ਲਈ ਹੀ ਨਹੀਂ ਹੁੰਦੀ। ਇਹ ਇੱਕ ਨਾਗਰਿਕ ਨੂੰ ਫਾਇਦੇਮੰਦ ਰੁਜ਼ਗਾਰ (ਗਰੇਸਫੁਲ ਇਮਪਲਾਈਮੈਂਟ) ਦੇ ਯੋਗ ਬਣਾਉਣ ਲਈ ਹੁੰਦੀ ਹੈ। ਸਰਕਾਰ ਦੇ ਹੀ ਮਾਪ ਦੰਡ ਅਨੁਸਾਰ 8ਵੀਂ ਤੱਕ ਦੀ ਪੜ੍ਹਾਈ ਲਾਭਪੂਰਨ ਰੁਜ਼ਗਾਰ ਹਾਸਲ ਕਰਨ ਲਈ ਕਾਫ਼ੀ ਨਹੀਂ ਹੈ। ਇਹ ਗੱਲ ਅਸਾਨੀ ਨਾਲ ਸਮਝੀ ਜਾ ਸਕਦੀ ਹੈ। ਜਦ ਦੇਸ਼ 'ਚ ਗ੍ਰੇਜੂਏਟ, ਪੋਸਟ ਗ੍ਰੇਜੂਏਟ ਦੀਆਂ ਡਿਗਰੀਆਂ ਲੈ ਕੇ ਨੌਜਵਾਨ ਕਰੋੜਾਂ ਦੀ ਗਿਣਤੀ 'ਚ ਬੇਰੁਜ਼ਗਾਰ ਘੁੰਮ ਰਹੇ ਹਨ।

ਤੀਜੀ ਗੱਲ - ਇਸ ਕਾਨੂੰਨ ਤੋਂ ਪਿੱਛੋਂ ਬੱਚਿਆਂ ਨੂੰ ਮੁਫ਼ਤ ਸਿੱਖਿਆ ਗੁਆਂਢ ਦੇ ਸਕੂਲ 'ਚ ਮਿਲ ਸਕੇ ਇਸ ਲਈ ਸਰਕਾਰ ਨੇ ਜਨਤਕ ਸਿੱਖਿਆ ਪ੍ਰਣਾਲੀ 'ਚ ਨਿਵੇਸ਼ ਵਧਾਇਆ ਨਹੀਂ ਹੈ। ਬਲਕਿ ਉਸ ਨੇ ਇਹ ਕਿਹਾ ਹੈ ਕਿ ਨਿੱਜੀ ਸਕੂਲਾਂ

'ਚ ਗ਼ਰੀਬ ਬੱਚਿਆਂ ਲਈ 25 ਫੀਸਦੀ ਰਾਖਵੇਂਕਰਨ ਦੀ ਵਿਵਸਥਾ ਕੀਤੀ ਗਈ ਹੈ। ਇਸ 'ਤੇ ਸਾਰੇ ਨਿੱਜੀ ਸਕੂਲਾਂ ਨੇ ਵਿਰੋਧ ਕੀਤਾ ਹੈ। ਜਾਹਿਰ ਹੈ ਕਿ ਅਮੀਰ ਜਾਦਿਆਂ ਦੇ ਬੱਚਿਆਂ ਨੂੰ "ਭਰੋਸੇਯੋਗ ਤੇ ਕੁਲੀਨ ਸਿੱਖਿਆ" ਦੇਣ ਲਈ ਬਣਾਏ ਗਏ ਇਹਨਾਂ ਸਕੂਲਾਂ 'ਚ ਜੇ ਗ਼ਰੀਬ ਬੱਚਿਆਂ ਦਾ ਦਾਖਲਾ ਹੋਵੇਗਾ ਤਾਂ ਇਹਨਾਂ ਨਿੱਜੀ ਸਕੂਲਾਂ ਨੂੰ ਇਤਰਾਜ ਤਾਂ ਹੋਵੇਗਾ ਹੀ। ਇਸ ਤੋਂ ਇਲਾਵਾ ਗ਼ਰੀਬ ਬੱਚਿਆਂ ਲਈ 25 ਫੀਸਦੀ ਰਾਖਵੇਂਕਰਨ ਦਾ ਇਹ ਨਿਯਮ ਕਿਸੇ ਵੀ ਸੂਰਤ 'ਚ ਲਾਗੂ ਨਹੀਂ ਹੋ ਸਕਦਾ। ਇਹ ਸੌਖਿਆਂ ਹੀ ਸਮਝਿਆ ਜਾ ਸਕਦਾ ਹੈ। ਸਕੂਲੀ ਸਿੱਖਿਆ 'ਚ ਨਿੱਜੀ ਸਕੂਲਾਂ ਦੇ ਕਾਰੋਬਾਰ ਦੀ ਕੁਲ ਕੀਮਤ ਇਸ ਸਮੇਂ 160000 ਕਰੋੜ ਰੁਪਏ ਹੈ। ਇਸ ਮੁਨਾਫੇ ਦੇ ਪੂਰੇ ਢਾਂਚੇ ਨੂੰ ਸਰਕਾਰ ਕਿਸੇ ਵੀ ਰੂਪ 'ਚ ਛੱਡਣ ਵਾਲੀ ਨਹੀਂ ਹੈ। ਸਕੂਲੀ ਸਿੱਖਿਆ ਵਿੱਚ ਪਬਲਿਕ-ਪ੍ਰਾਈਵੇਟ ਪਾਰਟਨਰ ਦੇ ਜੁਮਲੇ ਤਹਿਤ ਸਕੂਲ ਸਿੱਖਿਆ ਦੇ ਗ਼ਰੀਬ ਬੱਚਿਆਂ ਦੇ ਅਧਿਕਾਰ ਨੂੰ ਯਕੀਨੀ ਬਣਾਉਣ ਦੀ ਗੱਲ ਸਿਰਫ਼ ਇਕ ਸੋਸ਼ਾ ਹੈ।

ਚੌਥੀ ਅਤੇ ਸਭ ਤੋਂ ਅਹਿਮ ਗੱਲ - ਜਦ ਤੱਕ ਪੂਰੇ ਦੇਸ਼ 'ਚ ਇਕ ਸਾਂਝੀ ਸਕੂਲ ਪ੍ਰਣਾਲੀ (ਕਾਮਨ ਸਕੂਲ ਸਿਸਟਮ) ਲਾਗੂ ਨਹੀਂ ਕੀਤਾ ਜਾਂਦਾ, ਤਦ ਤੱਕ ਸਿੱਖਿਆ ਦੇ ਅਧਿਕਾਰ ਵਰਗੇ ਕਿਸੇ ਵੀ ਕਾਨੂੰਨ ਦਾ ਕੋਈ ਅਰਥ ਨਹੀਂ ਹੈ। ਇਹ ਸਮਾਜ 'ਚ ਮੌਜੂਦਾ ਊਚ-ਨੀਚ ਨੂੰ ਅਤੇ ਗਹਿਰਾਈ ਨਾਲ ਸਕੂਲ ਸਿੱਖਿਆ ਦੀ ਪ੍ਰਣਾਲੀ 'ਚ ਬੈਠਾ ਦੇਵੇਗਾ। ਅਜਿਹਾ ਕੋਈ ਵੀ ਕਾਨੂੰਨ ਜੇ ਸਿੱਖਿਆ ਪ੍ਰਣਾਲੀ 'ਚ ਇਕੋ ਜਿਹੀ ਗੁਣਵੰਣਤਾ ਸਥਾਪਤ ਨਹੀਂ ਕਰਦਾ ਹੈ ਤਾਂ ਕੀ ਫਾਇਦਾ? ਗ਼ਰੀਬਾਂ ਨੂੰ ਘਟੀਆ ਤੇ ਅਮੀਰਾਂ ਨੂੰ ਵਧੀਆ ਸਿੱਖਿਆ, ਬਸ ਇਹੀ ਹੋਵੇਗਾ। ਅਜੇ ਪਿੱਛੇ ਜਿਹੇ ਹੀ ਕੁੱਝ ਸਵੈ ਸੇਵੀ ਸੰਗਠਨਾ ਨੇ ਸਰਕਾਰ ਤੋਂ ਪੁੱਛਿਆ ਕਿ ਸਕੂਲੀ ਸਿੱਖਿਆ ਵਿੱਚ ਫ਼ੀ ਵਿਦਿਆਰਥੀ ਸਰਕਾਰ ਕਿੰਨਾ ਖ਼ਰਚ ਕਰਦੀ ਹੈ? ਇਸ 'ਤੇ ਸਰਕਾਰ ਨੇ ਮੰਨਿਆ ਕਿ ਉਸ ਪਾਸ ਕੋਈ ਅਜਿਹਾ ਅੰਕੜਾ ਨਹੀਂ ਹੈ ਅਤੇ ਵੱਖ-ਵੱਖ ਕਿਸਮ ਦੇ ਸਰਕਾਰੀ ਸਕੂਲ ਹੋਣ ਕਰਕੇ ਇਸ ਦਾ ਮੁਲਅੰਕਣ ਕਰਨਾ ਹੀ ਲਗਭਗ ਅਸੰਭਵ ਹੈ। ਸਾਫ਼ ਹੈ ਕਿ ਸਰਕਾਰੀ ਸਕੂਲਾਂ 'ਚ ਸਿੱਖਿਆ ਪ੍ਰਣਾਲੀ ਦੀ ਗੁਣਵੰਣਤਾ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਤੁਸੀਂ ਕਿਸ ਜਮਾਤ ਨਾਲ ਸਬੰਧਤ ਹੋ। ਸਰਕਾਰੀ ਸਕੂਲਾਂ ਵਿੱਚ ਸਿੱਖਿਆ ਦੇ ਪੱਧਰਾਂ ਨੂੰ ਸਾਫ਼ ਦੇਖਿਆ ਜਾ ਸਕਦਾ ਹੈ। ਇਸ 'ਚ ਸਭ ਤੋਂ ਉੱਪਰ ਹੈ ਕੇਂਦਰੀ ਵਿਦਿਆਲਾ ਜਿਹਨਾਂ 'ਚ ਪ੍ਰਤੀ ਵਿਦਿਆਰਥੀ ਖਰਚ ਕਰੀਬ 12000 ਰੁਪਏ ਸਲਾਨਾ ਹੈ। ਇਸ ਪਿੱਛੋਂ ਆਉਂਦੇ ਹਨ ਨਵੋਦਿਆ ਸਕੂਲ ਜਿਹਨਾਂ 'ਚ ਇਹ ਖ਼ਰਚ 15000 ਰੁਪਏ ਸਲਾਨਾ ਹੈ ਪਰ ਪ੍ਰਤਿਸ਼ਠਾ ਸਬੰਧੀ ਇਹ ਕੇਂਦਰੀ ਵਿਦਿਆਲਾ ਤੋਂ ਪਿੱਛੇ ਹਨ। ਇਸ ਪਿੱਛੋਂ ਸੈਨਿਕ ਸਕੂਲ ਆਉਂਦੇ ਹਨ ਅਤੇ ਫਿਰ ਇਸ ਤੋਂ ਹੇਠਾਂ ਬੇਹੱਦ ਖ਼ਰਾਬ ਗੁਣਵੰਣਤਾ ਵਾਲੇ ਨਗਰ ਨਿਗਮ ਦੇ ਸਕੂਲ ਆਉਂਦੇ ਹਨ। ਜਿਹਨਾਂ 'ਚ ਪ੍ਰਤੀ ਵਿਦਿਆਰਥੀ ਖ਼ਰਚਾ 18000 ਤੋਂ 25000 ਰੁਪਏ ਵਿਚਕਾਰ ਹੁੰਦਾ ਹੈ। ਇਹ ਪੱਧਰ ਪ੍ਰਣਾਲੀ ਸੰਵਿਧਾਨ ਦੀ ਧਾਰਾ 12, 21 ਅਤੇ 21-ਏ ਦੀ ਉਲੰਘਣਾ ਹੈ ਜੋ ਬਰਾਬਰ ਸਿੱਖਿਆ ਨੂੰ ਬੱਚਿਆਂ ਦਾ ਜਨਮ ਸਿੱਧ ਅਧਿਕਾਰ ਐਲਾਨਦੀ ਹੈ। ਪੈਸੇ ਦੇ ਜ਼ੋਰ 'ਤੇ ਵੱਖ-ਵੱਖ ਗੁਣਵੰਣਤਾਵਾਂ ਦੀ ਉਪਲੱਭਤਾ ਸਿੱਧੇ-ਸਿੱਧੇ ਅਰਧ ਜਾਗੀਰੂ ਸਮਾਜ ਅਤੇ ਪ੍ਰਣਾਲੀ ਦੀ ਥੋਪ ਨੂੰ ਉਖਾੜ ਦਿੰਦੀ ਹੈ। ਇਸ ਸਮਾਜ 'ਚ ਸਿੱਖਿਆ, ਕੌਸ਼ਲ ਤੇ ਯੋਗਤਾ ਸਭ ਕੁੱਝ ਵਿਕਾਊ ਹੈ। ਅਜਿਹੇ 'ਚ ਜ਼ਾਹਿਰ ਹੈ ਕਿ ਅਪਵਾਦਾਂ ਨੂੰ ਛੱਡ ਦਿੱਤਾ ਜਾਵੇ

ਤਾਂ ਅਮੀਰਾਂ ਦੇ ਬੱਚੇ ਵੱਧ ਸਮਰੱਥ ਬਣਨਗੇ ਅਤੇ ਗ਼ਰੀਬਾਂ ਦੇ ਬੱਚੇ ਅਸਮਰੱਥ ਪਰ ਆਪਣੇ ਹੀ ਬਣਾਏ ਨਿਯਮਾ ਤੇ ਕਾਨੂੰਨਾਂ ਦੀ ਉਲੰਘਣਾ ਵਿੱਚ ਭਾਰਤੀ ਦਲਾਲ ਨੌਕਰਸ਼ਾਹ ਸਰਮਾਏਦਾਰੀ ਮਾਹਿਰ ਹੋ ਚੁੱਕੀ ਹੈ। 62 ਸਾਲ ਦਾ ਭਰਵਾਂ ਅਨੁਭਵ ਹੈ ਕਿ ਉਸ ਕੋਲ ਕਿ ਕਿਸ ਤਰ੍ਹਾਂ ਸਮਾਜਿਕ ਬਰਾਬਰੀ ਤੇ ਨਿਆਂ ਨੂੰ ਸੰਵਿਧਾਨ ਤੇ ਕਾਨੂੰਨ ਦੀਆਂ ਕਿਤਾਬਾਂ ਦੇ ਸਫ਼ਿਆਂ ਤੱਕ ਸੀਮਤ ਕਰ ਦਿੱਤਾ ਜਾਵੇ ਅਤੇ ਅਸਲ 'ਚ ਚਲਾਈ ਜਾਵੇ ਅਜਿਹੀ ਪ੍ਰਣਾਲੀ ਜਿਸ 'ਚ ਪੈਦਾਵਾਰ ਦੇ ਸਾਧਨਾ ਸਾਰੀ ਬੁਨਿਆਦੀ ਜਾਇਦਾਦ ਸਮੇਤ ਸਾਰੀ ਮਾਨਸਿਕ ਤੇ ਬੌਧਿਕ ਜਾਇਦਾਦ 'ਤੇ ਵੀ ਅਮੀਰ ਜਾਦਿਆਂ ਦਾ ਕਬਜਾ ਹੋਵੇ। ਇਹੀ ਇਸ ਪੂੰਜੀਵਾਦੀ ਲੋਕਰਾਜ ਦੀ ਹਕੀਕਤ ਹੈ। ਗਲਤੀ ਨਾਲ ਇਹ ਗੱਲ ਕਪਿਲ ਸਿੱਬਲ ਬੋਲ ਵੀ ਗਏ ਜੋ ਰਾਜਸੀ ਪੈਦਾਇਸ਼ ਦੇ ਸਮੇਂ ਤੋਂ ਹੀ ਦਲਾਲ ਪੂੰਜੀਵਾਦ ਘਰਾਣਿਆਂ ਤੇ ਕਾਰਪੋਰੇਟਾਂ ਦੀ ਗੋਦ 'ਚ ਬੈਠੇ ਹੋਏ ਹਨ। ਕਪਿਲ ਸਿੱਬਲ ਨੇ ਮਨੁੱਖੀ ਵਸੀਲਿਆਂ ਬਾਰੇ ਮੰਤਰੀ ਬਣਨ ਪਿੱਛੋਂ ਕਿਹਾ, "ਸਿੱਖਿਆ ਇਕ ਮਾਲ ਹੈ, ਵਸਤੂ ਹੈ ਅਤੇ ਮੈਂ ਤਾਂ ਇੱਥੇ ਇਸ ਲਈ ਹਾਂ ਕਿ ਇਸ ਨੂੰ ਹੋਰ ਵੱਧ ਖਪਤਕਾਰ ਫਰੈਡਲੀ ਬਣਾ ਸਕਾਂ।" ਦੱਸਣ ਦੀ ਲੋੜ ਨਹੀਂ ਹੈ ਕਿ ਇਸ ਪ੍ਰਬੰਦ ਦੀ ਨਿਗਾਹ 'ਚ ਖਪਤਕਾਰ ਕੌਣ ਹੈ। ਇਹ ਬਿਨਾਂ ਕਾਰਨ ਨਹੀਂ ਹੈ ਕਿ ਨਵੀਆਂ ਆਰਥਿਕ ਨੀਤੀਆਂ ਦੇ ਲਾਗੂ ਹੋਣ ਪਿੱਛੋਂ ਤੋਂ ਹੀ ਕਾਰਾਂ, ਫਰਿਜਾਂ, ਮੋਬਾਇਲਾਂ, ਮੋਟਰ ਸਾਈਕਲਾਂ, ਕੰਪਿਊਟਰਾਂ ਆਦਿ ਦੀ ਕੀਮਤ 'ਚ ਗਿਰਾਵਟ ਆਈ ਹੈ ਜਦਕਿ ਆਟਾ, ਤੇਲ, ਲੂਣ, ਦਾਲਾਂ, ਚੌਲ, ਚੀਨੀ ਆਦਿ ਦੀਆਂ ਕੀਮਤਾਂ 'ਚ ਵਾਧਾ ਹੋਇਆ ਹੈ। ਗ਼ਰੀਬਾਂ ਦੀ ਜ਼ਰੂਰਤ ਦਾ ਹਰ ਸਮਾਨ ਮਹਿੰਗਾ ਹੋ ਰਿਹਾ ਹੈ ਜਦਕਿ ਅਮੀਰਾਂ ਦੇ ਐਸ਼ੋ ਆਰਾਮ ਦਾ ਹਰ ਸਮਾਨ ਸਸਤਾ। ਇਹ ਹੈ ਕੰਜਿਊਮਰ ਸਾਵੇਰਨਟੀ (ਖਪਤਕਾਰ ਫਰੈਂਡਲੀ ਜਾਂ ਪ੍ਰਭੂਸੱਤਾ) ਜਿਸ ਦਾ ਗੁਣਗਾਣ ਸਾਰੇ ਅਜਿਹੇ ਅਰਥ ਸ਼ਾਸਤਰੀ ਗਾਉਂਦੇ ਹਨ ਜੋ ਪੂੰਜੀਪਤੀਆਂ ਦੇ ਸੁੱਟੇ ਹੋਏ ਟੁੱਕੜਿਆਂ 'ਤੇ ਪਲਦੇ ਹਨ। ਗ਼ਰੀਬ ਆਤਮ ਨਿਰਭਰ ਤਾਂ ਕੀ ਵਿਹਾਰ 'ਚ ਪੂਰਨ ਨਾਗਰਿਕ ਵੀ ਨਹੀਂ ਬਣ ਸਕਦੇ। ਇਹੀ ਕਾਰਨ ਹੈ ਕਿ ਉਹਨਾਂ ਦੇ ਸਕੂਲਾਂ, ਕਸਬਿਆਂ, ਗਲੀਆਂ ਵਿੱਚ ਸੜਨ ਲਈ ਛੱਡ ਦਿੱਤਾ ਜਾਂਦਾ ਹੈ ਅਤੇ ਅਮੀਰਾਂ ਦੇ ਸਕੂਲਾਂ ਨੂੰ ਸਰਕਾਰ ਹਰ ਪ੍ਰਕਾਰ ਦੇ ਫੰਡ ਅਤੇ ਸਹੂਲਤਾਂ ਮੁਹੱਈਆ ਕਰਦੀ ਹੈ। ਸਰਕਾਰ ਨੇ ਗ਼ਰੀਬ ਬੱਚਿਆਂ ਲਈ ਇਕ ਸਰਭ ਸਿੱਖਿਆ ਅਭਿਆਨ ਵੀ ਸ਼ੁਰੂ ਕੀਤਾ ਹੈ। ਉਸ ਦੇ ਲਈ ਜਾਰੀ ਹੋਣ ਵਾਲੇ ਕਰੋੜਾਂ ਰੁਪਏ ਦਾ ਫੰਡ ਭ੍ਰਿਸ਼ਟਾਚਾਰ ਦੀ ਭੇਂਟ ਚੜ੍ਹ ਜਾਂਦਾ ਹੈ। ਜੋ ਹੇਠਾਂ ਤੱਕ ਪਹੁੰਚਦਾ ਵੀ ਹੈ, ਉਹ ਠੀਕ ਢੰਗ ਨਾਲ ਵਰਤਿਆ ਨਹੀਂ ਜਾਂਦਾ। ਇਸ ਤੋਂ ਉਲਟ ਇਸ ਯੋਜਨਾ ਨਾਲ ਦਿੱਤਾ ਜਾਣ ਵਾਲਾ ਫੰਡ ਪਿਛਲੇ ਤਿੰਨ ਵਿਤੀ ਸਾਲਾਂ ਤੋਂ ਲਗਾਤਾਰ ਘਟਾਇਆ ਜਾ ਰਿਹਾ ਹੈ। ਸਾਲ 2007-08 'ਚ 12020 ਕਰੋੜ ਰੁਪੈ, 2008-09 'ਚ 11940 ਕਰੋੜ ਰੁਪਏ ਅਤੇ ਇਸ ਸਾਲ ਲਈ ਸਰਕਾਰ ਨੇ 11934 ਕਰੋੜ ਰੁਪਏ ਦਿੱਤੇ ਹਨ। ਸਾਫ਼ ਹੈ ਕਿ ਸਕੂਲੀ ਸਿੱਖਿਆ ਨੂੰ ਉੱਚ ਸਿੱਖਿਆ ਤੋਂ ਵੱਧ ਤਰਜੀਹ ਦੇਣ ਦਾ ਢਿੰਡੋਰਾ ਪਿਟਦਿਆ ਸਰਕਾਰ ਉੱਚ ਸਿੱਖਿਆ 'ਚੋਂ ਤੇਜੀ ਨਾਲ ਉਪਨਿਵੇਸ਼ ਕਰ ਰਹੀ ਹੈ। ਸਕੂਲੀ ਸਿੱਖਿਆ 'ਚ ਚਲ ਰਹੇ ਇਸ ਕਲਿਆਣਕਾਰੀ ਪਾਖੰਡ ਦੀ ਅਸਲੀਅਤ ਜਾਨਣ ਪਿੱਛੋਂ ਆਓ ਯਸ਼ਪਾਲ ਸੰਮਤੀ ਦੇ ਸੁਝਾਵਾਂ ਤੇ ਉਚ ਸਿੱਖਿਆ ਬਿੱਲ 2009 ਦਾ ਵੀ ਵੋਸਟ ਮਾਰਟਮ ਕਰੀਏ।

ਪ੍ਰੋ. ਯਸ਼ਪਾਲ ਭਾਰਤ ਤੇ ਮੋਹਰੀ ਵਿਗਿਆਨਕ ਅਤੇ ਸਿੱਖਿਆ ਸਾਸ਼ਤਰੀ

ਹਨ। ਉਹ ਆਪਣੇ ਮਾਨਵਤਾਵਾਦੀ, ਤਰਕਸ਼ੀਲ ਤੇ ਜਮਹੂਰੀ ਰੁਝਾਨਾ ਰਾਹੀਂ ਜਾਣੇ ਜਾਂਦੇ ਹਨ। ਉਹਨਾਂ ਦੀ ਅਗਵਾਈ 'ਚ ਸਰਕਾਰ ਨੇ ਉੱਚ ਸਿੱਖਿਆ ਦੀ ਸਥਿਤੀ ਦੀ ਸਮੀਖਿਆ ਲਈ ਇਕ ਸੰਮਤੀ ਦਾ ਗਠਨ ਕੀਤਾ। ਇਸ ਸੰਮਤੀ ਨੇ ਆਪਣੀ ਰੀਪੋਟ ਦੇ ਉਹਨਾਂ ਸੁਝਾਵਾਂ ਨੂੰ ਮੰਨ ਲਿਆ ਜੋ ਉਸਦੇ ਉਦਾਰੀਕਰਣ ਤੇ ਨਿੱਜੀਕਰਣ ਦੇ ਪ੍ਰੋਗ੍ਰਾਮ ਨਾਲ ਮੇਲ ਖਾਂਦੇ ਹਨ। ਯਸ਼ਪਾਲ ਸੰਮਤੀ ਦਾ ਕਈ ਅਖੌਤੀ ਖੱਬੇਪੱਖੀ ਸੰਗਠਨ ਬਿਨਾਂ ਸੋਚੇ ਸਮਝੇ ਵਿਰੋਧ ਕਰ ਰਹੇ ਹਨ ਜਿਵੇਂ ਕਿ ਪ੍ਰੋ. ਯਸ਼ਪਾਲ ਕਪਿਲ ਸਿਬਲ ਦੇ ਖਾਸਮ ਖਾਸ ਹੋਣ। ਇਹ ਨਜ਼ਰੀਆ ਗਲਤ ਹੈ। ਯਸ਼ਪਾਲ ਸੰਮਤੀ ਨੇ ਕਈ ਸੁਝਾਅ ਦਿੱਤੇ ਹਨ ਜਿਹਨਾਂ ਦਾ ਸੁਆਗਤ ਵੀ ਕਰਨਾ ਚਾਹੀਦਾ ਹੈ। ਜਿਵੇਂ ਇਸ ਸੰਮਤੀ ਦਾ ਕਹਿਣਾ ਹੈ ਕਿ ਡੀਮਡ ਯੂਨੀਵਰਸਿਟੀਆਂ ਦੇ ਨਾਂ ਹੇਠ ਉੱਚ ਸਿੱਖਿਆ 'ਚ ਨਿੱਜੀ ਕਾਰੋਬਾਰ ਦੀ ਜੋ ਚਾਰ ਸੌ ਵੀਹ ਚਲ ਰਹੀ ਹੈ, ਉਸ ਨੂੰ ਬੰਦ ਕਰ ਦਿੱਤਾ ਜਾਣਾ ਚਾਹੀਦਾ ਹੈ ਅਤੇ ਅਜਿਹੀਆਂ ਸਾਰੀਆਂ ਯੂਨੀਵਰਸਿਟੀਆਂ ਦੀ ਮਾਨਤਾ ਰੱਦ ਕਰ ਦੇਣੀ ਚਾਹੀਦੀ ਹੈ। ਸੰਮਤੀ ਆਪਣੀ ਰੀਪੋਟ 'ਚ ਇਸ ਸਥਿਤੀ ਦੀ ਨਿੰਦਾ ਕਰਦੀ ਹੈ ਕਿ ਜਿਸ ਦਾ ਮਨ ਕਰਦਾ ਹੈ ਉਹ ਧੰਦਾ ਚਲਾਉਣ ਲਈ ਇਕ ਯੂਨੀਵਰਸਿਟੀ ਖੋਹਲ ਕੇ ਬੈਠ ਜਾਂਦਾ ਹੈ। 'ਜਿਵੇਂ ਇਹ ਪੰਸਾਰੀ ਦੀ ਦੁਕਾਨ ਹੋਵੇ' ਇਹ ਸੁਝਾਅ ਦੇ ਆਉਣ ਪਿੱਛੋਂ ਸਰਕਾਰ ਨੇ ਅਜਿਹੀਆਂ ਕਈ ਯੂਨੀਵਰਸਿਟੀਆਂ ਦੀ ਮਾਨਤਾ ਰੱਦ ਕੀਤੀ ਵੀ, ਕਿਉਂਕਿ ਉਸ ਨੇ ਵੀ ਖੇਡ ਦੇ ਨਿਯਮਾਂ ਦਾ ਏਨਾ ਤਾਂ ਪਾਲਣ ਕਰਨਾ ਹੀ ਹੈ ਕਿ ਲੋਕਾਂ ਦਾ ਖੇਡ 'ਚੋਂ ਵਿਸਵਾਸ਼ ਹੀ ਨਾ ਉੱਠ ਜਾਵੇ। ਦੂਜੀ ਗੱਲ ਇਹ ਹੈ ਕਿ ਇਹਨਾਂ ਅਖੌਤੀ ਯੂਨੀਵਰਸਿਟੀਆਂ ਦੇ ਭ੍ਰਿਸ਼ਟਾਚਾਰ ਅਤੇ ਉਹਨਾਂ ਦੇ ਰਾਹੀਂ ਵਿਦਿਆਰਥੀਆਂ ਦਾ ਪੈਸਾ ਲੈ ਕੇ ਭੱਜਣ ਵਰਗੀਆਂ ਘਟਨਾਵਾਂ ਖਿਲਾਫ਼ ਆਮ ਰੋਸ ਵੀ ਕਾਫ਼ੀ ਸੀ। ਜਿਸ ਲਈ ਵੀ ਸਰਕਾਰ ਨੇ ਇਸ ਬਾਬਤ ਕਦਮ ਉਠਾਇਆ ਪਰ ਯਸ਼ਪਾਲ ਸੰਮਤੀ ਨੇ ਸਰਕਾਰੀ ਸੰਸਥਾਵਾਂ ਦੀ ਅਸਮਰੱਥਾ ਅਤੇ ਅਸਫਲਤਾ ਦਾ ਇਲਾਜ ਦਸਦਿਆਂ ਗੱਲ ਨੂੰ ਦੂਜੇ ਸਿਰੇ 'ਤੇ ਪਹੁੰਚਾ ਦਿੱਤਾ। ਯਸ਼ਪਾਲ ਸੰਮਤੀ ਦੇ ਅਨੁਸਾਰ ਰਵਾਇਤੀ ਸਿੱਖਿਆ ਲਈ ਯੂ. ਜੀ. ਸੀ. ਅਤੇ ਤਕਨੀਕੀ ਸਿੱਖਿਆ ਲਈ ਏਕਟੇ ਦੀ ਲੋੜ ਖ਼ਤਮ ਹੋ ਗਈ ਹੈ। ਦੂਜੀ ਗੱਲ ਇਹ ਹੈ ਕਿ ਸਰਕਾਰ ਦੇ ਮੰਤਰਾਲਿਆ ਦੇ ਤਹਿਤ ਰਹਿਣ ਦੇ ਕਾਰਨ ਇਹ ਸੰਸਥਾਵਾਂ ਰਾਜਨੀਤੀ ਦਾ ਸ਼ਿਕਾਰ ਹੋ ਜਾਂਦੀਆਂ ਹਨ। ਜਿਸ ਦਾ ਪ੍ਰਭਾਵ ਉਚ ਸਿੱਖਿਆ ਤੇ ਪੈਂਦਾ ਹੈ। ਇਸ ਦੇ ਇਲਾਜ ਵਜੋਂ ਸਹੀ ਰਾਜਨੀਤੀ ਨੂੰ ਸਥਾਪਤ ਕਰਨ ਤੇ ਉਸ 'ਤੇ ਆਪ ਲੋਕਾਂ ਦੇ ਸੱਚੇ ਨੁਮਾਇੰਦਿਆਂ ਦੀ ਨਿਗਰਾਨੀ ਦੀ ਕਿਸੇ ਪ੍ਰਣਾਲੀ ਨੂੰ ਲਾਗੂ ਕਰਨ ਦੀ ਬਜਾਏ ਯਸ਼ਪਾਲ ਸੰਮਤੀ ਵਿਰਾਜਨੀਤੀਕਰਣ ਦੀ ਰਾਜਨੀਤੀ ਦਾ ਸਹਾਰਾ ਲੈਂਦੀ ਹੈ। ਉਹ ਕਹਿੰਦੀ ਹੈ ਕਿ ਯੂ. ਜੀ. ਸੀ. ਤੇ ਏਕਟੇ ਨੂੰ ਭੰਗ ਕਰਕੇ ਪੂਰੀ ਉਚ ਸਿੱਖਿਆ ਦੇ ਨਿਯਮੀਕਰਨ ਤੇ ਕੰਟਰੋਲ ਲਈ ਇਕ ਅਜ਼ਾਦ ਸੰਸਥਾ ਦਾ ਗਠਨ ਕੀਤਾ ਜਾਵੇ। ਜੋ ਸਰਕਾਰ ਦੇ ਕਿਸੇ ਵੀ ਮੰਤਰਾਲੇ ਦੇ ਅਧੀਨ ਨਾ ਹੋਵੇ। ਇਸ ਦੇ ਸੱਤ ਮੈਂਬਰ ਹੋਣ ਜਿਹਨਾਂ 'ਚੋਂ ਕੁਝ ਭਾਰਤੀ ਉਦਯੋਗ ਜਗਤ ਦੇ ਜਾਨੇ ਮਾਨੇ ਲੋਕ ਹੋਣ ਕਿਉਂਕਿ ਉਹ ਹੀ ਗੁਣਵੰਣਤਾ ਨੂੰ ਨਿਰਧਾਰਿਤ ਕਰ ਸਕਦੇ ਹਨ। ਇਹ ਸੰਸਥਾ ਉਚ ਸਿੱਖਿਆ ਸੰਸਥਾਵਾਂ ਦੀ ਵਿੱਤੀ ਸਹਾਇਤਾ ਤੋਂ ਲੈ ਕੇ ਸਲੇਬਸ ਨਿਰਧਾਰਿਤ ਕਰਨ ਤੱਕ ਦਾ ਕੰਮ ਕਰੇ ਅਤੇ ਕੋਈ ਵੀ ਹੋਰ ਸਰਕਾਰੀ ਜਾਂ ਗ਼ੈਰ ਸਰਕਾਰੀ ਸੰਸਥਾ ਇਸ 'ਚ ਦਖਲ ਅੰਦਾਜੀ ਨਾ ਕਰ ਸਕੇ। ਸਾਫ਼ ਹੈ ਕਿ ਜੇ ਐਸੀ ਕੋਈ ਸੰਸਥਾ

ਹੋਂਦ 'ਚ ਆਉਂਦੀ ਹੈ ਤਾਂ ਉਹ ਪੂਰੀ ਉੱਚ ਸਿੱਖਿਆ ਨੂੰ ਕਾਰਪੋਰੇਟ ਹਿੱਤਾਂ ਅਨੁਸਾਰ ਢਾਲਣ ਦਾ ਕੰਮ ਕਰੇਗੀ। ਇਹ ਇਕ ਗ਼ੈਰ ਜਮਹੂਰੀ ਕਦਮ ਹੋਵੇਗਾ ਕਿਉਂਕਿ ਅਜਿਹੀ ਸੰਸਥਾ ਦੀ ਕਿਸੇ ਵੀ ਲੋਕ ਨੁਮਾਇੰਦਾ ਗਠਜੋੜ ਮੂਹਰੇ ਕੋਈ ਜੁਆਬਦੇਹੀ ਨਹੀਂ ਹੋਵੇਗੀ। ਅਜਿਹੀ ਕੋਈ ਸੰਸਥਾ ਜੇ ਕਾਰਪੋਰੇਟ ਘਰਾਣਿਆਂ ਦੇ ਹੱਥ ਵਿੱਕ ਜਾਂਦੀ ਹੈ ਤਾਂ ਕੋਈ ਕੁੱਝ ਨਹੀਂ ਕਰ ਸਕੇਗਾ। ਜਦ ਤੱਕ ਨਵਾਂ ਬਿੱਲ ਪਾਸ ਹੋ ਕੇ ਇਸ ਅਮਲ ਨੂੰ ਰੋਕੂਗਾ ਤਦ ਤੱਕ ਇਹ ਸੰਸਥਾ ਉੱਚ ਸਿੱਖਿਆ ਸੰਸਥਾਵਾਂ 'ਚ ਕਈ ਪੀੜ੍ਹੀਆਂ ਦਾ 'ਬੋਲਣ ਵਾਲਾ ਸਾਧਨ' ਬਣ ਚੁੱਕੀ ਹੋਵੇਗੀ। ਇਸ ਲਈ ਪ੍ਰੋ. ਯਸ਼ਪਾਲ ਦੀ ਸਮਝ ਇੱਥੇ ਢਿੱਲੀ ਪੈ ਜਾਂਦੀ ਹੈ। ਜਾਣੇ ਜਾਂ ਅਣਜਾਣੇ ਇਹ ਬਹਿਸ ਦਾ ਮੁੱਦਾ ਨਹੀਂ ਹੈ। ਇਕ ਗ਼ੈਰ ਰਾਜਨੀਤਿਕ ਵਿਗਿਆਨੀ ਤੋਂ ਅਸੀਂ ਹੋਰ ਕੋਈ ਉਮੀਦ ਨਹੀਂ ਕਰ ਸਕਦੇ ਜੋ 'ਫਰਫੈਕਟ ਬੁਰਜੂਆ ਰਾਜ' 'ਚ ਯਕੀਨ ਰੱਖਦਾ ਹੈ। ਗ਼ੈਰ ਰਾਜਸੀ ਬੁੱਧੀਜੀਵੀ ਅਕਸਰ ਬੇਰਹਿਮੀ ਦੇ ਪੱਖ 'ਚ ਖੜ੍ਹੇ ਹੋ ਜਾਂਦੇ ਹਨ। ਇਸ ਤੋਂ ਇਲਾਵਾ ਯਸ਼ਪਾਲ ਸੰਮਤੀ ਦੀ ਰੀਪੋਟ 'ਚ ਕਿਹਾ ਗਿਆ ਹੈ ਕਿ ਭਾਰਤ 'ਚ ਵਿਦੇਸ਼ੀ ਯੂਨੀਵਰਸਿਟੀਆਂ ਦੀ ਲੋੜ ਨਹੀਂ ਹੈ ਪਰ ਵਿਦੇਸ਼ਾਂ ਤੋਂ ਅੱਛੇ ਅਧਿਆਪਕਾਂ ਦੀ ਲੋੜ ਹੈ। ਇਹ ਆਪਣੇ ਆਪ 'ਚ ਹਾਸੋਹੀਣੀ ਗੱਲ ਹੈ। ਜਿਸ ਦੇਸ਼ 'ਚ ਪੜ੍ਹਾਉਣ ਦੀ ਯੋਗਤਾ ਰੱਖਣ ਵਾਲੇ ਅਧਿਆਪਕ ਉੱਚ ਡਿਗਰੀਆਂ ਲੈ ਕੇ ਬੇਰੁਜ਼ਗਾਰ ਘੁੰਮ ਰਹੇ ਹੋਣ ਉਥੇ ਵਿਦੇਸ਼ੀ ਅਧਿਆਪਕਾਂ ਦੀ ਦਰਾਮਦ ਕਰਨ ਦੀ ਲੋੜ ਕੀ ਹੈ? ਇਹ ਇਕ ਦੂਰ ਦੀ ਗੱਲ ਹੈ ਕਿ ਇਸ ਦੇਸ਼ ਦੀ ਸਿੱਖਿਆ ਪ੍ਰਣਾਲੀ ਦੇ ਤਹਿਤ ਸਿੱਖਿਅਤ-ਹੁਨਰਮੰਦ ਅਧਿਆਪਕ ਉਹ ਸਿੱਖਿਆ ਆਉਣ ਵਾਲੀਆਂ ਪੀੜ੍ਹੀਆਂ ਨੂੰ ਵੀ ਦੇਣਗੇ, ਜੋ ਉਹਨਾਂ ਨੂੰ ਮਿਲੀ ਹੈ। ਪਰ ਵਿਦੇਸ਼ੀ ਅਧਿਆਪਕਾਂ ਦੀ ਗੁਣਗੰਣਤਾ ਵੀ ਕੋਈ ਸੁਆਲਾਂ ਦੇ ਦਾਇਰੇ ਤੋਂ ਬਾਹਰ ਨਹੀਂ ਹੈ। ਇਹ ਯਸ਼ਪਾਲ ਸੰਮਤੀ ਦੀ ਆਪਣੀ ਬਸਤੀਵਾਦੀ ਮਾਨਸਿਕਤਾ ਤੋਂ ਪੈਦਾ ਹੋਣ ਵਾਲੀ ਅਗਾਉਂ ਬਣੀ ਧਾਰਨਾ ਹੀ ਹੈ ਕਿ ਉਹ ਦੇਸੀ ਅਧਿਆਪਕਾਂ ਨੂੰ ਹੀਣ ਮੰਨਦੀ ਹੈ ਅਤੇ ਵਿਦੇਸ਼ੀ ਅਧਿਆਪਕਾਂ ਨੂੰ ਵਧੀਆ। ਯਸ਼ਪਾਲ ਸੰਮਤੀ ਦੀਆਂ ਇਹ ਦੋ ਸਿਫਾਰਸ਼ਾਂ ਹਨ ਜੋ ਦਿੱਕਤ ਵਾਲੀਆਂ ਹਨ ਅਤੇ ਜਿਹਨਾਂ ਦਾ ਪੂਰੀ ਤਰ੍ਹਾਂ ਵਿਰੋਧ ਕੀਤਾ ਜਾਣਾ ਚਾਹੀਦਾ ਹੈ।

ਯਸ਼ਪਾਲ ਸੰਮਤੀ ਦੇ ਆਉਣ ਪਿੱਛੋਂ ਕਪਿਲ ਸਿੱਬਲ ਨੇ ਇਕ ਉੱਚ ਸਿੱਖਿਆ ਬਿੱਲ 2009 ਪੇਸ਼ ਕੀਤਾ। ਇਹ ਬਿੱਲ ਸਿੱਖਿਆ ਨੂੰ ਬਾਜ਼ਾਰੂ ਮਾਲ ਬਣਾਉਣ ਦੇ ਕਾਰਜ ਨੂੰ ਕੁਸ਼ਲਤਾ ਨਾਲ ਅੱਗੇ ਵਧਾਉਣ ਦੀ ਗੱਲ ਕਰਦਾ ਹੈ। ਇਹ ਬਿੱਲ ਮੁਤਾਬਕ ਉੱਚ ਸਿੱਖਿਆ ਦੇ ਖੇਤਰ ਵਿੱਚ ਸਿੱਧੇ ਵਿਦੇਸ਼ੀ ਨਿਵੇਸ਼ ਦੀ ਇਜਾਜ਼ਤ ਦਿੱਤੀ ਜਾਵੇਗੀ। ਯਾਨੀ ਵਿਦੇਸ਼ੀ ਯੂਨੀਵਰਸਿਟੀ ਆਪਣੇ ਕੈਂਪਸ ਭਾਰਤ 'ਚ ਖੋਹਲ ਸਕਣਗੇ। ਜ਼ਾਹਿਰ ਹੈ ਕਿ ਇਸ ਸਿੱਖਿਆ ਦੀ ਕੀਮਤ ਦੇਸ਼ ਦੇ ਮੁੱਠੀਭਰ ਧਨਾਂਢ ਹੀ ਦੇ ਸਕਣਗੇ ਅਤੇ ਕੈਂਪਸਾਂ ਦਾ ਹੋਰ ਵੱਧ ਕੁਲੀਨੀਕਰਨ ਹੋਵੇਗਾ। ਦੇਸੀ ਯੂਨੀਵਰਸਿਟੀਆਂ ਵੀ ਇਹਨਾਂ ਯੂਨੀਵਰਸਿਟੀਆਂ ਤੋਂ ਖਰਚੇ ਸਬੰਧੀ ਆਮ ਘਰਾਂ ਦੇ ਬੇਟੇ-ਬੇਟੀਆਂ ਦੀ ਪਹੁੰਚ ਤੋਂ ਹੋਰ ਵੱਧ ਬਾਹਰ ਹੁੰਦੇ ਜਾਣਗੇ। ਇਸ ਤੋਂ ਇਲਾਵਾ ਇਕ ਹੋਰ ਖ਼ਤਰਨਾਕ ਕਦਮ ਜਿਸ ਦੀ ਗੱਲ ਇਹ ਬਿੱਲ ਕਰਦਾ ਹੈ। ਉਹ ਇਹ ਹੈ ਕਿ ਹਰ ਯੂਨੀਵਰਸਿਟੀ ਆਪਣਾ ਸਲੇਬਸ ਖੁਦ ਤਹਿ ਕਰੇਗੀ। ਯਾਨੀ ਕੋਈ ਇਕੋ ਜਿਹੇ ਸਲੇਬਸ ਦੀ ਵਿਵਸਥਾ ਨਹੀਂ ਹੋਵੇਗੀ ਅਤੇ ਕੋਈ ਵੀ ਸਮਝ ਸਕਦਾ ਹੈ ਕਿ ਕਾਲਾਂਤਰ 'ਚ ਸਲੇਬਸ ਸਬੰਧੀ ਵੀ ਜਮਾਤੀ

ਅਧਾਰ ਦੀ ਵਿਵਸਥਾ ਹੋ ਜਾਵੇਗੀ। ਇਹ ਸਾਰੇ ਕਦਮ ਉੱਚ ਸਿੱਖਿਆ ਨੂੰ ਆਮ ਲੋਕਾਂ ਦੀ ਪਹੁੰਚ ਤੋਂ ਹੋਰ ਵੱਧ ਦੂਰ ਪਹੁੰਚਾ ਦੇਣਗੇ। ਸਾਫ਼ ਹੈ ਕਿ ਯੂ. ਪੀ. ਏ. ਸਰਕਾਰ ਪ੍ਰਾਇਮਰੀ ਸਿੱਖਿਆ ਅਤੇ ਉੱਚ ਸਿੱਖਿਆ ਦੇ ਨਾਂ 'ਚ ਹੀ ਜੋ ਸੁਧਾਰ ਕਰ ਰਹੀ ਹੈ। ਉਹ ਦਲਾਲ ਸਰਮਾਏਦਾਰੀ ਤੇ ਨੌਕਰਸ਼ਾਹੀ ਦੀਆਂ ਜ਼ਰੂਰਤਾਂ ਦੇ ਮੱਦੇ ਨਜ਼ਰ ਕਰ ਰਹੀ ਹੈ। ਇਕ ਪਾਸੇ ਤਾਂ ਉਸਨੂੰ ਕੁਸ਼ਲ ਤੇ ਪੜ੍ਹੀ ਲਿਖੀ ਕਿਰਤ ਸ਼ਕਤੀ ਦੀ ਲੋੜ ਹੈ। ਇਸ ਲਈ ਮੁੱਢਲੀ ਸਿੱਖਿਆ, ਚਾਹੇ ਉਹ ਕਿਸੇ ਵੀ ਗੁਣਵੰਣਤਾ ਦੀ ਹੋਵੇ, ਦੀ ਪਹੁੰਚ ਨੂੰ ਥੋੜ੍ਹਾ ਹੋਰ ਵਿਸਥਾਰ ਦਿੱਤਾ ਜਾ ਰਿਹਾ ਹੈ। ਯੂਨੀਵਰਸਿਟੀਆਂ ਦੀ ਸਿੱਖਿਆ ਨੂੰ ਮਹਿੰਗਾ ਬਣਾ ਕੇ ਆਈ. ਟੀ. ਆਈ. ਅਤੇ ਪੋਲੀਟੈਕਨਿਕ ਵੱਧ ਗਿਣਤੀ ਵਿੱਚ ਖੋਹਲੇ ਜਾ ਰਹੇ ਹਨ। ਉੱਚ ਸਿੱਖਿਆ ਦੇ ਕੈਂਪਸਾਂ ਨੂੰ ਅਮੀਰ ਜਾਦਿਆਂ ਦੇ ਗੁਲਾਮ ਬਣਾਇਆ ਜਾ ਰਿਹਾ ਹੈ। ਇਹ ਹੈ ਭਾਰਤ ਦੀ ਨਵੀਂ ਸਿੱਖਿਆ ਨੀਤੀ ਦਾ ਸਾਰ ਤੱਤ।

# ਸਾਡੀ ਸੜਕੀ ਆਵਾਜਾਈ ਦੇ ਦਸ਼ਾ ਤੇ ਦਿਸ਼ਾ

ਨੈਸ਼ਨਲ ਫੈਡਰੇਸ਼ਨ ਆਫ਼ ਇੰਡੀਅਨ ਰੋਡ ਟਰਾਂਸਪੋਰਟ ਵਰਕਰਜ਼ (NFIRTW) ਨੇ ਕੇਂਦਰ ਸਰਕਾਰ ਨੂੰ ਵਿਚਾਰ ਵਟਾਂਦਰੇ ਲਈ ਨਵੰਬਰ 2007 'ਚ ਇੱਕ 'ਬਦਲਵੀਂ ਕੌਮੀ ਸੜਕੀ ਆਵਾਜਾਈ ਨੀਤੀ ਦਾ ਖਰੜਾ ਭੇਜਿਆ ਸੀ। ਮੁਸਾਫਰ ਤੇ ਮਾਲ ਸੜਕੀ ਆਵਾਜਾਈ ਦੇ ਖੇਤਰ 'ਚ ਜਨਤਕ ਖੇਤਰੀ ਦਾ ਹਿੱਸਾ ਸੀਮਤ ਹੁੰਦਾ ਜਾ ਰਿਹਾ ਹੈ। ਧਰਤੀ ਤੇ ਆਵਾਜਾਈ ਦੇ ਹੋਰ ਬਦਲ ਰੇਲਵੇ ਦੀ ਪਹੁੰਚ ਆਮ ਆਦਮੀ ਤੱਕ ਹੈ ਪਰ ਇਹ ਗਰੀਬ ਪੇਂਡੂ ਤੇ ਆਦਵਾਸੀ ਲੋਕਾਂ ਦੇ ਖੇਤਰਾਂ 'ਚ ਬਹੁਗਿਣਤੀ ਵਿਹੂਣੇ ਲੋਕ ਤੱਕ ਪਹੁੰਚ ਬਣਾਉਣ ਲਈ ਵਿਸਥਾਰ ਕਰਨ ਦੀ ਹਾਲਤ 'ਚ ਨਹੀਂ ਹੈ। ਇਸ ਖਾਤਰ ਬਜਟ ਵਿੱਚ ਵੀ ਕੋਈ ਵਿਵਸਥਾ ਨਹੀਂ ਹੈ। ਨਿੱਜੀ ਖੇਤਰ ਦੇ ਜਿਨ੍ਹਾ ਸੰਚਾਲਕਾਂ 'ਤੇ ਕੇਂਦਰ/ਰਾਜ ਸਰਕਾਰਾਂ ਦਾ ਭਰੋਸਾ ਹੈ ਤੇ ਜਿਹਨਾਂ 'ਤੇ ਉਹ ਸੜਕੀ ਆਵਾਜਾਈ ਦੇ ਵਿਸਥਾਰ ਲਈ ਨਿਰਭਰ ਹੋ ਰਹੀ ਹੈ। ਉਹਨਾਂ ਦੀ ਰੁਚੀ ਪੇਂਡੂ/ਪਹਾੜੀ ਆਦੀਵਾਸੀ ਖੇਤਰਾਂ ਤੱਕ ਜਾਣ ਦੀ ਨਹੀਂ ਹੈ। ਉਹਨਾਂ ਦੀ ਰੁਚੀ ਸਿਰਫ਼ ਮੁਸਾਫਰ ਤੇ ਮਾਲ ਢੋਹਾ ਢੁਹਾਈ ਦੋਨਾਂ ਹੀ ਖੇਤਰਾਂ 'ਚ ਲਾਭਕਾਰੀ ਕੌਮੀ ਤੇ ਰਾਜ ਉਚ ਰਸਤਿਆਂ ਤੇ ਚੱਲਣ ਦੀ ਹੈ। ਮੁਸਾਫਰ ਆਵਾਜਾਈ ਖੇਤਰ 'ਚ ਮੰਗ ਵਾਧਾ 12 ਫੀਸਦੀ ਹੈ ਤੇ ਮਾਲ ਆਵਾਜਾਈ 'ਚ ਇਸ ਤੋਂ ਕੁੱਝ ਵੱਧ ਹੈ। ਉਸ ਦੇ ਹਿਸਾਬ ਨਾਲ ਦੇਸ਼ ਅੰਦਰ ਵਰਤੋਂ ਲਈ ਕਾਰੋਬਾਰੀ ਮੋਟਰ ਗੱਡੀਆਂ ਦਾ ਉਤਪਾਦਨ ਨਹੀਂ ਹੋ ਰਿਹਾ ਹੈ ਅਤੇ ਸੜਕਾਂ ਉਪਰ ਕਈ ਸਾਲ ਪੁਰਾਣੇ ਵਾਹਨ ਦੌੜ ਰਹੇ ਹਨ। ਇਹਨਾਂ ਵਾਹਨਾਂ ਨਾਲ ਸੜਕਾਂ ਤੇ ਅਫਰਾ-ਤਫਰੀ ਮਚਦੀ ਹੈ। ਜਿਸ ਨਾਲ ਦੁਰਘਟਨਾਵਾਂ ਵਧਦੀਆਂ ਹਨ। ਜਾਨ-ਮਾਲ ਦਾ ਭਾਰੀ ਨੁਕਸਾਨ ਹੁੰਦਾ ਹੈ ਤੇ ਸੜਕਾਂ ਉਪਰ ਚਲਣ ਵਾਲੇ ਲੱਖਾਂ ਲੋਕ ਅਪਾਹਜ ਹੋ ਜਾਂਦੇ ਹਨ।

ਕੇਂਦਰੀ/ਰਾਜ ਸਰਕਾਰਾਂ ਦੀ ਗ਼ੈਰ ਸਰਗਰਮ ਨੀਤੀ ਦੇ ਸਿੱਟੇ ਵਜੋਂ ਉਚ ਮੱਧਵਰਗ ਤੇ ਸ਼ਹਿਰੀ ਮੱਧਵਰਗੀ ਲੋਕਾਂ ਦੀਆਂ ਲੋੜਾਂ ਪੂਰੀਆਂ ਕਰਨ ਦੇ ਨਾਲ ਹੀ ਪਿੰਡਾਂ ਤੇ ਕਸਬਿਆਂ 'ਚ ਰਹਿੰਦੇ ਕੁੱਝ ਖਾਂਦੇ-ਪੀਂਦੇ ਲੋਕਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਸੜਕਾਂ 'ਤੇ ਕਾਰਾਂ ਦੀ ਗਿਣਤੀ ਕਈ ਗੁਣਾ ਵੱਧ ਗਈ ਹੈ। ਮੱਧ ਵਰਗ ਤੇ ਪਿੰਡਾਂ/ਸ਼ਹਿਰਾਂ 'ਚ ਰਹਿਣ ਵਾਲੇ ਗ਼ਰੀਬ ਰੇਖਾ ਤੋਂ ਉਪਰਲੇ/ਹੇਠਲੇ ਲੋਕ ਅਬਾਦੀ ਦਾ 70 ਫੀਸਦੀ ਹਨ। ਉਹ ਸ਼ਹਿਰ ਅੰਦਰ ਘੁੰਮਣ ਲਈ ਤਪਹੀਆਂ ਜਾਂ ਸੱਤ ਸੀਟਾਂ ਵਾਲੀਆਂ ਜੀਪਾਂ ਆਦਿ 'ਤੇ ਨਿਰਭਰ ਕਰਦੇ ਹਨ। ਸ਼ਹਿਰੀ/ਕਸਬਿਆਂ 'ਤੇ ਉਚ ਮਾਰਗ ਉਪਰ ਦੋ-ਪਹੀਆ ਵਾਹਨਾ ਦੀ ਗਿਣਤੀ ਇਕ ਹੋਰ ਸਮੱਸਿਆ ਹੈ। ਨਤੀਜੇ ਵਜੋਂ ਸੜਕਾਂ 'ਤੇ ਮੋਟਰ ਗੱਡੀਆਂ, ਕਾਰਾਂ, ਸਕੂਟਰਾਂ ਤੇ ਸਾਈਕਲਾਂ ਦੀ ਭੀੜ ਵਧ ਰਹੀ ਹੈ। ਪ੍ਰਦੂਸ਼ਣ ਵੀ ਵਧ ਰਿਹਾ ਹੈ ਜਿਸ ਨਾਲ ਦੁਰਘਟਨਾਵਾਂ ਵੀ ਵਧ ਰਹੀਆਂ ਹਨ। ਜਿਸ ਕਰਕੇ ਲੋਕ ਮੌਤ ਦਾ ਸ਼ਿਕਾਰ ਹੋ ਰਹੇ ਹਨ ਜਾਂ ਫਿਰ ਅਪਾਹਜ ਹੋਈ ਜਾ ਰਹੇ ਹਨ। ਇਸ ਤਰ੍ਹਾਂ ਦੇ ਵਾਹਨਾਂ ਤੋਂ ਕਰ ਵਸੂਲੀ ਵੀ ਬਹੁਤੀ ਨਹੀਂ। ਇਸ ਤਰ੍ਹਾਂ ਦੇ ਵਾਹਨਾਂ 'ਚ ਤੇਲ ਦੀ ਖਪਤ ਬਹੁਤ ਹੈ। ਜਿਸ 'ਤੇ ਕੇਂਦਰ ਸਰਕਾਰ ਸਬਸਿਡੀ ਦਿੰਦੀ ਰਹੀ ਹੈ। ਇਸ ਦੀ ਬਜਾਏ ਪਬਲਿਕ ਟਰਾਂਸਪੋਰਟ ਦੇ ਵਿਸਥਾਰ ਲਈ ਕੁੱਝ ਹੇਠ ਲਿਖੇ ਸੁਝਾਵਾਂ

ਨੂੰ ਲਾਗੂ ਕੀਤਾ ਜਾਵੇ ਤਾਂ-

1. ਹਰੇਕ 100 ਕਰੋੜ ਰੁਪਏ ਦੇ ਪੂੰਜੀ ਨਿਵੇਸ਼ ਨਾਲ 1000 ਸਧਾਰਨ ਬੱਸਾਂ ਜਾਂ 600 ਮਿਸਰਤ ਸਧਾਰਨ/ਲੰਮੇ ਰੂਟ ਤੇ ਵੱਧ ਸਹੂਲਤਾਂ ਵਾਲੀਆਂ ਸੜਕਾਂ ਤੇ ਚਲਾਈਆਂ ਜਾ ਸਕਦੀ ਹੈ।

2. ਇਹ ਵਾਹਨ 4000 ਆਟੋ/ਸੱਤ ਸੀਟਾਂ ਵਾਲੀਆਂ ਜੀਪਾਂ ਜਾਂ 8000 ਕਾਰਾਂ ਜਾਂ 20,000 ਦੋ ਪਹੀਆਂ ਵਾਹਨਾਂ ਦੇ ਬਰਾਬਰ ਭਾਰ ਸਹਿਣ ਕਰ ਸਕਦੇ ਹਨ। ਇਸ ਨਾਲ ਸੜਕਾਂ 'ਤੇ ਵਾਹਨਾਂ ਦੀ ਭੀੜ ਘੱਟ ਹੋਣ ਨਾਲ ਹੀ ਦੁਰਘਟਨਾਵਾਂ ਘਟਣਗੀਆਂ ਤੇ ਸੜਕਾਂ ਉਪਰ ਚੱਲਣ ਵਾਲਿਆਂ ਦੀ ਸੁਰੱਖਿਆਂ ਵਧੇਗੀ।

3. ਇਸ ਨਾਲ ਪੇਂਡੂ ਤੇ ਆਦੀਵਾਸੀ ਖੇਤਰਾਂ ਤੋਂ ਕਸਬਿਆਂ ਤੇ ਸ਼ਹਿਰਾਂ ਤੱਕ ਲੋਕਾਂ ਨੂੰ ਰਿਆਇਤੀ ਦਰਾਂ 'ਤੇ ਆਉਣ ਜਾਣ ਦੀ ਸਹੂਲਤਾਂ ਹਾਸਲ ਹੋ ਸਕਦੀ ਹੈ। ਵਾਹਨਾ ਦੇ ਸਹੀ ਤੇ ਨਿਯਮਤ ਰੱਖ ਰਖਾਅ ਨਾਲ ਡੀਜ਼ਲ ਤੇ ਕੁਦਰਤੀ ਗੈਸ ਦੀ ਬਚਤ ਹੋ ਸਕਦੀ ਹੈ ਤੇ ਪੈਟਰੋਲ ਦੀ ਵਧਦੀ ਮੰਗ 'ਚ ਕਮੀ ਆਵੇਗੀ। ਜਿਸ ਨਾਲ ਦੇਸ਼ ਦੇ ਅਰਥਚਾਰੇ 'ਤੇ ਭਾਰ ਘਟੇਗਾ। ਇਸ ਨੀਤੀਗਤ, ਤਬਦੀਲੀ ਨਾਲ ਤਿੰਨ ਪਹੀਆਂ ਵਾਲਾ ਜਾਂ ਸੱਤ ਸੀਟਾਂ ਵਾਲਾ ਆਟੋ, ਸਕੂਟਰਾਂ ਤੇ ਕਾਰਾਂ ਦੀ ਮੰਗ ਘਟੇਗੀ, ਤੇ ਉਹਨਾਂ ਦਾ ਉਤਪਾਦਨ ਵੀ ਘਟੇਗਾ ਪਰ ਕਾਰੋਬਾਰੀ ਵਾਹਨਾ ਦੀ ਮੰਗ ਤੇ ਪੈਦਾਵਾਰ 'ਚ ਵਾਧਾ ਹੋਵੇਗਾ। ਜਿਸ ਨਾਲ ਪੈਦਾਵਾਰੀ ਸਨਅਤ ਮਜ਼ਬੂਤ ਹੋਵੇਗੀ।

4. ਇਸ ਤਰ੍ਹਾਂ ਰੁਜ਼ਗਾਰ ਦੀ ਸੰਭਾਵਨਾਵਾਂ 'ਤੇ ਵੀ ਵਿਆਪਕ ਅਸਰ ਨਹੀਂ ਪਵੇਗਾ ਹਾਲਾਂਕਿ ਜੋ ਲੋਕ ਜਨਤਕ ਆਵਾਜਾਈ 'ਤੇ ਨਿਰਭਰ ਨਹੀਂ ਰਹਿਣਾ ਚਾਹੁੰਦੇ। ਉਹ ਹੁਣ ਵੀ ਕਾਰਾਂ ਤੇ ਸਕੂਟਰਾਂ ਆਦਿ 'ਤੇ ਹੀ ਨਿਰਭਰ ਹਨ। ਜਨਤਕ ਖੇਤਰ ਦੀ ਆਵਾਜਾਈ ਪ੍ਰਤੀ ਵਾਹਨ 0.6 ਤੋਂ 0.7 ਲੋਕਾਂ ਨੂੰ ਸਿੱਧੇ ਤੌਰ 'ਤੇ ਰੁਜ਼ਗਾਰ ਯਕੀਨੀ ਹੋਵੇਗਾ ਅਤੇ 0.3 ਤੋਂ 0.5 ਲੋਕਾਂ ਨੂੰ ਅਸਿੱਧੇ ਤੌਰ 'ਤੇ ਰੁਜ਼ਗਾਰ ਮਿਲੇਗਾ।

5. ਵੱਖ-ਵੱਖ ਵਿਸ਼ੇਸ਼ ਸੰਮਤੀਆਂ ਨੇ ਸਿੱਖਿਆ/ਡਾਕਟਰੀ/ਸਮਾਜਿਕ/ਸੱਭਿਆਚਾਰਕ ਤੇ ਸੈਰ ਸਪਾਟਾ ਆਦਿ ਉਦੇਸ਼ਾਂ ਨਾਲ ਆਵਾਜਾਈ ਲਈ ਪ੍ਰਤੀ ਇੱਕ ਲੱਖ ਦੀ ਅਬਾਦੀ 'ਤੇ ਬਸਾਂ ਦੀ ਜ਼ਰੂਰਤ 'ਤੇ ਕਈ ਅਧਿਐਨ ਹੋਏ ਹਨ। ਕੌਮੀ ਪੱਧਰ 'ਤੇ ਕਰੀਬ ਇੱਕ ਲੱਖ ਦੀ ਅਬਾਦੀ ਪਿੱਛੇ 80 ਬੱਸਾਂ ਦਾ ਅੰਦਾਜਾ ਹੈ। ਅੰਦਾਜਾ ਹੈ ਕਿ ਦੇਸ਼ ਦੇ 20 ਕਰੋੜ ਲੋਕਾਂ ਵਿੱਚੋਂ 70 ਫੀਸਦੀ ਨੂੰ ਜਨਤਕ ਟਰਾਂਸਪੋਰਟ ਸਿਸਟਮ ਦੀ ਜ਼ਰੂਰਤ ਹੈ। ਉਕਤ ਅਨੁਮਾਨ ਅਨੁਸਾਰ ਇਸ ਦੇ ਲਈ 672000 ਬੱਸਾਂ ਚਾਹੀਦੀਆਂ ਹਨ। ਅੱਜ ਮੁਸਾਫ਼ਰ ਆਵਾਜਾਈ ਲਈ ਕਰੀਬ 275000 ਬੱਸਾਂ ਜਨਤਕ ਤੇ ਨਿੱਜੀ ਖੇਤਰ ਨੂੰ ਮਿਲਾ ਕੇ ਚੱਲ ਰਹੀਆਂ ਹਨ। ਇਹਨਾਂ ਅੰਕੜਿਆਂ 'ਚ 3 ਲੱਖ 79 ਹਜ਼ਾਰ ਬਸਾਂ ਦੀ ਘਾਟ ਹੈ। ਇਸ ਨੂੰ ਪੂਰਾ ਕਰਨ ਲਈ ਬਸਾਂ ਦੀ ਲਾਗਤ ਵਜੋਂ 40 ਹਜ਼ਾਰ ਕਰੋੜ ਰੁਪਏ ਦੇ ਪੂੰਜੀ ਨਿਵੇਸ਼ ਦੀ ਲੋੜ ਹੈ ਤੇ ਡਿਪੋ ਬਸ ਸਟੇਸ਼ਨ ਤੇ ਰੱਖ ਰਖਾਅ ਗੈਰਾਜ ਵਰਗੀ ਸਹੂਲਤਾਂ ਲਈ 8 ਹਜ਼ਾਰ ਕਰੋੜ ਰੁਪਇਆਂ ਦੀ ਲੋੜ ਹੈ। ਇਸ ਤਰ੍ਹਾਂ ਕੌਮੀ ਪੱਧਰ 'ਤੇ ਕੁਲ ਨਿਵੇਸ਼ 48 ਹਜ਼ਾਰ ਕਰੋੜ ਰੁਪਏ ਤੋਂ ਵਧ ਨਹੀਂ ਹੋਵੇਗਾ। ਇਸ ਨਾਲ 24 ਲੱਖ ਲੋਕਾਂ ਨੂੰ ਸਿੱਧੇ ਤੌਰ 'ਤੇ ਅਤੇ 12 ਲੱਖ ਲੋਕਾਂ ਨੂੰ ਅਸਿੱਧੇ ਰੂਪ 'ਚ ਰੁਜ਼ਗਾਰ ਮਿਲੇਗਾ।

ਅਜਿਹਾ ਕੋਈ ਦੂਜਾ ਖੇਤਰ ਨਹੀਂ ਹੈ ਜਿਸ 'ਚ ਉਕਤ ਨਿਵੇਸ਼ ਨਾਲ ਇੰਨੀ

ਵੱਡੀ ਗਿਣਤੀ 'ਚ ਲੋਕਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਇਆ ਜਾ ਸਕੇ। ਅਸੀਂ ਆਪਣੀ ਪ੍ਰਸਤਾਵਿਤ ਨੀਤੀ ਦੇ ਤਹਿਤ ਯਾਤਰੀ ਸੜਕੀ ਆਵਾਜਾਈ ਦੇ ਨਾਲ ਹੀ ਰੇਲਵੇ ਤੇ ਮੈਟਰੋ ਰੇਲ ਪ੍ਰੋਜੈਕਟ 'ਚ ਮੁਸਾਫਰਾਂ ਨੂੰ ਹੋਣ ਵਾਲੇ ਫਾਇਦੇ ਦੀ ਚਰਚਾ ਕੀਤੀ ਹੈ। ਇਸ ਪਾਸੇ ਇਸ਼ਾਰਾ ਵੀ ਕੀਤਾ ਹੈ ਕਿ ਰਾਜ ਆਵਾਜਾਈ ਦੇ ਉਪਕਰਣਾ ਦੇ ਰਾਹੀਂ ਸਮਾਜ ਦੇ ਨੀਵੇਂ ਵਰਗਾਂ ਨੂੰ ਬਿਨਾਂ ਕਿਸੇ ਪ੍ਰੇਸ਼ਾਨੀ ਦੇ ਸਫ਼ਰ 'ਚ ਸਿੱਧੀ ਰਿਆਇਤੀ ਦਿੱਤੀ ਜਾ ਸਕਦੀ ਹੈ। ਮੌਜੂਦਾ 81 ਫੀਸਦੀ ਮਾਲ ਦੀ ਢੋਹਾ ਢੁਆਈ ਨਿੱਜੀ ਖੇਤਰ 'ਚ 'ਅਜਾਦੀ' ਛੇ ਦਹਾਕਿਆਂ ਪਿੱਛੋਂ ਵੀ ਹੁੰਦੀ ਹੈ। 19 ਫੀਸਦੀ ਜ਼ਰੂਰੀ ਸਮਾਨ ਰੇਲਵੇ ਰਾਹੀਂ ਜਾਂਦਾ ਹੈ। ਮਾਲ ਸੜਕ ਆਵਾਜਾਈ ਖੇਤਰ 'ਚ ਜਨਤਕ ਸਰਕਾਰੀ ਖੇਤਰ ਦੀ ਕੋਈ ਸ਼ਮੂਲੀਅਤ ਨਹੀਂ ਹੈ। ਇਸ ਖੇਤਰ 'ਚ ਲੋਕਾਂ ਦੀਆਂ ਰੋਜਮਰਾ ਦੀਆਂ ਲੋੜਾਂ ਨਿੱਜੀ ਖੇਤਰ ਰਾਹੀਂ ਪੂਰੀਆਂ ਹੁੰਦੀਆਂ ਹਨ। ਮਾਲ ਸੜਕੀ ਆਵਾਜਾਈ ਦਾ ਕੋਈ ਕਾਰਪੋਰੇਟ ਢਾਂਚਾ ਵੀ ਦੇਸ਼ਾਂ 'ਚ ਵਿਕਸਤ ਨਹੀਂ ਹੋ ਸਕਿਆ ਹੈ। ਨਿੱਜੀ ਮਾਲ ਸੜਕ ਆਵਾਜਾਈ ਦੇ ਰਾਹੀਂ ਜ਼ਰੂਰੀ/ਮਹੱਤਵਪੂਰਨ ਵਸਤਾਂ ਦੀ ਗ਼ੈਰ ਕਾਨੂੰਨੀ ਢੋਹਾ-ਢੁਆਈ ਕੀਤੀ ਜਾਂਦੀ ਹੈ। ਸ਼ੱਕੀ/ਜਾਹਲੀ ਦਸਤਾਵੇਜਾਂ ਰਾਹੀਂ ਟੈਕਸ ਚੋਰੀ ਤੇ ਨਿਰੀਖਣ ਨਾਕਿਆਂ 'ਤੇ ਹੁੰਦਾ ਭ੍ਰਿਸ਼ਟਾਚਾਰ ਜੱਗ ਜਾਹਿਰ ਹੈ। ਰਾਜ ਦੇ ਸ਼ਹਿਰੀ ਸਪਲਾਈ ਵਿਭਾਗ ਤਹਿਤ ਜਨਤਕ ਵੰਡ ਪ੍ਰਣਾਲੀ ਰਾਹੀਂ ਵੰਡੇ ਜਾਣ ਵਾਲੇ ਅਨਾਜਾਂ, ਦਾਲਾਂ ਤੇ ਹੋਰ ਜ਼ਰੂਰੀ ਲੋੜਾਂ ਦੀਆਂ ਚੀਜ਼ਾਂ ਦੀ ਢੋਹਾ ਢੁਆਈ ਨਿੱਜੀ ਖੇਤਰ ਰਾਹੀਂ ਹੁੰਦੀ ਹੈ।

ਜਿਸ 'ਚ ਘਟੋ ਘੱਟ 40-50 ਫੀਸਦੀ ਕਾਲਾ ਬਜ਼ਾਰ 'ਚ ਇਹ ਰਾਸਣ ਪਹੁੰਚ ਜਾਂਦਾ ਹੈ ਤੇ ਲੋਕ ਇਸ ਤੋਂ ਵਾਂਝੇ ਰਹਿ ਜਾਂਦੇ ਹਨ। ਪੈਟਰੋਲੀਅਮ ਉਤਪਾਦਾਂ ਦੀ ਢੋਹਾ ਢੁਆਈ ਦੇ ਠੇਕੇ ਵੀ ਨਿੱਜੀ ਖੇਤਰ ਦੇ ਟੈਂਕਰਾਂ ਨੂੰ ਦਿੱਤੇ ਜਾਂਦੇ ਹਨ। ਇੱਥੋਂ ਤੱਕ ਕਿ ਸ਼ਹਿਰਾਂ ਕਸਬਿਆਂ ਤੇ ਪਿੰਡਾਂ 'ਚ ਪੀਣ ਵਾਲੇ ਪਾਣੀ ਦੀ ਸਪਲਾਈ ਵੀ ਨਿੱਜੀ ਟਰਾਂਸਪੋਰਟਰਾਂ ਰਾਹੀਂ ਕੀਤੀ ਜਾਂਦੀ ਹੈ। ਅਜਿਹੀ ਕੋਈ ਪ੍ਰਣਾਲੀ ਨਹੀਂ ਹੈ ਜਿਸ ਨਾਲ ਇਹ ਯਕੀਨੀ ਬਣਾਇਆ ਜਾ ਸਕਦਾ ਹੋਵੇ ਕਿ ਨਿੱਜੀ ਟਰਾਂਸਪੋਰਟ ਰਾਹੀਂ ਭੇਜੀਆਂ ਚੀਜ਼ਾਂ ਅਸਲੀ ਲਾਭ ਪਾਤਰੀਆਂ ਤੱਕ ਪਹੁੰਚ ਜਾਣ। ਨਿੱਜੀ ਮਾਲ ਸੜਕੀ ਆਵਾਜਾਈ ਦੀਆਂ ਧਾਂਦਲੀਆਂ ਨੂੰ ਰੋਕਣ ਤੇ ਭ੍ਰਿਸ਼ਟਾਚਾਰ ਦਾ ਮੁਕਾਬਲਾ ਕਰਨ ਲਈ ਜਨਤਕ ਖੇਤਰ 'ਚ ਮਾਲ ਸੜਕੀ ਆਵਾਜਾਈ (ਢੋਆ-ਢੁਆਈ) ਸ਼ੁਰੂ ਕੀਤੀ ਜਾਣੀ ਚਾਹੀਦੀ ਹੈ। ਰਾਜ ਆਵਾਜਾਈ ਸਾਧਨਾਂ ਰਾਹੀਂ ਇਸ ਦੀ ਸ਼ੁਰੂਆਤ ਕੀਤੀ ਜਾ ਸਕਦੀ ਹੈ। ਜੋ ਮੁਸਾਫ਼ਰ ਵਾਹਨ 50 ਹਜ਼ਾਰ ਕਿਲੋਮੀਟਰ ਚਲ ਚੁੱਕੇ ਹਨ। ਉਹਨਾਂ ਨੂੰ ਮਾਲ ਢੋਹਣ ਜਾਂ ਟੈਂਕਰਾਂ 'ਚ ਬਦਲਿਆ ਜਾ ਸਕਦਾ ਹੈ। ਰਾਜਾਂ ਅੰਦਰ ਨਾਗਰਿਕ ਸਪਲਾਈ ਆਵਾਜਾਈ ਦੀ ਜ਼ਿੰਮੇਵਾਰੀ ਸਟੇਟ ਟਰਾਂਸਪੋਰਟ ਅਦਾਰਿਆਂ ਨੂੰ ਸੌਂਪੀ ਜਾ ਸਕਦੀ ਹੈ। ਇਸ ਲਈ ਵਾਧੂ ਪੂੰਜੀ ਨਹੀਂ ਲਾਉਣੀ ਪਵੇਗੀ ਸਿਰਫ਼ ਆਵਾਜਾਈ ਲਾਗਤ ਦਾ ਬੋਝ ਹੀ ਝੱਲਣਾ ਹੈ।

ਰਵਾਨਗੀ ਦੀ ਥਾਂ 'ਤੇ ਵਾਹਨ ਨੂੰ ਸੀਲ ਕੀਤਾ ਜਾਵੇ ਤੇ ਪਹੁੰਚ ਸਥਾਨ 'ਤੇ ਹੀ ਸੀਲ ਖੋਹਲੀ ਜਾਵੇ। ਇਸ ਨਾਲ ਆਵਾਜਾਈ ਟੈਕਸ ਵਾਜਬ ਹੈ ਤੇ ਚੀਜ਼ ਸਮੇਂ ਸਿਰ ਪਹੁੰਚੇਗੀ। ਮਾਲ ਆਵਾਜਾਈ ਨਾਲ ਰਾਜਾਂ ਦੇ ਅਦਾਰਿਆਂ ਦੀ ਆਮਦਨ ਵਧੇਗੀ। ਜਿਸ ਦੀ ਵਰਤੋਂ ਮੁਸਾਫਰਾਂ ਦੀਆਂ ਸਹੂਲਤਾਂ ਵਧਾਉਣ ਲਈ ਕੀਤੀ ਜਾ ਸਕਦੀ ਹੈ। ਨਿੱਜੀ ਖੇਤਰ 'ਚ ਇਸ ਸਮੇਂ ਕਰੀਬ ਦੋ ਕਰੋੜ ਗੈਰ ਜਥੇਬੰਦ ਮਜ਼ਦੂਰ ਕੰਮ

ਕਰਦੇ ਹਨ। ਉਹਨਾਂ ਲਈ ਕੋਈ ਸਮਾਜਿਕ ਸੁਰੱਖਿਆ ਸਕੀਮ ਨਹੀਂ ਹੈ। ਜਨਤਕ ਖੇਤਰ ਦੇ ਵਿਸਥਾਰ ਨਾਲ ਸੁਭਾਵਿਕ ਹੀ ਮਜ਼ਦੂਰਾਂ ਨੂੰ ਜਥੇਬੰਦ ਹੋਣ ਦਾ ਮੌਕਾ ਮਿਲੇਗਾ ਤੇ ਨਿੱਜੀ ਖੇਤਰ ਦੇ ਪ੍ਰਬੰਦਕਾਂ ’ਤੇ ਵੀ ਕਾਮਿਆਂ ਲਈ ਸਹੂਲਤਾਂ ਮੁਹੱਈਆ ਕਰਾਉਣ ਦਾ ਦਬਾਅ ਪਵੇਗਾ। ਡਰਾਈਵਰ ਨੂੰ ਸਿਖਲਾਈ ਦੇਣ ’ਚ ਜਨਤਕ ਟਰਾਂਸਪੋਰਟ ਅਦਾਰੇ ਮਹੱਤਵਪੂਰਨ ਭੂਮਿਕਾ ਅਦਾ ਕਰ ਸਕਦੇ ਹਨ। ਜਿਸ ਨਾਲ ਸੜਕੀ ਹਾਦਸੇ ਘਟਣਗੇ (ਉਕਤ ਲੇਖ ’ਚ ਅੰਕੜੇ ਤੇ ਵੇਰਵੇ ਐਨ. ਐਫ. ਆਈ. ਆਰ. ਟੀ ਡਬਲਯੂ ਦੇ ਜਨਰਲ ਸਕੱਤਰ ਸ੍ਰੀ ਯਾਦਵ ਰਾਹੀਂ ਹਾਸਲ ਕੀਤੇ ਗਏ ਹਨ)।

# ਕੀ ਅਰਥ ਹੈ ਪੱਛਮੀ ਬੰਗਾਲ 'ਚ ਖੱਬੇ ਮੋਰਚੇ ਦੀ ਹਾਰ ਦਾ

ਪੱਛਮੀ ਬੰਗਾਲ 'ਚ ਪਿਛਲੀ ਵਿਧਾਨ ਸਭਾ 'ਚ ਭਾਰਤ ਦੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੀ ਅਗਵਾਈ ਵਾਲੇ ਖੱਬੇ ਮੋਰਚੇ ਦੀ ਹਾਰ ਪਿੱਛੋਂ ਜੋ ਦ੍ਰਿਸ਼ ਬਣਿਆ ਉਹ ਸੋਧਵਾਦੀ ਖੱਬਿਆਂ ਦੇ ਪਤਨ ਸਮੇਂ ਹਮੇਸ਼ਾਂ ਹੀ ਮੌਜੂਦ ਹੁੰਦਾ ਹੈ। ਪੂਰਾ ਮੀਡੀਆ ਉਸ ਨੂੰ ਖੱਬਿਆਂ ਦੇ ਪਤਨ ਦਾ ਦਰਜਾ ਦੇ ਰਿਹਾ ਸੀ। ਖੁੱਲ੍ਹੇਆਮ ਸਰਮਾਏਦਾਰ ਪਾਰਟੀਆਂ ਵੀ ਇਹ ਗੁਣਗਾਨ ਕਰ ਰਹੀਆਂ ਸਨ। ਕੁਲ ਮਿਲਾ ਕੇ ਦੇਸ਼ ਦੀ ਪੂੰਜੀਪਤੀ ਜਮਾਤ ਦੀ ਅਗਵਾਈ ਕਰਨ ਵਾਲਿਆਂ ਨੇ ਹਮੇਸ਼ਾਂ ਵਾਂਗੂ ਇਸ ਮੌਕੇ ਦਾ ਪੂਰਾ ਫਾਇਦਾ ਉਠਾਉਣ ਦੀ ਕੋਸ਼ਿਸ਼ ਕੀਤੀ। 1989 ਵਿੱਚ ਬਰਲਿਨ ਦੀ ਦੀਵਾਰ ਡਿੱਗਣ 1990 'ਚ ਸੋਵੀਅਤ ਸੰਘ ਦਾ ਟੁੱਟਣਾ ਤੇ 1976 ਪਿੱਛੋਂ ਚੀਨ ਵਿੱਚ 'ਬਜ਼ਾਰ ਸਮਾਜਵਾਦ' ਦਾ ਮੁਹਾਵਰਾ ਉਛਾਲਣ ਪਿਛੋਂ ਸੰਸਾਰ ਭਰ ਦੇ ਪੂੰਜੀਵਾਦ ਮੀਡੀਆ ਨੇ ਵੀ ਇਹ ਜਨੂੰਨੀ ਸ਼ੋਰ ਮਚਾਇਆ ਸੀ ਕਿ ਇਹ ਮਾਰਕਸਵਾਦ ਦੀ ਹਾਰ ਹੈ। ਇਹ ਬੇਹੱਦ ਨਿੰਦਣਯੋਗ ਹੈ ਕਿ ਪੂੰਜੀਵਾਦੀ ਮੀਡੀਆ ਅਜਿਹਾ ਕਰੇ ਪਰ ਅੱਜ ਇਸ ਪ੍ਰਚਾਰ ਦਾ ਇਹੋ ਜਿਹਾ ਅਸਰ ਨਹੀਂ ਹੋਣ ਵਾਲਾ ਸੀ ਤੇ ਨਾ ਹੀ ਹੋਇਆ। ਜਿਵੇਂ ਕਿ 1989, 1990 ਅਤੇ 1976 'ਚ ਹੋਇਆ ਸੀ। ਉਦੋਂ ਤੋਂ ਸੋਧਵਾਦੀਆਂ ਨੇ ਸਾਰੇ ਅਜਿਹੇ ਕਾਰਨਾਮੇ ਕੀਤੇ ਹਨ ਜਿਸ ਨਾਲ ਉਹਨਾਂ ਦਾ ਅਸਲੀ ਕਿਰਦਾਰ ਸਾਫ਼ ਹੋਣ ਲੱਗਿਆ ਹੈ। ਇਸ ਤੋਂ ਇਲਾਵਾ ਦੁਨੀਆਂ ਦਾ ਮਹੌਲ ਵੀ ਦੋ ਅਹਿਮ ਰੂਪਾਂ 'ਚ ਕਾਫੀ ਬਦਲਿਆ ਹੈ। ਇਹ 1980 ਦੇ ਪੂਰੇ ਦਹਾਕੇ ਵਰਗਾ ਦੌਰ ਨਹੀਂ ਹੈ ਜਦ ਨਾਂ ਦੀਆਂ ਹੀ ਸਮਾਜਵਾਦੀ ਹਕੂਮਤਾਂ ਦੇ ਪਤਨ ਨਾਲ ਪੂਰੀ ਦੁਨੀਆਂ ਦੇ ਮਜ਼ਦੂਰ ਅੰਦੋਲਨ ਵਿੱਚ ਆਪਣੇ ਇਤਿਹਾਸ ਸਬੰਧੀ ਨਿਰਾਸ਼ਾਵਾਦੀ ਮਾਹੌਲ ਪੈਦਾ ਹੋਇਆ ਸੀ।

1990 ਦੇ ਦਹਾਕੇ ਦੀ ਸ਼ੁਰੂਆਤ ਤੋਂ ਲੈ ਕੇ ਅੱਜ ਤੱਕ ਦੇ ਦੌਰ 'ਚ ਪੂੰਜੀਵਾਦੀ ਵਿਸ਼ਵ ਵਿਵਸਥਾ ਦੇ ਡੂੰਘੇ ਹੁੰਦੇ ਸੰਕਟ ਨੇ ਇਕ ਗੱਲ ਆਮ ਲੋਕਾਂ ਦੇ ਸਮੂਹਕ ਜਹਿਨ 'ਚ ਬਿਠਾ ਦਿੱਤੀ ਹੈ: ਇਹ ਇਤਿਹਾਸ ਤੇ ਦੁਨੀਆਂ ਦਾ ਅੰਤ ਨਹੀਂ ਹੋ ਸਕਦਾ। ਦੂਜੀ ਗੱਲ ਸਾਮਰਾਜਵਾਦ-ਪੂੰਜੀਵਾਦ ਦੇ ਡੂੰਘੇ ਹੁੰਦੇ ਸੰਕਟ ਨੇ ਦੁਨੀਆਂ ਭਰ 'ਚ ਲੋਕਾਂ ਦੇ ਰੈਡੀਕਲ ਸੰਘਰਸ਼ਾਂ ਨੂੰ ਜਨਮ ਦਿੱਤਾ ਹੈ। ਪੂਰੀ ਦੁਨੀਆਂ 'ਚ 'ਮਾਰਕਸ ਦੀ ਵਾਪਸੀ' ਕਮਿਊਨਿਜ਼ਮ ਦਾ ਪੁਨਰ ਜਨਮ ਆਦਿ ਦੀਆਂ ਖੂਬ ਗੱਲਾਂ ਹੋ ਰਹੀਆਂ ਹਨ। ਨਿਸ਼ਚੈ ਹੀ ਇਸ ਦਾ ਅਰਥ ਇਹ ਨਹੀਂ ਹੈ ਕਿ ਕਮਿਊਨਿਸਟ ਅੰਦੋਲਨ ਫੌਰੀ ਕੋਈ ਉਭਾਰ ਵਿਖਾਵੇਗਾ। ਬਹੁਤੇ ਦੇਸ਼ਾਂ 'ਚ ਇਨਕਲਾਬੀ ਕਮਿਊਨਿਸ਼ਟ ਅੰਦੋਲਨ ਅੰਦਰੋਂ ਦੋ ਉਲਟ ਰੁਝਾਨਾ ਦਾ ਸ਼ਿਕਾਰ ਹੈ। ਇਕਸਿਰਾ ਹੈ -ਕਟੜਤਾ ਭਰੇ ਤਰੀਕੇ ਨਾਲ ਪੁਰਾਣੇ ਫਾਰਮੂਲਿਆਂ ਨਾਲ ਚਿਪਕੇ ਰਹਿਣ ਅਤੇ ਲਕੀਰ ਦੀ ਫਕੀਰੀ ਕਰਨ ਦਾ; ਅਤੇ ਦੂਜਾ ਸਿਰਾ ਹੈ ਧੁਰੀ ਰਹਿਤ ਨਵ-ਵਾਮਪੰਥੀ "ਮੁਕਤ ਚਿੰਤਨ" ਦਾ। ਜਦ ਤੱਕ ਇਹਨਾਂ ਦੋਹਾਂ ਰੁਝਾਣਾਂ ਤੋਂ ਕਮਿਊਨਿਸਟ ਸੰਘਰਸ਼ ਖਹਿੜਾ ਨਹੀਂ ਛਡਵਾਉਂਦਾ ਤਦ ਤੱਕ ਮਜ਼ਦੂਰ ਵਰਗ ਦੇ ਅੰਦੋਲਨ ਦੀ ਸਹੀ ਤਰੀਕੇ ਨਾਲ ਇਨਕਲਾਬੀ ਅਗਵਾਈ ਕਰਨ ਦੀ ਹਾਲਤ

'ਚ ਉਹ ਨਹੀਂ ਆ ਸਕਦਾ ਅਤੇ ਤਦ ਤੱਕ ਮਜ਼ਦੂਰ ਜਮਾਤ ਦੀ ਵਰਗ-ਚੇਤਨਾ, ਮਕਸਦ-ਚੇਤਨਾ ਅਤੇ ਰਾਜਸੀ ਤੇ ਜੱਥੇਬੰਦਕ ਤੌਰ 'ਤੇ ਜੱਥੇਬੰਦਕ ਸੰਘਰਸ਼ ਖੜ੍ਹਾ ਹੋ ਸਕਣਾ ਮੁਸ਼ਕਲ ਨਜ਼ਰ ਆ ਰਿਹਾ ਹੈ। ਨਿਸ਼ਚੈ ਹੀ ਇਨਕਲਾਬੀ ਉਭਾਰਾਂ 'ਚ ਮਜ਼ਦੂਰ ਪ੍ਰਮੁੱਖ ਭੂਮਿਕਾ ਨਿਭਾਉਣਗੇ ਤੇ ਸਾਰੇ ਦੇਸ਼ਾਂ 'ਚ ਅਜਿਹਾ ਹੋ ਵੀ ਰਿਹਾ ਹੈ ਪਰ ਇਹ ਆਪਣੇ ਆਪ ਕਿਸੇ ਇਨਕਲਾਬੀ ਮਜ਼ਦੂਰ ਅੰਦੋਲਨ ਨੂੰ ਜਨਮ ਨਹੀਂ ਦੇਣ ਵਾਲਾ ਹੈ।

ਇਹਨਾਂ ਗੰਭੀਰ ਚੁਣੌਤੀਆਂ ਦੇ ਕਾਰਨ ਇਕਦਮ ਕਮਿਊਨਿਸਟ ਸੰਘਰਸ਼ 'ਚ ਕੋਈ ਜਬਰਦਸਤ ਉਭਾਰ ਦੀ ਸੰਭਾਵਨਾ ਘੱਟ ਹੀ ਹੈ। ਪਰ ਇਹ ਕਮਿਊਨਿਸਟ ਅੰਦੋਲਨ ਦਾ ਅੰਦਰੂਨੀ ਸੰਕਟ ਹੈ ਅਤੇ ਇਹ ਕਿਸੇ ਵੀ ਰੂਪ 'ਚ ਪੂੰਜੀਵਾਦੀ ਪ੍ਰਣਾਲੀ ਦੀ ਅੱਛੀ ਸਿਹਤ ਦਾ ਲੱਛਣ ਨਹੀਂ ਹੈ। ਇਹ ਇਕ ਵੱਖਰਾ ਯਥਾਰਥ ਹੈ। ਅੱਜ ਸੰਸਾਰ ਸਾਮਰਾਜ ਪਿਛਲੇ 80 ਸਾਲਾਂ ਦੀ ਸਭ ਤੋਂ ਵੱਡੀ ਮੰਦੀ ਵੇਖ ਰਿਹਾ ਹੈ। ਦੂਜੇ ਪਾਸੇ ਲੋਕਾਂ ਦੇ ਸੰਘਰਸ਼ ਵੀ ਸਾਰੇ ਦੇਸ਼ਾਂ 'ਚ ਫੁੱਟ ਰਹੇ ਹਨ। ਯੂਰਪ 'ਚ ਲਤੀਨੀ ਅਮਰੀਕਾ 'ਚ ਏਸ਼ੀਆ ਤੇ ਅਫਰੀਕਾ ਵਿੱਚ, ਹਰ ਥਾਂ ਪੂੰਜੀਵਾਦ ਦੇ ਡੂੰਘੇ ਸੰਕਟ ਨੇ ਸਮਾਜਿਕ ਜਨਵਾਦੀਆਂ ਤੇ ਸੋਧਵਾਦੀਆਂ ਨੂੰ ਕਾਫੀ ਹੱਦ ਤੱਕ ਬੇਨਕਾਬ ਕੀਤਾ ਹੈ। ਇਹਨਾਂ ਕਾਰਨਾਂ ਕਰਕੇ ਅੱਜ ਸਰਮਾਏਦਾਰੀ ਮੀਡੀਆ ਸੋਧਵਾਦੀ ਪਾਰਲੀਮਾਨੀ ਖੱਬਿਆਂ ਦੇ ਪਤਨ ਨੂੰ ਆਪਣੀਆਂ ਲੱਖ ਕੋਸ਼ਿਸ਼ਾਂ ਦੇ ਬਾਵਜੂਦ ਮਾਰਕਸਵਾਦ ਦੀ ਹਾਰ ਵਜੋਂ ਚਿਤਰਤ ਨਹੀਂ ਕਰ ਸਕਿਆ ਹੈ। ਹਾਂ ਕੁੱਝ ਅਨਪੜ੍ਹਾਂ ਨੇ (ਜੋ ਅਗਿਆਨਤਾ ਕਾਰਨ ਅਜਿਹਾ ਕਰਦੇ ਹਨ) ਜਿਸ 'ਚ ਵਿਸ਼ੇਸ਼ ਤੌਰ 'ਤੇ ਕੁੱਝ ਲੋਹੀਆ ਵਾਦੀ ਸਮਾਜਵਾਦੀ ਸ਼ਾਮਲ ਹਨ। ਸਾਰੇ ਅਖਬਾਰਾਂ ਦੇ ਸੰਪਾਦਕੀ ਪੰਨਿਆਂ ਨੂੰ 'ਮਾਰਕਸਵਾਦ ਦੀ ਹਾਰ' 'ਸਤਾਲਿਨਵਾਦ ਦੀ ਅਸਫਲਤਾ' ਆਦਿ ਵਰਗੇ ਮੁਹਾਵਰਿਆਂ ਨਾਲ ਰੰਗ ਦਿੱਤਾ ਹੈ। ਪਰ ਪੜ੍ਹੇ ਲਿਖੇ ਅਨਪੜ੍ਹਾ ਤੋਂ ਇਲਾਵਾ ਕੁੱਝ ਪੜ੍ਹੇ ਲਿਖੇ ਚੁਤਰ ਸੁਜਾਨ ਮਾਰਕਸਵਾਦ-ਵਿਰੋਧੀਆਂ ਨੇ ਵੀ ਇਹੀ ਕੰਮ ਕੀਤਾ ਹੈ। ਜਿਹੋ ਜਿਹਾ ਧੁਰੀਵਹੀਨ ਬੁੱਧੀਜੀਵੀ ਕਰਦੇ ਹਨ। ਇਸ ਤੋਂ ਇਲਾਵਾ ਜਿਹਨਾਂ ਲੋਕਾਂ ਨੇ ਪੱਛਮੀ ਬੰਗਾਲ 'ਚ ਖੱਬੇ ਮੋਰਚੇ ਦੀ ਹਾਰ ਨੂੰ 'ਲੈਨਿਨਵਾਦੀ/ਸਤਾਲਨਵਾਦੀ' ਹਾਰ ਦਾ ਨਾਂ ਦਿੱਤਾ ਉਹਨਾਂ 'ਚ ਦੇਸ਼ ਦੇ ਸਾਰੇ ਅਜਿਹੇ ਨਵੇਂ-ਖੱਬੇ ਬੁੱਧੀਜੀਵੀ ਹਨ। ਜੋ ਵੀਹਵੀਂ ਸਦੀ ਦੇ ਸਮਾਜਵਾਦ ਦੇ ਤਜ਼ੁਰਬਿਆਂ ਬਾਰੇ ਮੁਆਫ਼ੀ ਮੰਗਣ ਲਈ ਪੂੰਜੀਵਾਦੀਆਂ ਮੂਹਰੇ ਕਤਾਰ ਬੰਨ ਕੇ ਖੜ੍ਹੇ ਹਨ। ਇਹ ਉਤਰਵਾਦ ਉਤਰ ਮਾਰਕਸਵਾਦ ਦੇ ਨਵ ਮਾਰਕਸਵਾਦ ਤੋਂ ਪ੍ਰਭਾਵਿਤ ਬੁੱਧੀ ਜੀਵੀਆਂ ਦਾ ਇਕ ਗਰੋਹ ਹੈ। ਜੋ ਮਜ਼ਦੂਰ ਜਮਾਤ ਦੇ ਅੰਦੋਲਨ 'ਚ ਕਿਤੇ ਵੀ ਨਹੀਂ ਹੈ। ਇਹਨਾਂ 'ਚ ਅਦਿਤਿਆ ਨਿਗਮ, ਜੈਰਸ ਬਨਜੀ ਆਦਿ ਵਰਗੇ ਸਾਰੇ ਖੱਬੇ ਪਾਰਟੀ ਵਿਰੋਧੀ ਮਾਰਕਸੀ ਬੁੱਧੀਜੀਵੀ ਸ਼ਾਮਲ ਹਨ। ਇਹਨਾਂ ਦਾ ਪ੍ਰਭਾਵ ਮਾਰਕਸਵਾਦੀ-ਲੈਨਿਨਵਾਦੀ ਅੰਦੋਲਨ 'ਚ ਵੀ ਹੈ। ਖੁਦ ਪੱਛਮੀ ਬੰਗਾਲ 'ਚ ਬਹੁਤੇ ਮਾਰਕਸਵਾਦੀ-ਲੈਨਿਨਵਾਦੀ ਇਨਕਲਾਬੀਆਂ 'ਤੇ ਇਹਨਾਂ ਦੇ ਗ਼ੈਰ-ਪਾਰਟੀ ਕ੍ਰਾਂਤੀਵਾਦ ਦਾ ਡੂੰਘਾ ਅਸਰ ਹੈ। ਪੱਛਮੀ ਬੰਗਾਲ 'ਚ ਪਾਰਲੀਮਾਨੀ ਖੱਬੇ ਮੋਰਚੇ ਦੀ ਹਾਰ ਦਾ ਕਾਰਨ ਇਹ ਪਾਰਟੀ ਸਿਧਾਂਤ ਵਿੱਚ ਅਤੇ ਲੈਨਿਨ ਤੇ ਸਤਾਲਿਨ ਵਲੋਂ ਮਾਰਕਸਵਾਦ 'ਚ ਪੈਦਾ ਕੀਤੇ "ਵਿਗਾੜ" ਨੂੰ ਮੰਨਦੇ ਹਨ। ਇਹਨਾਂ ਦਾ ਹਮਲਾ ਅਸਲ 'ਚ ਮਾਕਪਾ ਦੇ ਸਮਾਜਿਕ ਫਾਸ਼ੀਵਾਦੀ ਕਿਰਦਾਰ ਦੇ ਬਹਾਨੇ ਮਾਰਕਸਵਾਦ ਦੇ ਬੁਨਿਆਦੀ ਸਿਧਾਂਤਾਂ ਤੇ ਅਸੂਲਾਂ

ਉਪਰ ਹੈ। ਜੋ ਵਿਅਕਤੀ ਮਾਰਕਸਵਾਦੀ ਦੀਆਂ ਬੁਨਿਆਦੀ ਰਚਨਾਵਾਂ ਪੜ੍ਹ ਚੁੱਕਿਆ ਹੋਵੇ, ਉਹ ਇਹਨਾਂ ਨਵ-ਖੱਬੇ ਗਰੋਹਾਂ ਦੇ ਅਸਲੀ ਕਿਰਦਾਰ ਨੂੰ ਸਮਝ ਸਕਦਾ ਹੈ। ਜਿਸ ਦੇ ਕਿਸੇ ਮੈਂਬਰ ਦਾ ਮਜ਼ਦੂਰ ਜਮਾਤ ਨਾਲ ਕੋਈ ਲੈਣਾ ਦੇਣਾ ਹੈ ਅਤੇ ਨਾ ਹੀ ਉਹਨਾਂ ਦੇ ਜੀਵਨ ਦੀ ਆਮ ਲੋਕਾਂ ਦੇ ਜੀਵਨ ਨਾਲ ਕੋਈ ਨਜ਼ਦੀਕੀ ਹੈ। ਇਹਨਾਂ 'ਚੋਂ ਕੁਝ ਵਿਦੇਸ਼ਾਂ ਦੀਆਂ ਯੂਨੀਵਰਸਿਟੀਆਂ 'ਚ ਪੜ੍ਹਾ ਰਹੇ ਹਨ ਅਤੇ ਮਾਰਕਸਵਾਦ ਨੂੰ ਵਿਗਾੜ ਕੇ ਪੇਸ਼ ਕਰਨ ਦੀ ਕਮਾਈ ਖਾ ਰਹੇ ਹਨ। ਕੁਝ ਤਰਾਤਮਕੀਵਾਦੀ ਹਨ, ਜਿਹਨਾਂ ਨੇ ਕਿਸੇ ਵੀ ਦੇਸ਼ 'ਚ ਇਨਕਲਾਬ ਨਹੀਂ ਕਰਨਾ ਹੈ। ਇਸ ਲਈ ਉਹ ਸੰਸਾਰ ਇਨਕਲਾਬ ਦੀ ਗੱਲ ਕਰਦੇ ਹਨ। ਇਹ ਬੁੱਧੀਜੀਵੀ ਖਾਂਦੇ ਪੀਂਦੇ ਵਰਗ ਤੋਂ ਆਉਣ ਵਾਲੇ ਮਜ਼ਦੂਰ ਜਮਾਤ ਤੋਂ ਮੀਲਾ ਦੂਰ ਵਸੇ ਪੈਸਿਵ ਰੈਡੀਕਲ ਬੁੱਧੀਜੀਵੀ ਹਨ।

ਪੱਛਮੀ ਬੰਗਾਲ 'ਚ ਜਿਸ ਚੀਜ਼ ਦੀ ਹਾਰ ਹੋਈ ਉਹ ਹੈ ਕੀ? ਤ੍ਰਿਣਮੂਲ ਕਾਂਗਰਸ ਦੀ ਅਗਵਾਈ ਵਾਲੇ ਗਠਜੋੜ ਦੀ ਜਬਰਦਸਤ ਚੁਣਾਵੀ ਜਿੱਤ ਪਿੱਛੇ ਕਿਹੜੇ ਕਾਰਕ ਕੰਮ ਕਰ ਰਹੇ ਸਨ? ਕੀ ਇਹ ਭਾਰਤ 'ਚ ਸੰਸਦ ਖੱਬੀ ਧਿਰ ਦਾ ਅੰਤ ਹੈ? ਇਹਨਾਂ ਸੁਆਲਾਂ ਦੇ ਜੁਆਬ ਦੇ ਅਮਲ 'ਚ ਹੀ ਕਈ ਅਹਿਮ ਚੀਜ਼ਾਂ ਸਾਫ਼ ਹੋ ਜਾਣਗੀਆਂ। ਪਹਿਲੀ ਗੱਲ ਤਾਂ ਇਹ ਹੈ ਕਿ ਮਾਕਾਪਾ ਨੂੰ ਉਨਾਂ ਹੀ ਮਾਰਕਸਵਾਦੀ ਕਿਹਾ ਜਾ ਸਕਦਾ ਹੈ। ਜਿੰਨਾਂ ਅੱਜ ਦੇ ਚੀਨ ਨੂੰ ਸਮਾਜਵਾਦੀ/ਪੱਛਮੀ ਬੰਗਾਲ 'ਚ 34 ਸਾਲਾਂ ਦੀ ਆਪਣੀ ਹਕੂਮਤ ਦੌਰਾਨ ਸੰਸਦੀ ਖੱਬਿਆਂ ਨੇ ਅਣਗਿਣਤ ਵਾਰ ਆਪਣੇ ਮਾਰਕਸਵਾਦੀ ਜਾਂ ਕਮਿਊਨਿਸਟ ਨਾ ਹੋਣ ਨੂੰ ਸਿੱਧ ਕੀਤਾ ਹੈ। ਭਾਰਤ ਕਮਿਊਨਿਸਟ ਪਾਰਟੀ (ਮਾਰਕਸੀ) ਪੈਦਾ ਹੀ ਸੋਧਵਾਦ 'ਚੋਂ ਹੋਈ ਸੀ। ਭਾਰਤ ਦੀ ਕਮਿਊਨਿਸਟ ਪਾਰਟੀ ਤਲਿੰਗਾਨਾ ਦੀ ਹਾਰ ਪਿੱਛੋਂ ਆਪਣੇ ਆਪ ਨੂੰ ਪੂਰੀ ਤਰ੍ਹਾਂ ਖੁੱਲ੍ਹੀ ਸੰਸਦੀ ਪਾਰਟੀ ਵਜੋਂ ਸਥਾਪਤ ਕਰ ਚੁੱਕੀ ਸੀ। ਇਹ ਦੋਨੋਂ ਹੀ ਪਾਰਟੀਆਂ ਭਾਰਤੀ ਰਾਜਨੀਤੀ ਵਿੱਚ ਸੋਧਵਾਦ ਦੇ ਦੋ ਵੱਖ-ਵੱਖ ਸ਼ੇਡਜ ਦੀ ਨੁਮਾਇੰਦਗੀ ਕਰਦੀਆਂ ਹਨ। ਹਾਲਾਂਕਿ ਇਹਨਾਂ ਦੋਹਾਂ ਵਿਚਕਾਰਲਾ ਫਰਕ ਏਨਾ ਨਿਗੂਣਾ ਹੋ ਚੁੱਕਿਆ ਹੈ ਕਿ ਏਨਾ ਦੇ ਰਲੇਵੇ ਦੀਆਂ ਚਰਚਾਵਾਂ ਸ਼ੁਰੂ ਹੋ ਗਈਆਂ ਹਨ। ਇਹਨਾਂ ਪਾਰਟੀਆਂ ਦਾ ਇਨਕਲਾਬ ਨਾਲ ਕੋਈ ਲਾਗਾ ਦੇਗਾ ਨਹੀਂ ਰਿਹਾ ਹੈ। ਇਹ ਇਹਨਾਂ ਦੇ ਐਲਾਨਨਾਮੇ, ਸੰਵਿਧਾਨ, ਵਰਤਾਅ ਤੇ ਢਾਂਚੇ ਨੂੰ ਵੇਖਕੇ ਹੀ ਸਪੱਸ਼ਟ ਹੋ ਜਾਂਦਾ ਹੈ। ਮਾਰਕਸਵਾਦ ਦੀਆਂ ਬੁਨਿਆਦੀ ਸਿੱਖਿਆਵਾਂ 'ਚ ਇਹ ਹੈ ਕਿ ਇਨਕਲਾਬ ਦਾ ਸੁਆਲ ਰਾਜਸੱਤਾ ਦਾ ਸੁਆਲ ਹੈ ਅਤੇ ਕੋਈ ਵੀ ਇਨਕਲਾਬੀ ਪਾਰਟੀ ਬੁਰਜੂਆ ਰਾਜਸੱਤਾ 'ਤੇ ਚੋਣਾਂ ਰਾਹੀਂ ਕਬਜਾ ਕਰਕੇ ਇਨਕਲਾਬ ਨਹੀਂ ਕਰ ਸਕਦੀ ਬਲਕਿ ਉਸ ਨੂੰ ਤਹਿਸ ਨਹਿਸ ਕਰਕੇ ਤੇ ਉਸ ਦੀ ਥਾਂ ਮਜ਼ਦੂਰ ਜਮਾਤ ਦੀ ਰਾਜਸਤਾ ਸਥਾਪਤ ਕਰਕੇ ਹੀ ਇਨਕਲਾਬ ਕਰ ਸਕਦੀ ਹੈ। ਇਹ ਕੋਈ ਅਕਾਸ਼ਬਾਣੀ ਵਰਗੀ ਗੱਲ ਨਹੀਂ ਹੈ ਬਲਕਿ ਇਹ ਕੋਈ ਸੂਤਰੀਕਰਣ ਇਤਿਹਾਸ ਦੀਆਂ ਸਿੱਖਿਆਵਾਂ ਤੋਂ ਹੀ ਲੰਘਕੇ ਆਇਆ ਸੀ ਅਤੇ ਪਿੱਛੋਂ ਇਤਿਹਾਸ ਨੇ ਇਹ ਸਹੀ ਸਾਬਤ ਕਰ ਦਿੱਤਾ। ਅਸੀਂ ਸਭ ਚਿੱਲੀ 'ਚ ਅਲੇਂਦਰੇਂਹ ਦੀ ਸਰਕਾਰ ਦੀ ਨੀਅਤ ਤੋਂ ਵਾਕਿਫ ਹਾਂ ਜੋ ਦਿਖਾਉਂਦੀ ਹੈ ਕਿ ਜੇ ਬੁਰਜੂਆ ਸਤਾ ਨੂੰ ਤੋੜੇ ਬਿਨਾਂ ਚੋਣਾ ਰਾਹੀਂ ਕੋਈ ਇਮਾਨਦਾਰ ਸਮਾਜਵਾਦੀ ਸਤਾ 'ਚ ਆ ਵੀ ਗਿਆ ਤਾਂ ਸਮਾਜਵਾਦੀ ਨੀਤੀ ਨੂੰ ਸ਼ੁਰੂ ਕਰਦਿਆਂ ਹੀ ਉਹ ਰਾਜ ਸਤਾ ਦੇ ਕਾਰਜਕਾਰੀ ਪ੍ਰਭੂਆਂ ਵਲੋਂ ਕੱਢਕੇ ਬਾਹਰ ਸੁੱਟ ਦਿੱਤਾ ਜਾਵੇਗਾ। ਖੈਰ ਅਲੇਂਦੇ ਤਾਂ ਘੱਟੋ ਘੱਟ

ਇਮਾਨਦਾਰ ਸੀ ਅਤੇ ਇਤਿਹਾਸ ਦੀ ਸਿੱਖਿਆ ਸਹੀ ਤਰੀਕੇ ਨਾਲ ਗ੍ਰਹਿਣ ਨਾ ਕਰ ਸਕਣ ਦੀ ਕੀਮਤ ਉਸਨੂੰ ਆਪਣੀ ਸ਼ਹਾਦਤ ਦੇ ਰੂਪ 'ਚ ਚੁਕਾਉਣੀ ਪਈ।

ਭਾਜਪਾ ਤੇ ਮਾਕਪਾ ਦੀ ਇਮਾਨਦਾਰੀ ਦੀ ਗੱਲ ਕਰਕੇ ਪਾਠਕਾਂ ਨੂੰ ਭੁਲੇਖਿਆਂ 'ਚ ਪਾਉਣ ਦਾ ਮੇਰਾ ਕੋਈ ਇਰਾਦਾ ਨਹੀਂ। ਸਪਸ਼ਟ ਹੈ ਕਿ ਮਾਰਕਸਵਾਦ ਦੇ ਬੁਨਿਆਦੀ ਸਿਧਾਂਤਾਂ 'ਚ ਪਿਛਾਖੜੀ ਸੋਧ ਕਰਕੇ ਪੂੰਜੀਵਾਦ ਦੀ ਸੇਵਾ ਕਰਨ ਵਾਲੀ ਮਾਕਾਪਾ ਤੇ ਭਾਕਪਾ ਲਈ 'ਮਾਰਕਸਵਾਦੀ' ਵਿਸਲੇਸ਼ਣ ਦੀ ਵਰਤੋਂ ਇਕਦਮ ਹਾਸੋਹੀਣੀ ਹੋਵੇਗੀ। ਬਾਲਸ਼ਵਿਕ ਪਾਰਟੀ ਦੇ ਅਸੂਲਾਂ ਨਾਲ ਇਹਨਾਂ ਸੋਧਵਾਦੀ ਪਾਰਟੀਆਂ ਦਾ ਕੋਈ ਲੈਣਾ ਦੇਣਾ ਨਹੀਂ ਹੈ ਕਿਉਂਕਿ ਬਾਲਸ਼ਵਿਕ ਹੋਣ ਦੀ ਉਹਨਾਂ ਨੂੰ ਕੋਈ ਲੋੜ ਹੀ ਨਹੀਂ ਹੈ। ਬਾਲਸ਼ਵਿਕ ਹੋਣ ਦੀ ਲੋੜ ਉਸ ਨੂੰ ਹੁੰਦੀ ਹੈ ਜਿਸ ਨੇ ਸੱਚੀਂ ਮੁੱਚੀਂ ਇਨਕਲਾਬ ਕਰਨਾ ਹੋਵੇ। ਆਪਣੀ 34 ਸਾਲਾਂ ਦੀ ਹਕੂਮਤ 'ਚ ਖੱਬੇ ਮੋਰਚੇ ਨੇ ਆਪਣੇ ਲੋਕ-ਵਿਰੋਧੀ ਕਿਰਦਾਰ ਨੂੰ ਵਾਰ-ਵਾਰ ਸਾਫ਼ ਕੀਤਾ ਹੈ। ਇੱਥੋਂ ਤੱਕ ਕਿ ਸੱਤਾ ਵਿੱਚ ਆਉਣਾ ਪਹਿਲਾਂ ਹੀ ਕਾਂਗਰਸ ਨਾਲ ਗਠਜੋੜ ਸਰਕਾਰ 'ਚ ਰਹਿੰਦਿਆਂ ਨਕਸਲਬਾੜੀ ਦੇ ਲੋਕ ਉਭਾਰ ਨੂੰ ਕੁਚਲਣ ਲਈ ਮਾਕਪਾ ਨੇ ਜੋ-ਜੋ ਕੰਮ ਕੀਤੇ, ਉਸਨੂੰ ਕੌਣ ਭੁਲਾ ਸਕਦਾ ਹੈ? ਇਸ ਲਈ ਉਹਨਾਂ ਦੇ ਇਨਕਲਾਬੀ ਹੋਣ ਜਾਂ ਨਾ ਹੋਣ ਬਾਰੇ ਕੋਈ ਲੰਬੇ ਵਿਸਲੇਸ਼ਣ ਦੀ ਲੋੜ ਨਹੀਂ ਹੈ। ਦੂਜਾ ਅਹਿਮ ਸੁਆਲ ਇਹ ਹੈ ਕਿ ਤ੍ਰਿਣਮੂਲ ਦੀ ਅਗਵਾਈ ਵਾਲੇ ਗਠਬੰਧਨ ਦੀ ਇਕ ਤਰਫਾ ਜਿੱਤ ਪਿੱਛੇ ਕਿਹੜੇ ਕਾਰਕ ਕੰਮ ਕਰ ਰਹੇ? ਸਭ ਤੋਂ ਪਹਿਲੀ ਗੱਲ ਜੋ ਇੱਥੇ ਸਾਨੂੰ ਸਮਝਣ ਦੀ ਜ਼ਰੂਰਤ ਹੈ। ਉਹ ਇਹ ਹੈ ਕਿ ਪੱਛਮੀ ਬੰਗਾਲ 'ਚ ਚੋਣਾ 'ਚ ਵੋਟਰਾਂ ਦਾ ਫੈਸਲਾ ਇਕ ਪ੍ਰਤੀਕ੍ਰਿਆ ਸੀ। ਅਜਿਹਾ ਨਹੀਂ ਹੈ ਕਿ ਤ੍ਰਿਣਮੂਲ ਕਾਂਗਰਸ ਦੀ ਅਗਵਾਈ ਨੂੰ ਇਕ ਕਾਰਗਰ ਵਿਕਲਪ ਮੰਨਕੇ ਉਹਨਾਂ ਦੇ ਪੱਖ 'ਚ ਵੋਟਿੰਗ ਹੋਈ ਹੋਵੇ। ਮਮਤਾ ਬੇਨਰਜੀ ਜੀ ਨੇ ਪਹਿਲਾਂ ਹੀ ਸਾਫ਼ ਕਰ ਦਿੱਤਾ ਸੀ ਕਿ ਇਹ "ਵਿਕਾਸ" ਲਈ ਕੀਤੇ ਜਾਣ ਵਾਲੇ ਜ਼ਮੀਨ ਹੜੱਪਣ ਦੀ ਵਿਰੋਧੀ ਨਹੀਂ ਹੈ ਪਰ ਉਹ ਜ਼ਮੀਨ ਹੜੱਪਣ ਜਾਂ ਸਨਅਤੀਕਰਨ ਲਈ ਜ਼ਮੀਨ ਲੈਣ-ਦੇਣ ਦੀ ਸਰਕਾਰ ਦੀ ਸੰਸਥਾਗਤ ਭੂਮਿਕਾ ਦੇ ਖਿਲਾਫ਼ ਹੈ। ਯਾਨੀ ਹੁਣ ਜ਼ਮੀਨ ਕਬਜੇ 'ਚ ਕਰਨ ਦਾ ਕੰਮ ਕਿਸਾਨਾਂ ਤੇ ਨਿੱਜੀ ਪੂੰਜੀ ਵਿਚਕਾਰ ਅਜਾਦਾਨਾ ਤੌਰ 'ਤੇ ਹੋਵੇਗਾ। ਕੁਲ ਮਿਲਾਕੇ ਫਰਕ ਪੂੰਜੀਵਾਦੀ ਵਿਕਾਸ ਦੇ ਪੈਟਰਨ 'ਚ ਆਉਣਾ ਹੈ। ਅਜਿਹਾ ਨਹੀਂ ਹੈ ਕਿ ਮਮਤਾ ਬੈਨਰਜੀ ਪੂੰਜੀਵਾਦ ਦਾ ਕੋਈ ਵਿਕਲਪ ਪੇਸ਼ ਕਰ ਰਹੀ ਹੈ। ਜਿਵੇਂ ਕਿ ਮਾ. ਕ. ਪਾ. ਦੇ ਵਿਰੋਧ 'ਚ ਆਏ ਕੁੱਝ ਨਵੇ-ਖੱਬੇਪੱਖੀ ਬੁੱਧੀਜੀਵੀ ਕਹਿ ਰਹੇ ਹਨ। ਸੱਚੀ ਗੱਲ ਤਾਂ ਇਹ ਹੈ ਕਿ ਲੋਕਾਂ ਕੋਲ ਕੋਈ ਵਿਕਲਪ ਨਹੀਂ ਸੀ। ਅਜਿਹੇ 'ਚ ਝੂਠੇ ਵਿਕਲਪਾਂ ਵਿਚੋਂ ਯਾਨੀ ਉਹ ਵਿਕਲਪ ਜੋ ਵਿਕਲਪ ਹੋਣ ਦਾ ਦਾਅਵਾ ਕਰਦੇ ਹਨ, ਕਿਸੇ ਇਕ ਨੂੰ ਚੁਨਣਾ ਸੀ। ਪਿਛਲੇ 34 ਸਾਲਾਂ 'ਚ ਸੋਧਵਾਦੀਆਂ ਨੇ ਜੋ ਸਮਾਜਕ ਫਾਸ਼ੀਵਾਦੀ ਗੁੰਡਾ ਰਾਜ ਪੱਛਮੀ ਬੰਗਾਲ 'ਚ ਚਲਾਇਆ ਸੀ। ਉਸਦੇ ਮੋੜਵੇਂ ਵਾਰ 'ਚ ਲੋਕਾਂ ਨੇ ਖੁੱਲ੍ਹੇ ਪਿਛਾਖੜੀ ਪੂੰਜੀਵਾਦ ਨੂੰ ਚੁਣ ਲਿਆ। ਸਜਾ ਦੇਣ ਦਾ ਇਹ ਇਕ ਸਾਧਨ ਸੀ ਜਿਸ 'ਚ ਅਸਲ 'ਚ ਲੰਮੇ ਦਾਅ ਤੋਂ ਸਜਾ ਜਨਤਾ ਨੂੰ ਹੀ ਮਿਲੀ ਹੈ ਕਿਉਂਕਿ ਅਸਲੀ ਵਿਕਲਪਾਂ ਦੀ ਕੋਈ ਚੁਣਾਵੀ ਵਿਵਸਥਾ ਅੰਦਰ ਥਾਂ ਹੈ ਹੀ ਨਹੀਂ। ਅਸਲੀ ਵਿਕਲਪ ਤਾਂ ਪੂੰਜੀਵਾਦੀ ਜਮਹੂਰੀਅਤ ਦੇ ਦਾਇਰੇ ਤੋਂ ਬਾਹਰ ਮੌਜੂਦ ਹੈ ਪਰ ਇਸ ਵਿਕਲਪ ਪ੍ਰਤੀ ਲੋਕਾਂ ਨੂੰ

ਰਾਜਸੀ ਤੌਰ 'ਤੇ ਸੁਚੇਤ, ਲਾਮਬੰਦ ਤੇ ਜੱਥੇਬੰਦ ਕਰਨ ਵਾਲੀ ਕੋਈ ਮੋਹਰੀ ਤਾਕਤ ਅੱਜ ਮੌਜੂਦ ਨਹੀਂ ਹੈ।

ਤ੍ਰਿਣਮੂਲ ਕਾਂਗਰਸ ਨੂੰ ਕੁਝ ਨਿਸ਼ਚਿਤ ਅਸੰਤੁਸ਼ਟ ਤਬਕਿਆਂ ਦੇ ਵੋਟ ਹਾਸਲ ਹੋਏ। ਇਸ 'ਚ ਨੰਦੀਗ੍ਰਾਮ, ਸਿੰਗੂਰ ਦੇ ਜਬਰ ਤੋਂ ਪੀੜਤ ਕਿਸਾਨ, ਜੰਗਲ ਦੀ ਪੀੜਤ ਜਨਜਾਤੀ ਅਬਾਦੀ, ਦਾਰਜੀਲਿੰਗ ਦੇ ਗੋਰਖਾ, ਦੁਆਰ ਦੇ ਕੋਚੀ-ਰਾਜਬੌਂਸੀ ਅਤੇ ਬੇਰੁਜਗਾਰ ਮਜ਼ਦੂਰਾਂ, ਬੇਦਖਲ ਕਿਸਾਨਾਂ, ਉਜੜੇ ਬੇਜ਼ਮੀਨੀਆਂ ਦੀ ਇਹ ਵਿਸ਼ਾਲ ਅਬਾਦੀ ਹੈ ਜੋ ਸਮਾਜਿਕ, ਫਾਸ਼ੀਵਾਦੀ ਖੱਬੇ ਮੋਰਚੇ ਦੀ ਵਿਕਾਸ ਦੀ ਨੀਤੀ ਦੇ ਸਿੱਟੇ ਵਜੋਂ ਪੈਦਾ ਹੋਈ ਹੈ। ਇਹਨਾਂ ਸਾਰੇ ਤਬਕਿਆਂ ਦਾ ਢਿਲਾ ਢਾਲਾ ਗਠਜੋੜ ਹੀ ਤ੍ਰਿਣਮੂਲ ਕਾਂਗਰਸ ਦੇ ਉਭਾਰ ਦਾ ਸਮਾਜਿਕ ਅਧਾਰ ਹੈ। ਇਹ ਗਠਜੋੜ ਹੀ ਬੇਹੱਦ ਕਮਜ਼ੋਰ ਤੇ ਅਜੀਬ ਹੈ। ਇਹਨਾਂ ਸਾਰੇ ਤਬਕਿਆਂ ਵਿਚਕਾਰ ਸਾਰੇ ਅੰਤਰ ਵਿਰੋਧ ਮੌਜੂਦ ਹਨ। ਇਸ ਗਠਜੋੜ ਦਾ ਲੰਮੇ ਸਮੇਂ ਤੱਕ ਚੱਲਣਾ ਤ੍ਰਿਣਮੂਲ ਕਾਂਗਰਸ ਲਈ ਬੇਹੱਦ ਜ਼ਰੂਰੀ ਹੈ। ਇਸ ਲਈ ਤ੍ਰਿਣਮੂਲ ਕਾਂਗਰਸ ਦੀ ਅਗਵਾਈ ਵਾਲੇ ਗਠਜੋੜ ਦੀ ਸਰਕਾਰ ਇਹਨਾਂ ਤਬਕਿਆਂ ਦੇ ਹਿੱਤਾਂ 'ਚ ਮੌਕਾਪ੍ਰਸਤ ਤਰੀਕੇ ਨਾਲ ਤਾਲਮੇਲ ਕਰਦੇ ਹੋਇਆਂ ਚਲਣ ਦੀ ਕੋਸ਼ਿਸ਼ ਕਰੇਗੀ। ਨਿਸ਼ਚੈ ਹੀ ਇਸ ਪੂਰੇ ਅਮਲ 'ਚ ਇਹਨਾਂ ਤਬਕਿਆਂ ਦੀਆਂ ਹਾਕਮ ਜਮਾਤਾਂ ਦਾ ਧਿਆਨ ਰੱਖਿਆ ਜਾਵੇਗਾ। ਜਿੱਥੋਂ ਤੱਕ ਗਰੀਬ ਕਿਸਾਨਾਂ, ਬੇਰੁਜ਼ਗਾਰ ਮਜ਼ਦੂਰਾਂ ਤੇ ਬੇਜ਼ਮੀਨੇ ਮਜ਼ਦੂਰਾਂ ਦਾ ਸੁਆਲ ਹੈ ਉਹ ਜਾਂ ਤਾਂ ਜਲਦੀ ਹੀ ਸਮਝ ਜਾਣਗੇ ਜਾਂ ਪਹਿਲਾਂ ਹੀ ਸਮਝਦੇ ਹਨ ਕਿ ਤ੍ਰਿਣਮੂਲ ਕਾਂਗਰਸ ਦੀ ਅਗਵਾਈ ਵਾਲੀ ਗਠਜੋੜ ਸਰਕਾਰ ਉਹਨਾਂ ਦੇ ਹਿੱਤਾਂ ਲਈ ਕੁਝ ਵੀ ਨਹੀਂ ਕਰਨ ਵਾਲੀ ਹੈ। ਅਸਲ 'ਚ ਉਹਨਾਂ ਦੀ ਵੋਟ (ਮਾ. ਕਾ. ਪਾ. ਲਈ) ਸਜਾ ਦੇਣ ਵਾਲੀ ਵੋਟ ਸੀ ਅਤੇ ਤ੍ਰਿਣਮੂਲ ਕਾਂਗਰਸ ਲਈ ਰਿਵਾਰਡ ਵੋਟ ਨਹੀਂ ਸੀ। ਕੋਈ ਇਨਕਲਾਬੀ ਤਾਕਤ ਵੀ ਸੋਧਵਾਦੀ ਸਮਾਜਿਕ ਫਾਸ਼ੀਵਾਦ ਦੀ ਹਕੂਮਤ ਤੋਂ ਅਸੰਤੁਸ਼ਟ ਤਬਕਿਆਂ ਦੀਆਂ ਮੰਗਾਂ ਨੂੰ ਆਪਣੇ ਏਜੰਡੇ 'ਚ ਵੱਧ ਸੰਭਵ ਹੱਦ ਤਕ ਸਮੋ ਸਕਣ ਦੀ ਕੋਸ਼ਿਸ਼ ਕਰਦੀ ਪਰ ਅਜਿਹਾ ਕਰਕੇ ਉਹਨਾਂ ਦਾ ਮੁੱਖ ਜ਼ੋਰ ਇਹਨਾਂ ਤਬਕਿਆਂ 'ਚ ਮਜ਼ਦੂਰ ਦ੍ਰਿਸ਼ਟੀਕੋਣ ਤੋਂ ਰਾਜਸੀ ਪ੍ਰਚਾਰ ਤੇ ਅੰਦੋਲਨ 'ਤੇ ਹੁੰਦਾ ਪਰ ਕੋਈ ਵੀ ਸ਼ਕਤੀ ਇਸ ਸਮੇਂ ਇਸ ਕੰਮ ਨੂੰ ਕਾਰਗਰ ਤਰੀਕੇ ਨਾਲ ਅੰਜਾਮ ਨਹੀਂ ਦੇ ਪਾ ਰਹੀ ਹੈ। ਅਜਿਹੇ 'ਚ ਪਿਛਾਖੜੀ ਤਾਕਤਾਂ ਪਹਿਚਾਣ ਦੀ ਰਾਜਨੀਤੀ ਅਤੇ ਮੌਕਾਪ੍ਰਸਤ ਪੂੰਜੀਵਾਦੀ ਰਾਜਸੀ ਪ੍ਰਬੰਦ ਕਰਕੇ ਇਹਨਾਂ ਨੂੰ ਨਾਬਰਾਬਰ ਤੇ ਵੱਖ-ਵੱਖ ਪਹਿਚਾਣਾ ਵਿਚਕਾਰ (+) ਦਾ ਚਿੰਨ ਲਾ ਕੇ ਇਹਨਾਂ ਦੇ ਪੂੰਜੀਵਾਦੀ ਗਠਜੋੜ ਦੀ ਵਰਤੋਂ ਕਰੇਗੀ। ਇਸ ਕਲੰਤਰ ਵਿੱਚ ਇਹਨਾਂ ਪਹਿਚਾਣਾ ਅੰਦਰ ਵਰਗ ਅੰਤਰ ਵਿਰੋਧਾਂ ਨੂੰ ਹੋਰ ਤਿੱਖਾ ਬਣਾਏਗਾ ਪਰ ਇਹ ਭਵਿੱਖ ਦੀ ਗੱਲ ਹੈ। ਦੂਜਾ ਕਾਰਕ ਜਿਸ ਨੇ ਤ੍ਰਿਣਮੂਲ ਕਾਂਗਰਸ ਨੂੰ ਭਾਰੀ ਫਾਇਦਾ ਪਹੁੰਚਾਇਆ। ਉਹ ਸੀ ਕਾਂਗਰਸ ਤੇ ਸੋਸ਼ਲਿਸਟ ਯੂਨਿਟੀ ਸੈਂਟਰ ਆਫ਼ ਇੰਡੀਆ (SUCI) ਦੇ ਨਾਲ ਉਸ ਦਾ ਗਠਜੋੜ। ਜਿਹਨਾਂ ਖੇਤਰਾਂ 'ਚ ਤ੍ਰਿਣਮੂਲ ਕਾਂਗਰਸ ਦਾ ਡੂੰਘਾ ਅਧਾਰ ਨਹੀਂ ਸੀ। ਉੱਥੇ SUCI ਦੇ ਅਧਾਰ ਨੇ ਉਹਨਾਂ ਨੂੰ ਕਾਫੀ ਮਦਦ ਪਹੁੰਚਾਈ। ਇਹ ਗਠਜੋੜ ਨੇ SUCI ਦੇ ਕਿਰਦਾਰ ਨੂੰ ਇਕ ਵਾਰੀ ਫਿਰ ਸਾਫ ਕੀਤਾ ਹੈ। ਇਹ ਗਠਜੋੜ SUCI ਨੇ ਕਿਸੇ ਅਗਿਆਨਤਾ ਕਰਕੇ ਨਹੀਂ ਕੀਤਾ ਹੈ ਬਲਕਿ ਅਜਿਹੇ ਮੌਕਾਪ੍ਰਸਤ ਗਠਜੋੜ ਸੋਧਵਾਦੀ ਚੁਣਾਵੀ ਰਾਜਨੀਤੀ ਦਾ ਇਕ ਅਟੁੱਟ ਅੰਗ

ਹੁੰਦੇ ਹਨ।

ਨੰਦੀਗ੍ਰਾਮ ਤੇ ਸਿੰਗੂਰ 'ਚ ਕਿਸਾਨਾਂ ਦੇ ਸੰਘਰਸ਼ 'ਚ ਤ੍ਰਿਣਮੂਲ ਕਾਂਗਰਸ ਦੀ ਭੂਮਿਕਾ ਤੇ ਮਾਕਾਪਾ ਦੀ ਅਗਵਾਈ ਵਾਲੇ ਸਮਾਜਿਕ ਫਾਸ਼ੀਵਾਦੀ ਗਠਜੋੜ ਨੂੰ ਸੱਤਾ ਤੋਂ ਬਾਹਰ ਕਰਨਾ SUCI ਲਈ ਮੁੱਖ ਕਾਰਨ ਸਨ। ਜਿਹਨਾਂ ਕਾਰਨ ਮਮਤਾ ਬੈਨਰਜੀ ਦਾ SUCI ਨੇ ਸਾਥ ਦਿੱਤਾ। ਇਹ ਇਕ ਨਾਂਹ-ਪੱਖੀ ਰਾਜਨੀਤੀ ਸੀ ਅਤੇ ਇਹ ਲਾਜ਼ਮੀ ਸੀ ਕਿ ਇਹ ਨੀਤੀ ਅਪਣਾਈ ਜਾਂਦੀ ਕਿਉਂਕਿ SUCI ਵੀ ਸੋਧਵਾਦ ਦੀ ਹੀ ਇੱਕ ਦੂਜੀ ਕਿਸਮ ਹੈ। ਤੀਜਾ ਅਹਿਮ ਸੁਆਲ ਜੋ ਇਸ ਪ੍ਰਸੰਗ 'ਚ ਸਾਡੇ ਸਾਹਮਣੇ ਹੈ ਕਿ ਇਸ ਗਠਜੋੜ ਦੀ ਜਿੱਤ ਪਿੱਛੋਂ ਅੱਗੇ ਕਿਸ ਪ੍ਰਕਾਰ ਦੀ ਸੱਤਾ ਪੱਛਮੀ ਬੰਗਾਲ 'ਚ ਸਾਨੂੰ ਵੇਖਣ ਲਈ ਮਿਲੇਗੀ। ਇਸ ਦਾ ਜੁਆਬ ਸਾਫ਼ ਹੈ ਇਸ ਗੱਠਜੋੜ ਦੀ ਜਿੱਤ ਦੇ ਸਿੱਟੇ ਵਜੋਂ ਅਸੀਂ ਰਾਜ ਦੀ ਚੋਣਾਵੀ ਸਿਆਸਤ 'ਚ ਇੱਕ ਗੰਧਲਾਪਣ ਵੇਖਾਂਗੇ। ਸੋਧਵਾਦੀ ਸਮਾਜਿਕ ਫਾਸ਼ੀਵਾਦ ਤੋਂ ਖੁੱਲ੍ਹੇ ਫਾਸ਼ੀਵਾਦੀ ਪਿਛਾਖੜੀਵਾਦ ਵੱਲ। ਇਸ ਤਹਿਤ ਮਜ਼ਦੂਰ ਜਮਾਤ ਦੇ ਹਿੱਤਾਂ ਉਪਰ ਜਮਾਤ ਵਲੋਂ ਅਜਾਰੇਦਾਰੀ ਕਾਇਮ ਕੀਤੀ ਜਾਵੇਗੀ ਤੇ ਇਹਨਾਂ ਤਬਕਿਆਂ ਦੇ ਪ੍ਰਭੂਤਵਸ਼ਾਲੀ ਵਰਗਾਂ ਦੇ ਹਿੱਤਾਂ 'ਚ ਰਾਜ ਸਰਕਾਰ ਇਕ ਤਾਲਮੇਲ ਸਥਾਪਤ ਕਰਨ ਦੀ ਕੋਸ਼ਿਸ਼ 'ਚ ਲੱਗੀ ਰਹੇਗੀ। ਇਸ ਸਰਕਾਰ 'ਚ ਕੁੱਝ ਵੀ ਲੋਕ ਪੱਖੀ ਜਾਂ ਮਜ਼ਦੂਰ ਪੱਖੀ ਨਹੀਂ ਹੈ ਅਤੇ ਨਾ ਹੀ ਕਿਸਾਨਾਂ ਦੇ ਹਿੱਤ ਵਿੱਚ। ਕਿਸਾਨਾਂ ਦੀਆਂ ਜ਼ਮੀਨਾਂ ਨੂੰ ਹੜੱਪਣ ਦਾ ਅਮਲ ਜਾਰੀ ਰਹੇਗਾ। ਬਸ ਫ਼ਰਕ ਏਨਾ ਆਵੇਗਾ ਕਿ ਇਸ ਪੂਰੇ ਅਮਲ ਵਿੱਚ ਰਾਜ ਦੀ ਭੂਮਿਕਾ ਸਿੱਧੀ ਦਖਲ ਅੰਦਾਜੀ ਦੀ ਬਜਾਏ ਸਹਾਇਕ ਵੀ ਹੋਵੇਗੀ। ਜਿੱਥੋਂ ਤੱਕ ਰਾਜ 'ਚ ਮਾ ਕਾ ਪਾ (ਮਾਓਵਾਦੀ) 'ਤੇ ਜ਼ਬਰ ਦਾ ਸੁਆਲ ਹੈ। ਇਸ 'ਚ ਕੋਈ ਫ਼ਰਕ ਨਹੀਂ ਆ ਸਕਦਾ। ਸਰਕਾਰ ਉਹੀ ਨੀਤੀ ਅਪਣਾਏਗੀ ਜੋ ਦੂਜੇ ਰਾਜਾਂ 'ਚ ਅਪਣਾਈ ਜਾ ਰਹੀ ਹੈ। ਇਸ ਤੋਂ ਇਲਾਵਾ ਮਮਤਾ ਬੈਨਰਜੀ ਉਸੇ ਸਿਧਾਰਥ ਸੰਕਰ ਰੇਅ ਦੀ ਚਹੇਤੀ ਸੀ ਜਿਸ ਨੂੰ ਨਕਸਲਬਾੜੀ ਦੇ ਉਭਾਰ ਦੌਰਾਨ ਪੱਛਮੀ ਬੰਗਾਲ ਦੇ ਇਨਕਲਾਬੀ ਨੌਜਵਾਨਾਂ-ਵਿਦਿਆਰਥੀਆਂ ਦੇ ਕਸਾਈ ਬਰਾਬਰ ਦੱਸਿਆ ਗਿਆ ਸੀ। ਮਮਤਾ ਬੈਨਰਜੀ ਸੀ. ਪੀ. ਆਈ. (ਮਾਓਵਾਦੀ) ਪ੍ਰਤੀ ਕੋਈ ਹਮਦਰਦੀ ਭਰੀ ਨੀਤੀ ਨਹੀਂ ਅਪਣਾਉਣ ਵਾਲੀ ਹੈ। ਕੁਲ ਮਿਲਾ ਕੇ ਮਮਤਾ ਬੈਨਰਜੀ ਦੀ ਸਰਕਾਰ ਸਨਅਤੀ ਪੂੰਜੀ, ਧਨੀ, ਕਿਸਾਨਾਂ ਤੇ ਖੁਸ਼ਹਾਲ ਮੱਧ ਵਰਗ ਦੇ ਹਿੱਤਾਂ ਦੀ ਨੁਮਾਇੰਦਗੀ ਹੋਰ ਤਰ੍ਹਾਂ ਨਾਲ ਕਰੇਗੀ, ਜੋ ਮਜ਼ਦੂਰ ਜਮਾਤ, ਗਰੀਬ ਤੇ ਦਰਮਿਆਨੇ ਕਿਸਾਨਾਂ ਤੇ ਸ਼ਹਿਰੀ ਕਿਸਾਨ ਵਰਗ ਦੇ ਹਿੱਤਾਂ ਨੂੰ ਇਸ ਅਧੀਨ ਕਰਦਿਆਂ ਉਹਨਾਂ ਨੂੰ ਤਬਾਹੀ ਵੱਲ ਧਕਦਿਆਂ ਜਾਰੀ ਰਖੇਗੀ। ਪੱਛਮੀ ਬੰਗਾਲ 'ਚ ਮਾ. ਕਾ. ਪਾ. ਦੇ ਮਕਸਦ ਪਿੱਛੇ ਇਤਿਹਾਸਕ ਤੌਰ 'ਤੇ ਕੁਝ ਨਿਸ਼ਚਿਤ ਕਾਰਨ ਕੰਮ ਕਰ ਰਹੇ ਸਨ। ਅਸਲ ਵਿੱਚ ਇਹ ਕਾਰਨ ਆਪਣੇ ਉਲਟੇ 'ਚ ਤਬਦੀਲ ਹੋ ਰਹੇ ਹਨ। ਅਪ੍ਰੇਸ਼ਨ ਬਰਗਾ ਰਾਹੀ ਮਾਕਪਾ ਨੇ ਭੂਮੀ ਸੁਧਾਰ ਕਰਦਿਆਂ ਛੋਟੇ ਖੁਦਕਾਸ਼ਤ ਕਿਸਾਨਾਂ ਦੀ ਇਕ ਪੂਰੀ ਜਮਾਤ ਨੂੰ ਜਨਮ ਦਿੱਤਾ ਸੀ। ਇਹ ਜਮਾਤ ਇਤਿਹਾਸਕ ਤੌਰ 'ਤੇ ਪੱਛਮੀ ਬੰਗਾਲ 'ਚ ਖੱਬੇ ਮੋਰਚੇ ਦਾ ਸਮਾਜਿਕ ਅਧਾਰ ਰਿਹਾ ਹੈ। ਜਾਗੀਰੂ ਪੈਦਾਵਾਰੀ ਸਬੰਧਾਂ ਦੀ ਰਹਿੰਦ ਖੂੰਦ ਦੀ ਭਾਰੀ ਮੌਜੂਦਗੀ ਤੇ ਪੂੰਜੀਵਾਦੀ ਵਿਕਾਸ ਦੀ ਘਾਟ ਦੌਰਾਨ ਇਹ ਭੂਮੀ ਸੁਧਾਰ ਪੂਰੇ ਨਹੀਂ ਹੋਏ। ਪਰ ਨਵੀਆਂ ਆਰਥਿਕ ਨੀਤੀਆਂ ਤਹਿਤ ਛੋਟੀ ਕਿਸਾਨੀ ਦਾ ਲੰਮਾ ਸਮਾਂ ਜਿਉਂਦੇ ਰਹਿ ਸਕਣਾ ਸੰਭਵ ਨਹੀਂ ਸੀ। ਮਾਕਪਾ ਪੱਛਮੀ

ਬੰਗਾਲ 'ਚ ਵੱਖਰੇ ਤੌਰ 'ਤੇ ਨਾ ਤਾਂ ਕੋਈ ਸਮਾਜਵਾਦੀ ਵਿਕਾਸ ਕਰ ਸਕਦੀ ਸੀ ਤੇ ਨਾ ਹੀ ਉਸ ਨੇ ਕੀਤਾ। ਰਾਜ 'ਚ ਪੂੰਜੀਵਾਦੀ ਸਨਅਤੀਕਰਨ ਦੇ ਤੇਜੀ ਨਾਲ ਸ਼ੁਰੂ ਹੋਣ ਪਿੱਛੋਂ ਵੱਡੇ ਪੈਮਾਨੇ 'ਤੇ ਕਿਸਾਨ ਉਜੜਨੇ ਸ਼ੁਰੂ ਹੋਏ।

ਨੰਦੀਗ੍ਰਾਮ ਤੇ ਸਿੰਗੂਰ 'ਚ ਜੋ ਹੋਇਆ ਉਹ ਇਸ ਅਮਲ ਦਾ ਸਿੱਟਾ ਸੀ। ਖੱਬੇ ਪੱਖੀ ਮੁਹਾਵਰਿਆਂ ਤਹਿਤ ਇਸ ਨੂੰ ਚਲਾਉਣਾ ਸੰਭਵ ਨਹੀਂ ਸੀ। ਖੱਬਾ ਮੋਰਚਾ ਜੋਤੀ ਬਾਸੂ ਵੇਲੇ ਤੋਂ ਹੀ ਆਪਣੇ ਆਪ ਨੂੰ ਬੇਨਕਾਬ ਹੋਣ ਤੋਂ ਬਚਾਉਣ ਲਈ ਲਗਾਤਾਰ ਮਾਰਕਸੀ ਸ਼ਬਦਾਵਲੀ ਵਰਤਦਾ ਤਾਂ ਸੀ ਪਰ ਨਾਲ ਹੀ ਬੇਨਕਾਬ ਹੋਈ ਜਾ ਰਿਹਾ ਸੀ। ਸੋਧਵਾਦੀਆਂ ਲਈ ਪੂੰਜੀਵਾਦੀ ਵਿਕਾਸ ਕਰਨਾ ਕਾਫੀ ਔਖਾ ਇਸ ਲਈ ਹੁੰਦਾ ਸੀ ਕਿਉਂਕਿ ਉਹਨਾਂ ਨੇ ਖੱਬੀ ਧਿਰ ਵਾਲੇ ਮੁਹਾਵਰੇ ਵਰਤਣੇ ਹੁੰਦੇ ਸਨ ਤੇ ਇਸ ਨਾਲ ਖਰਚਾ ਕਾਫ਼ੀ ਵੱਧ ਗਿਆ ਸੀ। ਜੋਤੀ ਬਾਸੂ ਤੋਂ ਲੈ ਕੇ ਬੁਧਾਦੇਵ ਭੱਟਾਚਾਰੀਆਂ ਦੇ ਸਾਰੇ ਬਿਆਨ ਖੁਲ੍ਹੇਆਮ ਮਜ਼ਦੂਰ ਵਿਰੋਧੀ ਕਾਰਪੋਰੇਟ ਪੂੰਜੀ ਦੇ ਹਮਾਇਤੀ ਤੇ ਜਮਾਤ ਭਿਆਲੀ ਵਾਲੇ ਹੋ ਚੁੱਕੇ ਸਨ। ਉਹਨਾਂ ਦੇ ਨਿਸ਼ਾਨੇ 'ਤੇ ਗਰੀਬ ਕਿਸਾਨ ਤੇ ਮਜ਼ਦੂਰ ਸਨ ਪਰ ਮਾ. ਕਾ. ਪਾ. ਇਸ ਬਾਰੇ ਮੁਆਫੀ ਨਹੀਂ ਮੰਗਣਾ ਚਾਹੁੰਦੀ ਸੀ। ਨੀਤੀਆਂ ਫਾਸ਼ੀਵਾਦੀ ਤਰੀਕੇ ਨਾਲ ਲਾਗੂ ਹੋ ਰਹੀਆਂ ਸਨ। ਖੱਬੇ ਮੋਰਚੇ ਨੇ ਸਾਰੇ ਉਪਕਰਣਾ ਤੇ ਕੇਡਰਾਂ ਦੀ ਵਰਤੋਂ ਕਰਕੇ ਧਨੀ ਲੋਕਾਂ ਤੇ ਰੀਅਲ ਅਸਟੇਟ ਦੀ ਮਦਦ ਕੀਤੀ। ਗਰੀਬਾਂ ਤੋਂ ਜ਼ਮੀਨ ਖੋਹਕੇ ਕਾਰਪੋਰੇਟ ਨੂੰ ਦਿੱਤੀ। ਧਨੀ ਕਿਸਾਨਾਂ ਤੇ ਕਾਰਪੋਰੇਟ ਪੂੰਜੀ ਦੇ ਹਿੱਤਾਂ ਦੀ ਪੂਰਤੀ ਲਈ ਮਾਕਪਾ ਨੇ ਪੂੰਜੀ ਦੀ ਤਾਨਾਸ਼ਾਹੀ ਨੂੰ ਖੁਲ੍ਹ ਕੇ ਲਾਗੂ ਕੀਤਾ। ਮਮਤਾ ਬੈਨਰਜੀ ਨੇ ਕੰਮ ਇਹੋ ਕਰਨਾ ਹੈ, ਨੀਤੀਆਂ ਉਹੋ ਰਹਿਣਗੀਆਂ ਪਰ ਲਾਗੂ ਇਹ ਖੁਲ੍ਹੇਆਮ ਪੂੰਜੀਪਤੀ ਢੰਗ ਨਾਲ ਹੋਣਗੀਆਂ। ਸੋਧਵਾਦੀਆਂ ਦੇ ਅਖੌਂਟੇ ਦਰਸਾਉਣਾ ਬੇਹੱਦ ਅੱਛਾ ਹੈ।

# ਓ. ਬੀ. ਸੀ. ਦੀ ਪਿੱਠ 'ਚ ਛੁਰਾ ਕਾਂਗਰਸ ਨੇ ਮਾਰਿਆ?

ਕਾਂਗਰਸ ਪਾਰਟੀ ਦਾ ਇਤਿਹਾਸ ਹੈ ਕਿ OBC ਨਾਲ ਉਹਨਾਂ ਨੇ ਵਾਰ-ਵਾਰ ਧੋਖਾਧੜੀ ਕੀਤੀ ਹੈ। ਜਦ ਪਾਰਲੀਮੈਂਟ 'ਚ ਰੌਲਾ ਰੱਪਾ ਪਿਆ ਤਾਂ ਕਿਸਾਨ ਰੂਪੀ ਖੇਤਾਂ ਦਾ ਪੁਤਲਾ ਮਨਮੋਹਨ ਸਿੰਘ ਪ੍ਰਧਾਨ ਮੰਤਰੀ ਨੂੰ ਸੈਸ਼ਨ 'ਚ ਪਿਛੜੀਆਂ ਸ਼੍ਰੇਣੀਆਂ (ਓ. ਬੀ. ਸੀ.) ਦੀ ਆਜ਼ਾਦ ਗਿਣਤੀ (ਮਰਦਮਸ਼ੁਮਾਰੀ) ਦੇ ਪ੍ਰਸੰਗ 'ਚ ਸੋਚਾਂਗੇ, ਅਜਿਹਾ ਬਿਆਨ ਉਹਨਾਂ ਨੂੰ ਦੇਣਾ ਪਿਆ। ਲੋਕਾਂ ਨੂੰ ਭੁਲੇਖਾ ਲੱਗਿਆ ਸੀ ਕਿ ਹੁਣ ਕਾਂਗਰਸ ਸਾਡੇ ਬਾਰੇ ਸੋਚ ਰਹੀ ਹੈ ਪਰ ਅਸਲ ਪ੍ਰਧਾਨ ਮੰਤਰੀ ਦਾ ਬੰਗਾਲੀ ਬ੍ਰਾਹਮਣ ਪ੍ਰਣਾਬ ਮੁਕਰਜੀ ਹੈ। ਜਿਸ ਦੀ ਪ੍ਰਧਾਨਗੀ 'ਚ ਮੰਤਰੀ ਸਮੂਹ ਸੰਮਤੀ ਬਣਾਈ ਗਈ। ਦਰਅਸਲ ਇਹ ਕਾਂਗਰਸ ਦਾ ਵਿਉਂਤਬੱਧ ਨਾਟਕ ਸੀ। ਸਿੱਟਾ ਕੀ ਨਿਕਲਿਆ? ਪ੍ਰਣਬ ਮੁਕਰਜੀ, ਪੀ ਚਿਦੰਬਰਮ ਇਸ ਮੀਟਿੰਗ 'ਚ ਹਾਜ਼ਰ ਰਹੇ। ਬਾਕੀ ਮੈਂਬਰਾਂ ਨੂੰ ਤਾਂ ਸੋਨੀਆ ਗਾਂਧੀ ਨੇ ਹਾਜ਼ਰ ਹੀ ਨਾ ਹੋਣ ਦਿੱਤਾ। ਕਾਂਗਰਸ ਨੇ ਲੋਕਾਂ ਦੇ ਅੱਖੀਂ ਘੱਟਾ ਪਾਇਆ। ਸੰਸਦ 'ਚ ਬਹਿਸ ਕੀਤੇ ਬਿਨਾਂ ਸੰਮਤੀ ਬਣਾਉਣਾ ਇਕ ਨਾਟਕ ਸੀ। ਕਾਂਗਰਸ ਨੇ ਓ. ਬੀ. ਸੀ. ਦਾ ਅਜ਼ਾਦ ਜਨਗਣਨਾ ਰੋਕਣ ਲਈ ਅਨੇਕਾਂ ਹੱਥ ਕੰਡੇ ਅਪਣਾਏ। ਸਾਰੀਆਂ ਪਾਰਟੀਆਂ ਨੇ ਆਪਣੀ ਲਿਖਤੀ ਸਲਾਹ ਭੇਜੀ ਪਰ ਕਾਂਗਰਸ ਨੇ ਕੋਈ ਲਿਖਤੀ ਰਾਇ ਹੀ ਨਹੀਂ ਭੇਜੀ। ਜੋ ਨਿਆਂ ਕਰਨ ਦਾ ਦਾਅਵੇ ਕਰਦੇ ਸੀ ਉਹਨਾਂ ਨੇ ਹੀ ਲਿਖਤੀ ਰਾਇ ਨਾ ਭੇਜ ਕਿ ਓ. ਬੀ. ਸੀ. ਦੀ ਪਿੱਠ 'ਚ ਛੁਰਾ ਮਾਰਿਆ। ਭਾਜਪਾ ਤੇ ਤੀਜੇ ਬਦਲ ਦੀਆਂ ਪਾਰਟੀਆਂ ਦਾ ਅਧਾਰ ਓ. ਬੀ. ਸੀ. 'ਤੇ ਹੀ ਖੜ੍ਹਾ ਹੈ। ਭਾਜਪਾ ਨੇ ਵੀ ਲਿਖਤੀ ਰਾਇ ਨਹੀਂ ਭੇਜੀ। ਅਖੌਤੀ ਕਾਮਰੇਡਾਂ ਨੇ ਦੋ ਬੇੜੀਆਂ 'ਚ ਪੈਰ ਰੱਖਿਆ ਖੁੱਲ੍ਹਾ ਵਿਰੋਧ ਕਰਨ ਦੀ ਬਜਾਏ ਇਹਨਾਂ ਪਾਰਟੀਆਂ ਨੇ ਆਪਣੇ ਬਚਾਅ ਲਈ ਨਿਰਣਾਇਕ ਘੜੀ ਸਮੇਂ ਭਾਜਪਾ ਦੇ ਮੁੰਡੇ ਨਾਲ ਰਲ ਕੇ ਖੇਡ ਖੇਡੀ ਤੇ ਓ. ਬੀ. ਸੀ. ਦਾ ਖੁੱਲ੍ਹਾ ਵਿਰੋਧ ਵੀ ਨਹੀਂ ਕੀਤਾ ਪਰ ਉਹਨਾਂ ਦੀ ਆਜ਼ਾਦ ਜਨਗਣਨਾ ਦੀ ਅਪੀਲ ਵੀ ਨਹੀਂ ਕੀਤੀ। ਕਾਂਗਰਸ ਤੇ ਭਾਜਪਾ ਨੇ ਮਈ ਮਹੀਨੇ ਤੱਕ ਓ. ਬੀ. ਸੀ. ਦੀ ਜਨਗਣਨੀ ਸਬੱਧੀ ਕੋਈ ਰਾਇ ਨਹੀਂ ਸੀ ਬਣਾਈ। ਕਾਂਗਰਸ ਨੇ ਤਾਂ ਇੱਥੋਂ ਤੱਕ ਕਿਹਾ ਕਿ ਸਾਡਾ ਦਿਲ ਕੁਝ ਹੋਰ ਚਾਹੁੰਦਾ ਹੈ ਪਰ ਦਿਮਾਗ 'ਚ ਵੋਟ ਬੈਂਕ ਹੈ। ਭਾਰਤ ਮੁਕਤੀ ਮੋਰਚਾ ਓ. ਬੀ. ਸੀ. ਦੇ ਹੱਕ 'ਚ ਸੰਘਰਸ਼ ਜਾਰੀ ਰੱਖ ਰਿਹਾ ਸੀ। ਕਾਂਗਰਸ, ਭਾਜਪਾ ਤੇ ਪਾਰਲੀਮਾਨੀ ਕਮਿਊਨਿਸਟ ਪਾਰਟੀ OBC ਨੂੰ ਇਨਸਾਨ ਹੀ ਨਹੀਂ ਮੰਨਦੇ। ਉਹਨਾਂ ਦੀਆਂ ਨਜ਼ਰਾਂ 'ਚ ਜਾਨਵਰਾਂ ਦੀ ਗਿਣਤੀ ਤਾਂ ਹੋਣੀ ਜ਼ਰੂਰੀ ਹੈ ਪਰ ਓ. ਬੀ. ਸੀ. ਦੀ ਨਹੀਂ। ਇਹੋ ਬ੍ਰਾਹਮਣਵਾਦੀ ਸੋਚ ਹੈ ਦਿਗਵਿਜੇ ਸਿੰਘ ਅਨੁਸਾਰ ਕਾਂਗਰਸ ਦਾ ਇਸਦਾ ਓ. ਬੀ. ਸੀ. ਦੀ ਜਨਗਣਨਾ ਕਰਵਾਉਣ ਦਾ ਨਹੀਂ ਸੀ। ਇਸ ਐਲਾਨ ਤੋਂ ਸਾਫ਼ ਜਾਹਿਰ ਹੋਇਆ ਕਿ ਦੁਸ਼ਮਣ ਸਤਿਆਨਾਸ ਹੀ ਕਰ ਸਕਦਾ ਹੈ।

ਭਾਜਪਾ, ਕਾਂਗਰਸ ਤੇ ਕਮਿਊਨਿਸਟ ਦੀ ਹਮਾਇਤ 'ਚ ਸਰਕਾਰ ਬਚਾ ਲਈ ਭਾਜਪਾ ਨੇ ਓ. ਬੀ. ਸੀ. ਦੀ ਜਨਗਣਨਾ ਲਈ ਬਾਹਰੋਂ ਹੀ ਹਮਾਇਤ ਦਿੱਤੀ ਤੇ ਕਿਹਾ

ਕਿ ਜਾਤਾਂ ਦੀ ਗਿਣਤੀ ਤਾਂ ਕਰੋ ਪਰ ਉਸ 'ਚ ਓ. ਬੀ. ਸੀ. ਦਾ ਕੋਈ ਡੈਟਾ ਨਹੀਂ ਹੋਣਾ ਚਾਹੀਦਾ। ਇਸ ਦਾ ਮਤਲਬ ਕੀ ਹੈ? ਭਾਜਪਾ ਦੀ ਬ੍ਰਾਹਮਣੀ ਸੋਚ ਕਹਿ ਰਹੀ ਹੈ ਕਿ ਓ. ਬੀ. ਸੀ. ਦੀ ਜਨਗਣਨਾ ਜਾਤੀ ਅਧਾਰਤ ਨਾ ਕਰੋ। ਦੇਸ਼ ਭਰ ਦੇ ਬ੍ਰਾਹਮਣ ਓ. ਬੀ. ਸੀ. ਦੀ ਜਨਗਣਨਾ ਦਾ ਕਾਫੀ ਵਿਰੋਧ ਕਰ ਰਹੇ ਹਨ। ਘੱਟ ਗਿਣਤੀ ਬ੍ਰਾਹਮਣ (ਸਿਰਫ਼ 3 ਫੀਸਦੀ) ਓ. ਬੀ. ਸੀ. ਦੇ ਭਵਿੱਖ ਦਾ ਫੈਸਲਾ ਕਰ ਰਹੇ ਹਨ ਤੇ ਓ. ਬੀ. ਸੀ. ਦਾ ਵਿਨਾਸ਼ ਕਰ ਰਹੇ ਹਨ। ਪਿੱਛੇ ਜਿਹੇ ਹੀ ਰਾਮ ਜੇਠ ਮਿਲਾਨੀ ਨੇ ਜੰਤਰ ਮੰਤਰ ਵਿਖੇ ਬ੍ਰਾਹਮਣਾ ਦਾ ਇਕੱਠ ਕਰਕੇ ਓ. ਬੀ. ਸੀ. ਦੀ ਜਨਗਣਨਾ ਦਾ ਵਿਰੋਧ ਕੀਤਾ ਸੀ। ਇਹ ਮੁੱਦਾ ਬ੍ਰਾਹਮਣੀ ਪ੍ਰਬੰਦ ਨੂੰ ਢਹਿ ਢੇਰੀ ਕਰਨ ਵਾਲਾ ਮੁੱਦਾ ਹੈ ਪਰ ਜਿਵੇਂ ਬ੍ਰਾਹਮਣਾ ਨੂੰ ਇਸ ਮੁੱਦੇ ਤੋਂ ਭੈਅ ਆਉਂਦਾ ਹੈ। ਉਹਨਾਂ ਨੂੰ ਆਪਣਾ ਅਧਾਰ (ਓ. ਬੀ. ਸੀ.) ਖੁਸਦਾ ਨਜ਼ਰ ਆਉਂਦਾ ਹੈ। ਉਹਨਾਂ ਨੇ ਇਸ ਦਾ ਮੁੱਲਅੰਕਨ ਕਰ ਲਿਆ ਹੈ ਤੇ ਸਥਿਤੀ ਜਦ ਵਸੋਂ ਬਾਹਰ ਹੋ ਰਹੀ ਹੈ। ਹੁਣ ਉਹਨਾਂ ਨੇ ਚਲਾਕੀ ਇਹ ਕਰਨੀ ਸ਼ੁਰੂ ਕਰ ਦਿੱਤੀ ਹੈ ਕਿ ਜਨਗਣਨਾ 'ਚ ਜਾਤੀ ਜਨਗਣਨਾ ਇਕ ਵਾਰੀ ਹੀ ਕਰਨੀ ਹੈ ਜਾਂ ਨਿਰੰਤਰ ਕਰਨੀ ਹੈ। ਉਹਨਾਂ ਇਹ ਸੋਚਿਆ ਤਾਂ ਹੈ ਪਰ ਕੀਤਾ ਕੁਝ ਨਹੀਂ। ਨਾਲ ਹੀ ਨਾਲ ਇਹ ਵੀ ਜਾਹਿਰ ਕਰ ਦਿੱਤਾ ਹੈ ਕਿ ਓ. ਬੀ. ਸੀ. ਦੀ ਅਜ਼ਾਦਾਨਾ ਜਨਗਣਨਾ ਕਰਨਾ ਸੰਭਵ ਹੈ ਹੀ ਨਹੀਂ। ਪਰ ਹੁਣ ਤੱਕ ਜੋ ਨਾਟਕ ਬਾਜੀ ਕੀਤੀ ਉਹਦਾ ਕੀ ਮਤਲਬ ਸੀ। ਜਾਤੀ ਅਧਾਰਤ ਜਨਗਣਨਾ ਬਾਰੇ ਭਾਵੇਂ ਕੇਂਦਰ ਸਰਕਾਰ ਨੇ ਫੈਸਲਾ ਲੈ ਲਿਆ ਤੇ ਜਨਗਣਨਾ ਸ਼ੁਰੂ ਹੋਈ ਹੈ ਪਰ ਇਸ 'ਚ ਓ. ਬੀ. ਸੀ. ਦਾ ਡੈਟਾ ਵੱਖਰਾ ਉਜਾਗਰ ਨਾ ਕਰਨ ਦਾ ਵੀ ਫੈਸਲਾ ਸ਼ਾਮਲ ਹੈ। ਭਾਵ ਕਿ ਓ. ਬੀ. ਸੀ. ਗਿਣਤੀ ਦੱਸੀ ਨਹੀਂ ਜਾਵੇਗੀ। ਓ. ਬੀ. ਸੀ. ਬਹੁਗਿਣਤੀ 'ਚ ਹਨ ਭਾਵ 52 ਫੀਸਦੀ ਤੋਂ ਵੱਧ ਹਨ ਫੇਰ ਉਹਨਾਂ ਦੇ ਅਧਿਕਾਰਾਂ ਨੂੰ ਸੀਮਤ ਕਰਕੇ ਕਿਉਂ ਰੱਖਿਆ ਹੋਇਆ ਹੈ। ਉਹ ਘੱਟ ਗਿਣਤੀ ਬ੍ਰਾਹਮਣੀ ਪਾਰਟੀਆਂ ਦਾ ਕੇਡਰ ਹੀ ਕਿਉਂ ਬਣੇ ਹੋਏ ਹਨ। ਉਹ ਟੁਕੜਬੋਚ ਹੀ ਕਿਉਂ ਬਣ ਕੇ ਰਹਿਣ। ਆਪਣੀ ਅਜ਼ਾਦ ਹਸਤੀ ਤੇ ਅਧਾਰਤ ਸਿਆਸੀ ਥੜਾ ਉਸਾਰਨ ਦਾ ਉਹਨਾਂ ਦਾ ਵੀ ਜਮਹੂਰੀ ਹੱਕ ਹੈ। ਆਖਰ ਕਦੋਂ ਤੱਕ ਬ੍ਰਾਹਮਣੀ ਸੋਚ ਵਾਲੀਆਂ ਸਰਮਾਏਦਾਰ ਪਾਰਟੀਆਂ ਪਿਛੜਿਆਂ ਨੂੰ ਪਿਛੜੇ ਹੀ ਰੱਖ ਸਕਣਗੀਆਂ। ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ।

# ਧਾਰਮਿਕ ਪੂੰਜੀਵਾਦ ਦੇ ਅਪਰਾਧ ਕਿਵੇਂ?

ਪਿੱਛੇ ਜਿਹੇ ਹੀ ਆਸਾਰਾਮ ਬਾਪੂ ਦੇ ਮੱਠ ਵਿੱਚ 4 ਮੌਤਾਂ ਹੋਈਆਂ। ਆਸਾ ਰਾਮ ਬਾਪੂ ਦੇ ਅਹਿਮਦਾਬਾਦ ਤੇ ਛਿੰਦਵਾੜਾ ਦੇ ਆਸ਼ਰਮਾ 'ਚ ਇਕ ਮਹੀਨੇ ਅੰਦਰ 4 ਬੱਚਿਆਂ ਦੀਆਂ ਮੌਤਾਂ ਹੋਈਆਂ। ਇਸ ਦੇ ਬਾਅਦ ਤੋਂ ਆਸਾਰਾਮ ਬਾਪੂ ਦੇ ਆਸ਼ਰਮ 'ਚ ਹੋਣ ਵਾਲੇ ਕ੍ਰਿਆਕਲਾਪਾਂ ਬਾਰੇ ਲਗਾਤਾਰ ਸੁਆਲ ਖੜ੍ਹੇ ਹੋ ਰਹੇ ਹਨ। ਜਾਂਚ ਕਰਨ ਵਾਲਿਆਂ ਨੇ ਜਦ ਆਸ਼ਰਮ ਦੇ ਲੋਕਾਂ ਤੋਂ ਪੁਛਗਿੱਛ ਕੀਤੀ ਤਾਂ ਦੇਸ਼ ਦੇ ਵੱਖ-ਵੱਖ ਹਿੱਸਿਆਂ 'ਚ ਆਸਾਰਾਮ ਦੇ ਚੇਲਿਆਂ ਨੇ ਸ਼ੋਰ ਮਚਾਉਣਾ ਸ਼ੁਰੂ ਕਰ ਦਿੱਤਾ। ਆਪਣੇ ਚੇਲਿਆਂ ਦੀ ਭਗਤੀ ਤੋਂ ਉਤਸ਼ਾਹਿਤ ਹੋ ਕੇ ਆਸਾਰਾਮ ਬਾਪੂ ਨੇ ਵੀ ਸੱਤਾ ਤੋਂ ਲੈ ਕੇ ਨਿਆਂਪਾਲਿਕਾ ਤੱਕ ਨੂੰ ਚੁਣੌਤੀ ਦੇ ਦਿੱਤੀ ਕਿ ਜੇ ਹਿੰਮਤ ਹੈ ਤਾਂ ਉਸ ਨੂੰ ਗ੍ਰਿਫ਼ਤਾਰ ਕਰਕੇ ਵਿਖਾਉਣ। ਸੁਪਰੀਮ ਕੋਰਟ ਨੇ ਆਸਾਰਾਮ ਨੂੰ ਇਸ ਸਬੰਧੀ ਕਿਸੇ ਕਿਸਮ ਦੀ ਰਾਹਤ ਦੇਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਪਰ ਜਿਵੇਂ ਕਿ ਉਮੀਦ ਕੀਤੀ ਜਾ ਸਕਦੀ ਸੀ। ਇਸ ਧਾਰਮਿਕ ਗੁਰੂ ਦੇ ਖਿਲਾਫ਼ ਅਜੇ ਤੱਕ ਕੋਈ ਕਾਰਵਾਈ ਨਹੀਂ ਹੋ ਸਕੀ ਹੈ ਅਤੇ ਅੱਗੇ ਕੋਈ ਕਾਰਵਾਈ ਹੋਵੇਗੀ। ਇਸ ਦੀ ਉਮੀਦ ਘੱਟ ਹੈ। ਇਸ ਤੋਂ ਪਹਿਲਾਂ ਵੀ ਆਸਾਰਾਮ ਬਾਪੂ 'ਤੇ ਕਈ ਅਪਰਾਧਿਕ ਕੇਸ ਦਰਜ ਕੀਤੇ ਗਏ ਹਨ। ਜਿਹਨਾਂ 'ਚੋਂ ਬਹੁਤੇ ਜਾਇਦਾਦ ਹੜੱਪਣ ਦੇ ਕੇਸ ਹਨ। ਵਿੱਚ ਵਿੱਚ ਹੋਰ ਕਈ ਦੋਸ਼ ਵੀ ਆਸਾਰਾਮ ਬਾਪੂ 'ਤੇ ਲੱਗਦੇ ਰਹੇ ਹਨ। ਉਸ ਨੇ ਆਪਣੇ ਧਾਰਮਿਕ ਕੈਰੀਅਰ ਦੀ ਸ਼ੁਰੂਆਤ ਜਿਸ ਥਾਂ ਤੋਂ ਕੀਤੀ ਸੀ, ਉਥੋਂ ਦੇ ਇਕ ਨਿਵਾਸੀ ਅਸ਼ੋਕ ਠਾਕੋਰੇ ਨੇ ਆਸਾਰਾਮ ਬਾਪੂ ਵਿਰੁੱਧ ਦੋਸ਼ ਲਾਇਆ ਕਿ ਉਹਨਾਂ ਨੇ ਗੁਰੂ ਪੁਰਨਿਮਾ ਦੇ ਦਿਨ ਉਹਨਾਂ ਦੇ 5 ਏਕੜ ਜ਼ਮੀਨ 'ਤੇ ਕੈਂਪ ਲਾਉਣ ਲਈ ਉਹਨਾਂ ਦੇ ਪਿਤਾ ਤੋਂ ਇਜਾਜ਼ਤ ਮੰਗੀ ਜੋ ਉਹਨਾਂ ਦੇ ਪਿਤਾ ਨੇ ਦੇ ਦਿੱਤੀ ਪਰ ਇਸ ਪਿੱਛੋਂ ਉਹ ਜ਼ਮੀਨ ਕਦੀ ਵੀ ਉਹਨਾਂ ਨੂੰ ਵਾਪਸ ਨਹੀਂ ਮਿਲੀ। ਇਸ ਤਰ੍ਹਾਂ ਸੂਰਤ ਕੋਲ ਜਹਾਂਗੀਰਪੁਰਾ ਦੇ ਇਕ ਕਿਸਾਨ ਅਨਿਲ ਵਿਆਸ ਦੀ 34400 ਵਰਗ ਮੀਟਰ ਜ਼ਮੀਨ 'ਤੇ ਆਸਾਰਾਮ ਬਾਪੂ ਦੇ ਆਸ਼ਰਮ ਨੇ ਕਬਜਾ ਕਰ ਲਿਆ। ਗੁਜਰਾਤ ਸਰਕਾਰ ਤਾਂ ਪੂਰੀ ਦੀ ਪੂਰੀ ਹੀ ਆਸਾਰਾਮ ਬਾਪੂ ਦੀ ਚੇਲਾ ਮੰਡਲੀ ਦਿਸਦੀ ਹੈ ਕਿਉਂਕਿ ਉਸ ਨੇ ਇਸ ਨਜਾਇਜ਼ ਕਬਜੇ ਨੂੰ ਕਾਨੂੰਨੀ ਤੌਰ 'ਤੇ ਜਾਇਜ਼ ਠਹਿਰਾ ਦਿੱਤਾ। ਹਾਲਾਂਕਿ ਪਿੱਛੋਂ ਗੁਜਰਾਤ ਹਾਈਕੋਰਟ ਨੇ ਇਸ ਨਜਾਇਜ਼ ਕਬਜੇ ਨੂੰ ਕਾਨੂੰਨੀ ਮਾਨਤਾ ਦੇਣ ਨੂੰ ਗਲਤ ਠਹਿਰਾਇਆ। ਇਹ ਕੇਸ ਅਜੇ ਵੀ ਹਾਈਕੋਰਟ 'ਚ ਚਲ ਰਿਹਾ ਹੈ। ਦਿਲੀ ਦੇ ਰਜੌਰੀ ਗਾਰਡਨ ਦੀ ਸੁਦਰਸ਼ਨ ਕੁਮਾਰੀ ਦੇ ਮਕਾਨ ਦੀ ਇਕ ਮੰਜਲ ਤੇ ਆਸਾਰਾਮ ਬਾਪੂ ਦੇ ਆਸ਼ਰਮ ਨੇ ਕਬਜਾ ਕਰ ਲਿਆ ਹੈ। ਇਹ ਕੇਸ ਵੀ ਅਦਾਲਤ 'ਚ ਵਿਚਾਰਧੀਨ ਹੈ। ਆਸਾਰਾਮ ਬਾਪੂ ਨੇ ਤਾਂ ਸਰਕਾਰ ਤੱਕ ਵੀ ਨਹੀ ਬਖਸ਼ਿਆ।

ਬਿਹਾਰ ਸਰਕਾਰ ਨੇ ਦੋਸ਼ ਲਾਇਆ ਕਿ ਆਸਾਰਾਮ ਬਾਪੂ ਨੇ ਪਟਨਾ 'ਚ ਬਿਹਾਰ ਸਰਕਾਰ ਦੀ ਹੀ ਜ਼ਮੀਨ 'ਤੇ ਕਬਜਾ ਕਰ ਲਿਆ ਹੈ। ਨਾਲ ਹੀ ਆਸਾਰਾਮ ਬਾਪੂ 'ਤੇ ਰਤਲਾਮ ਵਿੱਚ 4.7 ਕਰੋੜ ਰੁਪਏ ਦੀ ਬਿਜਲੀ ਚੋਰੀ ਦਾ ਦੋਸ਼ ਹੈ। ਇਹ ਤਾਂ ਸਿਰਫ਼ ਕੁੱਝ ਮਿਸਾਲਾਂ ਹਨ। ਆਸਾਰਾਮ ਬਾਪੂ ਤੋ ਇਲਾਵਾ ਕੋਈ ਵੀ ਅਜਿਹਾ

ਧਾਰਮਿਕ ਬਾਬਾ ਨਹੀਂ ਹੈ ਜੋ ਨਜਾਇਜ਼ ਜਾਇਦਾਦ ਇਕੱਠੀ ਕਰਨ ਹੱਤਿਆ, ਬਲਾਤਕਾਰ, ਚੋਰੀ ਆਦਿ ਵਰਗੇ ਕੇਸਾਂ ’ਚ ਫਸਿਆ ਨਾ ਹੋਵੇ। ਅਜਿਹੇ ’ਚ ਕੁਦਰਤੀ ਹੀ ਸੁਆਲ ਮਨ ’ਚ ਉਠਦਾ ਹੈ ਕਿ ਧਰਮ ਦਾ ਇਹਨਾਂ ਮੋਹ ਮਾਇਆ ਦੀਆਂ ਚੀਜ਼ਾਂ ਨਾਲ ਕੀ ਲੈਣਾ ਦੇਣਾ? ਧਾਰਮਿਕ ਬਾਬਿਆਂ ਦੀ ਜਾਇਦਾਦ, ਔਰਤ ਆਦਿ ਪ੍ਰਤੀ ਮੋਹ ਦਾ ਕੀ ਅਰਥ? ਜਿੱਥੋਂ ਤੱਕ ਸੰਨਿਆਸੀ ਜੀਵਨ, ਸਯੂ ਜੀਵਨ ਦਾ ਸੁਆਲ ਹੈ ਤਾਂ ਇਹਨਾਂ ਦਾ ਸਬੰਧ ਤਾਂ ਪ੍ਰਲੋਕ ਸੁਧਾਰਨ ਲਈ ਹੁੰਦਾ ਹੈ। ਪਰ ਇਹਨਾਂ ਬਾਬਿਆਂ ਦੇ ਜੀਵਨ ਨੂੰ ਵੇਖ ਕੇ ਤਾਂ ਲੱਗਦਾ ਹੈ ਕਿ ਧਰਮ ਉਹਨਾਂ ਦੇ ਇਸ ਲੋਕ ਨੂੰ ਹੀ ਸਵੱਰਗ ਬਣਾਉਣ ਦਾ ਔਜਾਰ ਬਣ ਗਿਆ ਹੈ। ਧਰਮ ਵੈਸੇ ਤਾਂ ਹਮੇਸ਼ਾ ਹੀ ਹਾਕਮ ਜਮਾਤਾਂ ਦੇ ਹੱਥਾਂ ਵਿੱਚ ਇੱਕ ਮਹੱਤਵਪੂਰਨ ਉਜਾਰ ਬਣਦਾ ਰਿਹਾ ਹੈ। ਸਾਧੂਆਂ, ਸੰਤਾਂ, ਪਾਦਰੀਆਂ ਮੌਲਵੀਆਂ ਦੀ ਵਰਤੋਂ ਹਮੇਸ਼ਾਂ ਹੀ ਹਾਕਮਾ ਨੇ ਕੀਤੀ ਹੈ ਅਤੇ ਅੱਜ ਵੀ ਕਰ ਰਹੇ ਹਨ। ਜਾਗੀਰਦਾਰੀ ਦੇ ਦੌਰ ’ਚ ਯੂਰਪ ’ਚ ਚਰਚ ਵਲੋਂ ਅਤੇ ਸਾਡੇ ਇੱਥੇ ਪੁਰੋਹਤਾਂ-ਪੰਡਿਤਾਂ ਵਲੋਂ ਰਾਜੇ ਦੀ ਸੱਤਾ ਨੂੰ ਜਾਇਜ਼ ਠਹਿਰਾਏ ਬਿਨਾਂ ਰਾਜੇ ਜਾਂ ਜਾਗੀਰਦਾਰੀ ਦੀ ਸੱਤਾ ਦਾ ਰਾਜਸੀ ਜਸਟੀਫਿਕੇਸ਼ ਪੂਰੀ ਨਹੀਂ ਹੁੰਦੀ ਸੀ। ਜ਼ਾਹਿਰਾ ਤੌਰ ’ਤੇ, ਆਖਰੀ ਵਾਜਬੀਅਤ (Justification) ਤਾਂ ਧੱਕੇ ਦੀ ਵਰਤੋਂ ਨਾਲ ਮਿਲਦੀ ਹੈ ਪਰ ਹਾਕਮ ਜਮਾਤਾਂ ਦੇ ਦਾਬੇ ਲਈ ਇਹ ਵਿਚਾਰਕ ਵਾਜਬੀਅਤ ਬੇਹੱਦ ਜ਼ਰੂਰੀ ਹੁੰਦੀ ਹੈ। ਤਰਕਸ਼ੀਲ ਤੇ ਵਿਗਿਆਨਕ ਨਜ਼ਰੀਏ ਦੀ ਘਾਟ ’ਚ ਅਤੇ ਇਕ ਜਮਾਤੀ ਸਮਾਜ ’ਚ ਆਮ ਮੇਹਨਤਕਸ਼ ਜੀਵਨ ਦੀ ਆਰਥਿਕ ਤੇ ਸਮਾਜਿਕ ਸੁਰੱਖਿਆ ਕਾਰਨ ਸਮਾਜ ਦੀ ਆਮ ਮੇਹਨਤਕਸ਼ ਜਮਾਤ ਜਾਗੀਰਦਾਰੀ ਦੇ ਦੌਰ ਤੋਂ ਪਹਿਲਾਂ ਤੋਂ ਹੀ ਧਰਮ ਦੀ ਸ਼ਰਨ ’ਚ ਜਾਂਦੀ ਰਹੀ ਹੈ। ਅਰਧ ਪੂੰਜੀਵਾਦ ਨੇ ਜਿੱਥੇ ਰਾਜ ਲਈ ਧਰਮ ਤੋਂ ਵਾਜਬੀਅਤ ਲੈਣ ਦੀ ਲੋੜ ਨੂੰ ਖ਼ਤਮ ਕਰ ਦਿੱਤਾ। ਉੱਥੇ ਨਾਗਰਿਕ ਸਮਾਜ (ਸਿਵਲ ਸੁਸਾਇਟੀ) ’ਚ ਹਾਕਮ ਜਮਾਤ ਦੇ ਕਿਲ੍ਹਿਆਂ ਵਜੋਂ ਧਾਰਮਿਕ ਤਾਣੇ ਬਾਣਿਆਂ ਦੀ ਲੋੜ ਹੋਰ ਵੀ ਜ਼ਿਆਦਾ ਵਧਾ ਦਿੱਤੀ। ਇਹੀ ਕਾਰਨ ਹੈ ਪੂੰਜੀਵਾਦ ਜੋ ਵਿਗਿਆਨਕਤਾ ਤੇ ਤਰਕਸ਼ੀਲਤਾ ਅਤੇ ਅਧੁਨਿਕਤਾ ਦਾ ਢੋਲ ਵਜਾਉਂਦਿਆਂ ਇਤਿਹਾਸ ’ਚ ਆਇਆ ਸੀ। ਉਸ ਨੇ ਬਹੁਤੀਆਂ ਥਾਵਾਂ ’ਤੇ ਦਿਖਾਵੇ ਵਜੋਂ ਰਾਜ ਦੇ ਮਾਮਲਿਆਂ ’ਚ ਧਰਮ ਦੇ ਸਿੱਧੇ ਦਖਲ ਨੂੰ ਤਾਂ ਖ਼ਤਮ ਕੀਤਾ (ਹਾਲਾਂਕਿ ਅਸਲੀਅਤ ’ਚ ਅਜਿਹਾ ਹੈ ਨਹੀਂ) ਪਰ ਸਮਾਜ ’ਚ ਇਕ ਅਜਿਹੀ ਅਸੁਰੱਖਿਆ ਤੇ ਅਲਗਾਮ ਦੀ ਹਾਲਤ ਪੈਦਾ ਕੀਤੀ ਕਿ ਧਰਮ ਦੇ ਨਵੇਂ-ਨਵੇਂ ਅਧੁਨਿਕ ਰੂਪਾਂ ਤੇ ਸੰਸਕਰਣਾ ਨੇ ਜਨਮਾਨਸ ਹੋਰ ਬੁਰੀ ਤਰ੍ਹਾਂ ਜਕੜ ਲਿਆ। ਭਾਰਤ ਦੇ ਅਰਧ ਜਾਗੀਰੂ ਅਰਧ ਬਸਤੀਵਾਦੀ ਸਮਾਜ ’ਚ ਅਣਗਿਣਤ ਬਾਬਿਆਂ ਦਾ ਖੁੰਭਾਂ ਵਾਂਗੂੰ ਗਲੀ ਮੁਹੱਲਿਆਂ ’ਚ ਉਗ ਆਉਣਾ ਤੇ ਉਹਨਾਂ ਦੀਆਂ ਵਿਸ਼ਾਲ ਪੈਰੋਕਾਰ ਮੰਡਲੀਆਂ ਪੈਦਾ ਹੋਣ ਪਿੱਛੇ ਇਹੀ ਕਾਰਨ ਹੈ। ਪਰ ਸਾਮਰਾਜੀ ਪੂੰਜੀ ਨੇ ਨਾ ਸਿਰਫ ਜਗੀਰਦਾਰੀ ਨਾਲ ਗਠਜੋੜ ਕੀਤਾ ਤੇ ਧਰਮ ਦੀ ਵਰਤੋਂ ਕੀਤੀ ਬਲਕਿ ਖੁਦ ਵੀ ਇਕ ਸੰਦ ਬਣ ਗਿਆ। ਧਰਮ ਹੁਣ ਕਾਫੀ ਮੁਨਾਫੇ ਵਾਲਾ ਧੰਦਾ ਬਣ ਚੁੱਕਿਆ ਹੈ ਅਤੇ ਕਿਸੇ ਵੀ ਅਰਧ ਜਾਗੀਰੂ ਖੇਤਰ ਵਾਂਗੂੰ ਇਸ ’ਚ ਵੀ ਕਾਫੀ ਖੁਸ਼ਹਾਲੀ ਹੈ। ਪੂੰਜੀਵਾਦ ਹੁਣ ਤੱਕ ਦੀ ਸਭ ਤੋਂ ਗਤੀਸ਼ੀਲ ਪੈਦਾਵਾਰ ਪ੍ਰਣਾਲੀ ਹੈ ਅਤੇ ਇਹ ਆਪਣੀ ਛਵੀ ਦੇ ਮੁਤਾਬਕ ਇਕ ਸੰਸਾਰ ਸਿਰਜ ਲੈਂਦਾ ਹੈ। ਪੂੰਜੀਵਾਦ ਨੇ ਧਰਮ ਨਾਲ ਅਜਿਹਾ ਹੀ ਕੀਤਾ ਹੈ। ਇਸ ਨੇ ਇਸ ਨੂੰ ਪੂੰਜੀਵਾਦੀ ਧਰਮ ’ਚ ਇਸ ਹੱਦ ਤੱਕ

ਤਬਦੀਲ ਕਰ ਦਿੱਤਾ ਹੈ ਕਿ ਧਰਮ ਖੁਦ ਇੱਕ ਧੰਦਾ ਬਣ ਗਿਆ ਹੈ। ਅਜਿਹਾ ਪਹਿਲਾਂ ਕਦੇ ਨਹੀਂ ਹੋਇਆ ਸੀ ਜੇ ਦੱਖਣੀ ਭਾਰਤ ਦੇ ਜਾਗੀਰੂ ਧਰਮ ਦੇ ਅਤੇ ਕੁੱਝ ਹੋਰ ਗੌਰ ਕਰਨ ਲਾਇਕ ਅਪਵਾਦਾਂ ਨੂੰ ਛੱਡ ਦੇਈਏ, ਜਿੱਥੇ ਮੰਦਰ ਅਰਥਚਾਰੇ ਵਜੋਂ ਮੰਦਰ ਹੀ ਸਭ ਤੋਂ ਵੱਡੇ ਜਿੰਮੀਦਾਰ ਬਣ ਗਏ ਸਨ। ਚਰਚ ਵੀ ਯੂਰਪ 'ਚ ਭੋਇੰ ਮਾਲਕ ਬਣੇ ਸਨ ਪਰ ਉਹ ਜਾਗੀਰਦਾਰੀ ਦੇ ਸਾਰੇ ਆਰਥਿਕ ਨਿਯਮ ਕਾਨੂੰਨਾ ਮੁਤਾਬਕ ਨਹੀਂ ਚਲਦੇ ਸਨ। ਅੱਜ ਸਾਮਰਾਜੀ ਪੂੰਜੀ ਨੇ ਧਰਮ ਨਾਲ ਜੋ ਗਠਜੋੜ ਕੀਤਾ ਹੈ ਉਹ ਅਨੋਖਾ ਨਹੀਂ ਹੈ। ਇਹ ਧਰਮ ਦਾ ਪੂਰਨ ਵਪਾਰੀਕਰਨ ਹੈ ਅਤੇ ਜਿੱਥੇ ਵੀ ਵਪਾਰੀਕਰਨ ਹੁੰਦਾ ਹੈ ਉਥੇ ਅਪਰਾਧੀਕਰਨ ਵੀ ਲਾਜ਼ਮੀ ਹੁੰਦਾ ਹੈ। ਅੱਜ ਧਰਮ ਦੇ ਨਾਂ 'ਤੇ ਅਰਬਾ-ਖਰਬਾਂ ਦੇ ਵਾਰੇ ਨਿਆਰੇ ਹੋ ਰਹੇ ਹਨ। ਮਠਾਂ 'ਚ ਦੇਸ਼ ਭਰ 'ਚ ਖਰਬਾਂ ਰੁਪਏ ਦੀ ਜਾਇਦਾਦ ਜਮ੍ਹਾ ਹੈ। ਬਾਬਿਆਂ ਦੀ ਆਪਣੀ ਨਿੱਜੀ ਜਾਇਦਾਦ ਦਾ ਹਿਸਾਬ ਲਾਈਏ ਤਾਂ ਉਸਦੇ ਲਈ ਕਈ ਗੀਗਾ ਬਾਈਟਸ ਦੀ ਹਾਰਡ ਡਿਸਕ ਦੀ ਲੋੜ ਪਵੇਗੀ। ਕਈ ਬਾਬਿਆਂ ਨੇ ਤਾਂ ਆਪਣੇ ਨਿੱਜੀ ਹਵਾਈ ਜਹਾਜ ਤੇ ਹੈਲੀ ਪੈਡ ਤੱਕ ਹਨ। ਉਹ ਦੇਸ਼ ਦੇ ਕਿਸੇ ਵੀ ਅਰਬਪਤੀ ਖਰਬਪਤੀ ਨੂੰ ਟੱਕਰ ਦੇ ਸਕਦੇ ਹਨ। ਖੁਦ ਆਸਰਮ ਬਾਪੂ ਦੇ ਦੇਸ਼ ਤੇ ਵਿਦੇਸ਼ 'ਚ ਮਿਲਾ ਕੇ 350 ਆਸ਼ਰਮ ਹਨ। ਜਿਹਨਾਂ ਕੋਲ ਅਥਾਹ ਜਾਇਦਾਦ ਹੈ। ਅੱਜ ਸੁਆਮੀ ਰਾਮਦੇਵ ਇਕ ਧਾਰਮਿਕ ਬਾਬਾ ਤਾਂ ਹੈ ਹੀ ਨਾਲ ਹੀ ਉਹ ਪਤੰਜਲੀ ਕੰਪਨੀ ਦਾ ਸੀ. ਈ. ਓ. ਵੀ ਹੈ। ਜੀ ਹਾਂ, ਉਹ ਕਾਰਪੋਰੇਟ ਜਗਤ ਦਾ ਕੁਸ਼ਲ ਪ੍ਰਬੰਧਕ ਵੀ ਹੈ। ਸੁਆਮੀ ਰਾਮਦੇਵ ਬਾਬਿਆਂ ਦੀ ਨਵੀਂ ਪੈਦਾਵਾਰ 'ਚ ਸਭ ਤੋਂ ਅਧੁਨਿਕ ਹੈ ਅਤੇ ਨਾਲ ਹੀ ਸਭ ਤੋਂ ਵੱਧ ਫਾਸ਼ੀਵਾਦੀ। ਧਾਰਮਿਕ ਫਾਸ਼ੀਵਾਦ ਅਤੇ ਫਾਸ਼ੀਵਾਦੀ ਰਾਸ਼ਟਰਵਾਦ ਨੂੰ ਆਪਣੇ ਪ੍ਰਵਚਨਾ ਦੀ ਚਾਸ਼ਣੀ 'ਚ ਢਾਲ ਕੇ ਸੁਆਮੀ ਰਾਮਦੇਵ ਨੇ ਭਾਰਤ 'ਚ ਫਾਸ਼ੀਵਾਦ ਉਭਾਰਨ ਦੀ ਹਰ ਸੰਭਵ ਕੋਸ਼ਿਸ਼ ਕੀਤੀ ਹੈ। ਪਿੱਛੇ ਜਿਹੇ ਹੀ ਸੁਆਮੀ ਰਾਮਦੇਵ ਨੇ 'ਭਾਰਤ ਸਵਾਭੀਮਾਨ' ਮੁਹਿੰਮ ਸ਼ੁਰੂ ਕੀਤੀ ਹੈ। ਇਹ ਮੁਹਿੰਮ ਹਰ ਤਰ੍ਹਾਂ ਨਾਲ ਅੰਨੀ ਕੌਮਪ੍ਰਸਤੀ, ਮੁੜ ਸਥਾਪਤੀ ਫਾਸ਼ੀਵਾਦੀ ਵਿਚਾਰਧਾਰਾ ਦਾ ਇਕ ਨਮੂਨਾ ਹੈ। ਸ਼੍ਰੀ ਰਵੀਸ਼ੰਕਰ ਦਾ 'ਆਰਟ ਆਫ ਲਿਵਿੰਗ' ਤਾਂ ਸਿੱਧਾ ਹੀ ਫਾਸ਼ੀਵਾਦ ਨਾਲ ਜਾ ਜੁੜਿਆ ਹੈ। ਯਾਦ ਰਹੇ ਕਿ ਮਹਾਂਰਾਸ਼ਟਰ 'ਚ ਫੜੇ ਗਏ ਹਿੰਦੂ ਫਾਸ਼ੀਵਾਦੀ ਦਹਿਸ਼ਤਗਰਦ ਹਥਿਆਰਬੰਦ ਸਿਖਲਾਈ ਰਵੀ ਸ਼ੰਕਰ ਦੇ ਆਰਟ ਆਫ ਲਿਵਿੰਗ ਦੇ ਕੈਂਪ 'ਚ ਹੀ ਕਰ ਰਹੇ ਸਨ। ਹਾਲਾਂਕਿ ਰਵੀ ਸ਼ੰਕਰ ਨੇ ਇਸ ਤੋਂ ਹੱਥ ਝਾੜ ਦਿੱਤਾ ਅਤੇ ਜਿਵੇਂ ਕਿ ਸਾਡਾ ਧਰਮ ਨਿਰਪੱਖ ਰਾਜ ਹੈ, ਇਸ ਨੇ ਕੁੱਝ ਵੀ ਨਹੀਂ ਕੀਤਾ।

ਰਵੀਸ਼ੰਕਰ 'ਤੇ ਵੀ ਸੈਕਸ ਲੁੱਟ, ਹੱਤਿਆ ਆਦਿ ਵਰਗੇ ਦੋਸ਼ ਲੰਮੇ ਸਮੇਂ ਤੋਂ ਲੱਗਦੇ ਰਹੇ ਹਨ। ਪਰ ਅਜੇ ਤੱਕ ਸਾਰੇ ਧਾਰਮਿਕ ਬਾਬੇ ਤੇ ਗੁਰੂ ਸਜ਼ਾ ਦੇ ਦਾਇਰੇ ਤੋਂ ਬਾਹਰ ਹੀ ਰਹੇ ਹਨ। ਇੱਥੇ ਇੱਕ ਕਤਾਰ 'ਚ ਸਾਰੇ ਬਾਬਿਆਂ ਦੀਆਂ ਮਿਸਾਲਾਂ ਦੀ ਲੋੜ ਨਹੀਂ ਹੈ। ਇਹਨਾਂ ਸਾਰੇ ਬਾਬਿਆਂ ਨੂੰ ਸਮੁੱਚੇ ਨੇਤਾਵਾਂ ਤੇ ਚੁਣਾਵੀ ਪਾਰਟੀਆਂ ਦੀ ਹਮਾਇਤ ਤੇ ਸਹਿਯੋਗ ਹਾਸਲ ਹੈ। ਖਾਸ ਕਰਕੇ ਭਾਜਪਾ ਇਹਨਾਂ ਸਬੰਧੀ ਬਹੁਤ ਜਜ਼ਬਾਤੀ ਰਹਿੰਦੀ ਹੈ। ਆਸਾਰਾਮ ਬਾਪੂ ਦੇ ਫਸਣ 'ਤੇ ਹੀ ਇਕੋ ਇੱਕ ਭਾਜਪਾ ਉਸ ਨੂੰ ਬਚਾਉਣ ਆਈ। ਕਾਰਣ ਵੀ ਹੈ। ਅਡਵਾਨੀ ਖੁਦ ਆਸਾਰਾਮ ਬਾਪੂ ਦੇ ਇੱਥੇ ਰੇਗੂਲਰ ਜਾਣ ਵਾਲਿਆਂ ਚੇਲਿਆਂ ਵਿੱਚੋਂ ਇੱਕ ਹਨ। ਨਰੇਂਦਰ ਮੋਦੀ ਦਾ ਵੀ ਇਸ

ਅਪਰਾਧੀ ਬਾਬੇ ਨਾਲ ਕਾਫੀ ਪਿਆਰ ਹੈ। ਇਹੀ ਕਾਰਨ ਹੈ ਆਪ ਗੁਜਰਾਤ ਰਾਜ ਦਫ਼ਤਰਾਂ, ਰਾਜ ਟਰਾਂਸਪੋਰਟ ਦੀਆਂ ਬੱਸਾਂ 'ਚ ਆਸਾਰਾਮ ਬਾਪੂ ਦੀਆਂ ਫੋਟੋ ਤੇ ਸੰਦੇਸ਼ ਵੱਡੀ ਪੱਧਰ 'ਤੇ ਲੱਗੇ ਦੇਖ ਸਕਦੇ ਹੋ। ਉਸ ਦੇ ਕਈ ਚੇਲੇ ਤਾਂ ਭਾਜਪਾ ਦੇ ਮਹੱਤਵਪੂਰਨ ਅਹੁਦੇਦਾਰ ਹਨ। ਰਵੀ ਸ਼ੰਕਰ ਦੇ ਭਗਤਾਂ ਵਿੱਚ ਹਰ ਚੁਣਾਵੀ ਪਾਰਟੀ ਦੇ ਲੰਪਟ ਸ਼ਾਮਲ ਹਨ। ਉਸਦੇ ਆਰਟ ਆਫ ਲਿਵਿੰਗ ਕੈਂਪ 'ਚ ਨਿਰਾਕਾਰ ਤੋਂ ਇਕ ਰੂਪ ਹੋ ਜਾਣ ਦੇ ਨਾਂ 'ਤੇ ਜੋ ਬਦਮਾਸ਼ੀ ਤੇ ਗੰਦ ਫੈਲਦਾ ਹੈ, ਉਸ ਵਿੱਚ ਚੋਟ ਲਾਉਣ ਲਈ ਦੇਸ਼ ਭਰ 'ਚੋਂ ਲਕੜ ਸਿਰੇ ਨੌਜਵਾਨ, ਲੰਪਨ ਨੇਤਾ, ਪੂੰਜੀਪਤੀ, ਵਿਭਚਾਰੀ ਨੌਕਰਸ਼ਾਹ ਸਭ ਪਹੁੰਚਦੇ ਹਨ। ਇਹੀ ਹਾਲ ਸਭ ਬਾਬਿਆਂ ਤੇ ਉਹਨਾਂ ਦੀਆਂ ਭਗਤ ਮੰਡਲੀਆਂ ਦਾ ਹੈ। ਇਹਨਾਂ ਦੇ ਆਸ਼ਰਮ ਵਿਭਚਾਰ, ਅਪਰਾਧ ਤੇ ਦੇਹ ਵਪਾਰ ਦੇ ਅੱਡੇ ਬਣ ਰਹੇ ਹਨ ਅਤੇ ਇਹਨਾਂ ਦੇ ਅੰਦਰ ਦੀ ਜਾਂਚ ਪੜਤਾਲ ਕਰਨਾ ਵੀ ਅਸੰਭਵ ਹੈ ਕਿਉਂਕਿ ਇਹਨਾਂ ਦਾ ਕੰਮ ਪ੍ਰਲੋਕ ਸੁਧਾਰਨ ਲਈ ਤਪੱਸਿਆ ਕਰਨਾ ਨਹੀਂ ਹੈ ਬਲਕਿ ਉਥੇ ਤਰ੍ਹਾਂ ਤਰ੍ਹਾਂ ਦੇ ਗੋਰਖ ਧੰਦੇ ਧਰਮ ਦੇ ਨਾਂ ਹੇਠ ਚਲ ਰਹੇ ਹੁੰਦੇ ਹਨ। ਜਿਹਨਾਂ ਦੀ ਕਲਪਨਾ ਕਰਨੀ ਵੀ ਮੁਸ਼ਕਿਲ ਹੈ। ਕਦੇ ਕਦਾਈਂ ਕੁੱਝ ਨਿਕਲ ਕੇ ਸਾਹਮਣੇ ਆ ਜਾਂਦਾ ਹੈ ਤਾਂ ਥੋੜ੍ਹਾ ਬਹੁਤਾ ਅੰਦਾਜ਼ਾ ਲਗਦਾ ਹੈ।

ਸੋਚਣ ਦੀ ਗੱਲ ਇਹ ਹੈ ਕਿ ਸੁਆਲ ਧਰਮ ਦੇ ਅਪਰਾਧੀਕਰਣ ਦਾ ਨਹੀਂ ਹੈ। ਇਹ ਤਾਂ ਸਿਰਫ਼ ਇੱਕ ਲੱਛਣ ਹੈ। ਅਸਲ ਸੁਆਲ ਹੈ ਧਰਮ ਦੇ ਸਾਮਰਾਜੀਕਰਣ ਦਾ। ਧਰਮ ਹਮੇਸ਼ਾਂ ਤੋਂ ਹਾਕਮ ਜਮਾਤਾਂ ਦੇ ਹਥਿਆਰ ਦਾ ਕੰਮ ਕਰਦਾ ਆ ਰਿਹਾ ਹੈ। ਧਰਮ ਨੇ ਹਮੇਸ਼ਾਂ ਹੀ ਹਾਕਮ ਜਮਾਤਾਂ ਦੇ ਦਾਬੇ ਨੂੰ ਪੂਰਨ ਕਰਨ 'ਚ ਮਦਦ ਕੀਤੀ ਹੈ, ਅੱਜ ਵੀ ਕਰ ਰਿਹਾ ਹੈ। ਸਾਮਰਾਜ ਦੇ ਭ੍ਰਿਸ਼ਟ, ਅਨਾਚਾਰੀ, ਦੁਰਾਚਾਰੀ ਹੋਣ ਦੇ ਨਾਲ ਹੀ ਧਰਮ ਦਾ ਭ੍ਰਿਸ਼ਟਾਚਾਰੀ, ਅਤਿਆਚਾਰੀ ਤੇ ਦੁਰਾਚਾਰੀ ਹੋਣਾ ਸੁਭਾਵਿਕ ਹੈ। ਇਸ 'ਤੇ ਇਸ ਗੱਲ ਦਾ ਰੋਣਾ ਨਹੀਂ ਰੋਇਆ ਜਾ ਸਕਦਾ ਕਿ ਹਾਏ-ਹਾਏ ਕਿ ਸ਼ੁੱਧ ਧਰਮ ਬਦਨਾਮ ਹੋ ਗਿਆ। ਧਰਮ ਭ੍ਰਿਸ਼ਟ ਹੋ ਰਿਹਾ ਹੈ। ਇਹ ਕਿਸੇ ਨੈਸਰ ਗਿੱਕ ਪ੍ਰੀਘਟਨਾ ਤੇ ਹੈਰਾਨੀ ਜਾਹਰ ਕਰਨ ਵਰਗਾ ਹੋਵੇਗਾ। ਧਰਮ ਕਦੀ ਪਾਰਲੌਕਿਕ ਸੀ ਹੀ ਨਹੀਂ। ਇਹ ਤਾਂ ਹਮੇਸ਼ਾਂ ਤੋਂ ਇਹ ਲੌਕਿਕ ਸੀ। ਇਸ ਲਈ ਇਹ ਤਾਂ ਹੋਣਾ ਹੀ ਸੀ। ਸਰਮਾਏਦਾਰ ਧਾਰਮਿਕ ਬਣ ਕੇ ਪਾਪ ਧੋਣ ਦੀ ਕੋਸ਼ਿਸ਼ ਕਰਦੇ ਹਨ। ਧਰਮ ਪੂੰਜੀਵਾਦੀ ਬਣ ਕੇ ਸੁਆਦ ਲੈਣਾ ਚਾਹੁੰਦਾ ਹੈ ਜੋ ਸਰਮਾਏਦਾਰਾਂ ਨੂੰ ਨਸੀਬ ਹੁੰਦੇ ਹਨ। ਇਸ ਲਈ ਧਾਰਮਿਕ ਗੁਰੂ ਹੁਣ ਮੁੱਢਲੇ ਤੌਰ 'ਤੇ ਪੂੰਜੀਪਤੀ ਅਤੇ ਧਨਾਢ ਹਨ ਅਤੇ ਅਧਿਆਤਮਕ ਗੁਰੂ ਬਾਅਦ ਵਿੱਚ ਜੋ ਵਿਲਾਸਤਾ-ਬਿਮਾਰ ਮਾਨਸਿਕਤਾ-ਅਪਰਾਧ ਦੇ ਚਿੱਕੜ 'ਚ ਲੋਟਪੋਟ ਹੋ ਰਹੇ ਹਨ।

# ਸੂਚਨਾ ਅਧਿਕਾਰ ਕਾਨੂੰਨ ਵਰਤਣ 'ਤੇ ਖਜਲਖੁਆਰੀ ਕਿਉਂ?

ਹਫਤੇ ਭਰ ਤੋਂ ਗੋਰਖਪੁਰ 'ਚ ਸਿੱਖਿਆ ਵਿਭਾਗ ਦੇ ਅਧਿਕਾਰੀ ਡਵੀਜਨ ਭਰ ਦੇ ਕਾਲਜਾਂ ਦੀ ਮਾਨਤਾ ਦੇ ਕਾਗਜ਼ਾਤ ਪੜ੍ਹ ਰਹੇ ਹਨ। 23 ਅਪ੍ਰੈਲ ਨੂੰ ਬੋਰਡ ਆਫ ਸੈਕੰਡਰੀ ਐਜੂਕੇਸ਼ਨ ਦਿੱਲੀ ਦੀ ਫਰਜੀ ਮਾਨਤਾ 'ਤੇ ਧੜੱਲੇ ਨਾਲ ਬੋਰਡ ਇਮਤਿਹਾਨ ਕਰਵਾਉਣ ਤੇ ਮਨਚਾਹੇ ਨੰਬਰ ਹਾਸਲ ਕਰਨ ਦੇ ਫਰਜੀਵਾੜੇ ਦਾ ਖੁਲਾਸਾ ਹੋਣ ਪਿੱਛੋਂ ਉਥੇ ਰੌਲਾ-ਰੱਪਾ ਪਿਆ ਹੈ ਪਰ ਦੇਵਰਿਆ ਜ਼ਿਲ੍ਹੇ ਦੇ ਆਰ. ਟੀ. ਆਈ. ਕਾਰਕੁੰਨ ਸ਼ਮੀਮ ਇਕਬਾਲ ਨੂੰ ਅਫਸੋਸ ਹੈ ਕਿ ਛੇ ਮਹੀਨੇ ਪਹਿਲਾਂ ਉਸ ਦੇ ਖੁਲਾਸੇ 'ਤੇ ਉਹੀ ਅਧਿਕਾਰੀ ਜੇ ਚੌਕੰਨੇ ਹੋ ਗਏ ਹੁੰਦੇ ਤਾਂ ਲੱਖਾਂ ਦੀ ਠੱਗੀ ਰੋਕੀ ਜਾ ਸਕਦੀ ਸੀ। ਦਰਅਸਲ ਸ਼ਮੀਮ ਨੇ 31 ਅਗਸਤ 2010 ਨੂੰ ਗੋਰਖਪੁਰ ਦੇ ਇਕ ਅਖਬਾਰ 'ਚ 'ਬੋਰਡ ਆਫ ਸੈਕੰਡਰੀ ਐਜੂਕੇਸ਼ਨ ਦਿੱਲੀ ਤੋਂ ਮਾਨਤਾ ਪ੍ਰਾਪਤ ਭਾਰਤ ਸਰਕਾਰ ਤੇ ਰਾਜ ਸਰਕਾਰਾਂ ਵਲੋਂ ਸੰਚਾਲਿਤ ਹਾਈ ਸਕੂਲ ਤੇ ਇੰਟਰਮੀਡੀਏਟ ਪੱਧਰ ਦੀ ਮਾਨਤਾ ਹਿੱਤ ਸੰਪਰਕ ਤੇ ਬੇਨਤੀ ਕਰਨ' ਵਾਲੇ ਇਕ ਸ਼ੱਕੀ ਇਸ਼ਤਿਹਾਰ 'ਤੇ ਆਰ. ਟੀ. ਆਈ. ਜ਼ਰੀਏ ਲਿਖਾਪੜ੍ਹੀ ਸ਼ੁਰੂ ਕੀਤੀ ਸੀ। ਉਸ ਵੇਲੇ ਦੇ ਸੰਯੁਕਤ ਨਿਦੇਸ਼ਕ ਸਿੱਖਿਆ ਸਤੀਸ਼ ਚੰਦਰ ਸ੍ਰੀ ਵਾਸਤਵ ਨੇ 20 ਨਵੰਬਰ ਨੂੰ ਗੋਰਖਪੁਰ ਦੇ ਜ਼ਿਲ੍ਹਾ ਕਾਲਜ ਨਿਰੀਖਕ ਨੂੰ ਚਿੱਠੀ ਲਿਖ ਕੇ 'ਫ਼ੌਰਨ ਜਾਂਚ' ਦਾ ਹੁਕਮ ਦਿੱਤਾ ਸੀ ਪਰ ਉਕਤ ਨਿਰੀਖਕ ਨੇ ਨਾ ਜਾਣੇ ਕਿਉਂ ਇਸ ਨਿਰਦੇਸ਼ 'ਤੇ ਕਾਰਵਾਈ ਕਰਨੀ ਮੁਨਾਸਬ ਨਹੀਂ ਸਮਝੀ। ਛੇ ਮਹੀਨੇ ਪਿਛੋਂ ਉਸ ਦੀ ਇਸ ਸ਼ੱਕੀ ਸੁਸਤੀ ਕਾਰਨ ਸੈਂਕੜੇ ਲੋਕ ਇਸ ਠੱਗੀ ਦਾ ਸ਼ਿਕਾਰ ਬਣ ਕੇ ਭੜਕ ਰਹੇ ਹਨ। ਪਰ ਸ਼ਮੀਮ ਨੂੰ ਪੂਰਾ ਯਕੀਨ ਹੈ ਕਿ 'ਕੁਝ ਦਿਨਾਂ ਦੀ ਅਫਰਾਤਫਰੀ ਪਿਛੋਂ ਫਿਰ ਪ੍ਰਸਾਸ਼ਨਿਕ ਕੁੰਭਕਰਨੀ ਨੀਂਦ ਸੌਂ ਜਾਣਗੇ ਅਤੇ ਠੱਗਾਂ ਦੀ ਫ਼ੌਜ ਫਿਰ ਤੋਂ ਸਰਗਰਮ ਹੋ ਜਾਵੇਗੀ।" ਦਰਅਸਲ ਅਜੇਹਾ ਮੰਨਣ ਪਿਛੇ ਉਹਨਾਂ ਕੋਲ ਕਈ ਠੋਸ ਕਾਰਣ ਵੀ ਹਨ। ਅਖਬਾਰਾਂ 'ਚ ਫਰਜੀ ਇਸ਼ਤਿਹਾਰਾਂ ਰਾਹੀਂ ਠੱਗੀ ਮਾਰਨ ਵਾਲਿਆਂ ਖਿਲਾਫ਼ ਕਈ ਕਾਮਯਾਬ ਲੜਾਈਆਂ ਲੜ ਚੁੱਕੇ ਸ਼ਮੀਮ ਅੱਧੀ ਦਰਜਨ ਤੋਂ ਵੱਧ ਅਜੇਹੇ ਕੇਸਾਂ ਦਾ ਹਵਾਲਾ ਦਿੰਦੇ ਹਨ ਜਿਹਨਾਂ ਵਿੱਚ ਠੱਗ ਅਖਬਾਰਾਂ 'ਚ ਇਸ਼ਤਿਹਾਰ ਛਪਵਾ ਕੇ ਸ਼ਹਿਰ ਦੇ ਐਨ ਵਿਚਕਾਰ ਦਫਤਰ ਖੋਹਲ ਕੇ ਆਪਣੇ ਕਾਰਨਾਮੇ ਕਰਦੇ ਰਹੇ ਅਤੇ ਵਾਰ-ਵਾਰ ਚੌਕੰਨੇ ਕਰਨ ਤੇ ਚੇਤਾਵਨੀਆਂ ਦੇਣ ਦੇ ਬਾਵਜੂਦ ਪੁਲਸ ਤੇ ਪ੍ਰਸ਼ਾਸਨ 'ਚ ਕੋਈ ਕਾਰਵਾਈ ਨਹੀਂ ਕੀਤੀ।

ਇਹਨੀ ਦਿਨੀ ਉਹ ਫਿਰ ਇਕ ਹੋਰ ਮਾਮਲੇ 'ਚ ਐਸੀ ਹੀ ਗੈਰ ਸਰਗਰਮੀ ਦੇਖ ਰਹੇ ਹਨ। ਦੇਵਰਿਆ ਦੇ ਕੁਝ ਅਖਬਾਰਾਂ 'ਚ ਉਹਨਾਂ ਨੇ ਇਕ ਇਸ਼ਤਿਹਾਰ ਵੇਖਿਆ ਜਿਸ 'ਚ ਰਾਜਧਾਨੀ ਵਾਈਨ ਲਿਮ. ਨਾਮਕ ਕੰਪਨੀ ਦਸ ਰਹੀ ਸੀ ਕਿ ਉਸਨੇ ਕੁਸ਼ੀਨਗਰ ਦੇ ਫਾਜਿਲਨਗਰ ਇਲਾਕੇ 'ਚ ਡਿਸਟਲਰੀ ਉਸਾਰਨ ਦਾ ਲਾਇਸੰਸ ਲਿਆ ਹੈ। ਕੁਝ ਦਿਨ ਪਿਛੋਂ ਉਹਨਾਂ ਦੇ ਸਹਿਯੋਗੀ ਅਨਿਲ ਰਾਇ ਨੇ ਪੂਰਵਾਂਚਲ ਖੇਤੀ ਵਿਪਗਣ ਨਿਗਮ ਲਿਮ. ਦਾ ਇਕ ਵੱਡਾ ਇਸ਼ਤਿਹਾਰ ਵੇਖਿਆ ਜਿਸ ਨੂੰ 'ਖੇਤੀ 'ਤੇ

ਅਧਾਰਤ ਤੇ ਭਾਰਤ ਸਰਕਾਰ ਵਲੋਂ ਪ੍ਰਭਾਵਿਤ' ਦੱਸਿਆ ਗਿਆ ਸੀ। ਦਿਲਚਸਪ ਇਹ ਹੈ ਕਿ ਇਸ ਦੇ ਪ੍ਰਧਾਨ ਤੇ ਸਭਾਪਤੀ ਵਜੋਂ ਉਹਨਾਂ ਨੇ ਹੀ ਕਾਂਸੀਨਾਥ ਤਿਵਾੜੀ ਦਾ ਨਾਂ ਛਾਪਿਆ ਸੀ। ਜੋ ਰਾਜਧਾਨੀ ਵਾਈਨ ਲਿਮਟਿਡ ਦੇ ਮੁਖੀ/ਪ੍ਰਬੰਦਕ ਨਿਰਦੇਸ਼ਕ ਵਜੋਂ ਦੂਜੇ ਇਸ਼ਤਿਹਾਰ 'ਚ ਮੌਜੂਦ ਸਨ। ਹੈਰਾਨ ਕਰਨ ਵਾਲੀ ਗੱਲ ਇਹ ਸੀ ਕਿ ਇਥੇ ਉਹਨਾਂ ਦੇ ਨਾਂ ਦੇ ਅੱਗੇ "ਰਾਜਮੰਤਰੀ ਦਾ ਦਰਜਾ ਪ੍ਰਾਪਤ" ਵੀ ਲਿਖਿਆ ਗਿਆ ਸੀ। ਸਰਗਰਮ ਪਤ੍ਰਕਾਰ ਤੇ ਸਰਗਰਮ ਕਾਰਕੁੰਨ ਹੋਣ ਕਰਕੇ ਸ਼ਮੀਮ ਤੇ ਰਾਇ ਨੂੰ ਇਸ ਨਾਂ ਦੇ ਰਾਜ ਮੰਤਰੀ ਹੋਣ 'ਤੇ ਸ਼ੱਕ ਹੋਇਆ ਤਾਂ ਉਹਨਾਂ ਲਿਖਾ-ਪੜ੍ਹੀ ਕੀਤੀ ਤੇ ਉਹਨਾਂ ਨੇ ਸੂਚਨਾ ਅਧਿਕਾਰ ਕਾਨੂੰਨ ਰਾਹੀਂ ਜੋ ਸੂਚਨਾਵਾਂ ਮਿਲੀਆਂ। ਉਹ ਹੈਰਾਨ ਕਰਨ ਵਾਲੀਆਂ ਹਨ। ਉਤਰ ਪ੍ਰਦੇਸ਼ ਦੇ ਆਬਕਾਰੀ ਕਮਿਸ਼ਨਰ ਦਫ਼ਤਰ ਤੋਂ ਮਿਲੇ ਜੁਆਬ ਮੁਤਾਬਕ "ਰਾਜਧਾਨੀ ਵਾਈਨ ਦੇ ਨਾਂ ਹੇਠ ਕੋਈ ਇਸ਼ਤਿਹਾਰ ਮੰਨਜੂਰ ਨਹੀਂ ਹੈ ਅਤੇ ਸ਼ਰਾਬ ਪੈਦਾਵਾਰ 'ਚ ਐਸੀ ਕੋਈ ਇਕਾਈ ਸਰਗਰਮ ਨਹੀਂ ਹੈ ਇਸ ਤੋਂ ਇਲਾਵਾ ਫਾਜਿਲ ਨਗਰ 'ਚ ਰਾਜਧਾਨੀ ਵਾਈਨ ਲਿਮ. ਨੂੰ ਡਿਸਟਲਰੀ ਉਸਾਰਨ ਹਿੱਤ ਕੋਈ ਲਾਇਸੰਸ ਨਹੀਂ ਦਿੱਤੀ ਗਿਆ ਹੈ।" ਇਸ ਤਰ੍ਹਾਂ ਕੰਪਨੀ ਰਜਿਸਟਰਾਰ ਦਫਤਰ ਦੇ ਕੇਂਦਰੀ ਸੂਚਨਾ ਅਧਿਕਾਰੀ ਸੰਜੈ ਬੋਸ ਵਲੋਂ 24 ਮਾਰਚ 2011 ਨੂੰ ਦੇ ਜੁਆਬ ਮੁਤਾਬਕ ਪੂਰਵਾਂਚਲ ਖੇਤੀ ਵਿਪਣਨ ਨਿਗਮ ਲਿਮ. ਨਾਂ ਹੇਠ ਚਲਾਈ ਜਾਂਦੀ ਫਰਜੀ ਕੰਪਨੀ ਤੇ ਸੰਚਾਲਕਾਂ ਖਿਲਾਫ਼ ਐਫ ਆਈ ਆਰ ਦਰਜ ਕਰਵਾਈ ਗਈ ਹੈ ਅਤੇ ਕੰਪਨੀ ਕਾਨੂੰਨ 1950 ਦੀ ਧਾਰਾ 631 ਦੇ ਤਹਿਤ ਸ਼ਕਾਇਤ ਵੀ ਦਾਖਲ ਕਰਵਾਈ ਗਈ ਹੈ। ਸਪੱਸ਼ਟ ਹੈ ਕਿ ਉਕਤ ਦੋਨੋਂ ਸੰਸਥਾਵਾਂ ਝੂਠ ਤੇ ਫਰੇਬ ਦੀ ਬੁਨਿਆਦ 'ਤੇ ਖੜ੍ਹੀਆਂ ਹਨ ਪਰ ਮੁੱਖ ਮੰਤਰੀ ਦਫਤਰ ਜਾਂ ਖੇਤੀ ਨਿਰਦੇਸ਼ਕ ਦਫ਼ਤਰ ਦੀ ਪੱਧਰ ਤੋਂ ਹੁਣ ਤੱਕ ਕੋਈ ਕਾਰਵਾਈ ਨਹੀਂ ਹੋਈ ਹੈ ਅਤੇ ਮਰਜੀਵਾੜਾ ਧੜੱਲੇ ਨਾਲ ਜਾਰੀ ਹੈ। ਕਥਿਤ ਨਿਗਮ ਦੀ ਵੈਬਸਾਈਟ 'ਤੇ ਕਿਸਾਨਾਂ ਨੂੰ ਕਰਜੇ ਦੇਣ ਅਤੇ ਜਮ੍ਹਾ ਕਰਾਉਣ ਦੀਆਂ ਸਾਰੀਆਂ ਸਕੀਮਾਂ ਚਮਕ ਰਹੀਆਂ ਹਨ ਅਤੇ ਹਜ਼ਾਰਾਂ ਲੋਕ ਠੱਗੀ ਦਾ ਸ਼ਿਕਾਰ ਹੋ ਰਹੇ ਹਨ। ਤਿਵਾੜੀ 'ਤੇ ਇਸ ਤੋਂ ਪਹਿਲਾਂ ਵੀ ਨਗਰ ਸਹਿਕਾਰੀ ਬੈਂਕ ਦੇ ਨਾਂ ਹੇਠ ਗੜਬੜਾਂ ਦੇ ਗੰਭੀਰ ਦੋਸ਼ ਹਨ ਪਰ ਪ੍ਰਸ਼ਾਸਨਿਕ ਕੁੰਭਕਰਣੀਆਂ ਦੀ ਮੇਹਰਬਾਨੀ ਕਰਕੇ ਇਹ ਕਥਿਤ ਰਾਜ ਮੰਤਰੀ ਹੁਣ ਵੀ ਲਾਲ ਨੀਲੀ ਬੱਤੀ ਵਾਲੀ ਕਾਰ ਵਿੱਚ ਘੁੰਮ ਰਿਹਾ ਹੈ। 'ਕਦੀ ਕਾਂਗਰਸ ਦਾ ਸਾਥ ਦੇਣ' 'ਤੇ ਕਦੀ "ਬ੍ਰਾਹਮਣ ਮਹਾਂ-ਸੰਮੇਲਨ" ਦੇ ਆਯੋਜਨ ਨਾਲ ਆਪਣੀਆਂ ਲਾਲਸਾਵਾਂ ਦੀ ਖੇਤੀ ਕਰ ਰਿਹਾ ਹੈ। ਉਹਨਾਂ ਨੇ ਐਲਾਨ ਕੀਤਾ ਹੈ ਕਿ ਉਹਨਾਂ ਦੀ ਅਗਵਾਈ ਵਾਲਾ 'ਵਿਕਾਸ ਮੰਚ' ਬਸਪਾ ਸਰਕਾਰ ਵਿਰੁੱਧ 110 ਉਮੀਦਵਾਰ ਖੜ੍ਹਾ ਕਰੇਗਾ।

ਪ੍ਰਸਾਸਨਿਕ ਕੁੰਭਕਰਣ ਦਾ ਫਾਇਦਾ ਸਿਰਫ਼ ਤਿਵਾੜੀ ਵਰਗੇ ਲੋਕ ਹੀ ਨਹੀਂ ਉਠਾ ਰਹੇ, ਭ੍ਰਿਸ਼ਟ ਨੌਕਰਸ਼ਾਹਾਂ ਨੂੰ ਵੀ ਇਸ ਤੋਂ ਰਾਹਤ ਮਿਲਦੀ ਹੈ। ਵੇਰਵਿਆਂ 'ਚ ਵੀ ਕਾਂਗਰਸ ਦੇ ਸੂਚਨਾ ਧਿਕਾਰ ਟਾਸਕ ਫੋਰਸ ਦੇ ਚੇਅਰਮੈਨ ਤੇ ਜੁਝਾਰੂ ਆਰਟੀ ਆਈ ਕਾਰਕੁੰਨ ਰਾਘਵੇਂਦਰ ਸਿੰਘ ਰਕੇਸ ਨੇ ਰੁਦਰਪੁਰ ਤਹਿਸੀਲ ਦੇ ਭਵਨ ਮੁਰੰਮਤ ਦੇ ਨਾਂ ਹੇਠ 2006-07 'ਚ ਹੋਏ 693 ਲੱਖ ਦੇ ਘਪਲੇ 'ਤੇ ਲਿਖਾਪੜ੍ਹੀ ਸ਼ੁਰੂ ਕੀਤੀ ਤਾਂ ਉਸ ਵੇਲੇ ਦੇ ਕਮਿਸ਼ਨਰ ਪੀ. ਕੇ. ਮਹੰਤੀ ਨੇ ਉਪਨਿਰਦੇਸ਼ਕ ਅਰੁਥਤੈ ਸੰਖਿਆ ਏ. ਕੇ ਪਾਂਡੇ ਤੋਂ ਜਾਂਚ ਕਰਵਾਈ, ਜਾਂਚ ਬਿਨਾਂ ਟੈਂਡਰ ਦੇ ਲੱਖਾਂ ਦਾ ਕੰਮ ਕਰਾਉਣ,

ਬਿਨਾ ਐਮ. ਬੀ. ਤੇ ਬਿਨਾਂ ਆਗਊਂਨ ਮੰਨਜੂਰੀ ਦੇ ਭੁਗਤਾਨ ਕਰਨ ਵਰਗੇ ਅਨੇਕਾਂ ਗੰਭੀਰ ਘਪਲੇ ਸਾਬਤ ਹੋਏ, ਰੀਪੋਟ ਆਉਂਦਿਆਂ ਹੀ ਦੋਨੋਂ ਆਈ ਏ ਐਸ ਅਫਸਰਾਂ ਨੇ ਦੋਬਾਰਾ ਜਾਂਚ ਕਰਨ ਦੀ ਮੰਗ ਕੀਤੀ। ਅਪਰ ਕਮਿਸ਼ਨਰ ਬੀਪੀ ਸ੍ਰੀ ਵਾਸਤਵ ਨੇ ਜਾਂਚ ਸ਼ੁਰੂ ਕੀਤੀ ਤਾਂ ਸ਼ਕਾਇਤ ਕਰਤਾ ਤੋਂ ਹੀ ਹਲਫਨਾਮਾ ਮੰਗਣਾ ਸ਼ੁਰੂ ਕਰ ਦਿੱਤਾ। ਰਕੇਸ਼ ਨੇ ਇਸ ਦੇ ਲਿਖਤੀ ਹੁਕਮ ਦੀ ਮੰਗ ਕੀਤੀ ਤਾਂ ਉਨ੍ਹਾਂ ਨੂੰ ਜੁਆਬ ਤਾਂ ਨਹੀਂ ਮਿਲਿਆ ਪਰ ਇਹ ਚਿੱਠੀ ਜ਼ਰੂਰ ਮਿਲ ਗਈ ਕਿ ਹਲਫਨਾਮਾ ਨਾ ਮਿਲਣ ਕਰਕੇ ਇਹ ਮਾਮਲਾ ਖ਼ਤਮ ਕੀਤਾ ਜਾਂਦਾ ਹੈ। ਮਾਮਲੇ ਨੂੰ ਲੋਕ ਕਮਿਸ਼ਨ ਤੇ ਨਿਆਂਪਾਲਿਕਾ 'ਚ ਲੈ ਗਏ ਰਾਕੇਸ਼ ਸੁਆਲ ਕਰਦੇ ਹਨ "ਕੀ ਇਹ ਨਾ ਮੰਨਿਆ ਜਾਵੇ ਕਿ ਸਰਕਾਰੀ ਤੰਤਰ ਨੂੰ ਆਪਣੇ ਹੀ ਅਫਸਰ ਵਲੋਂ ਕੀਤੀ ਜਾਂਚ 'ਤੇ ਵਿਸਵਾਸ਼ ਨਹੀਂ ਹੈ?"

ਅਜੇਹੇ 'ਚ ਜਾਨ ਖਤਰੇ 'ਚ ਪਾ ਕੇ ਵੀ ਸੱਚ ਬੋਲਣ ਵਾਲੇ ਆਰ ਟੀ ਆਈ ਕਾਰਕੁੰਨ ਨਿਰਾਸ਼ ਹੋ ਰਹੇ ਹਨ। ਵਿਡੰਬਨਾ ਇਹ ਹੈ ਕਿ ਮਿਸ਼ਨ 2012 'ਤੇ ਕੰਮ ਕਰ ਰਹੇ ਕਾਂਗਰਸੀ ਯੁਵਰਾਜ ਯੂ. ਪੀ. 'ਚ NRHM ਦੇ ਘਪਲੇ ਲਈ ਆਪਣੀ ਹਾਜ਼ਰੀ 'ਚ ਆਰ ਟੀ ਆਈ ਮੰਗ ਕਰਾਉਂਦੇ ਹਨ ਪਰ ਉਹਨਾਂ ਦੀ ਪਾਰਟੀ ਦੀ ਸਰਕਾਰ ਅਜੇਹੀ ਮੰਗ ਤੋਂ ਜਾਹਰ ਸਚਾਈਆਂ 'ਤੇ ਹਰਕਤ ਦੀ ਬਜਾਏ ਸੁਸਤੀ ਹੀ ਵਿਖਾਉਂਦੀ ਹੈ।

# ਰਾਜਨੇਤਾ, ਰਾਜਸੀ ਪਾਰਟੀਆਂ ਤੇ ਸੰਸਦੀ ਪ੍ਰਣਾਲੀ

ਸਿਆਸੀ ਆਗੂ, ਰਾਜਸੀ ਪਾਰਟੀਆਂ ਤੇ ਸੰਸਦੀ ਪ੍ਰਣਾਲੀ ਆਦਿ ਵੈਸੇ ਤਾਂ ਲੰਮੇ ਸਮੇਂ ਤੋਂ ਆਮ ਲੋਕਾਂ ਦੀ ਨਫ਼ਰਤ ਤੇ ਗੁੱਸੇ ਦਾ ਸ਼ਿਕਾਰ ਰਹੇ ਹਨ ਪਰ ਪਿੱਛੇ ਜਿਹੇ ਹੀ ਅੰਨਾ ਹਜ਼ਾਰੇ ਤੇ ਉਸ ਦੀ ਟੀਮ ਦੇ ਅਗਸਤ ਮਹੀਨੇ ਦੇ ਦੂਜੇ ਪਖਵਾੜੇ ਦੇ ਨਾਟਕੀ ਸੰਘਰਸ਼ ਨੇ ਇਹਨਾਂ ਨੂੰ ਹੋਰ ਵੀ ਵੱਧ ਨਿਸ਼ਾਨੇ 'ਤੇ ਲਿਆਂਦਾ ਹੈ। ਰਾਜਸੀ ਆਗੂਆਂ ਦਾ ਖੂਬ ਮਜ਼ਾਕ ਉਡਾਇਆ ਤੇ ਉਸ ਤੋਂ ਕੁਝ ਘੱਟ ਹੀ ਗਾਲਾਂ ਦਿੱਤੀਆਂ ਗਈਆਂ। ਅਸਲ 'ਚ ਇਸ ਸਭ ਦੇ ਲਈ ਉਹ ਖੁਦ ਹੀ ਜ਼ਿੰਮੇਵਾਰ ਹੈ ਅਤੇ ਜਦ ਉਹਨਾਂ ਨੇ ਆਪਣੀ ਸ਼ਾਖ, ਆਪਣਾ ਮਾਣ ਸਨਮਾਨ, ਆਪਣੇ ਅਧਿਕਾਰਾਂ ਦੀ ਚਿੰਤਾ ਸਤਾਉਣ ਲੱਗੀ ਹੈ। ਰਾਜਸੀ ਪਾਰਟੀਆਂ ਦੀ ਦੁਰਦਸ਼ਾ ਹੋਣ ਦੇ ਨਾਲ ਅਜੇਹੇ ਲੋਕ ਤੇ ਸੰਸਥਾਵਾਂ ਸਾਹਮਣੇ ਆਈਆਂ ਹਨ। ਜੋ ਉਸ ਸ਼ਾਖ, ਮਾਨ-ਸਨਮਾਨ ਤੇ ਅਧਿਕਾਰਾਂ ਦਾ ਦਾਅਵਾ ਕਰ ਰਹੀਆਂ ਹਨ ਜੋ ਕਦੀ ਰਾਜਸੀ ਆਗੂਆਂ, ਪਾਰਟੀਆਂ ਤੇ ਸੰਸਦੀ ਸੰਸਥਾਵਾਂ ਆਦਿ ਨੂੰ ਹਾਸਲ ਸੀ। ਹਾਲਾਂਕਿ ਉਪਰੋਕਿਤ ਵਿਅਕਤੀ, ਸੰਸਥਾਵਾਂ ਆਪਣੀ ਜਾਇਦਾਦ ਸਬੰਧੀ ਵਿਕਾਸ ਤੇ ਵਿਸਥਾਰ ਦੀ ਹਰ ਪੱਧਰ 'ਤੇ ਸ਼ਕੀ ਹਨ।

ਉਹਨਾਂ ਦੇ ਹਰ ਕਦਮ ਦੇ ਨਾਲ ਜੋ ਗੱਲਾਂ ਸਾਹਮਣੇ ਆਉਂਦੀਆਂ ਹਨ, ਉਹ ਆਪ ਕੁਝ ਲੋਕ ਪੱਖ ਦਾ ਨੇਕਾਬ ਪਹਿਨ ਕੇ ਰੱਖਦੀਆਂ ਹਨ। ਪਰ ਆਪਣੇ ਤੱਤ 'ਚ ਉਹਨਾਂ ਅੰਦਰ ਕੁੱਟ-ਕੁੱਟ ਕੇ ਪਿਛਾਖੜ ਜਾਂ ਵੱਧ ਸਹੀ ਆਖੀਏ ਤਾਂ ਫਾਸ਼ੀਵਾਦ ਭਰਿਆ ਹੈ। ਦੋ ਰਾਹ ਹਨ। ਇਕ ਪਾਸੇ ਗਲੀਆਂ ਸੜੀਆਂ ਪੂੰਜੀਵਾਦੀ ਪਾਰਟੀਆਂ, ਉਹਨਾਂ ਦੀ ਸ਼ਾਖ ਤੇ ਆਧਾਰ ਗੁਆਉਂਦੇ ਨੇਤਾ ਤੇ ਪਾਰਲੀਮਾਨੀ ਪ੍ਰਣਾਲੀ ਜਿਸ ਬਾਰੇ ਕਦੀ ਜਾਰਜ਼, ਫਰਨਾਡੇਜ਼ ਵਰਗੇ ਨੇਤਾ ਨੇ ਸੁਸਾਇਟੀ ਤੇ ਉਹਨਾਂ ਪਿਛੇ ਸਵਰਨ ਆਧਾਰ ਵਾਲੀ ਹਿੰਦੂ ਫਾਸਿਸਟ ਜਥੇਬੰਦੀ ਆਰ. ਐਸ. ਐਸ.। ਇੱਥੇ ਸੌਖਾ ਜਿਹਾ ਨਿਯਮ ਹੈ ਦੂਸਰੀ ਸਖਸ਼ੀਅਤਾਂ, ਸੰਸਥਾਵਾਂ ਉਨੀਆਂ ਹੀ ਆਪਣੇ ਆਪ ਨੂੰ ਸਾਫ਼-ਸੁਥਰੀਆਂ ਸਾਬਤ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ। ਜਿੰਨੀਆਂ ਉਹ ਪਹਿਲਾਂ ਪਹਿਲੀਆਂ ਸਖਸ਼ੀਅਤਾਂ ਸੰਸਥਾਵਾਂ ਨੂੰ ਨਿਕੰਮੀਆਂ ਤੇ ਬੁਧੂ ਦਿਖਾਉਣਗੀਆਂ। ਸੱਚ ਤਾਂ ਇਹੀ ਹੈ ਉਹੋ ਜਿਹੀਆਂ ਹੀ ਹਨ ਅਤੇ ਜੇ ਉਹਨਾਂ ਦੀ ਚੱਲੀ ਤਾਂ ਹੋਰ ਵੀ ਵੱਧ ਬੁਰੀਆਂ ਤੇ ਭਿਆਨਕ ਸਾਬਤ ਹੋਣਗੀਆਂ। ਹਿਟਲਰ ਪਾਰਲੀਮੈਂਟ ਵਰਗੀਆਂ ਸੰਸਥਾਵਾਂ ਤੇ ਪੂੰਜੀਵਾਦੀ ਪਾਰਟੀਆਂ ਆਦਿ ਨੂੰ ਤਿਆਗ ਕੇ ਜਾਂ ਰੱਦ ਕਰਕੇ ਹੀ ਅੱਗੇ ਆਇਆ ਸੀ। ਉਸ ਦਾ ਰਾਸ਼ਟਰਵਾਦ ਅੰਨਾ ਹਜ਼ਾਰੇ ਤੋਂ ਕਿਤੇ ਵੱਧ ਉਤਸ਼ਾਹ ਵਾਲਾ ਖਿਚ ਪਾਊ ਤੇ ਭਰਮਾਊ ਸੀ। ਕੋਈ ਹੈਰਾਨੀ ਦੀ ਗੱਲ ਨਹੀਂ ਹੈ ਕਿ ਅੰਨਾ ਹਜ਼ਾਰੇ ਤੇ ਉਸ ਦਾ ਸਮੂਹ ਦੱਖਣ ਪੰਥੀ ਰਾਜਨੀਤੀ ਤੇ ਬਿੰਬਾਂ-ਪ੍ਰਤੀਕਾਂ ਦੀ ਵਰਤੋਂ ਨੂੰ ਐਵੇਂ ਹੀ ਵਰਤ ਕੇ ਹੱਲਾਸ਼ੇਰੀ ਨਹੀਂ ਦੇ ਰਿਹਾ ਹੈ। 'ਰਾਈਟ ਯੂਰੀਕਾਲ' 'ਰਾਈਟ ਟੂ ਰੀਐਕਸ਼ਨ' 'ਐ ਪੀ ਅਕਾਊਟਬੀਲੇਟੀ' ਵਰਗੇ ਨਾਹਰਿਆਂ ਤੇ ਕੰਮਾਂ ਨੂੰ ਇਕ ਵਾਰੀ ਫਿਰ 'ਸਿਵਲ ਸੁਸਾਇਟੀ' ਦੇ ਹੱਥਾਂ ਆ ਜਾਣ ਦਿਉਂ ਫਿਰ ਵੇਖਿਓ ਲੋਕਪਾਲ ਤੇ ਉਹਨਾਂ ਦੇ ਨਾਲ ਹੋਵੇਗਾ। ਭਾਰਤ 'ਚ ਇਕੀਵੀਂ ਸਦੀ ਦਾ ਇਕਦਮ ਭਾਰਤੀਆਂ ਗੁਣਾ ਵਾਲਾ ਫਾਸ਼ੀਵਾਦ। ਇਹ ਨਵ-ਜਨਮਿਆ ਤੇ ਉਭਰਿਆ ਫਾਸ਼ੀਵਾਦੀ ਰੁਝਾਣ ਭਾਰਤ ਦੀਆਂ ਨਵੀਆਂ ਆਰਥਿਕ ਨੀਤੀਆਂ ਦੇ ਨਾਲ ਪੈਦਾ ਹੋਈ ਨਵੀਂ ਮੱਧਸ਼੍ਰੇਣੀ ਦਾ ਹਰਮਨ ਪਿਆਰਾ ਰਾਜਸੀ ਸੰਘਰਸ਼

ਹੈ। ਇਹ ਹਰ ਲਿਹਾਜ ਨਾਲ ਉਸਦੇ ਲਈ ਮੁਫੀਦ ਬਹਿੰਦਾ ਹੈ। ਉਸਦੇ ਦਿਲ ਦੀ ਪੁਕਾਰ ਹੈ, ਇਥੇ ਇਹ ਨਹੀਂ ਹੋ ਸਕਦਾ ਹੈ ਕਿ ਤੁਸੀਂ ਇਕ ਦਾ ਵਿਰੋਧ ਕਰਦਿਆਂ ਦੂਜੇ ਦੀ ਹਮਾਇਤ ਕਰੋਂ ਜਾਂ ਇੱਕ ਨੂੰ ਦੂਜੇ ਤੋਂ ਚੰਗਾ ਦੱਸੋ। ਸੱਚ ਇਹ ਹੈ ਕਿ ਪਹਿਲੇ ਦੇ ਗਲਣ-ਸੜਣ ਕਰਕੇ ਹੀ ਦੂਜੇ ਦੇ ਜਨਮ ਤੇ ਵਿਕਾਸ ਦੀ ਹਾਲਤ ਪੈਦਾ ਹੋ ਰਹੀ ਹੈ। ਜੇ ਭਰਿਸ਼ਟ ਰਾਜਨੇਤਾ, ਮੰਤਰੀ, ਸਾਂਸਦ ਆਦਿ ਨਾ ਹੋਣ ਤਾਂ ਅੰਨਾ ਹਜ਼ਾਰੇ, ਕਿਰਨ ਬੇਦੀ, ਅਰਵਿੰਦ ਕੇਜ਼ਰੀਵਾਲ ਵਰਗੇ ਚਿਹਰੇ ਵੀ ਮੰਚ ’ਤੇ ਹਾਜ਼ਰ ਨਾ ਹੁੰਦੇ ਅਤੇ ਇਹ ਹੋ ਨਹੀਂ ਸਕਦਾ ਕਿ ਨਿੱਜੀ ਜਾਇਦਾਦ ਦੀ ਪ੍ਰਣਾਲੀ ਤੇ ਵਿਤ ਪੂੰਜੀ ਸਰਕਾਰ, ਪਾਰਟੀਆਂ ਨੂੰ ਭ੍ਰਿਸ਼ਟ ਨਾ ਕਰੇ। ਉਹਨਾਂ ਤੋਂ ਆਪਣੀ ਮਨਮਰਜ਼ੀ ਦੀ ਚਾਕਰੀ ਨਾ ਕਰਾਵੇ। ਸੱਚ ਤਾਂ ਇਹ ਹੈ ਕਿ ਇਸ ਚਾਕਰੀ ਦੌਰਾਨ ਉਹ ਇਮਾਨਦਾਰੀ ਨਾਲ ਕੰਮ ਕਰਨ ਇਸ ਦੇ ਲਈ ਜਨ ਲੋਕਪਾਲ ਬਿੱਲ, ਐਮ. ਪੀ. ਅਕਾਉਂਟੀ ਬਿਲਟੀ ਆਦਿ ਸੰਸਥਾਵਾਂ ਤੇ ਕਾਨੂੰਨ ਪੇਸ਼ ਕੀਤੇ ਜਾ ਰਹੇ ਹਨ। ਦਲਾਲ ਸਰਮਾਏਦਾਰੀ ਪ੍ਰਣਾਲੀ ਦੀ ਜੋ ਦੁਰਗਤੀ ਭਾਰਤ ’ਚ ਹੋ ਰਹੀ ਹੈ। ਉਹੀ ਸਭ ਕੁਝ ਘੱਟ ਜਾਂ ਵੱਧ ਹੋਰਾਂ ਦੇਸ਼ਾਂ ’ਚ ਹੋ ਰਹੀ ਹੈ। ਬ੍ਰਿਟੇਨ ਦੀ ਮਿਸਾਲ ਸਾਡੇ ਸਾਹਮਣੇ ਹੀ ਹੈ ਅਤੇ ਇਹ ਵੀ ਇਸ ਸੰਸਦੀ ਤੇ ਪੂੰਜੀਵਾਦ ਦਾ ਪਹਿਲਾ ਨਮੂਨਾ ਰਿਹਾ ਹੈ। ਬ੍ਰਿਟੇਨ, ਜਪਾਨ, ਅਸਟ੍ਰੇਲੀਆ, ਇਟਲੀ ਆਦਿ ਹਰ ਥਾਂ ਤੋਂ ਜੋ ਪਤਨ ਦੀ ਆਵਾਜ਼ ਉਭਰੀ ਰਹੀ ਹੈ। ਇਸ ਦੇ ਨਾਲ ਹੀ ਇਹਨਾਂ ਸਾਰੀਆਂ ਥਾਵਾਂ ’ਚ ਫਾਸ਼ੀਵਾਦ, ਨਵਫਾਸੀਵਾਦ ਰੁਝਾਣ ਵੀ ਪੈਦਾ ਹੋ ਰਹੇ ਹਨ।

ਨਾਰਵੇ ਦੀ ਘਟਨਾ ਨੇ ਤਾਂ ਕਈਆਂ ਦੇ ਹੋਸ਼ ਉਡਾ ਦਿੱਤੇ ਹਨ। ਪਰ ਇਕ ਗਲਦੀ ਸੜਦੀ ਪ੍ਰਣਾਲੀ ’ਚ ਇਸ ਤੋਂ ਵੱਧ ਉਮੀਦ ਵੀ ਕੀ ਕੀਤੀ ਜਾ ਸਕਦੀ ਹੈ। ਅਰਧ ਸਰਮਾਏਦਾਰੀ ਤੇ ਅਰਧ ਜਗੀਰਦਾਰੀ ਦਾ ਸੰਕਟ ਡੂੰਘਾ ਹੁੰਦਾ ਜਾ ਰਿਹਾ ਹੈ। ਦਹਾਕਿਆਂ ਤੋਂ ਉਸ ਦਾ ਅਰਥਚਾਰਾ ਹੀ ਨਹੀਂ ਰਾਜਸੀ ਤੇ ਸਮਾਜਕ ਪ੍ਰਣਾਲੀ ਵੀ ਘੋਰ ਸੰਕਟ ਦੇ ਪਤਨ ਦਾ ਸਾਹਮਣਾ ਕਰ ਰਹੀ ਹੈ। ਭਾਰਤ ’ਚ ਅਰਧ ਜਾਗੀਰੂ, ਅਰਧ ਬਸਤੀਵਾਦੀ ਪ੍ਰਣਾਲੀ ਦੇ ਸੰਕਟ ਦੇ ਹੋਰ ਡੂੰਘਾ ਹੋਣ ਨੂੰ ਕਿਹੜੇ ਸੁਧਾਰਾ ਰਾਹੀਂ ਵੱਧ ਤੋਂ ਵੱਧ ਸਿਰਫ਼ ਟਾਲਿਆ ਹੀ ਜਾ ਸਕਦਾ ਹੈ। ਖ਼ਤਮ ਨਹੀਂ ਕੀਤਾ ਜਾ ਸਕਦਾ।

ਅੰਨਾ ਦੇ ਨੁਸਖੇ, ਰਾਹੁਲ-ਸੋਨੀਆ ਦੇ ਟੂਣੇ ਆਦਿ ਕੁਝ ਵੀ ਉਸ ਨੂੰ ਨਹੀਂ ਬਚਾ ਸਕਦੇ। ਹਿੰਦੂ ਫਾਸ਼ੀਵਾਦੀ ਤਜਰਬੇ ਨਾਲ ਵੀ ਉਸ ਨੂੰ ਲੰਬੀ ਉਮਰ ਨਹੀਂ ਮੁਹੱਈਆ ਕੀਤੀ ਜਾ ਸਕਦੀ ਹੈ। ਇਸ ਦੀ ਉਮਰ ਪਹਿਲਾਂ ਹੀ ਪੂਰੀ ਹੋ ਚੁੱਕੀ ਹੈ, ਇਹ ਮਰਨਕੰਡੇ ਹੈ। ਇਸਦੇ ਨਾਲ ਹੀ ਪੂੰਜੀਵਾਦੀ ਰਾਜਸੀ ਪਾਰਟੀਆਂ, ਸੰਸਦੀ ਲੋਕਤੰਤਰ ਆਦਿ ਦੀ ਵੀ ਉਮਰ ਪੁੱਗ ਚੁੱਕੀ ਹੈ। ਇਹ ਸਭ ਆਪਣੇ ਤਰਸਯੋਗ ਅੰਤ ਵੱਲ ਵੱਧ ਰਹੇ ਹਨ। ਇਸ ਦੀ ਭੂਮਿਕਾ ਖ਼ਤਮ ਹੋ ਚੁੱਕੀ ਹੈ। ਹੁਣ ਰਾਹ ਹੈ ਸਿਰਫ਼ ਇੱਕ, ਇਹ ਹੈ ਸਮਾਜਵਾਦ, ਪੂੰਜੀ ਦੇ ਰਾਜ ਦਾ ਅੰਤ ਤੇ ਕਿਰਤ ਦੇ ਰਾਜ ਦੀ ਸਥਾਪਨਾ। ਇਕ ਨਵੀਂ ਸਮਾਜਕ ਪ੍ਰਣਾਲੀ ਦੀ ਉਸਾਰੀ ਨਵ-ਜਮਹੂਰੀ ਇਨਕਲਾਬ ਰਾਹੀਂ ਕੀਤੀ ਜਾਵੇ। ਇਸ ਦੀ ਪਹਿਲੀ ਸੁਰਤ ਹੈ ਕਿ ਪੂੰਜੀਵਾਦ ਨੂੰ ਢਹਿ ਢੇਰੀ ਕੀਤਾ ਜਾਵੇ। ਮਜ਼ਦੂਰ ਵਰਗ ਦੀ ਸੱਤਾ, ਕਿਸਾਨਾਂ ਤੇ ਹੋਰ ਮੇਹਨਤਕਸ਼ ਹੀ ਕਾਨੂੰਨ ਬਣਾਵੇ, ਉਹੀ ਲਾਗੂ ਕਰੇ ਤੇ ਉਹੀ ਨਿਆਂ ਕਰੇ। ‘ਜੋ ਮੇਹਨਤ ਕਰੇਗਾ, ਉਹੀ ਖਾਏਗਾ’ ਜਾਂ ‘ਯੋਗਤਾ ਅਨੁਸਾਰ ਕੰਮ ਤੇ ਕੰਮ ਅਨੁਸਾਰ ਤਨਖਾਹ’ ਦੇ ਸਾਫ਼ ਤੇ ਸਪਸ਼ਟ ਸਿਧਾਂਤ ’ਤੇ ਸਮਾਜਕ ਪ੍ਰਣਾਲੀ ਉਸਾਰੀ ਜਾਵੇ।

# ਕਾਨੂੰਨ ਨੂੰ ਮਾਖੌਲਾ ਕਰਦੇ ਕਾਲੇ ਕੋਟਾਂ ਵਾਲੇ

ਰਾਜ 'ਚ ਅਪਰਾਧਿਕ ਸਰਗਰਮੀਆਂ 'ਚ ਸ਼ਾਮਿਲ ਰਹਿਣ ਵਾਲੇ ਵਕੀਲਾਂ ਦੀ ਗਿਣਤੀ 'ਚ ਰੋਜ਼ਾਨਾ ਵਾਧਾ ਹੋ ਰਿਹਾ ਹੈ। ਆਖਰਕਾਰ 7 ਸਾਲ ਚੱਲੀ ਜਾਂਚ ਪਿਛੋਂ 25 ਮਈ ਨੂੰ ਦਿੱਲੀ ਤੋਂ ਆਈ ਕੇਂਦਰੀ ਅੰਵੇਸ਼ਣ ਬਿਊਰੋ (ਸੀ. ਬੀ. ਆਈ.) ਦੀ ਇਕ ਟੀਮ ਨੇ ਲਖਨਊ ਤੋਂ ਦੋ ਵਕੀਲਾਂ ਨੂੰ ਗ੍ਰਿਫ਼ਤਾਰ ਕਰ ਲਿਆ। ਇਸ ਨੇ ਇਕ ਵਾਰੀ ਫਿਰ ਕਾਨੂੰਨ ਦੇ ਇਹਨਾਂ ਪੈਰੋਕਾਰਾਂ ਦੇ ਪੇਸ਼ੇ ਨੂੰ ਲੈਕੇ ਨਵੇਂ ਸੁਆਲ ਪੈਦਾ ਹੋ ਗਏ ਹਨ। ਇਹ ਪਹਿਲਾਂ ਮੌਕਾ ਸੀ ਜਦ ਅਦਾਲਤ ਕੈਂਪਸ 'ਚ ਮਾਹੌਲ ਖਰਾਬ ਕਰਨ ਮਾਰਕੁਟ ਤੇ ਲੁੱਟ ਘਸੁੱਟ ਦੇ ਦੋਸ਼ 'ਚ ਵਕੀਲਾਂ 'ਤੇ ਅਜੇਹੀ ਸਖ਼ਤ ਕਾਰਵਾਈ ਹੋਈ ਹੈ। ਗ੍ਰਿਫਤ 'ਚਆਏ ਲਖਨਊ ਬਾਰ ਐਸੋਸੀਏਸ਼ਨ ਦੇ ਸਾਬਕਾ ਅਹੁਦੇਦਾਰ ਪਰਸ਼ੂ ਰਾਮ ਮਿਸ਼ਰ ਅਤੇ ਮਿਰਜਾ ਤੌਸੀਫ ਬੇਗ ਨੂੰ ਸੀ. ਬੀ. ਆਈ. ਨੇ ਅਗਲੇ ਦਿਨ ਵਿਸ਼ੇਸ਼ ਨਿਆਂਇਕ ਮੈਜਿਸਟਰੇਟ ਸੀ. ਬੀ. ਆਈ. ਦੀ ਅਦਾਲਤ 'ਚ ਪੇਸ਼ ਕੀਤਾ ਗਿਆ। ਉਥੋਂ ਉਹਨਾਂ ਨੇ 24 ਘੰਟੇ ਦੀ ਪੁਲਸ ਹਿਰਾਸਤ 'ਚ ਰਿਮਾਂਡ 'ਤੇ ਭੇਜ ਦਿੱਤਾ ਗਿਆ। ਇਹ ਮਿਆਦ ਖ਼ਤਮ ਹੋਈ ਤਾਂ ਅਦਾਲਤਾਂ ਨੇ ਇਹਨਾਂ ਵਕੀਲਾਂ ਨੂੰ ਨਿਆਂਇਕ ਹਿਰਾਸਤ 'ਚ ਭੇਜ ਦਿੱਤਾ। ਅਦਾਲਤ 'ਚ ਸੀ. ਬੀ. ਆਈ. ਦੇ ਰਿਮਾਂਡ ਆਰਡਰ 'ਚ ਇਹਨਾਂ ਵਕੀਲਾਂ 'ਤੇ ਲਾਏ ਦੋਸ਼ਾਂ ਦਾ ਜ਼ਿਕਰ ਮਿਲਦਾ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਪਰਸ਼ੂ ਰਾਮ ਮਿਸ਼ਰ 2008 'ਚ ਲਖਨਊ ਵਿੱਚ ਤੈਨਾਤ ਉਸ ਵੇਲੇ ਦੇ ਨਿਆਂਇਕ ਮੈਜਿਸਟਰੇਟ ਸੋਮ ਪ੍ਰਭਾ ਤ੍ਰਿਪਾਤੀ ਦੇ ਚੈਂਬਰ ਵਿੱਚ ਆਪਣੇ ਕਈ ਸਾਥੀਆਂ ਦੇ ਨਾਲ ਜਬਰੀ ਘੁਸ ਗਏ ਸਨ। ਉਹਨਾਂ ਨੇ ਇਕ ਮੁਕੱਦਮੇ 'ਚ ਗੈਰ-ਜਮਾਨਤੀ ਵਰੰਟ ਜਾਰੀ ਕੀਤੇ ਜਾਣ 'ਤੇ ਗੰਭੀਰ ਨਤੀਜੇ ਭੁਗਤਣ ਦੀ ਧਮਕੀ ਨਿਆਂਇਕ ਮੈਜਿਸਟਰੇਟ ਨੂੰ ਦੇ ਦਿੱਤੀ।

ਪਰਸ਼ੂ ਰਾਮ 'ਤੇ ਇਸ ਦੌਰਾਨ ਅਦਾਲਤੀ ਕੰਮਪਲੈਕਸ 'ਚ ਤੋੜ ਫੋੜ ਕਰਨ ਦਾ ਵੀ ਦੋਸ਼ ਹੈ। ਇਸ ਦੀ ਸ਼ਕਾਇਤ ਹਾਈਕੋਰਟ 'ਚ ਕੀਤੀ ਗਈ ਸੀ। ਸੀ. ਬੀ. ਆਈ. ਦੇ ਰਿਮਾਂਡ ਆਰਡਰ 'ਚ ਦੋਸ਼ ਲਾਇਆ ਗਿਆ ਹੈ ਕਿ ਪਿਛਲੇ ਸਾਲ 6 ਦਸੰਬਰ ਨੂੰ ਵਕੀਲ ਨੇ ਐਮ ਸ੍ਰੀ ਵਾਸਤਵ ਲਖਨਊ 'ਚ ਜਦ ਮੁਖ ਨਿਆਂਇਕ ਮੈਜਿਸਟਰੇਟ ਕੋਰਟ ਤੋਂ ਬਾਹਰ ਆ ਰਹੇ ਸਨ ਤਾਂ ਅਚਾਨਕ ਮਿਰਜਾ ਤੌਸ਼ੀਫ ਬੇਗ, ਅਨੁਰਾਗ ਤ੍ਰਿਵੇਦੀ ਤੇ ਹੋਰ ਵਕੀਲਾਂ ਨੇ ਪੁਰਾਣੀ ਰੰਜਸ ਕਾਰਨ ਮਾਰਕੁਟ ਕੀਤੀ ਅਤੇ 20000 ਰੁਪਏ ਮੋਬਾਇਲ ਫੋਨ ਏ. ਟੀ. ਐਮ. ਕਾਰਡ ਅਤੇ ਕਈ ਜ਼ਰੂਰੀ ਦਸਤਾਵੇਜ ਖੋਹ ਲਏ। ਇਸ ਸਬੰਧੀ ਵਜੀਰ-ਗੰਜ ਕੋਤਵਾਲੀ 'ਚ ਐਫ. ਆਈ. ਆਰ. ਲਿਖਵਾਈ ਗਈ। ਪਿਛਲੀ 28 ਅਕਤੂਬਰ ਨੂੰ ਹਾਈਕੋਰਟ ਨੇ ਇਸ ਮਾਮਲੇ ਦਾ ਨੋਟਿਸ ਲਿਆ ਅਤੇ ਸੀ. ਬੀ. ਆਈ. ਤੇ ਸੀ. ਬੀ. ਸੀ. ਆਈ. ਡੀ. ਨੂੰ ਦਾਗੀ ਵਕੀਲਾਂ ਖਿਲਾਫ਼ ਜਾਂਚ ਦੇ ਹੁਕਮ ਦਿੱਤੇ। ਸੀ. ਬੀ. ਆਈ ਦੀ ਕਰਵਾਈ 'ਚ 10 ਸਾਲ ਦਾ ਸਮਾਂ ਕਿਉਂ ਲੱਗ ਗਿਆ? ਇਸ ਦਾ ਜੁਆਬ ਸੀ. ਬੀ. ਆਈ. ਦੇ ਇਕ ਇੰਸਪੈਕਟਰ ਦਿੰਦੇ ਹਨ, "ਦਾਗੀ ਵਕੀਲਾਂ ਦੇ ਗੈਰ ਕਾਨੂੰਨੀ ਕੰਮਾਂ ਬਾਰੇ ਤੱਥ ਇਕੱਠੇ ਕਰਨ 'ਚ ਸਮਾਂ ਲੱਗਿਆ। ਜਾਂਚ ਦੌਰਾਨ ਇਹ ਵੀ ਪਤਾ ਲੱਗਾ ਕਿ ਕੁਝ ਵਕੀਲਾਂ ਤੇ ਹੱਤਿਆ/ਅਗਵਾਅ, ਜਮੀਨ-ਮਕਾਨ ਹੜਪਣ ਸਮੇਤ ਕਈ ਹੋਰ ਕੇਸ ਵੀ ਦਰਜ ਹੋਏ ਹਨ।" ਸੂਤਰਾਂ ਦੀ ਮੰਨੀਏ ਤਾਂ ਅਜੇਹੇ ਕਰੀਬ ਸੀ. ਬੀ. ਆਈ. ਅਤੇ ਬਾਕੀ 15 ਖਿਲਾਫ਼ ਫ਼ੌਜਦਾਰੀ ਜਾਂਚ ਪੜਤਾਲ ਮਹਿਕਮੇ

ਦੀ ਕਾਇਮ ਬ੍ਰਾਂਚ (ਸੀ. ਬੀ. ਸੀ. ਆਈ. ਡੀ.) ਜਾਂਚ ਕਰਕੇ ਸਬੂਤ ਇਕੱਠੇ ਕਰਨ ਦਾ ਕੰਮ ਕਰ ਰਹੀ ਹੈ। ਸੀ. ਬੀ. ਆਈ. ਡੀ. ਨੇ ਜੋ ਵੀ ਤੇਜੀ ਵਿਖਾਉਂਦਿਆਂ 30 ਮਈ ਨੂੰ ਏਰਾਜ ਅਹਿਮਦ ਨੂੰ ਗ੍ਰਿਫ਼ਤਾਰ ਕਰਵਾਇਆ, ਏਰਾਜ 'ਤੇ 24 ਜੂਨ 2010 ਦੀ ਪੇਸ਼ੀ ਸਮੇਂ ਕਚਹਿਰੀ ਆਈ ਇਕ ਔਰਤ ਅਜਰਾ ਅਜੀਜ ਦੀ ਮਾਰ ਕੁਟਾਈ ਦਾ ਦੋਸ਼ ਹੈ। ਸੀ. ਬੀ. ਆਈ. ਡੀ. ਦੇ ਇਕ ਅਧਿਕਾਰੀ ਦੱਸਦੇ ਹਨ ਕਿ ਬੀਤੇ ਕਈ ਮਹੀਨਿਆਂ ਤੋਂ ਜਾਂਚ ਦੌਰਾਨ ਅੱਧੀ ਦਰਜਨ ਤੋਂ ਵੱਧ ਵਕੀਲਾਂ ਦੀ ਗ੍ਰਿਫ਼ਤਾਰੀ ਲਈ ਸਥਾਨਕ ਪੁਲਸ ਨੂੰ ਲਿਖਿਆ ਤਾਂ ਇਹਨਾਂ ਵਿੱਚੋਂ ਕਈਆਂ ਨੇ ਅਦਾਲਤ ਤੋਂ ਸਟੇਅ ਲਿਆਂਦਾ। ਜਾਂਚ ਦੇ ਦਾਇਰੇ 'ਚ ਆਏ ਨੂੰ ਦੂਜੇ ਵਕੀਲ ਵੀ ਪੁਲਸ ਨੂੰ ਚਕਮਾ ਦੇ ਕੇ ਗਾਇਬ ਹਨ। ਦਾਗੀ ਵਕੀਲਾਂ ਦੀ ਫੇਹ ਰਿਸਤ 'ਚ ਸੀ. ਬੀ. ਆਈ. ਅਤੇ ਸੀ. ਬੀ. ਸੀ. ਆਈ. ਡੀ. ਦੇ ਸ਼ਿਕੰਜੇ 'ਚ ਆਏ ਵਕੀਲ ਹੀ ਨਹੀਂ ਹਨ। ਪੁਲਸ ਦੇ ਅੰਕੜਿਆਂ 'ਚ ਸਿਰਫ਼ ਲਖਨਾਊ 'ਚ ਹੀ 253 ਵਕੀਲ ਅਜੇਹੇ ਹਨ ਜਿਹਨਾਂ 'ਤੇ ਅਪਰਾਧਿਕ ਮਾਮਲੇ ਦਰਜ ਹਨ। ਆਮਦਨ ਟੈਕਸ ਵਿਭਾਗ ਵੀ ਤਿੰਨ ਦਰਜਨ ਤੋਂ ਵੱਧ ਅਜੇਹੇ ਵਕੀਲਾਂ ਦੀ ਜਾਂਚ ਕਰ ਰਿਹਾ ਹੈ। ਜਿਨ੍ਹਾਂ 'ਤੇ ਆਮਦਨ ਤੋਂ ਵੱਧ ਜਾਇਦਾਦ ਰੱਖਣ ਦਾ ਦੋਸ਼ ਹੈ। ਇਹਨਾਂ ਵਕੀਲਾਂ 'ਚ 100 ਦੇ ਕਰੀਬ 'ਤੇ ਦੋ ਜਾਂ ਦੋ ਤੋਂ ਵੱਧ ਮੁਕੱਦਮੇ ਚੱਲ ਰਹੇ ਹਨ। ਲਖਨਊ ਬਾਰ ਐਸੋਸੀਏਸ਼ਨ ਦੇ ਜਨਰਲ ਸਕੱਤਰ ਜੀ ਐਨ ਸ਼ੁਕਲ ਮੰਨਦੇ ਹਨ ਕਿ ਅਜਿਹੇ ਕੇਸ ਉਜਾਗਰ ਹੋਣ ਨਾਲ ਵਕਾਲਤ ਦਾ ਪੇਸ਼ਾ ਬਦਨਾਮ ਹੋ ਰਿਹਾ ਹੈ। ਉਹ ਕਹਿੰਦੇ ਹਨ "ਅਜੇਹਾ ਨਹੀਂ ਹੈ ਵਕੀਲਾਂ 'ਤੇ ਸਾਰੇ ਮੁਕੱਦਮੇ ਸਹੀ ਹੀ ਦਰਜ ਹੋਏ ਹੋਣ, ਅਸਲ 'ਚ ਵਕੀਲਾਂ ਦੇ ਪੇਸ਼ਾ ਹਮੇਸ਼ਾ ਹੀ ਝਮੇਲਿਆਂ ਨਾਲ ਜੁੜਿਆ ਰਹਿੰਦਾ ਹੈ। ਕਈ ਵਾਰ ਵਕੀਲ ਨੂੰ ਦਬੰਗ ਤੇ ਵੱਡੇ ਲੋਕਾਂ ਖਿਲਾਫ਼ ਮੁਕੱਦਮੇ ਦੀ ਪੈਰਵਾਈ ਕਰਨੀ ਪੈਂਦੀ ਹੈ। ਅਜੇਹੇ 'ਚ ਸਾਜਿਸ਼ ਤਹਿਤ ਵੀ ਵਕੀਲਾਂ 'ਤੇ ਮੁਕੱਦਮੇ ਦਰਜ ਕਰਵਾਏ ਜਾਂਦੇ ਹਨ। ਅਜੇਹੇ ਵਕੀਲਾਂ 'ਤੇ ਮੁਕੱਦਮੇ ਦਰਜ ਕਰਕੇ ਤੁਰੰਤ ਕਾਰਵਾਈ ਹੋ ਰਹੀ ਹੈ।" ਮਹੱਤਵਪੂਰਨ ਹੈ ਕਿ ਆਖਰ ਵਕਾਲਤ ਦੇ ਪੇਸ਼ੇ ਵਿੱਚ ਅਜਿਹੇ ਲੋਕ ਆ ਕਿਵੇਂ ਰਹੇ ਹਨ ਜੋ ਅਪਰਾਧਿਕ ਸਰਗਰਮੀਆਂ 'ਚ ਸ਼ਾਮਲ ਹਨ। ਲਖਨਊ 'ਚ ਪਿਛਲੇ 30 ਸਾਲਾਂ ਤੋਂ ਵਕਾਲਤ ਕਰ ਰਹੇ ਇਕ ਉਚ ਵਕਤਾ ਅਨੁਸਾਰ 'ਵਕੀਲਾਂ ਦੀ ਰਜਿਸਟ੍ਰੇਸ਼ਨ ਅਮਲ ਹੀ ਦੋਸ਼ਪੂਰਨ ਹੈ। ਵਕੀਲ ਕਿਸੇ ਕਾਲਜ ਤੋਂ ਡਿਗਰੀ ਲੈਂਦਾ ਹੈ ਤੇ ਉਸ ਪਿੱਛੋਂ ਇਕ ਹਲਫਨਾਮਾ ਤਿਆਰ ਕਰਵਾ ਕੇ ਜਿਸ 'ਚ ਉਹ ਦੱਸਦਾ ਹੈ ਕਿ ਉਸ ਖਿਲਾਫ਼ ਕਿਸੇ ਪ੍ਰਕਾਰ ਦਾ ਮੁਕੱਦਮਾ ਨਹੀਂ ਹੈ। ਇਸ ਨੂੰ ਬਾਰ ਕਾਊਸਿਲ 'ਚ ਜਮ੍ਹਾ ਕਰਵਾ ਕੇ ਆਪਣੀ ਰਜਿਸਟਰੇਸ਼ਨ ਕਰਵਾ ਲੈਂਦਾ ਹੈ। ਕਾਊਂਸਿਲ ਕੋਲ ਇਸ ਦੀ ਵੇਰੀਫੀਕੇਸ਼ਨ ਦੀ ਕੋਈ ਵਿਵੱਸਥਾ ਨਹੀਂ ਹੈ। ਇਸ ਕਾਰਨ ਗਲਤ ਲੋਕ ਵਕਾਲਤ 'ਚ ਆ ਰਹੇ ਹਨ। ਇਹੀ ਲੋਕ ਵਕਾਲਤ ਦੀ ਆੜ 'ਚ ਨਜਾਇਜ਼ ਧੰਦਾ ਫੈਲਾਉਂਦੇ ਹਨ। ਕਾਲਾ ਕੋਟ ਪਹਿਨਣ ਪਿਛੋਂ ਇਹਨਾਂ ਲੋਕਾਂ ਨੂੰ ਇਕ ਪਹਿਚਾਣ ਮਿਲ ਜਾਂਦੀ ਹੈ। ਜਿਸ ਦੀ ਵਰਤੋਂ ਨਾਲ ਇਹ ਸਥਾਨਕ ਪ੍ਰਸ਼ਾਸਨ ਤੇ ਪੁਲਸ ਨਾਲ ਮੇਲਜੋਲ ਵਧਾਉਣ ਲਈ ਕਰਦੇ ਹਨ। ਕੋਈ ਘਟਨਾ ਵਾਪਰਦਿਆਂ ਹੀ ਇਹਨਾਂ ਦੀ ਪੋਲ ਖੁੱਲ੍ਹ ਜਾਂਦੀ ਹੈ। ਯੂ. ਪੀ. ਬਾਰ ਕਾਊਂਸਿਲ ਦੇ ਮੈਂਬਰ ਅਬਦੁਲ ਰਜਾਕ ਇਸ ਪੇਸ਼ੇ ਦੇ ਬਦਨਾਮ ਹੋਣ ਪਿੱਛੇ ਕਾਨੂੰਨ ਦੀ ਡਿੱਗਰੀ ਦੇਣ ਵਾਲੇ ਕਾਲਜਾਂ ਦੀ ਵਧਦੀ ਗਿਣਤੀ ਤੇ ਡਿੱਗਰੀ ਸੌਖਿਆਂ ਹੀ ਹਾਸਲ ਹੋਣ ਨੂੰ ਜ਼ਿੰਮੇਵਾਰ ਠਹਿਰਾਉਂਦੇ ਹਨ। ਰਜਾਦ ਦਸਦੇ ਹਨ "ਰਾਜ

'ਚ ਕੁਲ ਰਜਿਸਟਰਡ ਵਕੀਲਾਂ ਦੀ ਗਿਣਤੀ ਦੋ ਲੱਖ ਦੇ ਕਰੀਬ ਹੈ ਇਹਨਾਂ 'ਚੋਂ ਵੱਡੀ ਗਿਣਤੀ ਅਜੇਹੇ ਵਕੀਲਾਂ ਦੀ ਹੈ ਜੋ ਰਜਿਸਟਰੇਸ਼ਨ ਕਰਵਾ ਕੇ ਠੇਕੇਦਾਰੀ, ਕਈ ਦੂਜੀ ਥਾਂ ਨੌਕਰੀ ਕਰ ਰਹੇ ਹਨ। ਨਿਯਮ ਅਨੁਸਾਰ ਇਹ ਗਲਤ ਹੈ। ਕਾਊਂਸਿਲ 'ਚ ਨਿਗਰਾਨੀ ਦੀ ਵਿਵਸਥਾ ਨਾ ਹੋਣ ਕਰਕੇ ਅਜੇਹੇ ਡਿਗਰੀ ਧਾਰਕਾਂ 'ਤੇ ਅਜੇ ਤੱਕ ਕੋਈ ਆਂਚ ਨਹੀਂ ਆਈ ਹੈ।" ਸੀ. ਬੀ. ਆਈ. ਦੀ ਸਪੈਸ਼ਲ ਟਾਸਕ ਫੋਰਸ ਅਜੇਹੇ ਵਕੀਲਾਂ 'ਤੇ ਵੀ ਨਜ਼ਰ ਰੱਖ ਰਹੀ ਹੈ ਜੋ ਅਪਰਾਧਿਕ ਕੇਸਾਂ 'ਚ ਤਾਂ ਸ਼ਾਮਲ ਰਹੇ ਹਨ ਪਰ ਉਹਨਾਂ 'ਤੇ ਕੋਈ ਮੁਕੱਦਮਾ ਦਰਜ ਨਹੀਂ ਹੈ। ਅਸਲ 'ਚ 28 ਅਕਤੂਬਰ 2010 ਨੂੰ ਇਲਾਹਾਬਾਦ ਹਾਈਕੋਰਟ ਵਰਿੰਦਰ ਕੁਮਾਰ ਦੀਕਸ਼ਤ ਦੇ ਬੈਂਚ ਨੇ ਸੀ. ਬੀ. ਆਈ. 11 ਦੋਸ਼ੀਆਂ 'ਚ ਛੇੜ ਦਰਜਨ ਤੋਂ ਵੱਧ ਦੇ ਕੈਸਾਂ ਦੀ ਜਾਂਚ ਸੌਂਪੀ ਹੈ। ਇਹਨਾਂ 'ਚੋਂ ਕਈ ਮਾਮਲੇ ਅਜੇਹੇ ਹਨ ਜਿਹਨਾਂ 'ਚ ਨਾਮਜਦ ਤੋਂ ਇਲਾਵਾ ਕਰੀਬ 80 ਅਗਿਆਤ ਵਕੀਲਾਂ ਖਿਲਾਫ਼ ਮੁਕੱਦਮਾ ਦਰਜ ਕਰਵਾਇਆ ਗਿਆ ਹੈ। ਇਹਨਾਂ 'ਚ ਕਤਲ ਦੀ ਕੋਸ਼ਿਸ਼, ਲੁੱਟ, ਡਕੈਤੀ, ਸਰਕਾਰੀ ਕੰਮਕਾਜ 'ਚ ਅੜਿਕਾ ਮਾਰਕੁਟ, ਹੇਰਾਫੇਰੀ, ਜਮੀਨੀ ਝਗੜਿਆਂ ਦੇ ਮੁਕੱਦਮੇ ਸ਼ਾਮਲ ਹਨ।

ਸੂਤਰਾਂ ਮੁਤਾਬਕ ਇਹਨਾਂ ਮੁਕੱਦਮਿਆਂ ਨੂੰ ਨੇਪਰੇ ਚਾੜ੍ਹਣ ਲਈ ਸੀ. ਬੀ. ਆਈ. ਦਾ ਦਸਤਾ ਡੂੰਘੀ ਛਾਣਬੀਣ ਕਰ ਰਿਹਾ ਹੈ। ਯੂ. ਪੀ. ਬਾਰ ਕਾਊਂਸਿਲ ਨੇ ਦੋ ਚੁਣੇ ਮੈਂਬਰ ਤੇ ਇਕ ਜਿਸ ਨੇ ਘੱਟੋ ਘੱਟ 10 ਸਾਲਾਂ ਤੋਂ ਵੱਧ ਦੀ ਵਕਾਲਤ ਕਰ ਲਈ ਹੈ ਨੂੰ ਮਿਲਾ ਕੇ ਇਕ ਤਿੰਨ ਮੈਂਬਰ ਸੰਮਤੀ ਬਣੀ ਹੈ ਜੋ ਵਕੀਲਾਂ ਦੇ ਵਰਤਾਅ 'ਤੇ ਨਜ਼ਰ ਰੱਖਦੀ ਹੈ। ਜਾਂਚ 'ਚ ਦੋਸ਼ੀ ਪਾਏ ਜਾਣ 'ਤੇ ਵਕੀਲ ਉਪਰ ਸਖ਼ਤ ਕਾਰਵਾਈ ਕਰਦੀ ਹੈ। ਸੰਮਤੀ ਦੇ ਫੈਸਲਿਆਂ ਵਿਰੁੱਧ ਸੈਂਟਰਲ ਬਾਰ ਕਾਊਂਸਿਲ ਅਤੇ ਇਥੋਂ ਵੀ ਅਸਹਿਮਤੀ ਹੋਣ 'ਤੇ ਦੂਜੀ ਅਪੀਲ ਸੁਪਰੀਮ ਕੋਰਟ 'ਚ ਕੀਤੀ ਜਾ ਸਕਦੀ ਹੈ। ਹਾਲਾਂਕਿ ਅਬਦੁਲਾ ਰਜਾਕ ਦਾਗੀ ਵਕੀਲਾਂ 'ਤੇ ਕਾਰਵਾਈ ਨਾ ਹੋਣ ਪਿੱਛੇ ਸੈਂਟਰਲ ਬਾਰ ਕਾਊਂਸਿਲ ਨੂੰ ਜ਼ਿੰਮੇਵਾਰ ਮੰਨਦੇ ਹਨ। ਯੂ. ਪੀ. ਬਾਰ ਕਾਊਂਸਿਲ ਕੋਲ ਇਸ ਸਾਲ 'ਚ ਔਸਤ 600 ਤੋਂ 1000 ਮਾਮਲੇ ਜਾਂਚ ਲਈ ਆਉਂਦੇ ਹਨ। ਹਰ ਸਾਲ ਕਰੀਬ 100 ਵਕੀਲਾਂ ਨੂੰ ਮੁਅੱਤਲ ਕੀਤਾ ਜਾਂਦਾ ਹੈ ਪਰ ਇਹਨਾਂ 'ਚੋਂ ਬਹੁਤੇ ਸੈਂਟਰ ਬਾਰ ਕਾਊਂਸਿਲ 'ਚ ਅਪੀਲ ਦਾਇਰ ਕਰਕੇ ਯੂ. ਪੀ. ਬਾਰ ਕਾਊਂਸਿਲ ਦੇ ਹੁਕਮ ਵਿਰੁੱਧ ਹੁਕਮ ਜਾਰੀ ਕਰਵਾ ਲੈਂਦੇ ਹਨ। ਅਬਦੁਲ ਰਜ਼ਾਕ ਦੇ ਦੋਸ਼ੀ 'ਤੇ ਸੈਂਟਰਲ ਬਾਰ ਕਾਊਂਸਿਲ ਦੇ ਮੈਂਬਰ ਮੋਪਾਲ ਨਰਾਇਣ ਮਿਸ਼ਰਾ ਵੱਡਾ ਇਤਰਾਜ ਕਰਦੇ ਹਨ। ਮਿਸ਼ਰ ਕਹਿੰਦੇ ਹਨ "ਐਕਟ ਅਨੁਸਾਰ ਸੈਂਟਰਲ ਬਾਰ ਕਾਊਂਸਿਲ ਆਪਣੀ ਕਾਰਵਾਈ ਕਰਦੀ ਹੈ। ਕਾਊਂਸਿਲ ਇਹ ਵੀ ਵੇਖਦੀ ਹੈ ਕਿ ਕਿਸੇ ਵੀ ਵਕੀਲ ਨੂੰ ਫਸਾਇਆ ਨਾ ਜਾਵੇ।" ਦੋਸ਼ੀਆਂ ਦਾ ਕਿਰਦਾਰ ਨਿਯਮ 1961 ਦੇ ਅਧਿਆਇ ਪੰਜ 'ਚ ਵਕੀਲਾਂ ਦੇ ਗਲਤ ਕਿਰਦਾਰ 'ਤੇ ਸਜਾ ਦੀ ਵਿਵੱਸਥਾ ਕੀਤੀ ਗਈ ਹੈ। ਇਸ ਅਨੁਸਾਰ ਕਿਸੇ ਸ਼ਕਾਇਤ ਦੇ ਮਿਲਣ 'ਤੇ ਜਾਂ ਫੇਰ ਸਟੇਟ ਬਾਰ ਕਾਊਂਸਿਲ ਨੂੰ ਇਹ ਵਿਸਵਾਸ਼ ਹੋ ਜਾਵੇ ਕਿ ਉਸ ਦੀ ਲਿਸਟ 'ਚ ਦਰਜ ਕੋਈ ਗਲਤ ਕਿਰਦਾਰ ਦਾ ਦੋਸ਼ੀ ਹੈ ਤਾਂ ਕੌਂਸਿਲ ਇਸ ਕੇਸ ਨੂੰ ਆਪਣੀ ਅਨੁਸਾਸ਼ਿਤ ਕਮੇਟੀ ਨੂੰ ਸੌਂਪ ਕੇ ਨਿਰਦੇਸ਼ਿਤ ਕਰ ਸਕੇਗੀ, ਬੇਸ਼ੱਕ ਵਿਵੱਸਥਾ ਹੈ ਪਰ ਸੂਬੇ ਨੂੰ ਵੀ ਆਪਣੇ ਪੱਧਰ 'ਤੇ ਕੋਸ਼ਿਸ਼ਾਂ ਕਰਨੀਆਂ ਹੋਣਗੀਆਂ ਕਿ ਕਾਲੇ ਕੋਟ ਨਾਲ ਜੁੜੇ ਪੇਸ਼ੇ ਨੂੰ ਕਾਲਾ ਨਾ ਹੋਣ ਦਿੱਤਾ ਜਾਵੇ।

# ਭੱਟਾ ਪ੍ਰਸੌਲ ਕਿਸਾਨ ਸੰਘਰਸ਼ 'ਚ ਕੀ ਨਿਬੜਿਆ

ਉੱਤਰ ਪ੍ਰਦੇਸ਼ ਸਰਕਾਰ ਵਲੋਂ ਐਲਾਨ ਯਮੁਨਾ ਐਕਸਪ੍ਰੈਸ ਵੇ ਪ੍ਰੋਜੈਕਟ ਇਕ ਵਾਰ ਫਿਰ ਚਰਚਾ ਵਿੱਚ ਹੈ। ਪਿਛਲੇ ਦੋ ਸਾਲਾਂ 'ਚ ਇਸ ਪ੍ਰੋਜੈਕਟ ਸਬੰਧੀ ਕਈ ਥਾਂ ਕਿਸਾਨ ਸੰਘਰਸ਼ ਕਰ ਚੁੱਕੇ ਹਨ। ਇਸ ਪ੍ਰੋਜੈਕਟ 'ਚ ਨੋਇਡਾ ਤੇ ਆਗਰਾ ਤਕ 165 ਕਿ. ਮੀ. ਲੰਬੀ ਸੜਕ ਦੇ ਕਿਨਾਰੇ ਕਈ ਰਿਹਾਇਸ਼ੀ ਕਾਰੋਬਾਰੀ, ਸਨਅਤੀ ਇਕਾਈਆਂ ਬਣਾਉਣ ਦੀ ਯੋਜਨਾ ਹੈ। ਮੁੱਖ ਮੰਤਰੀ ਮਾਇਆਵਤੀ ਦੇ ਇਸ ਤੋਂ ਪਹਿਲਾਂ ਦੇ ਹਕੂਮਤੀ ਅਰਸੇ 'ਚ ਬਣੀ ਇਹ ਯੋਜਨਾ ਉਹਨਾਂ ਦੇ ਦੁਬਾਰਾ ਹਕੂਮਤ ਸੰਭਾਲਣ ਪਿਛੋਂ ਜੋਰ ਸ਼ੋਰ ਨਾਲ ਅੱਗੇ ਵਧਾਈ ਜਾ ਰਹੀ ਹੈ। ਇਸ ਪ੍ਰੋਜੈਕਟ 'ਚ 1187 ਪਿੰਡਾਂ ਦੀ ਜਮੀਨ (2.7 ਲੱਖ ਏਕੜ) ਇਕਵਾਇਰ ਕੀਤੀ ਜਾਣੀ ਹੈ। ਇਸ ਰਿਪੋਰਟ 'ਚ ਪਿੱਛੇ ਜਿਹੇ ਹੀ ਭੱਟਾ-ਪ੍ਰਸੌਲ 'ਚ ਹੋਈਆਂ ਘਟਨਾਵਾਂ ਦਾ ਜਾਇਜਾ ਲੈਣ ਪਿੱਛੋਂ ਯਮੁਨਾ ਐਕਸਪ੍ਰੈਸ ਵੇ ਕਾਰਨ ਉਠੇ ਕਿਸਾਨ-ਸੰਘਰਸ਼ 'ਤੇ ਆਪਾਂ ਨਜ਼ਰ ਮਾਰਾਂਗੇ ਅਤੇ ਉਸ ਪਿੱਛੋਂ ਇਸ ਐਕਸਪ੍ਰੈਸ ਵੇ 'ਚ ਸਰਕਾਰ, ਸਰਮਾਏਦਾਰਾਂ ਤੇ ਕਿਸਾਨਾਂ ਦੇ ਵੱਖ-ਵੱਖ ਹਿੱਸਿਆਂ ਦੇ ਰਵੱਈਏ ਦਾ ਚਰਚਾ ਕਰਾਂਗੇ। 6-7 ਮਈ ਨੂੰ ਭੱਟਾ-ਪਰਸੌਲ 'ਚ ਕੀ ਹੋਇਆ?

ਭੱਟਾ ਤੇ ਪ੍ਰਸੌਲ ਗੌਤਰਾ ਬੁੱਧ ਨਗਰ ਜ਼ਿਲ੍ਹੇ ਦੇ ਦੋ ਪਿੰਡ ਹਨ ਜੋ ਇਕ ਦੂਜੇ ਤੋਂ 1.5 ਕਿਲੋਮੀਟਰ ਦੂਰ ਹਨ। ਗੌਤਰਾ ਬੁੱਧ ਨਗਰ ਜ਼ਿਲ੍ਹਾ ਖੁਦ ਰਾਜਪੂਤ ਬ੍ਰਾਹਮਣਾ ਤੇ ਜਾਟ ਜਾਤੀਆਂ ਦੇ ਕਿਸਾਨਾਂ ਕੋਲ ਹੀ ਜ਼ਿਆਦਾਤਰ ਜ਼ਮੀਨਾ ਹਨ, ਕਾਫੀ ਜਾਤੀਆਂ ਦੇ ਕਿਸਾਨ ਛੋਟੀਆਂ ਜੋਤਾਂ ਦੇ ਮਾਲਕ ਹਨ ਜਾਂ ਖੇਤ ਮਜ਼ਦੂਰ ਹਨ। ਭੱਟਾ-ਪ੍ਰਸੌਲ ਆਂਛੇਪੁਰ ਪਿੰਡ ਦੇ ਕਿਸਾਨ ਪਿਛਲੇ 111 ਦਿਨਾਂ ਤੋਂ ਭੱਟਾਂ ਪਿੰਡ 'ਚ ਇਕ ਚੱਕੀ ਪਾਸ ਪਈ ਖਾਲੀ ਜਮੀਨ 'ਤੇ ਧਰਨਾ-ਮੁਜਾਹਰਾ ਕਰ ਰਹੇ ਸਨ। ਹਾਲਾਂਕਿ ਯਮੁਨਾ ਐਕਸਪ੍ਰੈਸ ਵੇ-'ਚ ਭੂਮੀ ਦਾ ਮੁਆਵਜਾ ਇੱਥੋਂ ਦੇ ਕਿਸਾਨਾਨੂੰ ਹਾਸਲ ਹੋਇਆ ਸੀ ਪਰ ਕਿਉਂਕਿ ਭੂਮੀ ਦੇ ਭਾਅ ਮੁਆਵਜੇ ਦੇ ਰੇਟ ਤੋਂ ਖਾਸੇ ਉਚੇ ਹੋ ਚੁੱਕੇ ਸਨ ਅਤੇ ਜੇ ਪੀ ਗਰੁੱਪ ਵਲੋਂ ਤਿਆਰ ਰਿਹਾਇਸ਼ੀ ਕਲੋਨੀਆਂ ਦੇ ਪਲਾਟ ਕਿਸਾਨਾਂ ਦੇ ਮੁਆਵਜੇ ਦੀ ਦਰ ਤੋਂ ਕਈ ਗੁਣਾ ਵੱਧ 'ਤੇ ਵਿਕਣੇ ਸਨ। ਇਸ ਲਈ ਕਿਸਾਨਾ ਮੁਆਵਜੇ ਲਈ ਪਲਾਟ ਦੀ ਮੰਗ ਵੀ ਕਰ ਰਹੇ ਸਨ। ਇੱਥੇ ਪਹਿਲਾਂ ਕਿਸਾਨਾਂ ਨੂੰ 880 ਰੁਪਏ ਪ੍ਰਤੀ ਵਰਗ ਮੀਟਰ ਦੇ ਹਿਸਾਬ ਨਾਲ ਮੁਆਵਜਾ ਦੇਣ ਲਈ ਉਤਰ ਪ੍ਰਦੇਸ਼ ਸਰਕਾਰ ਰਾਜੀ ਹੋਈ ਸੀ। ਨਾਲ ਹੀ ਰਿਹਾਇਸ਼ੀ ਕਲੋਨੀ 'ਚ ਛੋਟਾ ਪਲਾਟ ਤੇ 30 ਸਾਲਾਂ ਤੱਕ 20000 ਰੁਪਏ ਸਲਾਨਾ ਪ੍ਰਤੀ ਏਕੜ ਮੁਆਵਜੇ ਦੀ ਗੱਲ ਵੀ ਸਰਕਾਰ ਨੇ ਮੰਨੀ ਸੀ ਪਰੇ ਜੇ. ਪੀ. ਗਰੁੱਪ ਦੇ ਰਿਹਾਇਸ਼ੀ ਪਲਾਟ ਦੀ ਕੀਮਤ 25000 ਰੁਪਏ ਪ੍ਰਤੀ ਵਰਗ ਮੀਟਰ ਤੱਕ ਵਿਕਣ ਦੀ ਸੰਭਾਵਨਾ ਹੈ। ਇਸ ਭਾਰੀ ਫਰਕ ਕਰਕੇ ਕਿਸਾਨ ਆਪਣੇ ਲਈ ਵੱਖ ਮੁਆਵਜੇ ਦੀ ਮੰਗ ਲਈ ਸੰਘਰਸਸ਼ੀਲ ਸਨ। ਪਿਛਲੇ ਕਰੀਬ ਸਾਢੇ ਤਿੰਨ ਮਹੀਨਿਆਂ ਤੋਂ ਭੱਟਾ ਪਿੰਡ 'ਚ ਧਰਨਾ ਦੇਣ ਤੋਂ ਇਲਾਵਾ ਕਿਸਾਨ ਵਿੱਚ-ਵਿੱਚ ਐਸ. ਡੀ. ਐਮ. ਦਫ਼ਤਰ 'ਤੇ ਵੀ ਮੁਜਾਹਰਾ ਕਰਦੇ ਰਹੇ ਸਨ। ਇਸ ਪਿੰਡ ਦੇ 12 ਕਿਸਾਨ ਰਾਜਪਾਲ ਨਾਲ ਮੁਲਾਕਾਤ ਲਈ ਲਖਨਊ ਵੀ ਗਏ ਸਨ ਪਰ ਉਥੋਂ ਉਹਨਾਂ ਨੂੰ ਗ੍ਰਿਫ਼ਤਾਰ ਕਰਵਾ ਕੇ ਰਾਜ ਸਰਕਾਰ ਨੇ ਜੇਹਲ ਭੇਜ ਦਿੱਤਾ ਸੀ। ਉਹਨਾਂ 'ਤੇ ਕਿਸਾਨਾਂ

ਨੂੰ ਭੜਕਾਉਣ, ਗੁੰਡਾਗਰਦੀ, ਸਰਕਾਰੀ ਕੰਮ 'ਚ ਅੜਿੱਕਾ ਡਾਹੁਣ ਆਦਿ ਦੇ ਅਨੇਕਾਂ ਮੁਕੱਦਮੇ ਠੋਕ ਦਿੱਤੇ ਗਏ। ਪਿੰਡ ਵਾਲਿਆਂ ਅਨੁਸਾਰ ਇਕ-ਇਕ ਕਿਸਾਨ ਨੂੰ ਛੁਡਵਾਉਣ ਲਈ 12-12 ਜਮਾਨਤੀਆਂ ਦੀ ਲੋੜ ਪਈ। ਇਸ ਤਰ੍ਹਾਂ ਪ੍ਰਸ਼ਾਸਨ ਸ਼ੁਰੂ ਤੋਂ ਹੀ ਕਿਸਾਨਾਂ ਦੇ ਇਸ ਅੰਦੋਲਨ ਨੂੰ ਕੁਚਲਣ ਦੀ ਤਾਕ 'ਚ ਸਨ।

ਮਈ ਮਹੀਨੇ ਦੇ ਸ਼ੁਰੂ 'ਚ ਰੋਡ ਸਰਵੇਖਣ ਦੇ ਨਾਂ ਥੱਲੇ ਰਾਜ ਟਰਾਂਸਪੋਰਟ ਦੇ ਤਿੰਨ ਕਰਮਚਾਰੀ ਪਿੰਡ ਨੇੜੇ ਪਹੁੰਚੇ। ਜਿੱਥੇ ਸੰਘਰਸ਼ਸ਼ੀਲ ਕਿਸਾਨਾਂ ਨੇ ਤਿੰਨ ਕਰਮਚਾਰੀਆਂ ਨੂੰ ਬੰਧੀ ਬਣਾ ਲਿਆ। ਸਰਕਾਰ ਤੇ ਪ੍ਰਸ਼ਾਸਨ ਨੂੰ ਦਬਾਅ ਹੇਠ ਲੈਣ ਲਈ ਇਹ ਕਾਰਵਾਈ ਕੀਤੀ ਗਈ ਪਰ ਸਰਕਾਰ ਨੇ ਇਸ ਕਾਰਵਾਈ ਨੂੰ ਆਪਣੇ ਲਈ ਚਣੌਤੀ ਸਮਝਿਆ ਤੇ ਕਿਸਾਨਾ ਤੇ ਜੁਲਮ ਕਰਨ ਦੀ ਰਣਨੀਤੀ ਤਿਆਰ ਕੀਤੀ ਜਾਣ ਲੱਗੀ। 6 ਮਈ 2011 ਨੂੰ ਕਿਸਾਨਾਂ ਦੇ ਨੇਤਾ ਮਾਨਵੀਰ ਸਿੰਘ ਤੇਵਤਿਆ ਸ਼ਾਮ ਨੂੰ ਕਿਸੇ ਵਿਆਹ ਤੋਂ 4-5 ਲੋਕਾਂ ਸਮੇਤ ਵਾਪਸ ਪਰਤ ਰਹੇ ਸਨ ਤਦ ਝਾੜੀ ਪਿੱਛੇ ਲੁਕੇ ਕਿਸੇ ਬੰਦੇ ਨੇ ਉਹਨਾਂ 'ਤੇ ਗੋਲੀ ਚਲਾ ਦਿੱਤੀ। ਗੋਲੀਆਂ ਤੇਵਤਿਆਂ ਨੂੰ ਨਹੀਂ ਲੱਗੀ ਪਰ ਅੱਛੇਪੁਰ ਪਿੰਡ ਦੇ ਇੱਕ ਨੌਜਵਾਨ ਹਰੀਓਮ ਨੂੰ ਲੱਗ ਗਈ। ਹਰਿਓਮ ਦੀ ਤਰੁੰਤ ਮੌਤ ਹੋ ਗਈ। ਘਟਨਾ ਦੀ ਖ਼ਬਰ ਪਤਾ ਲਗਦਿਆਂ ਹੀ ਤੁਰੰਤ ਪ੍ਰਸਾਸ਼ਨ ਪੁਲਸ ਮੌਕੇ 'ਤੇ ਪਹੁੰਚ ਗਏ ਅਤੇ ਉਹਨਾਂ ਨੇ ਲਾਸ਼ ਨੂੰ ਆਪਣੀ ਹਿਰਾਸਤ 'ਚ ਲੈ ਲਿਆ। ਪ੍ਰਸਾਸ਼ਨ ਨੇ ਹਰੀਓਮ ਦੀ ਮੌਤ ਲਈ ਤੇਵਤਿਆ ਨੂੰ ਦੋਸ਼ੀ ਕਰਾਰ ਦਿੰਦਿਆਂ ਉਹਨਾਂ ਤੋਂ ਫਰਜੀ ਐਫ. ਆਈ. ਆਰ. ਮਨਵੀਰ ਸਿੰਘ ਤੇਵਤਿਆ ਖ਼ਿਲਾਫ਼ ਦਰਜ ਕਰਵਾ ਲਈ। ਨਾਲ ਹੀ ਉਹਨਾਂ 'ਤੇ ਗੁੰਡਾ ਐਕਟ ਵੀ ਲਾ ਦਿੱਤਾ। ਕਿਸਾਨਾਂ ਨੇ ਇਸ ਕਾਰਵਾਈ ਦਾ ਵਿਰੋਧ ਕੀਤਾ। 7 ਮਈ ਨੂੰ ਪੋਸਟਮਾਰਟਮ ਤੇ ਲਾਸ਼ ਦੇ ਅੰਤਮ ਸੰਸਕਾਰ ਪਿੱਛੋਂ ਕਿਸਾਨਾਂ ਦਾ ਮੱਤ ਸੀ ਕਿ ਤੇਵਤਿਆਂ 'ਤੇਹਮਲਾ ਹੱਤਿਆ ਦੇ ਮਕਸਦ ਨਾਲ ਪ੍ਰਸਾਸ਼ਨ ਜਾਂ ਸ਼ਰਮਾਏਦਾਰਾਂ ਵਲੋਂ ਕਰਵਾਇਆ ਗਿਆ। ਆਪਣੇ ਇਰਾਦੇ 'ਚ ਸਫਲ ਨਾ ਹੋਣ ਪਿੱਛੋਂ ਹਰੀਓਮ ਦੀ ਹੱਤਿਆ ਦਾ ਠੀਕਰਾ ਤੇਵਤਿਆਂ ਦੇ ਸਿਰ ਮੜ੍ਹ ਕੇ ਕਿਸਾਨਾਂ ਨੂੰ ਕੁਚਲਣ ਦੀ ਪ੍ਰਸਾਸ਼ਨ ਜੁਗਤ ਲਾ ਰਿਹਾ ਸੀ।

ਲੋਕ ਸਭਾ ਜਦ ਚੱਲ ਹੀ ਰਹੀ ਸੀ ਉਦੋਂ ਜ਼ਿਲ੍ਹਾ ਮੈਜਿਸਟਰੇਟ ਡੀ. ਐਮ. ਗੌਤਮ ਨਗਰ ਦੀਪਕ ਅਗਰਵਾਲ ਤੇ ਐਸ. ਐਸ਼ ਪੀ. ਸੂਰੀਆ ਨਾਥ ਸਿੰਘ ਆਪਣੇ ਲਾਮ ਲਸ਼ਕਰ ਦੇ ਨਾਲ ਮੀਟਿੰਗ ਵਾਲੀ ਥਾਂ ਪਹੁੰਚ ਗਏ। ਉਹਨਾਂ ਨੇ ਕਿਸਾਨਾਂ ਤੋਂ ਬੰਧਕ ਕਰਮਚਾਰੀਆਂ ਨੂੰ ਰਿਹਾ ਕਰਾਉਣ ਤੇ ਤੇਵਤਿਆ ਨੂੰ ਸੌਂਪਣ ਦੀ ਗੱਲ ਕੀਤੀ। ਕਿਸਾਨਾਂ ਨੇ ਇਸ ਗੱਲ ਤੋਂ ਨਾਂਹ ਕਰ ਦਿੱਤੀ। ਹੁਣ ਜ਼ਿਲ੍ਹਾ ਮੈਜਿਸਟਰੇਟ ਦੇ ਹੁਕਮ ਅਨੁਸਾਰ ਪੁਲਸ ਘਰਾਂ ਦੀ ਤਲਾਸ਼ੀ ਲੈਣ ਲੱਗੀ। ਕਿਸਾਨਾਂ ਨੇ ਇਸ ਦਾ ਵੀ ਤਿੱਖਾ, ਵਿਰੋਧ ਕੀਤਾ ਪਰ ਡੀ. ਐਮ. ਤਾਂ ਕਿਸਾਨਾਂ ਨਾਲ ਟੱਕਰ ਲੈਣ ਦੀ ਸੌਂਹ ਖਾ ਕੇ ਹੀ ਆਇਆ ਸੀ। ਉਸ ਨੇ ਪੁਲਸ ਨੂੰ ਤਲਾਸ਼ੀ ਜਾਰੀ ਰੱਖਣ ਲਈ ਕਿਹਾ। ਇਸ 'ਤੇ ਕੁਝ ਕਿਸਾਨਾਂ ਨੇ ਪੱਥਰਾਓ ਸ਼ੁਰੂ ਕਰ ਦਿੱਤਾ ਤਦ ਪ੍ਰਸਾਸ਼ਨ ਨੇ ਰਬੜ ਦੀਆਂ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਇਸ ਤੋਂ ਭੜਕੇ ਕਿਸਾਨਾਂ ਨੇ ਲਾਠੀ-ਡੰਡੇ ਨਾਲ ਪੁਲਸ ਨੂੰ ਝੜਪਾਂ ਦਿੱਤੀਆਂ। ਇਸ ਤੋਂ ਭੜਕੇ ਕਿਸਾਨਾਂ ਨੇ ਲਾਠੀ-ਡੰਡੇ ਨਾਲ ਪੁਲਸ ਨੂੰ ਜੁਆਬ ਦੇਣਾ ਸ਼ੁਰੂ ਕਰ ਦਿੱਤਾ। ਕੁਝ ਬੰਦੂਕਾਂ ਵੀ ਕਿਸਾਨਾਂ ਨੇ ਖੋਹ ਲਈਆਂ। ਕਿਸਾਨਾਂ ਨੇ ਪੁਲਸ ਤੇ ਪ੍ਰਸਾਸ਼ਨ ਨੂੰ ਪਿੱਛੇ ਹਟਣ ਲਈ ਮਜ਼ਬੂਰ ਕਰ ਦਿੱਤਾ। ਇਸ

ਖਿਚੋਤਾਣ ’ਚ ਡੀ. ਐਮ. ਤੇ ਪੀ. ਏ. ਸੀ ਦਾ ਜਵਾਨ ਜਖ਼ਮੀ ਹੋਇਆ ਤੇ ਦੋ ਸਿਪਾਹੀ ਮਾਰੇ ਗਏ। ਨਾਲ ਹੀ ਦੋ ਕਿਸਾਨ ਮਾਰੇ ਗਏ ਤੇ ਕਈ ਜਖ਼ਮੀ ਹੋ ਗਏ। ਕਿਸਾਨ ਅਜੇ ਇਸ ਪੂਰੀ ਘਟਨਾ ਤੋਂ ਸੰਭਲੇ ਵੀ ਨਹੀਂ ਸਨ ਕਿ ਦੋ ਘੰਟੇ ਪਿੱਛੋਂ ਕਰੀਬ ਸ਼ਾਮ ਛੇ ਵਜੇ 5000 ਦੀ ਗਿਣਤੀ ਵਿੱਚ ਪੁਲਸੀਏ ਪੀ. ਏ. ਸੀ. ਨੇ ਪਿੰਡ ’ਤੇ ਧਾਵਾ ਬੋਲ ਦਿੱਤਾ। ਪ੍ਰਸ਼ਾਸਨ ਨੇ ਅਲੀਗੜ੍ਹ, ਬੁਲੰਦ ਸ਼ਹਿਰ, ਆਗਰਾ, ਗਾਜੀਆ ਬਾਦ ਤੋਂ ਪੀ. ਏ. ਸੀ. ਬਲਾ ਲਈ ਸੀ। ਹੁਣ ਕਿਸਾਨਾਂ ’ਤੇ ਭਿਆਨਕ ਜਬਰ ਸ਼ੁਰੂ ਹੋਇਆ ਜੋ ਵੀ ਕਿਸਾਨ ਦਿਸਿਆ ਉਸ ਨੂੰ ਮਾਰਿਆ ਕੁੱਟਿਆ ਗਿਆ। ਖੇਤ, ਟਰੈਕਟਰ, ਟੈਪੋਂ ਸਭ ਨੂੰ ਅੱਗ ਲਾ ਦਿੱਤੀ ਗਈ। ਬੁਢਿਆਂ ਤੇ ਬੱਚਿਆਂ ਨੂੰ ਵੀ ਨਹੀਂ ਬਖਸ਼ਿਆ ਗਿਆ। ਢੇਰਾਂ ਆਦਮੀਆਂ ਨੂੰ ਵੇਖਦਿਆਂ ਹੀ ਗੋਲੀ ਮਾਰ ਦਿੱਤੀ। ਕਈ ਔਰਤਾਂ ਨਾਲ ਬਲਾਤਕਾਰ ਕੀਤਾ। ਪੁਲਸ ਦੇ ਡਰੋਂ ਕਈ ਲੋਕ ਦਰਖ਼ਤਾਂ ’ਤੇ ਚੜ੍ਹ ਗਏ ਉਹਨਾਂ ਨੂੰ ਬੈਟਰੀ ਨਾਲ ਲੱਭ ਲੱਭ ਕੇ ਗੋਲੀ ਮਾਰੀ ਗਈ। ਲਾਸ਼ਾ ਨੂੰ ਬਲਦੀ ਅੱਗ ’ਚ ਸੁੱਟ ਦਿੱਤਾ ਗਿਆ। ਕਿੰਨੇ ਹੀ ਲੋਕ ਇਸ ਤਰ੍ਹਾਂ ਮਾਰੇ ਗਏ। ਇਸ ਦਾ ਅਜੇ ਤਕ ਪਿੰਡ ਵਾਲਿਆਂ ਨੂੰ ਅੰਦਾਜਾ ਨਹੀਂ ਕਿਉਂਕਿ ਘਟਨਾ ਪਿੱਛੋਂ ਅਨੇਕਾਂ ਤਾਂ ਪਿੰਡ ਛੱਡ ਕੇ ਚਲੇ ਗਏ। ਅਜੇ ਵੀ ਦੋਨੋਂ ਪਿੰਡਾਂ ’ਤੇ ਪੁਲਸ ਦਾ ਹੀ ਕਬਜਾ ਹੈ ਅਨੇਕਾਂ ਲੋਕਾਂ ਨੂੰ ਪੁਲਸ ਨੇ ਗ੍ਰਿਫ਼ਤਾਰ ਕਰ ਲਿਆ। ਇਕ ਵਿਦਿਆਰਥਣ ਜੋ ਬੁਲਾਰਾ ਵੀ ਸੀ ਨਾਲ ਵੀ ਬਲਾਤਕਾਰ ਕੀਤਾ ਗਿਆ ਤੇ ਉਸ ਪਿੱਛੋਂ ਉਹ ਜਾਂ ਉਸ ਦੀ ਲਾਸ਼ ਕਿੱਥੇ ਗਈ ਇਸ ਦਾ ਕਿਸੇ ਨੂੰ ਪਤਾ ਨਹੀਂ ਹੈ।

7 ਮਈ ਤੋਂ ਪੁਲਸ ਪ੍ਰਸਾਸ਼ਨ ਦਾ ਪਿੰਡ ’ਚ ਰਚਿਆ ਨੰਗਾ ਨਾਚ ਬ੍ਰਿਟਿਸ਼ ਹਕੂਮਤ ਦੇ ਜਮਾਨੇ ਦੀ ਪੁਲਸ ਨੂੰ ਵੀ ਪਿੱਛੇ ਛੱਡ ਗਿਆ। ਦੋ ਬਾਹਰਲੇ ਨੌਜਵਾਨ ਦੇ ਪੈਰਾਂ ’ਚ ਗੋਲੀਆਂ ਮਾਰ ਕੇ ਜਖਮੀ ਕਰ ਦਿੱਤਾ। 17 ਤਰੀਕ ਨੂੰ ਜਦ ਪਿੰਡ ’ਚ ਪਹੁੰਚੇ ਤਦ ਵੀ ਪਿੰਡ ’ਚ ਕਿਸੇ ਨੂੰ ਆਉਣ ਜਾਣ ਨਹੀਂ ਦਿੱਤਾ ਜਾ ਰਿਹਾ ਸੀ। ਪਿੰਡ ’ਚ ਪੁਲਸ ਪ੍ਰਸਾਸ਼ਨ ਦੇ ਉਚ ਅਧਿਕਾਰੀ ਦੌਰ ’ਤੇ ਸਨ। ਲਾਸ਼ਾ ਦੀ ਸੁਆਹ ਨੂੰ ਮਿੱਟੀ ’ਚ ਟੋਏ ਪੁਟ ’ਚ ਦੱਬ ਦਿੱਤਾ ਗਿਆ ਹੈ। ਰਾਹੁਲ ਗਾਂਧੀ ਦੇ ਆਉਣ ਪਿੱਛੋਂ ਵੀ ਮੀਡੀਆ ਪ੍ਰਸਾਸ਼ਨ ਦੀ ਕਹਾਣੀ ਨੂੰ ਹੀ ਕਵਰ ਕਰਦਾ ਰਿਹਾ। ਔਰਤ ਕਮਿਸ਼ਨ ਵੀ ਸੀ. ਬੀ. ਆਈ. ਜਾਂਚ ਦੀ ਮੰਗ ਕਰ ਰਿਹਾ ਹੈ। ਫਿਲਹਾਲ 22 ਲੋਕ ਜੇਹਲਾਂ ’ਚ ਅਤੇ 23 ਲੋਕ ਹਸਪਤਾਲ ਭਰਤੀ ਹਨ। ਜੇਹਲ ਗਏ ਲੋਕਾਂ ਦੀ ਜਮਾਨਤ ਤਕ ਕਰਾਉਣੀ ਮੁਸ਼ਕਲ ਹੁੰਦੀ ਜਾ ਰਹੀ ਹੈ। ਲੋਕ ਏਨੇ ਡਰੇ ਹੋਏ ਹਨ ਕਿ ਪਿੰਡ ’ਚ ਵਾਪਸ ਮੁੜਨ ਦੀ ਹਿੰਮਤ ਤੱਕ ਨਹੀਂ ਕਰ ਰਹੇ ਹਨ। ਔਰਤਾਂ ਜੁਲਮ ਦਸਣ ਲਈ ਮੂੰਹ ਨਹੀਂ ਖੋਹਲ ਰਹੀਆਂ ਉਪਰੋਂ ਮਾਇਆਵਤੀ ਐਲਾਨ ਕਰ ਰਹੀ ਹੈ ਕਿ ਸਥਿਤੀ ਆਮ ਵਾਂਗ ਹੋ ਚੁੱਕੀ ਹੈ।

# ਕੀ ਹੈ ਪਾਕਿਸਤਾਨ ਦੀਆਂ ਜੇਹਲਾਂ 'ਚ ਬੰਦ ਭਾਰਤੀ ਦੀ ਦਸ਼ਾ?

ਅਸ਼ਵਿਨ ਕੁਮਾਰ ਵਲੋਂ ਨਿਰਦੇਸ਼ਿਤ ਕੀਤੀ ਇਕ ਲਘੂ ਫਿਲਮ 'ਦ ਲਿਟਿਲ ਟੈਰਰਿਸਟ' 'ਚ ਇੱਕ ਪਾਕਿਸਤਾਨੀ ਕਿਸ਼ੋਰ ਜਮਾਲ ਖੇਡਦੇ ਹੋਏ ਗੇਂਦ ਲੈਣ ਲਈ ਭਾਰਤੀ ਸਰਹੱਦ 'ਚ ਆ ਵੜਦਾ ਹੈ। ਇਸ 'ਤੇ ਭਾਰਤੀ ਫ਼ੌਜੀਆਂ ਦੀ ਨਜ਼ਰ ਪੈਂਦੀ ਹੈ। ਜਿਹਨਾਂ ਤੋਂ ਬਚਣ ਲਈ ਉਹ ਛੁਪ ਜਾਂਦਾ ਹੈ ਤੇ ਸਰਹੱਦੀ ਭਾਰਤੀ ਪਿੰਡ ਦੇ ਭੋਲੇ ਦੇ ਘਰ ਪਹੁੰਚ ਜਾਂਦਾ ਹੈ। ਭੋਲਾ ਤੇ ਉਹਨਾਂ ਦੀ ਭਾਣਜੀ ਰਾਨੀ ਨਾ ਚਾਹੁੰਦੇ ਹੋਏ ਵੀ ਮੁਸਲਿਮ ਕਿਸ਼ੋਰ ਨੂੰ ਆਪਣੇ ਘਰ ਪਨਾਹ ਦਿੰਦੇ ਹਨ ਅਤੇ ਜਦ ਫ਼ੌਜੀ ਉਸ ਨੂੰ ਲੱਭਦੇ ਹੋਏ ਉਥੇ ਪਹੁੰਚਦੇ ਹਨ ਤਾਂ ਉਹ ਉਸ ਨੂੰ ਬਚਾ ਲੈਂਦੇ ਹਨ। ਫ਼ਿਲਮ ਦੇ ਅੰਤ 'ਚ ਜਮਾਲ ਵਤਨ ਵਾਪਸੀ 'ਚ ਸਫਲ ਹੋ ਜਾਂਦਾ ਹੈ।

ਇਹ ਫ਼ਿਲਮ ਭਾਰਤ ਤੇ ਪਾਕਿਸਤਾਨ ਦੇ ਰਿਸ਼ਤਿਆਂ 'ਚ ਇਕ ਮਾਸੂਮ ਬੱਚੇ ਦੀ ਦਖਲ ਅੰਦਾਜ਼ੀ ਦੀ ਕਲਪਨਾ ਨੂੰ ਚਿਤਰਤ ਕਰਦੀ ਸੀ ਪਰ ਯਥਾਰਥ ਇਸ ਫਿਲਮ ਦੇ ਕਾਫੀ ਉਲਟ ਹੈ। ਇਹ ਸਹੀ ਹੈ ਕਿ ਅਜਾਦੀ ਦਿਨ ਵਰਗੇ ਖਾਸ ਮੌਕਿਆਂ 'ਤੇ ਭਾਰਤ ਤੇ ਪਾਕਿਸਤਾਨ ਦੀਆਂ ਸਰਕਾਰਾਂ ਦੋਨੋਂ ਦੀਆਂ ਸਰਹੱਦਾਂ ਤੋਂ ਫੜੇ ਮਛੇਰਿਆਂ ਨੂੰ ਰਿਹਾਅ ਕਰ ਦਿੰਦੀਆਂ ਹਨ ਪਰ ਪਾਕਿਸਤਾਨੀ ਜ਼ੇਲ੍ਹਾ 'ਚ ਜਾਸੂਸੀ ਦੇ ਦੋਸ਼ 'ਚ ਬੰਦ ਕੀਤੇ ਭਾਰਤੀ ਕੈਦੀਆਂ 'ਚੋਂ ਕਿਸੇ ਦੀ ਵੀ ਕਿਸਮਤ 'ਲਿਟਲ ਟੈਰਰਿਸਟ' ਵਰਗੀ ਨਹੀਂ ਰਿਹਾ ਹੈ। ਪਾਕਿਸਤਾਨ ਦੀ ਜ਼ੇਲ੍ਹ ਦੀ ਜਹਾਲਤ ਭੁਗਤਣ ਵਾਲੇ ਗੋਪਾਲ ਦਾਸ ਅਜਿਹੇ ਹੀ ਇਕ ਕੈਦੀ ਹਨ ਜਿਨ੍ਹਾਂ ਨੂੰ ਕਰੀਬ 27 ਸਾਲ ਦੀ ਜਹਾਲਤ ਪਿੱਛੋਂ ਵਤਨ ਵਾਪਸੀ ਦਾ ਮੌਕਾ ਮਿਲਿਆ। ਦਰਅਸਲ ਪਿੱਛੇ ਜਿਹੇ ਹੀ ਪੂਰੇ ਹੋਏ ਵਿਸ਼ਵ ਕੱਪ ਕ੍ਰਿਕਟ ਦੇ ਸੈਮੀਫਾਇਨਲ 'ਚ ਭਾਰਤ-ਪਾਕਿ ਦਰਮਿਆਨ ਮੈਚ ਵੇਖਣ ਲਈ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੇ ਸੱਦੇ 'ਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਯੂਸਫ ਰਾਜ਼ਾ ਗਿਲਾਨੀ ਮੋਹਾਲੀ ਆਏ ਸਨ। ਡਾ. ਸਿੰਘ ਦੀ ਇਸ ਡਿਪਲੋਮੇਸੀ ਦੇ ਜੁਆਬ 'ਚ ਜਰਦਾਰੀ ਨੇ ਗੋਪਾਲ ਦਾਸ ਦੀ ਰਿਹਾਈ ਦਾ ਐਲਾਨ ਕੀਤਾ ਸੀ। ਹਾਲਾਂਕਿ ਇਸ ਦੇ ਕੁਝ ਹੀ ਦਿਨਾਂ ਪਹਿਲਾਂ ਭਾਰਤੀ ਸੁਪਰੀਮ ਕੋਰਟ ਦੇ ਦੋ ਜੱਜਾਂ ਨੇ ਗੋਪਾਲ ਦਾਸ ਦੇ ਭਾਈ ਵਲੋਂ ਦਾਇਰ ਇਕ ਪਟੀਸ਼ਨ ਦੀ ਸੁਣਵਾਈ ਕਰਦਿਆਂ ਕਿਹਾ ਸੀ ਕਿ 'ਅਸੀਂ ਪਾਕਿਸਤਾਨ ਦੀ ਸਰਕਾਰ ਨੂੰ ਹੁਕਮ ਤਾਂ ਨਹੀਂ ਦੇ ਸਕਦੇ ਪਰ ਇਹ ਉਮੀਦ ਤਾਂ ਕਰ ਹੀ ਸਕਦੇ ਹਾਂ ਕਿ ਉਹਨਾਂ ਦੀ ਰਹਿਮ ਦੀ ਪਟੀਸ਼ਨ ਨੂੰ ਮੰਨਦਿਆਂ ਉਹਨਾਂ ਨੂੰ ਸਵਦੇਸ਼ ਵਾਪਸੀ ਦੀ ਇਜਾਜ਼ਤ ਦੇ ਦਿੱਤੀ ਜਾਵੇ। ਜਰਦਾਰੀ ਨੇ ਸੁਪ੍ਰੀਮ ਕੋਰਟ ਦੀ ਅਪੀਲ ਤੇ ਡਾ. ਸਿੰਘ ਦੇ ਸੰਕੇਤ ਦੇ ਜੁਆਬ 'ਚ ਇਹ ਕਦਮ ਉਠਾਇਆ ਤੇ ਇਸ ਬਹਾਨੇ ਇਕ ਨਵੀਂ ਸ਼ੁਰੂਆਤ ਕੀਤੀ। ਲਾਹੌਰ ਦੀ ਕੋਟ ਲਖਪਤ ਜੇਹਲ ਤੋਂ ਰਿਹਾਈ ਪਿਛੋਂ ਵਾਘਾ ਸਰਹੱਦ ਤੋਂ ਭਾਰਤ 'ਚ ਦਾਖਲੇ ਹੁੰਦਿਆਂ ਹੀ ਗੋਪਾਲ ਦਾਸ ਭਾਵੁਕ ਹੋ ਗਏ। ਉਹਨਾਂ ਨੇ ਵਤਨ ਦੀ ਮਿਟੀ ਉਠਾ ਕੇ ਸਿਰ 'ਤੇ ਲਾਈ। ਤੇ ਨਤਮਸਤਕ ਹੋ ਕੇ ਉਸ ਨੂੰ ਵਾਰੀ-ਵਾਰੀ ਚੁੰਮਿਆ। ਪੰਜਾਬ ਦੇ ਗੁਰਦਾਸਪੁਰ ਜ਼ਿਲ੍ਹੇ ਦੇ ਕਾਹਨੂੰਵਾਨ ਪਿੰਡ 'ਚ ਆਪਣੇ ਜੱਦੀ ਘਰ ਪੁੱਜਣ ਪਿੱਛੋਂ ਉਹਨਾਂ ਨੇ ਢੋਲ ਵਜਾਏ, ਪਟਾਖੇ ਚਲਾਏ, ਮਿਠਾਈਆਂ ਵੰਡੀਆਂ।

ਉਸ ਦੇ ਭਾਈ ਨੇ ਕਿਹਾ ਕਿ ਛੇ ਮਹੀਨੇ ਬਾਅਦ ਉਹ ਉਸ ਦੀ ਸ਼ਾਦੀ

ਕਰਨਗੇ। ਉਸ ਦੇ ਵੱਡੇ ਭਾਈ ਦੇ ਫਰਨੀਚਰ ਦੇ ਕੰਮ 'ਚ ਉਹਨਾਂ ਨੂੰ ਹਿੱਸਾ ਦਿੱਤਾ ਜਾਵੇਗਾ ਤਾਂ ਕਿ ਉਹ ਸੁੱਖ ਦੀ ਜ਼ਿੰਦਗੀ ਜੀ ਸਕੇ। ਉਹਨਾਂ ਦੀ ਇਕ ਹੋਰ ਰਿਸ਼ਤੇਦਾਰ ਸ਼ਕੁੰਤਲਾ ਨੇ ਕਿਹਾ ਕਿ ਸਾਡੀ ਇੱਛਾ ਉਹਨਾਂ ਨੂੰ ਸੁੱਖੀ ਤੇ ਖੁਸ਼ ਦੇਖਣ ਦੀ ਹੈ। ਭਤੀਜੀ ਨਵਜੋਤ ਨੇ ਕਿਹਾ ਕਿ ਅਸੀਂ ਉਹਨਾਂ ਨੂੰ ਜ਼ਿੰਦਗੀ ਭਰ ਖੁਸ਼ ਰੱਖਣ ਦੀ ਹਰ ਸੰਭਵ ਕੋਸ਼ਿਸ਼ ਕਰਾਂਗੇ। ਵਤਨ ਵਾਪਸ ਆਉਣ ਪਿੱਛੋਂ ਗੋਪਾਲ ਨੇ ਕੇਂਦਰ 'ਤੇ ਗੰਭੀਰ ਦੋਸ਼ ਲਾਏ ਤੇ ਕਿਹਾ ਕਿ ਜਸੂਸੀ ਦੇ ਦੋਸ਼ 'ਚ ਪਾਕਿਸਤਾਨੀ ਜੇਹਲਾਂ 'ਚ ਘੱਟੋ ਘੱਟ ਅੱਠ ਹੋਰ ਭਾਰਤੀ ਕੈਦੀ ਹਨ। ਉਹਨਾਂ ਦਾਅਵਾ ਕੀਤਾ ਕਿ ਇਹਨਾਂ 'ਚੋਂ ਕਈ ਕੈਦੀ ਬੀਮਾਰ ਹਨ ਅਤੇ ਕੁਝ ਨੂੰ ਤਪਦਿਕ ਹੋ ਗਈ ਹੈ। ਇਹਨਾਂ 'ਚੋਂ ਇੱਕ ਸੁਰਜੀਤ ਸਿੰਘ ਤਾਂ ਕਰੀਬ 30 ਸਾਲਾਂ ਤੋਂ ਉਥੇ ਕੈਦ ਹੈ।

ਉਹਨਾਂ ਇਹ ਵੀ ਦੱਸਿਆ ਕਿ ਜੇਹਲ 'ਚ ਉਹਨਾਂ ਦੀ ਮੁਲਾਕਾਤ ਸਰਬਜੀਤ ਨਾਲ ਨਹੀਂ ਹੋ ਸਕੀ ਕਿਉਂਕਿ ਮੌਤ ਦੀ ਸਜ਼ਾ ਵਾਲੇ ਕੈਦੀਆਂ ਨੂੰ ਆਮ ਕੈਦੀਆਂ ਦੇ ਮਿਲਣ 'ਤੇ ਮਨਾਹੀ ਹੈ। ਗੋਪਾਲ ਦਾਸ ਦੀ ਰਿਹਾਈ ਨਾਲ ਖੁਸ਼ ਪਾਕਿਸਤਾਨ ਦੇ ਸਾਬਕਾ ਕਾਰਜਕਾਰੀ ਮਨੁੱਖੀ ਅਧਿਕਾਰ ਮੰਤਰੀ ਅੰਸਾਰ ਬਨੀ (ਜਿਹਨਾਂ ਨੇ ਪਹਿਲੀ ਵਾਰ ਗੋਪਾਲ ਦਾਸ ਨੂੰ ਕੋਟ ਲਖਪਤ ਜ਼ੇਲ੍ਹ 'ਚ ਵੇਖਿਆ ਸੀ, ਨੇ ਉਮੀਦ ਜਤਾਈ ਹੈ ਕਿ 'ਪਾਕਿਸਤਾਨ ਦੀ ਸਰਕਾਰ ਇਸ ਸਿਲਸਿਲੇ ਨੂੰ ਅੱਗੇ ਵੀ ਜਾਰੀ ਰੱਖੇਗੀ ਤੇ ਇੱਥੋਂ ਦੀ ਜ਼ੇਲ੍ਹਾਂ 'ਚ ਦੋ ਦਹਾਕੇ ਤੋਂ ਵੀ ਵੱਧ ਸਮੇਂ ਤੋਂ ਕੈਦ ਕ੍ਰਿਪਾਲ ਸਿੰਘ ਤੇ ਸਰਬਜੀਤ ਸਿੰਘ ਬਾਰੇ ਵੀ ਅਜੇਹੇ ਹੀ ਫੈਸਲੇ ਲਵੇਗੀ) ਕ੍ਰਿਪਾਲ ਤੇ ਸਰਬਜੀਤ ਉਹਨਾਂ ਕੈਦੀਆਂ 'ਚ ਸ਼ਾਮਲ ਹੈ ਜਿਹਨਾਂ ਨੂੰ ਜਾਸੂਸੀ ਤੇ ਬੰਬ ਵਿਸਫੋਟ ਦੀ ਸਾਜ਼ਿਸ਼ ਰਚਣ ਦੇ ਦੋਸ਼ ਲਾ ਕੇ ਲਗਾਤਾਰ ਸਾਲਾਂ ਬੱਧੀ ਕੈਦ ਕਰਕੇ ਰੱਖਿਆ ਹੋਇਆ ਹੈ। ਸਰਬਜੀਤ 'ਤੇ 1990 'ਚ ਲਾਹੌਰ ਤੇ ਸੁਲਤਾਨ 'ਚ ਹੋਏ ਸੀਰੀਅਲ ਬੰਬ ਧਮਾਕਿਆਂ 'ਚ ਸ਼ਾਮਲ ਹੋਣ ਦਾ ਦੋਸ਼ ਹੈ। ਜਿਸ 'ਚ 14 ਲੋਕ ਮਾਰੇ ਗਏ ਸਨ ਪਰ ਸਰਬਜੀਤ ਤੇ ਉਹਨਾਂ ਦੇ ਰਿਸ਼ਤੇਦਾਰਾਂ ਦਾ ਦਾਅਵਾ ਹੈ ਕਿ ਉਹ ਤਾਂ ਕਿਸਾਨ ਦਾ ਪੁੱਤ ਹੈ ਅਤੇ ਸਰਹੱਦ ਤੇ ਘਰ ਹੋਣ ਕਰਕੇ ਗਲਤੀ ਨਾਲ ਪਾਕਿਸਤਾਨੀ ਸਰਹੱਦ 'ਚ ਦਾਖਲ ਹੋ ਗਿਆ ਸੀ।

ਇਕ ਅੰਦਾਜੇ ਮੁਤਾਬਕ ਪਾਕਿਸਤਾਨੀ ਜ਼ੇਲ੍ਹਾਂ 'ਚ ਕਰੀਬ 600 ਭਾਰਤੀ ਕੈਦੀ ਹਨ ਜਿਹਨਾਂ 'ਚ ਜੰਮੂ ਕਸ਼ਮੀਰ ਦੇ ਮੇਡਰ ਦਾ ਸਾਹਬੁਦੀਨ, ਮਦਵਾਲ ਦਾ ਕੁਲਦੀਪ ਸਿੰਘ, ਬਡਗਾਮ ਦਾ ਪ੍ਰਵੇਜ ਅਹਿਮਦ ਬਿਗਨਾਹ ਦਾ ਰਾਮ ਪ੍ਰਕਾਸ਼, ਕਠੂਆ ਦੇ ਪੱਲੀ ਮੋੜ ਦਾ ਹਰਬਖਸ਼ ਲਾਲ ਨੌਸ਼ੂਰਾ ਦਾ ਸੁਰਿੰਦਰ ਸਿੰਘ, ਅਖਨੂਰ ਦੇ ਦਿਵਾਲੀ ਦਾ ਮੰਗਾਰਮ ਹੀਰਾ ਨਗਰ ਦਾ ਬਾਬੂ ਰਾਜ, ਕੁੰਜਵਾਨੀ ਦਾ ਸਵਰਨ ਲਾਲ, ਬਨੋਟੀ ਨਗਰੋਟਾ ਦਾ ਓਮ ਪ੍ਰਕਾਸ਼ ਆਦਿ ਸ਼ਾਮਲ ਹਨ। ਇਹ ਨਾਂ ਸਿਰਫ਼ ਕੋਟ ਲੱਖਪਤ ਜ਼ੇਲ੍ਹ 'ਚ ਕੈਦ ਕਸ਼ਮੀਰੀਆਂ ਦੇ ਹਨ ਜੋ ਜਾਸੂਸੀ ਦੇ ਦੋਸ਼ 'ਚ ਕੈਦ ਹਨ। ਵੈਸੇ ਉਹਨਾਂ ਦੀ ਸੂਚੀ ਬੇਹੱਦ ਲੰਬੀ ਹੈ ਜੋ 1965 ਅਤੇ 1971 ਦੇ ਭਾਰਤ-ਪਾਕਿ, ਯੁੱਧ ਸਮੇਂ ਬੰਦੀ ਬਣਾ ਲਏ ਗਏ ਸਨ ਅਤੇ ਉਦੋਂ ਤੋਂ ਪਾਕਿਸਤਾਨੀ ਜ਼ੇਲ੍ਹਾ 'ਚ ਕੈਦ ਹਨ। ਪਾਕਿਸਤਾਨ 'ਚ ਕਰੀਬ 16 ਸਾਲ (ਸਰਬਜੀਤ ਨਾਲ ਕੋਟ ਲੱਖ ਪੱਤ ਜੇਹਲ 'ਚ ਕਰੀਬ 9 ਸਾਲ) ਦੀ ਸਜ਼ਾ ਕੱਟਣ ਪਿੱਛੋਂ 18 ਮਾਰਚ 2005 ਨੂੰ ਵਤਨ ਪਰਤੇ ਕਠੂਆ ਦੇ ਘਗਵਾਲ ਪਿੰਡ ਦੇ ਦਵਿੰਦਰ ਸਿੰਘ ਨੇ ਵੀ ਕਿਹਾ ਸੀ ਕਿ ਕਰੀਬ 9 ਸਾਲ ਪਹਿਲਾਂ ਸਰਬਜੀਤ ਨੂੰ ਕੋਟਲੱਖਪਤ ਜ਼ੇਲ੍ਹ ਲਿਆਂਦਾ ਗਿਆ ਸੀ। ਤਦ ਪਾਕਿਸਤਾਨ ਦੀ ਇਕ ਅਦਾਲਤ

ਨੇ ਉਸ ਨੂੰ ਮੌਤ ਦੀ ਸਜ਼ਾ ਸੁਣਾਈ ਸੀ।

ਸਰਬਜੀਤ ’ਤੇ ਹੋ ਰਹੇ ਜ਼ੁਲਮ-ਸਿਤਮ ਨੂੰ ਯਾਦ ਕਰਕੇ ਅੱਜ ਵੀ ਉਹ ਰੋ ਪੈਂਦੇ ਹਨ। ਦਵਿੰਦਰ ਦੇ ਅਨੁਸਾਰ ਪਾਕਿਸਤਾਨ ਜ਼ੇਲ੍ਹਾਂ ’ਚ ਭਾਰਤੀ ਕੈਦੀਆਂ ਨੂੰ ਸ਼ਰਾਬ ਪਿਲਾ ਕੇ ਤੇ ਰੌਂਗਟੇ ਖੜ੍ਹੇ ਕਰ ਦੇਣ ਵਾਲੇ ਤਸੀਹੇ ਦੇ ਕੇ ਜਬਰਦਸਤੀ ਜ਼ੁਰਮ ਕਬੂਲਣ ਲਈ ਮਜ਼ਬੂਰ ਕੀਤਾ ਜਾਂਦਾ ਹੈ। ਪਾਕਿਸਤਾਨੀ ਜੇਹਲਾਂ ’ਚ ਕਈਆਂ ਦੀ ਮੌਤ ਵੀ ਭੇਂਦ ਭਰੀਆਂ ਹਾਲਤਾਂ ’ਚ ਹੋਈ ਹੈ। ਕਹਿੰਦੇ ਹਨ ਕਿ ਉਹਨਾਂ ਦੀ ਮੌਤ ਤਸੀਹਿਆਂ ਕਰਕੇ ਹੋਈ ਤਦ ਅੰਸਾਰੀ ਬਰਨੀਨੇ ਇਸ ਦੀ ਜਾਂਚ ਕਿਸੇ ਅਜਾਦ ਏਜੰਸੀ ਤੋਂ ਕਰਾਉਣ ਦੀ ਮੰਗ ਕੀਤੀ ਸੀ ਪਰ ਇਸ ਦਾ ਕੋਈ ਸਿੱਟਾ ਨਹੀਂ ਨਿਕਲਿਆ। ਕਰੀਬ ਤਿੰਨ ਸਾਲ ਪਹਿਲਾਂ ਇਕ ਕੈਦੀ ਕਸ਼ਮੀਰ ਸਿੰਘ ਦੀ ਰਿਹਾਈ ਨਾਲ ਭਾਰਤ-ਪਾਕਿ ਸਬੰਧਾਂ ’ਚ ਇੱਕ ਨਵਾਂ ਦੌਰ ਸ਼ੁਰੂ ਹੋਇਆ ਸੀ ਤੇ ਉਸ ਵੇਲੇ ਦੇ ਪਾਕਿਸਤਾਨੀ ਰਾਸ਼ਟਰਪਤੀ ਪ੍ਰਵੇਸ਼ ਮੁਸ਼ਰਫ ਦੀ ਪਹਿਲ ’ਤੇ ਕਰੀਬ 35 ਸਾਲ ਦੀ ਕੈਦ ਪਿੱਛੋਂ ਉਹਨਾਂ ਨੂੰ ਮੁਕਤੀ ਮਿਲੀ ਸੀ ਉਸ ਤੇ ਜਾਸੂਸੀ ਅਤੇ ਤਸਕਰੀ ਦਾ ਦੋਸ਼ ਸੀ।

ਸੰਨ 1962 ’ਚ ਤੋਂ 1966 ਤਕ ਭਾਰਤੀ ਫ਼ੌਜ ’ਚ ਰਹੇ ਕਸ਼ਮੀਰ ਸਿੰਘ ਨੇ ਪੰਜਾਬ ਪੁਲਸ ਲਈ ਵੀ ਕੰਮ ਕੀਤਾ ਅਤੇ ਫਿਰ 400 ਰੁਪਏ ਮਹੀਨੇ ’ਤੇ ਜਾਸੂਸੀ ਕੀਤੀ ਇਸ ਦੌਰਾਨ ਉਹ ਇਬਰਾਹਿਮ ਦੇ ਨਾਂ ਹੇਠ ਪਾਕਿਸਤਾਨ ’ਚ ਦਾਖਲ ਹੋਣ ’ਚ ਸਫਲ ਰਹੇ। ਸੰਨ 1973 ’ਚ ਉਹਨਾਂ ਨੂੰ ਪੇਸ਼ਾਵਰ-ਰਾਵਲ ਪਿੰਡ ਦਰਮਿਆਨ ਤਸਕਰੀ ਦੇ ਦੋਸ਼ ’ਚ ਗ੍ਰਿਫ਼ਤਾਰ ਕਰ ਲਿਆ ਗਿਆ। ਪਰ ਪਾਕਿਸਤਾਨੀ ਜਸੂਸਾਂ ਨੂੰ ਉਹਨਾਂ ਖਿਲਾਫ਼ ਕੋਈ ਸਬੂਤ ਨਹੀਂ ਮਿਲਿਆ। ਪਾਕਿਸਤਾਨੀ ਸੈਨਾ ਦੀ ਇਕ ਅਦਾਲਤ ਨੇ ਉਹਨਾਂ ਨੂੰ ਮੌਤ ਦੀ ਸਜ਼ਾ ਦਿੱਤੀ ਪਰ 1976-77 ’ਚ ਇਕ ਸਥਾਨਕ ਅਦਾਲਤ ਨੇ ਇਸ ’ਤੇ ਰੋਕ ਲਾ ਦਿੱਤੀ। ਹਾਲਾਂਕਿ ਉਹਨਾਂ ਦੀ ਰਹਿਮ ਦੀ ਅਪੀਲ ਨੂੰ ਖਾਰਜ ਕਰ ਦਿੱਤਾ। ਉਦੋਂ ਤੋਂ ਹੀ ਉਸ ਇਸ ਜ਼ੇਲ੍ਹ ਤੋਂ ਉਸ ਜ਼ੇਲ੍ਹ ’ਚ ਭੇਜੇ ਜਾਂਦੇ ਰਹੇ। ਸੰਨ 1986 ’ਚ ਰਿਹਾ ਭਾਰਤੀ ਕੈਦੀਆਂ ਤੋਂ ਪਤਾ ਲੱਗਿਆ ਕਿ ਉਹ ਜਿਉਂਦੇ ਹਨ। ਸੰਨ 2008 ’ਚ ਅੰਸਾਰੀ ਬਰਨੀ ਨੇ ਉਹਨਾਂ ਨੂੰ ਕੋਟ ਲੱਖਪਤ ਜੇਹਲ ’ਚ ਵੇਖਿਆ ਤੇ ਮਾਨਸਿਕ ਰੂਪ ’ਚ ਬੀਮਾਰ ਪਾਇਆ। ਉਹਨਾਂ ਨੇ ਇਸ ਮਾਮਲੇ ਨੂੰ ਪਾਕਿਸਤਾਨ ਸਰਕਾਰ ਦੇ ਸਾਹਮਣੇ ਰੱਖਿਆ ਅਤੇ ਫਿਰ ਕਸ਼ਮੀਰ ਦੀ ਰਿਹਾਈ ਹੋ ਸਕੀ।

14 ਮਾਰਚ 2008 ਨੂੰ ਵਾਘਾ ਬਾਰਡਰ ਦੇ ਰਾਹੀਂ ਉਹ ਵਤਨ ਵਾਪਸ ਆਇਆ ਅਤੇ ਆਪਣੇ ਘਰ ਹੁਸ਼ਿਆਰਪੁਰ ਜ਼ਿਲ੍ਹੇ ਦੇ ਨੰਗਲ ਖਿਲਾੜੀਆਂ ਪਹੁੰਚਿਆ। ਪਾਕਿਸਤਾਨ ਨੇ ਵਿਸਾਖੀ ਸਮੇਂ 19 ਅਪ੍ਰੈਲ 1989 ਨੂੰ ਭਾਰਤੀ ਕੈਦੀਆਂ ਨੂੰ ਰਿਹਾਅ ਕਰ ਦਿੱਤਾ। ਉਹ ਸਭ ਵੀ ਮਛੇਰੇ ਸਨ। ਜੋ ਅਰਬ ਸਾਗਰ ’ਚ ਭਾਰਤ-ਪਾਕਿ ਸੀਮਾ ਦਰਮਿਆਨ ਜਲਸੀਮਾ ਦਾ ਅੰਦਾਜਾ ਨਾ ਹੋਣ ਕਰਕੇ ਪਾਕਿਸਤਾਨ ਸਰਹੱਦ ’ਚ ਜਾ ਵੜੇ ਸਨ ਅਤੇ ਫੜ ਲਏ ਗਏ ਸਨ। ਰਿਹਾਅ ਹੋਏ ਮਛੇਰਿਆਂ ਅਨੁਸਾਰ ਪਾਕਿਸਤਾਨ ਲੈ ਜਾ ਕੇ ਉਹਨਾਂ ’ਤੇ ਸਾਰੇ ਜੁਲਮ ਢਾਹੇ ਜਾਂਦੇ ਹਨ ਅਤੇ ਮੁਕੱਦਮਿਆਂ ’ਚ ਫਸਾ ਦਿੱਤਾ ਜਾਂਦਾ ਹੈ। ਅਜੇਹੇ ਮਛੇਰੇ ਘੱਟ ਹੀ ਹੁੰਦੇ ਹਨ ਜਿਹਨਾਂ ਨੂੰ ਵਤਨ ਵਾਪਸੀ ਦਾ ਤੋਹਫਾ ਮਿਲਦਾ ਹੈ। ਇਸ ਪੂਰੇ ਘਟਨਾਕ੍ਰਮ ਤੇ ਗੋਪਾਲ ਦਾਸ ਦੀ ਰਿਹਾਈ ਨਾਲ ਪਾਕਿਸਤਾਨ ਦੀ ਜੇਹਲਾਂ ’ਚ ਕੈਦ ਭਾਰਤੀਆਂ ਦੀ ਰਿਹਾਈ ਦੀ ਆਸ ਤਾਂ ਲੱਗ ਗਈ ਹੈ ਨਾਲ ਹੀ ਭਾਰਤ ਸਰਕਾਰ ਦੀ ਬੇਰੁਖੀ ਵੀ ਨੰਗੀ ਹੋ ਗਈ ਹੈ।

# ਕੀ ਸੀ ਇਕ ਸਾਜਿਸ ਜਿਸ ਨਾਲ ਲੋਕ ਦੀ ਚੇਤਨਾ ਪਥਰਾ ਜਾਵੇ?

ਨਵੇਂ ਸਾਲ ਦੇ ਤੀਜੇ ਦਿਨ ਯਾਨੀ ਤਿੰਨ ਜਨਵਰੀ ਦੀ ਰਾਤ ਲਖਨਊ ਸਮੇਤ ਉਤਰ ਪ੍ਰਦੇਸ਼ ਦੇ ਸੱਤ-ਅੱਠ ਜ਼ਿਲ੍ਹਿਆਂ ਲਈ ਦਹਿਸ਼ਤ ਤੇ ਖੌਫ ਦਾ ਮੰਜਰ ਬਣ ਗਈ। ਆਪ ਸ਼ਾਇਦ ਸੋਚ ਰਹੇ ਹੋਵੋਗੇ ਕਿ ਅਜਿਹਾ ਹੋਇਆ ਕੀ? ਇਹ ਕੁਝ ਹੋਰ ਨਹੀਂ ਬਲਕਿ ਇਹ ਅਫ਼ਵਾਹ ਸੀ ਕਿ ਸੁਤੇ ਆਦਮੀ ਪੱਥਰ ਦੇ ਬਣੀ ਜਾ ਰਹੇ ਹਨ ਕਿ ਰਾਤ ਨੂੰ ਕਦੋਂ ਵੀ ਭੁਚਾਲ ਆ ਸਕਦਾ ਹੈ ਅਤੇ ਇਹ ਗੱਲ ਇਥੋਂ ਤੱਕ ਫੈਲੀ ਕਿ ਗੋਮਤੀ ਨਦੀ ਦੀ ਕਿਨਾਰੇ ਕੁਝ ਪਿੰਡ ਜ਼ਮੀਨ ’ਚ ਧਸ ਗਏ ਹਨ। ਦੇਖਦੇ ਹੀ ਦੇਖਦੇ ਇਹ ਖ਼ਬਰ ਪਿੰਡਾਂ ਤੇ ਸ਼ਹਿਰਾਂ ’ਚ ਫ਼ੈਲ ਗਈ ਇਕ ਦਮ ਹਵਾ ਵਾਗੂੰ। ਪਿੰਡਾਂ ’ਚ ਜਾਗਦੇ ਰਹੋ ਦੇ ਹੋਕੇ ਦੇ ਕੇ ਕੁੱਝ ਲੋਕ ਸੁਤੇ ਲੋਕਾਂ ਨੂੰ ਜਗਾ ਰਹੇ ਸਨ। ਉਹਨਾਂ ਨੂੰ ਪੂਰੀ ਰਾਤ ਇਕਲਿਆਂ ਬੈਠ ਕੇ ਲੰਘਾਉਣੀ ਪਈ। ਸ਼ਹਿਰਾਂ ’ਚ ਸਭ ਅਪਣੇ-ਅਪਣੇ ਘਰਾਂ ਤੋਂ ਬਾਹਰ ਆ ਗਏ ਤੇ ਮੋਬਾਈਲ ’ਤੇ ਇਕ ਦੂਜੇ ਦੀ ਖੈਰ ਸੁੱਖ ਪੁੱਛਣ ਲੱਗੇ ਤੇ ਨਾਲ ਹੀ ਇਹ ਵੀ ਕਹਿੰਦੇ ਕਿ ਦੁਬਾਰਾ ਸੌਣਾ ਨਹੀਂ ਵਰਨਾ ਅਨਰਥ ਹੋ ਜਾਵੇਗਾ। ਧਾਰਮਿਕ ਆਸਥਾ ਅਨੁਸਾਰ ਲੋਕਾਂ ਨੇ ਅਪਣੇ ਇਸ਼ਟ ਦੇਵਤਿਆਂ ਨੂੰ ਯਾਦ ਕਰਨਾ ਸ਼ੁਰੂ ਕਰ ਦਿੱਤਾ। ਤਾਂ ਕੁੱਝ ਥਾਵਾਂ ਤੇ ਔਰਤਾਂ ਆਪਣੇ ਘਰਾਂ ਦੇ ਦਰਵਾਜਿਆਂ ’ਤੇ ਹਲਦੀ ਲੱਗੇ ਪੰਜੇ ਨਾਲ ਠੱਪੇ ਲਾਉਣ ਲੱਗੀਆਂ। ਇਸ ਤਰ੍ਹਾਂ ਪੂਰੀ ਰਾਤ ਲੋਕਾਂ ਨੇ ਜਾਗ ਕੇ ਲੰਘਾਈ। ਸਵੇਰੇ ਦਿਨ ਚੜ੍ਹਨ ’ਤੇ ਹੀ ਲੋਕ ਇਸ ਡਰ ਤੋਂ ਮੁਕਤ ਹੋ ਸਕੇ। ਇਸ ਘਟਨਾ ਤੋਂ ਕੋਈ ਵੀ ਤਰਕਸ਼ੀਲ ਬੰਦਾ ਇਹ ਸੋਚਣ ਲਈ ਮਜ਼ਬੂਰ ਹੋਵੇਗਾ ਕਿ ਅਣਪੜ ਨੂੰ ਛੱਡ ਵੀ ਦੇਈਏ ਤਾਂ ਉਹਨਾਂ ਅਖੌਤੀ ਅਮੀਰ ਤੇ ‘ਪੜ੍ਹੇ-ਲਿਖੇ’ ਲੋਕਾਂ ਨੇ ਐਸੀ ਸੱਚ ਨੂੰ ਸਹੀ ਮੰਨ ਕੇ ਉਸ ਅਨੁਸਾਰ ਅਜੇਹਾ ਵਿਹਾਰ ਕਿਉਂ ਕੀਤਾ? ਇਹ ਕੋਈ ਨਵੀਂ ਘਟਨਾ ਨਹੀਂ ਹੈ ਬਲਕਿ ਅਜੇਹੀਆਂ ਕਈ ਘਟਨਾਵਾਂ ਵੱਖ-ਵੱਖ ਅੰਦਾਜ ’ਚ ਸਾਹਮਣੇ ਆ ਚੁਕੀਆਂ ਹਨ। ਕਦੀ ਮੂੰਹ ਨਚੋਵਾਂ ਦੀ ਦਹਿਸ਼ਤ, ਕਦੀ ਗਣੇਸ਼ ਭਗਵਾਨ ਦੀਆਂ ਮੂਰਤੀਆਂ ਦੇ ਦੁੱਧ ਪੀਣ ਦੀ ਅਫ਼ਵਾਹ, ਕਦੀ ਸਮੁੰਦਰ ਦੇ ਪਾਣੀ ਦੇ ਮਿਠੇ ਹੋਣ ਦੀ ਗੱਲ, ਕਦੀ ਮੋਬਾਈਲ ਦੀ ਦਹਿਸ਼ਤ (ਪੰਜਾਬ ਖੇਤਰ ’ਚ ਇਸ ਘਟਨਾ ’ਚ ਇਹ ਗੱਲ ਫੈਲਦੀ ਸੀ ਕਿ ਇਕ ਖਾਸ ਨੰਬਰ ਤੋਂ ਮੋਬਾਇਲ ’ਤੇ ਫੋਨ ਕਾਲ ਆਉਂਦੀ ਸੀ। ਰਸੀਵ ਕਰਨ ਵਾਲੇ ਦੇ ਮੋਬਾਇਲ ਦੀ ਸਕਰੀਨ ਲਾਲ ਹੋ ਜਾਂਦੀ ਸੀ ਅਤੇ ਉਹ ਬੰਦਾ ਮਰ ਜਾਂਦਾ ਸੀ) ਇਸ ਘਟਨਾ ਦੇ ਫੈਲਣ ’ਤੇ ਲੋਕਾਂ ਨੇ ਲੈਂਡਲਾਈਨ ਫੋਨ ਵੀ ਚੁਕਣਾ ਬੰਦ ਕਰ ਦਿੱਤਾ ਸੀ ਸਿਰਫ਼ ਮੋਬਾਇਲ ਸੁਨੇਹੇ ਰਾਹੀਂ ਹੀ ਗੱਲ ਕਰਦੇ ਸਨ। ਬਿਨਾਂ ਅੱਗ ਤੋਂ ਧੂੰਆਂ ਕਿਵੇਂ ਉਠਾਇਆ ਜਾਂਦਾ ਹੈ ਇਸ ਦੀਆਂ ਇਹ ਸਪੱਸ਼ਟ ਉਦਾਹਰਣਾਂ ਹਨ। ਸਰਕਾਰ ਅਫ਼ਵਾਹਾਂ ਨੂੰ ਅਨੈਤਿਕ ਤੇ ਗ਼ੈਰ ਕਾਨੂੰਨੀ ਮੰਨਦੀ ਹੈ ਪਰ ਕਦੀ ਵੀ ਉਹਨਾਂ ਲੋਕਾਂ ਦੀ ਸ਼ਕਾਇਤ ਨਹੀਂ ਹੋ ਸਕੀ ਜੋ ਅਫ਼ਵਾਹਾਂ ਫੈਲਾਉਣ ਦੇ ਦੋਸ਼ੀ ਹੁੰਦੇ ਹਨ। ਕੁੱਝ ਲੋਕਾਂ ਅਨੁਸਾਰ ਇਹ ਮੋਬਾਇਲ ਕੰਪਨੀਆਂ ਦਾ ਕਾਰਨਾਮਾ ਹੋ ਸਕਦਾ ਹੈ। ਜੋ ਮੈਸੇਜ ਰਾਹੀਂ ਅਜਿਹੀ ਅਫ਼ਵਾਹ ਫੈਲਾਅ ਕੇ ਕੁੱਝ ਹੀ ਸਮੇਂ ’ਚ ਕਾਫੀ ਪੈਸਾ

ਬਣਾ ਸਕਦੀਆਂ ਹਨ। ਦੂਸਰਾ ਅਜਿਹੀਆਂ ਖ਼ਬਰਾਂ ਪਿੰਡਾਂ 'ਚ ਦਰਸ਼ਕਾਂ ਦੀ ਗਿਣਤੀ ਵਧਾਉਣ ਤੇ ਇਸ ਬਹਾਨੇ ਟੀ.ਵੀ. ਕੰਪਨੀਆਂ ਦੀ ਰੇਟਿੰਗ ਵਧਾਉਣ ਦਾ ਮਾਧਿਅਮ ਬਣ ਗਈ ਹੈ। ਕੁੱਝ ਜਾਂਚਾਂ ਦੌਰਾਨ ਇਹ ਵੀ ਸਾਹਮਣੇ ਆਇਆ ਹੈ ਕਿ ਆਰ.ਐਸ.ਐਸ ਆਪਣੇ ਪ੍ਰਚਾਰ ਤੰਤਰ ਦੀ ਅਸਰਦਾਇਕਾ ਜਾਂਚਣ ਲਈ ਅਜਿਹੀਆਂ ਅਫ਼ਵਾਹਾਂ ਦਾ ਸਹਾਰਾ ਲੈਂਦਾ ਹੈ। ਪਰ ਸਮਾਜ 'ਚ ਇਹ ਤਾਕਤਾਂ ਅਫ਼ਵਾਹਾਂ ਫੈਲਾਉਣ 'ਚ ਕਿਉਂ ਕਾਮਯਾਬ ਹੁੰਦੀਆਂ ਹਨ। ਇਹ ਸੋਚਣ ਦੀ ਗੱਲ ਹੈ। ਅਜਿਹੀਆਂ ਗੱਲਾਂ ਨੂੰ ਮਾਨਣ ਦੇ ਕਾਰਨ ਸਾਡੇ ਸਮਾਜਕ ਤਾਣੇ-ਬਾਣੇ ਵਿਚ ਵੀ ਮੌਜੂਦ ਹਨ। ਕਾਰਨ ਕਿ ਅਸੀਂ ਜਿਸ ਸਮਾਜ 'ਚ ਫਲਦੇ-ਪੜਦੇ ਹਾਂ ਉਥੇ ਤਰਕ ਕਰਨਾ, ਬਹਿਸ ਕਰਨੀ, ਕਿਸੇ ਚੀਜ ਦੇ ਹੋਣ ਦੇ ਕਾਰਨਾਂ ਨੂੰ ਜਾਚਣਾ ਅਸੀਂ ਨਹੀਂ ਸਿੱਖ ਸਕਦੇ। ਪ੍ਰੀਵਾਰਾਂ ਤੋਂ ਲੈ ਕੇ ਸਿਖਿਆ ਸੰਸਥਾਵਾਂ ਤਕ 'ਚ ਉਹ ਭਾਰੀ ਕਮੀ ਮੌਜੂਦ ਹੈ। ਜਿਥੇ ਸਿਧਾਂਤ ਦੀਆਂ ਗੱਲਾਂ ਵਿਹਾਰ ਤੋਂ ਕੱਟੀਆਂ ਹੋਣਗੀਆਂ, ਉਥੇ ਸਿਧਾਂਤ ਅਰਥਹੀਣ ਹੋ ਜਾਂਦੇ ਹਨ। ਅੱਜ ਦੇ ਸਮੇਂ ਪੂਰੇ ਸੰਸਾਰ ਨੇ ਜੋ ਤਰੱਕੀ ਕੀਤੀ ਹੈ ਉਸ 'ਚ ਵਿਗਿਆਨ ਦੀ ਭੂਮਿਕਾ ਮਹੱਤਵਪੂਰਨ ਰੂਪ ਨਾਲ ਹੋ ਰਹੀ ਹੈ। ਸਾਡੀ ਰੋਜ਼ਾਨਾ ਜ਼ਿੰਦਗੀ ਦੀ ਵਰਤੋਂ 'ਚ ਕਾਫੀ ਵਸਤੂਆਂ ਸ਼ੁੱਧ ਵਿਗਿਆਨਕ ਸਿਧਾਂਤਾ 'ਤੇ ਕੰਮ ਕਰਦੀਆਂ ਹਨ। ਅਸੀਂ ਕੁਲ ਮਿਲਾ ਕੇ ਇਸ ਬਾਰੇ ਜਾਣਦੇ ਵੀ ਹਾਂ ਪਰ ਵਿਗਿਆਨ ਦੇ ਅਮਲੀ ਸਿਧਾਂਤ, ਤਰਕ ਪ੍ਰਣਾਲੀ ਸਾਡੀ ਚੇਤਨਾ 'ਚ ਜੀਵਨ ਦੇ ਵੱਖ-ਵੱਖ ਖੇਤਰਾਂ 'ਚ ਅਮਲੀ ਤੌਰ 'ਤੇ ਸਥਾਪਤ ਨਹੀਂ ਹੋ ਸਕਦੀ ਹੈ। ਵਿਗਿਆਨ ਤੇ ਤਕਨੋਲੋਜੀ ਦੇ ਯੁੱਗ 'ਚ ਅਸੀਂ ਜੀ ਰਹੇ ਹਾਂ। ਪੂਰੇ ਦੇਸ਼ ਪੱਧਰ 'ਤੇ ਦੂਰ ਸੰਚਾਰ ਮਾਧਿਅਮਾਂ ਦਾ ਜਾਲ ਫੈਲਿਆ ਹੈ। ਜਿਸ ਦੇ ਮਾਧਿਅਮ ਨਾਲ ਲੋਕਾਂ ਨੂੰ ਬੇਹਤਰ ਸਿਖਿਆ, ਜੋ ਕਿ ਵਿਗਿਆਨਕ ਹੋਵੇ, ਤਰਕਸ਼ੀਲ ਹੋਵੇ, ਜੋ ਸਾਨੂੰ ਸੋਚਣ ਦਾ ਵਿਆਪਕ ਫਲਕ ਮੁਹਈਆ ਕਰਵਾਉਂਦੀ ਹੋਵੇ, ਦਿੱਤੀ ਜਾ ਸਕਦੀ ਹੈ। ਪਰ ਅਜੇਹਾ ਨਹੀਂ ਹੋ ਸਕਦਾ ਹੈ ਕਿਉਂਕਿ ਇਹਨਾਂ ਸੰਚਾਰ ਮਾਧਿਅਮਾਂ 'ਤੇ ਸਰਕਾਰੀ-ਗ਼ੈਰ ਸਰਕਾਰੀ ਦਿਉ ਕੱਦ ਕੰਪਨੀਆਂ ਦੀ ਇਜਾਰੇ ਦਾਰੀ ਹੈ। ਜਿਸ ਦੀ ਵਰਤੋਂ ਉਹ ਸਿਰਫ਼ ਮੁਨਾਫ਼ਾ ਬਟੋਰਨ ਲਈ ਕਰਦੀਆਂ ਹਨ। ਇਸੇ ਕਾਰਨ ਕੇਵਲ, ਟੀ.ਵੀ. ਚੈਨਲਾਂ ਤੇ ਅਜਿਹੇ ਪ੍ਰੋਗਰਾਮ ਪੇਸ਼ ਕੀਤੇ ਜਾਂਦੇ ਹਨ ਜੋ ਕਿ ਸਾਨੂੰ ਪਿਛਾਖੜੀ, ਗ਼ੈਰ ਤਰਕਸ਼ੀਲ, ਰੱਬੀ ਤਾਕਤਾਂ ਤੇ ਭਰੋਸੇ ਵਾਲਾ ਆਤਮ ਵਿਸਵਾਸ਼ ਰਹਿਤ ਤੇ ਹਿੰਸਕ ਬਣਾ ਰਹੀ ਹੈ। ਬੱਚਿਆਂ 'ਤੇ ਵੀ ਇਸ ਦਾ ਕਾਫੀ ਬੁਰਾ ਅਸਰ ਹੋ ਰਿਹਾ ਹੈ। ਪੂੰਜੀਵਾਦ ਨਾ ਸਿਰਫ ਵਿਗਿਆਨ ਤੇ ਉਸ ਦੀਆਂ ਖੋਜਾਂ ਦੀ ਮੁਨਾਫੇ ਲਈ ਆਦਮਖੋਰ ਤਮਕੇ ਨਾਲ ਵਰਤੋਂ ਕਰ ਰਿਹਾ ਹੈ ਬਲਕਿ ਅਧਿਆਤਮ ਤੇ ਧਰਮ ਦੀ ਵੀ ਇਹ ਅਜੇਹੀ ਵਰਤੋਂ ਕਰ ਰਿਹਾ ਹੈ। ਇਸ 'ਚ ਅਧਿਆਤਿਮਕਤਾ ਤੇ ਧਰਮ ਦੀ ਵਰਤੋਂ ਵੱਧ ਘਾਤਕ ਹੈ। ਕਿਉਂਕਿ ਇਸ ਦੀ ਵਰਤੋਂ ਲੋਕਾਂ 'ਤੇ ਕੰਟਰੋਲ ਤੇ ਉਹਨਾਂ ਦੀ ਚੇਤਨਾ ਨੂੰ ਖੁੰਢਾ ਕਰਨ ਤੇ ਉਹਨਾਂ ਨੂੰ ਗੁਲਾਮ ਬਣਾਉਣ ਲਈ ਕੀਤੀ ਜਾਂਦੀ ਹੈ। ਪੂੰਜੀਵਾਦ ਵਿਗਿਆਨ ਦੀਆਂ ਸਾਰੀਆਂ ਨਿਆਮਤਾਂ ਦੀ ਵਰਤੋਂ ਤਾਂ ਕਰਨਾ ਚਾਹੁੰਦਾ ਹੈ ਪਰ ਵਿਗਿਆਨ ਤੇ ਤਰਕ ਦੀ ਰੌਸ਼ਨੀ ਨੂੰ ਲੋਕਾਂ ਦੇ ਵਿਆਪਕ ਤਬਕਿਆਂ ਤਕ ਪਹੁੰਚਣ ਤੋਂ ਰੋਕਣ ਲਈ ਜਾਂ ਉਸ ਨੂੰ ਵਿਗੜੇ ਰੂਪ 'ਚ ਆਮ ਲੋਕਾਂ 'ਚ ਪਹੁੰਚਾਉਣ ਲਈ ਹਰ ਸੰਭਵ ਕੋਸ਼ਿਸ਼ ਕਰਦਾ ਹੈ।

# ਖੁਦਾਈ ਮਾਫੀਆਂ ਦਾ ਕਿੰਨਾ ਕੁ ਹੈ ਖੌਫ?

ਕਦੀ ਚੰਬਲ ਦੇ ਡਕੈਤਾਂ ਲਈ ਖੂੰਖਾਰ ਰਿਹਾ ਮੱਧ ਪ੍ਰਦੇਸ਼ ਹੁਣ ਖੁਦਾਈ ਮਾਫੀਆਂ ਦੀ ਲੱਠਮਾਰੀ ਲਈ ਖੂੰਖਾਰ ਹੁੰਦਾ ਜਾ ਰਿਹਾ ਹੈ। ਖੁਦਾਈ ਮਾਫੀਆਂ ਹੁਣ ਅਧਿਕਾਰੀਆਂ ਨੂੰ ਨਿਸ਼ਾਨਾ ਬਣਾਉਣ ਤੋਂ ਵੀ ਨਹੀਂ ਝਿਜਕਦੇ। ਤਾਜਾ ਮਸਲਾ ਆਈ.ਪੀ.ਐਸ ਅਧਿਕਾਰੀ ਨਰੇਂਦਰ ਕੁਮਾਰ ਦੇ ਕਤਲ ਦਾ ਹੈ। ਮੁਨੈਨਾ 'ਚ ਬਤੌਰ ਐਸ.ਪੀ.ਡੀ.ਓ ਦੇ ਅਹੁਦੇ 'ਤੇ ਕਾਰਜਸ਼ੀਲ ਕੁਮਾਰ 8 ਮਾਰਚ ਨੂੰ ਨਜਾਇਜ਼ ਖੁਦਾਈ ਦੀ ਸ਼ਿਕਾਇਤ ਮਿਲਣ ਪਿਛੋਂ ਅਪਣੀ ਜਿਪਸੀ 'ਤੇ ਕਾਰਵਾਈ ਕਰਨ ਲਈ ਇਲਾਕੇ 'ਚ ਨਿਕਲੇ। ਉਹਨਾਂ ਨੇ ਪਥਰਾਂ ਨਾਲ ਲੱਦੇ ਇਕ ਟ੍ਰੈਕਟਰ ਨੂੰ ਰੋਕਣ ਦਾ ਇਸ਼ਾਰਾ ਕੀਤਾ। ਪਰ ਡਰਾਈਵਰ ਨੇ ਟ੍ਰੈਕਟਰ ਨਹੀਂ ਰੋਕਿਆ। ਨਰੇਂਦਰ ਟ੍ਰੈਕਟਰ ਨਾਲ ਲਟਕ ਕੇ ਰੋਕਣ ਦੀ ਕੋਸ਼ਿਸ਼ ਕਰਨ ਲੱਗੇ। ਇਸ ਦੌਰਾਨ ਟਰੈਕਟਰ ਦੇ ਹੇਠਾਂ ਆ ਗਏ। ਇਸ ਆਈ.ਪੀ.ਐਸ ਅਧਿਕਾਰੀ ਦੇ ਮਤਾਹਿਤ ਕੰਮ ਕਰਨ ਵਾਲੇ ਹੋਰ ਮੁਲਾਜਮ ਮੌਕੇ 'ਤੇ ਤਮਾਸ਼ਾ ਵੇਖਦੇ ਰਹੇ ਅਤੇ ਡਰਾਈਵਰ ਉਹਨਾਂ ਦੀ ਜਾਨ ਲੈਣ ਤੋਂ ਵੀ ਨਹੀਂ ਝਿਜਕਿਆ। ਡਰਾਇਵਰ ਤਾਂ ਮੌਕੇ ਤੇ ਫੜਿਆ ਗਿਆ ਪਰ ਵੱਡਾ ਸੁਆਲ ਤਾਂ ਇਹ ਹੈ ਕਿ ਖਨਨ ਮਾਫ਼ੀਆਂ ਦੀ ਦਹਿਸ਼ਤ ਦੇ ਅੱਗੇ ਕੋਈ ਖੁਲ੍ਹ ਕੇ ਕਿਉਂ ਨਹੀਂ ਬੋਲਦਾ। ਡਰਾਇਵਰਾਂ ਵਲੋਂ ਮੁਲਾਜਮਾਂ ਨੂੰ ਨਿਸ਼ਾਨਾ ਬਣਾਉਣ ਦਾ ਇਹ ਕੰਮ ਕੋਈ ਨਵੀਂ ਘਟਨਾ ਨਹੀਂ ਹੈ ਪਰ ਆਈ.ਪੀ.ਐਸ ਅਫ਼ਸਰ ਨੂੰ ਕੁਚਲਣਾ ਮਾਫ਼ੀਆ ਦੇ ਬੇਲਗਾਮ ਹੋ ਜਾਣਾ ਹੈ। ਇਹ ਸਾਬਤ ਕਰਦਾ ਹੈ ਕਿ ਖੁਦਾਈ ਮਾਫੀਆਂ ਦੀ ਹਕੂਮਤ ਤਕ ਉਚੀ ਪਹੁੰਚ ਹੈ ਤੇ ਇਸ ਦਾ ਜ਼ਿਕਰ ਵਿਰੋਧੀ ਧਿਰ ਕਾਂਗਰਸ ਲਗਾਤਾਰ ਕਰਦੀ ਆ ਰਹੀ ਹੈ। ਇਸ ਘਟਨਾਂ ਦੇ ਦੋ ਦਿਨ ਪਿਛੋਂ ਪੰਨਾ ਜ਼ਿਲ੍ਹ 'ਚ ਅਜੈਗੜ ਦੇ ਐਸ.ਡੀ.ਐਮ ਨਥੂ ਰਮਾ ਗੌਂਡ ਤੇ ਅਣਵਿਭਾਗੀ ਪੁਲਿਸ ਅਧਿਕਾਰੀ ਜਗਨ ਨਾਥ ਸਿੰਘ ਤੇ ਉਸ ਸਮੇਂ ਹਮਲਾ ਕੀਤਾ ਗਿਆ ਜਦ ਉਹ ਰੇਤੇ ਦੀ ਨਜਾਇਜ਼ ਖੁਦਾਈ ਰੋਕਣ ਲਈ ਵਿਰੋਧ ਕਰ ਰਹੇ ਸਨ ਇਸ ਤਰ੍ਹਾਂ ਸ਼ਿਵਪੁਰੀ ਦੇ ਕੋਲਾਰਾਮ 'ਚ ਬੈਰਸੀਆ ਪਾਸ ਜਦ ਵਣ-ਵਿਭਾਗ ਦੀ ਟੀਮ ਨੇ ਨਜਾਇਜ਼ ਖੁਦਾਈ ਕਰਕੇ ਪੱਥਰ ਲਿਆਉਣ ਵਾਲੀ ਇਕ ਟ੍ਰੈਕਟਰ ਟ੍ਰਾਲੀ ਨੂੰ ਫੜਨ ਦੀ ਕੋਸ਼ਿਸ਼ ਕੀਤੀ ਤਾਂ ਡਰਾਈਵਰ ਨੇ ਮੁਲਾਜਮਾਂ ਦੀ ਜਾਨ ਲੈਣ ਦੀ ਕੋਸ਼ਿਸ਼ ਕੀਤੀ। ਇਸ ਦੌਰਾਨ ਮੌਕਾ ਪਾ ਕੇ ਡਰਾਈਵਰ ਭੱਜ ਨਿਕਲਿਆ। ਇਸ ਤਰ੍ਹਾਂ ਦਤਿਆ ਜ਼ਿਲ੍ਹੇ ਦੀ ਸੇਂਵਡਾ ਦੀ ਕੰਜੋਲੀ ਰਾਤੇ ਖਾਣ 'ਚੋਂ ਨਜਾਇਜ਼ ਖੁਦਾਈ ਕਰਨ ਸਬੰਧੀ ਇਕ ਭਾਜਪਾ ਆਗੂ ਤੇ ਰੇਤ ਠੇਕੇਦਾਰ ਵਿਚਕਾਰ ਦੱਬ ਕੇ ਗੋਲੀਬਾਰੀ ਹੋਈ। ਇਹ ਰੇਤ ਦੀ ਖਾਣ ਰਾਜ ਸਰਕਾਰ ਨੇ ਸ਼ਿਵਾ ਕਾਰਪੋਰੇਸ਼ਨ ਨੂੰ ਲੀਜ਼ 'ਤੇ ਦਿਤੀ ਹੈ ਪਰ ਇਥੇ ਕਈ ਲੋਕ ਚੋਰਿਉਂ ਨਜਾਇਜ਼ ਖੁਦਾਈ ਕਰਦੇ ਆ ਰਹੇ ਹਨ। ਨਰੇਂਦਰ ਕੁਮਾਰ ਦੀ ਕਤਲ ਦੀ ਜਾਂਚ ਸੀ.ਬੀ.ਆਈ ਤੋਂ ਕਰੌਣ ਦੀ ਰਾਜ ਸਰਕਾਰ ਨੇ ਮਨਜੂਰੀ ਤਾਂ ਦਿਤੀ ਪਰ ਘਟਨਾ ਨੇ ਰਾਜ ਦੀ ਸਿਆਸਤ 'ਚ ਭੁਚਾਲ ਲਿਆ ਦਿਤਾ। ਅਫ਼ਸਰਾਂ ਨੂੰ ਨਿਰਭੈ ਹੋ ਕੇ ਕੰਮ ਕਰਨ ਦੀ ਨਸੀਹਤ ਦੇਣ ਵਾਲੀ ਸ਼ਿਵਰਾਜ ਸਰਕਾਰ 'ਚ ਹਕੂਮਤੀ ਤੰਤਰ ਕਿੰਨਾ ਨਿਰਭੈ ਹੋ ਕੇ ਕੰਮ ਕਰ ਰਿਹਾ ਹੈ, ਇਹ ਵੱਡਾ ਪ੍ਰਸ਼ਨ ਬਣ ਗਿਆ ਹੈ। ਨਰੇਂਦਰ ਕੁਮਾਰ ਦੀ ਪਤਨੀ ਤੇ ਆਈ.ਏ.ਐਸ ਅਧਿਕਾਰੀ ਮਧੁਰਾਨੀ ਤੇਵਤਿਆ ਇਸ ਘਟਨਾ ਪਿਛੇ ਵੱਡੀ ਸਾਜ਼ਿਸ਼ ਕਰਾਰ ਦਿੰਦੀ

ਹੈ। ਉਹਨਾਂ ਅਨੁਸਾਰ ਸਰਕਾਰੀ ਮਸ਼ੀਨਰੀ ਖੁਦਾਈ ਮਾਫੀਆਂ ਦੇ ਦਬਾਅ 'ਚ ਕੰਮ ਕਰ ਰਹੀ ਹੈ। ਇਸ ਲਈ ਕੋਈ ਅਧਿਕਾਰੀ ਖੁਲ੍ਹ ਕੇ ਬੋਲਣ ਲਈ ਤਿਆਰ ਨਹੀਂ ਹੈ। ਨਰੇਂਦਰ ਕੁਮਾਰ ਦੇ ਪਿਤਾ ਕੇਸ਼ਵ ਦੇਵ ਕਹਿੰਦੇ ਹਨ ਕਿ ਪੂਰੇ ਮਾਮਲੇ 'ਚ ਮੱਧ ਪ੍ਰਦੇਸ਼ ਪੁਲਿਸ ਦਾ ਰਵਈਆ ਅਸਹਿਯੋਗ ਭਰਿਆ ਹੈ। ਉਤਰ ਪ੍ਰਦੇਸ਼ ਪੁਲਸ ਵਿਭਾਗ 'ਚ ਕਾਰਜਸ਼ੀਲ ਦੇਣ ਨੂੰ ਮੱਧ ਪ੍ਰਦੇਸ਼ ਸਰਕਾਰ ਤੋਂ ਕਿਸੇ ਸਹਿਯੋਗ ਦੀ ਉਮੀਦ ਨਹੀਂ ਹੈ। ਇਹ ਕਹਿੰਦੇ ਹਨ ਕਿ ਜਿਸ ਤਰ੍ਹਾਂ ਉਸ ਦੇ ਪੁੱਤ ਨੂੰ ਨਿਸ਼ਾਨਾ ਬਣਾਇਆ ਗਿਆ ਤੇ ਸਰਕਾਰ ਤੰਤਰ ਜਾਂਚ ਦੀ ਗੱਲ ਕਹਿ ਕੇ ਮਾਮਲੇ ਤੋਂ ਪੱਲਾ ਛੁਡਾਇਆ ਜਾ ਰਿਹਾ ਹੈ। ਉਸ ਨੂੰ ਕੀ ਕਿਹਾ ਜਾਵੇ। ਦੇਵ ਦਾ ਇਸ਼ਾਰਾ ਰਾਜੇ ਦੇ ਉਚ ਅਧਿਕਾਰੀਆਂ ਵੱਲ ਹੈ। ਜਿਸ ਬਾਰੇ ਕਿਹਾ ਜਾ ਰਿਹਾ ਹੈ ਕਿ ਖੁਦਾਈ ਮਾਫੀਆਂ ਨਾਲ ਉਹਨਾਂ ਦੀ ਮਿਲੀਭੁਗਤ ਹੈ। ਭਾਜਪਾ ਸਰਕਾਰ ਦੇ ਕਈ ਮੰਤਰੀਆਂ ਤੇ ਵਿਧਾਇਕਾਂ ਦੀ ਇਹਨਾਂ ਨੂੰ ਸੁਰਖਿਆ ਮਿਲੀ ਹੋਈ ਹੈ। ਰਾਜ ਵਿਧਾਨ ਸਭਾ 'ਚ ਨੇਤਾ ਵਿਰੋਧੀ ਧਿਰ ਅਜੈ ਸਿੰਘ ਕਹਿੰਦੇ ਹਨ ਕਿ ਭਾਜਪਾ ਹਕੂਮਤੀ ਅਰਸੇ ਦੌਰਾਨ ਅਪਰਾਧੀਆਂ ਦੇ ਹੌਸਲੇ ਏਨੇ ਬੁਲੰਦ ਹਨ ਕਿ ਉਨ੍ਹਾਂ ਨੂੰ ਪੁਲਸ ਜਾਂ ਰਾਜ ਸਰਕਾਰ ਦਾ ਕੋਈ ਭੈਅ ਨਹੀਂ ਨਜ਼ਰ ਆ ਰਿਹਾ। ਸਿੰਘ ਤਾਂ ਖਣਿਜ ਸਕੱਤਰ ਐਸ. ਕੇ ਮਿਸ਼ਰ 'ਤੇ ਵੀ ਸੁਆਲ ਉਠਾਉਂਦੇ ਹਨ ਜੋ ਕਿ ਇਸ ਅਹੁਦੇ 'ਤੇ ਪਿਛਲੇ ਚਾਰ ਸਾਲਾਂ ਤੋਂ ਬਣੇ ਹੋਏ ਹਨ। ਜਦ (ਯੂ) ਪ੍ਰਧਾਨ ਸ਼ਰਦ ਯਾਦਵ ਤਾਂ ਵਾਰ-ਵਾਰ ਇਹ ਗੱਲ ਕਹਿ ਰਹੇ ਹਨ ਕਿ ਜੇ ਨਜਾਇਜ਼ ਖੁਦਾਈ ਦੇ ਮਾਮਲੇ ਦੀ ਨਿਰਪੱਖ ਜਾਂਚ ਕੀਤੀ ਜਾਵੇ ਤਾਂ ਮੱਧ ਪ੍ਰਦੇਸ਼ 'ਚ ਕਰਨਾਟਕਾ ਦੇ ਬੇਲਾਰੀ ਤੋਂ ਵੀ ਵੱਡਾ ਮਾਮਲਾ ਖੁਲ ਸਕਦਾ ਹੈ। ਨਰੇਂਦਰ ਕੁਮਾਰ ਦੀ ਹੱਤਿਆ ਦੇ ਬਾਰੇ ਯਾਦਵ ਕਹਿੰਦੇ ਹਨ ਕਿ ਜੇ ਰਾਜ ਸਰਕਾਰ ਸਮੇਂ ਸਿਰ ਸਹੀ ਕਦਮ ਚੁਕਦੀ ਤਾਂ ਇਹ ਹਾਦਸਾ ਹੁੰਦਾ ਹੀ ਨਾ। ਰਾਜ ਦੀਆਂ ਨਦੀਆਂ 'ਚੋਂ ਰੇਤ ਕੱਢਣ ਅਤੇ ਪਹਾੜ ਖੋਦਣ ਨੂੰ ਲੈ ਕੇ ਜਥੇਬੰਦੀਆਂ ਲਗਾਤਾਰ ਵਿਰੋਧ ਕਰਦੀਆਂ ਨਜ਼ਰ ਆ ਰਹੀਆਂ ਹਨ। ਲਗਾਤਾਰ ਸ਼ਕਾਇਤਾਂ ਪਿਛੋਂ ਮੱਧ ਪ੍ਰਦੇਸ਼ ਹਾਈਕੋਰਟ ਨੇ ਸਰਕਾਰ ਨੂੰ ਕਾਰਵਾਈ ਕਰਨ ਦੇ ਨਿਰਦੇਸ਼ ਵੀ ਦਿੱਤੇ। ਪਰ ਅਧੂਰੇ ਮਨ ਨਾਲ ਚਲਾਈ ਮੁਹਿੰਮ ਨਾਲ ਰਾਜ ਸਰਕਾਰ ਨੂੰ ਠੋਸ ਸਫ਼ਲਤਾ ਨਹੀਂ ਮਿਲੀ। ਨਜਾਇਜ਼ ਖੁਦਾਈ ਦਾ ਸਿੱਟਾ ਜੰਗਲਾਂ ਨੂੰ ਭੁਗਤਨਾ ਪੈ ਰਿਹਾ ਹੈ। ਇਕ ਰੀਪੋਟ ਮੁਤਾਬਕ ਇਥੇ ਪਿਛਲੇ 15 ਸਾਲਾਂ 'ਚ (1995 ਤੋਂ 2010) ਜੰਗਲ 51 ਘਣ ਮੀਟਰ ਪ੍ਰਤੀ ਹੈਕਟੇਅਰ 'ਤੇ ਸਿਮਟ ਆਏ ਹਨ। ਤਿੰਨ ਸਾਲਾਂ ਵਿਚ (2008 ਤੋਂ 2011) 33590 ਹੈਕਟੇਅਰ ਜੰਗਲ ਭੂਮੀ 300 ਤੋਂ ਵੱਧ ਖਾਣਾ ਲਈ ਤਬਦੀਲ ਕਰ ਦਿਤੀ ਗਈ। ਰੀਪੋਟ ਅਨੁਸਾਰ ਰਾਜ 'ਚ ਹਰ ਸਾਲ 11196 ਹੈਕਟੇਅਰ ਜੰਗਲਾਂ ਨੂੰ ਖਾਣਾ ਲਈ ਤਬਦੀਲ ਕਰ ਦਿਤਾ ਜਾਂਦਾ ਹੈ। ਮੱਧ ਪ੍ਰਦੇਸ਼ ਵਿਧਾਨ ਸਭਾ 'ਚ ਪੇਸ਼ ਸੀਏਜੀ ਰੀਪੋਟ ਮੁਤਾਬਕ ਸਿਰਫ਼ 5 ਸਾਲਾਂ (2005-10) 'ਚ ਨਜਾਇਜ਼ ਖੁਦਾਈ ਕਾਰਨ ਸਰਕਾਰ ਨੂੰ 400 ਕਰੋੜ ਰੁਪਏ ਦੀ ਹਾਨੀ ਹੋਈ ਹੈ। ਖੁਦਾਈ ਮਾਫੀਆਂ ਦੇ ਵਧਦੇ ਦਬਾਅ ਦਾ ਇਹ ਨਤੀਜਾ ਹੈ ਕਿ ਰਾਜ ਸਰਕਾਰ ਇਸ 'ਤੇ ਰੋਕ ਨਹੀ ਲਾ ਸਕੀ ਹੈ। ਰਾਸ਼ਟਰੀ ਕਾਂਗਰਸ ਪਾਰਟੀ ਦੇ ਸੂਬਾਈ ਪ੍ਰਧਾਨ ਬ੍ਰਜਮੋਹਨ ਸ੍ਰੀ ਬਸਤਾਵ ਕਹਿੰਦੇ ਹਨ ਕਿ ਮਾਫੀਆ ਦੇ ਨਾਲ ਨੇਤਾਵਾਂ ਦੇ ਸਬੰਧ ਕੋਈ ਨਵੀਂ ਗੱਲ ਨਹੀਂ ਹੈ। ਮੱਧ ਪ੍ਰਦੇਸ਼ 'ਚ ਜਦ ਸਰਕਾਰ ਕਾਂਗਰਸ ਦੀ ਸੀ ਤਦ ਵੀ ਮਾਫੀਆ ਦਾ ਜਾਲ ਵਿਛਿਆ ਹੋਇਆ ਸੀ, ਅੱਜਕਲ੍ਹ ਇਹ ਵਿਕਰਾਲ ਰੂਪ ਲੈ ਚੁਕਿਆ ਹੈ। ਸ੍ਰੀ ਵਾਸਤਵ ਕਹਿੰਦੇ ਹਨ ਕਿ ਰਾਜ 'ਚ ਇਹਨਾਂ

ਮਾਫੀਆਂ ਦੀ ਸ਼ਕਤੀ ਤੇ ਪ੍ਰਸ਼ਾਸਨ ਦੇ ਫ਼ੈਸਲੇ ਨੂੰ ਅਸਰ ਅੰਦਾਜ਼ ਕਰਨ ਸਮਰਥਾ ਤੋਂ ਕਈ ਵਾਰ ਅਜਿਹਾ ਲਗਦਾ ਹੈ ਕਿ ਜਿਵੇਂ ਸੂਬੇ 'ਚ ਸਮਾਨਾਂਤਰ ਸਰਕਾਰ ਚੱਲ ਰਹੀ ਹੋਵੇ। ਅੱਜ ਸੂਬੇ 'ਚ ਸੜਕ ਮਾਫੀਆ, ਪੈਨਸ਼ਨ ਮਾਫੀਆ, ਸਿਖਿਆ ਮਾਫੀਆ, ਸ਼ਰਾਬ ਮਾਫੀਆ, ਭੋਇੰ ਮਾਫੀਆ, ਰਾਸਣ ਮਾਫੀਆ, ਟਰਾਂਸਪੋਰਟ ਮਾਫੀਆ, ਟਰਾਂਸਫਰ ਮਾਫ਼ੀਆ, ਬਿਲਡਰ ਮਾਫ਼ੀਆ, ਖੁਦਾਈ ਮਾਫੀਆ, ਹਕੂਮਤੀ ਠੇਕਾ ਮਾਫੀਆ, ਰੇਤ ਮਾਫੀਆ, ਦਾ ਆਰਥਕ ਸਾਮਰਾਜ ਵੱਡੇ ਤੋਂ ਵੱਡੇ ਸਨਅਤਕਾਰਾਂ ਨੂੰ ਮਾਤ ਪਾ ਰਿਹਾ ਹੈ। ਪਰ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਕਹਿੰਦੇ ਹਨ ਕਿ ਰਾਜ ਮਾਫੀਆ ਹੈ ਹੀ ਨਹੀਂ। ਵਿਰੋਧੀ ਧਿਰ ਮੁਦਾ ਬਣਾ ਰਹੀ ਹੈ ਪਰ ਇਸ ਨੌਜਵਾਨ ਆਈ.ਪੀ.ਐਸ ਅਧਿਕਾਰੀ ਦਾ ਦਿਨ ਦਿਹਾੜੇ ਕਤਲ ਸਿਰਫ ਹਾਦਸਾ ਨਹੀਂ ਇਹ ਸੋਚੀ ਸਮਝੀ ਸਾਜਿਸ਼ ਹੈ। ਜੇ ਸੁਬਾਈ ਸਰਕਾਰ ਨੂੰ ਨਜਾਇਜ਼ ਖੁਦਾਈ ਬਾਰੇ ਭੋਰਾ ਵੀ ਚਿੰਤਾ ਹੈ ਤਾਂ ਇਸ 'ਚ ਜੋ ਵੀ ਪਿਛਲੇ 18 ਸਾਲਾਂ 'ਚ ਗਲਤ ਹੋਇਆ ਹੈ, ਉਸ ਦੀ ਜਾਂਚ ਕਰਵਾਈ ਜਾਵੇ। ਖਿਣਜ ਮਾਫੀਆ ਨੂੰ ਹੱਲਾ ਸ਼ੇਰੀ ਕਿਉਂ? ਰਾਜ ਦੇ ਕਈ ਮੰਤਰੀ, ਵਿਧਾਇਕ ਵਲੋਂ ਖੁਦਾਈ ਮੁਆਫ਼ੀਆ ਨੂੰ ਸ਼ਹਿ ਹਾਸਲ ਹੈ। ਭਾਜਪਾ ਹਕੂਮਤ ਸਮੇਂ 75000 ਅਪਰਾਧਿਕ ਕੇਸਾਂ ਦੀ ਵਾਪਸੀ ਨੇ ਅੱਗ 'ਚ ਘੀ ਦਾ ਕੰਮ ਕੀਤਾ ਹੈ। ਅਪਰਾਧੀਆਂ ਦੇ ਹੌਸਲੇ ਬੁਲੰਦ ਹੋਏ ਹਨ ਤੇ ਮਾਫੀਆ ਪੈਸੇ ਕਮਾ ਰਿਹਾ ਹੈ।

# ਆਮ ਬਜਟ 2012-13 ਲੋਕਾਂ ਨਾਲ ਫੇਰ ਇਕ ਧੋਖਾ?

ਵਿੱਤ ਮੰਤਰੀ ਪ੍ਰਣਾਬ ਮੁਖਰਜੀ ਨੇ 16 ਮਾਰਚ ਨੂੰ ਲੋਕ ਸਭਾ ’ਚ ਆਮ ਬਜਟ ਪੇਸ਼ ਕਰ ਦਿਤਾ। ਅਪਣੇ ਬਜਟ ਭਾਸ਼ਣ ਦੌਰਾਨ ਵਿਤ ਮੰਤਰੀ ਨੇ ਸੇਕਸ਼ਪੀਅਰ ਦੇ ਨਾਵਲ ਹੈਮਲੇਟ ਦੀ ਇਕ ਲਾਈਨ ਉਚਾਰਦਿਆਂ ਕਿਹਾ ਕਿ ‘ਮੈਨੂੰ ਉਧਾਰ ਲਈ ਮਜ਼ਬੂਰ ਹੋਣਾ ਪਵੇਗਾ’ ਅਸਲ ’ਚ ਇਸ ਸਾਲ ਦਾ ਆਮ ਬਜਟ ਪਿਛਲੇ ਬਜਟਾਂ ਵਾਗੂੰ ਹੀ ਅਮੀਰਾਂ ਲਈ ਉਦਾਰਤਾ ਤੇ ਆਮ ਲੋਕਾਂ ਲਈ ਨਿਰਾਸ਼ਤਾ ਲੈ ਕੇ ਆਇਆ ਹੈ। ਵਿਤ ਮੰਤਰੀ ਨੇ ਇਹ ਸਾਬਤ ਕਰਨ ਲਈ ਪੂਰੀ ਮੇਹਨਤ ਕੀਤੀ ਕਿ ਉਹ ਸਰਮਾਏਦਾਰਾਂ ਦੇ ਅੱਛੇ ਚਾਕਰ ਹਨ। ਉਨੇ ਹੀ ਅੱਛੇ ਜਿੰਨੇ ਕਿ 1991 ਤੋਂ ਨਵੀਂ ਆਰਥਕ ਨੀਤੀ ਲਾਗੂ ਕਰਦਿਆ ਮਨਮੋਹਨ ਸਿੰਘ ਨੇ ਖੁਦ ਨੂੰ ਸਾਬਤ ਕੀਤਾ ਹੈ। ਸਾਲ 2012-13 ਲਈ ਕੁਲ ਪ੍ਰਸਤਾਵਿਤ ਬਜਟ ਖਰਚ 12, 57, 729 ਕਰੋੜ ਰੁਪਏ ਹੋ ਗਿਆ ਭਾਵ ਸਰਕਾਰ ਇਸ ਸਾਲ ਲਗਭਗ 15 ਲੱਖ ਕਰੋੜ ਰੁਪਏ ਖਰਚ ਕਰੇਗੀ ਅਤੇ ਇਸ ਨੂੰ ਟੈਕਸਾਂ ਜ਼ਰੀਏ ਉਗਰਾਹੇਗੀ। ਸਰਕਾਰ ਦੇ ਖਰਚ ਕਰਨ ਤੇ ਉਸ ਨੂੰ ਉਗਰਾਉਣ ਦੇ ਰਸਤਿਆਂ ਰਾਹੀਂ ਇਹ ਸਪੱਸ਼ਟ ਹੋ ਜਾਵੇਗਾ ਕਿ ਕਿਵੇਂ ਉਹ ਬਜਟ ਲੋਕਾਂ ਦੀ ਮੁਸੀਬਤਾਂ ਵਧਾਉਣਾ ਵਾਲਾ ਬਜਟ ਹੈ। ਸਭ ਤੋਂ ਪਹਿਲਾਂ ਇਹ ਪੈਸਾ ਇੱਕਠਾ ਕਰਨ ਦੇ ਤਰੀਕੇ ਦੀ ਗੱਲ ਕਰੀਏ। ਭਾਰਤ ਵਰਗੇ ਦੇਸ਼ ’ਚ ਜਿਥੇ ਅਮੀਰੀ ਗਰੀਬੀ ਦੀ ਖਾਈ ਲਗਾਤਾਰ ਚੌੜੀ ਹੋ ਰਹੀ ਹੈ, ਉਥੇ ਦੋ ਡੰਗ ਦੀ ਰੋਟੀ ਦਾ ਜੁਗਾੜ ਨਾ ਕਰ ਸਕਣ ਵਾਲਿਆਂ ਦੀ ਗਿਣਤੀ ਵੀ ਤੇਜੀ ਨਾਲ ਵਧ ਰਹੀ ਹੈ। ਅਜਿਹੇ ’ਚ ਸਪੱਸ਼ਟ ਹੈ ਕਿ ਤੇਜ ਆਰਥਕ ਵਿਕਾਸ ਦਾ ਸਾਰਾ ਲਾਭ ਅਮੀਰਜਾਦਿਆਂ ਨੂੰ ਹੀ ਹਾਸਲ ਹੋ ਰਿਹਾ ਹੈ। ਅਜਿਹੇ ’ਚ ਸਰਕਾਰੀ ਖਰਚੇ ਲਈ ਪੈਸਾ ਕਿਥੋਂ ਲਿਆਂਦਾ ਜਾਵੇ? ਇਸ ਸੁਆਲ ’ਤੇ ਕੋਈ ਵੀ ਬੰਦਾ ਇਹੀ ਕਹੇਗਾ ਕਿ ਧਨੀ ਲੋਕਾਂ ਤੇ ਟੈਕਸ ਲਾਇਆ ਜਾਵੇ ਤੇ ਉਸ ਨੂੰ ਸਰਕਾਰ ਖਰਚ ਕਰੇ ਭਾਵ ਸਰਮਾਏਦਾਰੀ ਦੀ ਆਮਦਨ ’ਤੇ ਟੈਕਸ ਵਧਾਇਆ ਜਾਵੇ ਜਾਂ ਦੂਜੇ ਸ਼ਬਦਾਂ ’ਚ ਕਿਹਾ ਜਾਵੇ ਤਾਂ ਸਰਮਾਏਦਾਰਾਂ ’ਤੇ ਸਿੱਧਾ ਟੈਕਸ ਵਧਾਇਆ ਜਾਵੇ ਪਰ ਸਰਮਾਏਦਾਰਾਂ ਲਈ ਕੰਮ ਕਰਨ ਵਾਲੇ ਪ੍ਰਣਬ ਮੁਖਰਜੀ ਅਜਿਹਾ ਕੁਝ ਨਹੀਂ ਕਰਦੇ ਬਲਕਿ ਆਮਦਨ ਟੈਕਸ ਦੇ ਰੇਟਾਂ ਵਿਚ ਕਰ ਛੋਟ ਸੀਮਾ ਵਧਾ ਕੇ ਦੋ ਲੱਖ ਕਰ ਦਿਤੀ ਹੈ। ਜਿਸ ਨਾਲ ਮੱਧ ਵਰਗ ਨੂੰ ਭਰਮਾਉਣ ’ਚ ਵੀ ਕਾਜੂੰਸੀ ਉਹਨਾਂ ਵਿਖਾਈ ਹੈ। ਕਾਰਪੋਰੇਟ ਟੈਕਸ ਦੀ ਦਰ ਨੂੰ ਪਹਿਲਾਂ ਵਾਗੂੰ 30 ਫ਼ੀ ਸਦੀ ਹੀ ਰਖਿਆ ਗਿਆ ਹੈ। ਇਸ ਤਰ੍ਹਾਂ ਸਿੱਧੇ ਟੈਕਸਾਂ ’ਚ ਸਰਕਾਰ ਨੇ 4500 ਕਰੋੜ ਰੁਪਏ ਦੇ ਨੁਕਸਾਨ ਦਾ ਇੰਤਜਾਮ ਕਰ ਦਿੱਤਾ। ਇਸ ਦੇ ਉਲਟ ਅਸਿਧੇ ਟੈਕਸਾਂ ਵਿਚ ਵਿੱਤ ਮੰਤਰੀ ਨੇ ਭਾਰੀ ਵਾਧਾ ਸੁਝਾਇਆ ਹੈ। ਕੇਂਦਰ ਐਕਸਾਈਜ਼ ਟੈਕਸ ਨੂੰ 12 ਫ਼ੀ ਸਦੀ ਤੋਂ ਵਧਾ ਕੇ 14 ਫ਼ੀ ਸਦੀ, ਉਤਪਾਦ ਟੈਕਸ 10 ਤੋਂ ਵੱਧਾ ਕੇ 12 ਫ਼ੀ ਸਦੀ, ਸੇਵਾ ਟੈਕਸ 10 ਤੋਂ ਵਧਾ ਕੇ 12 ਫ਼ੀ ਸਦੀ ਕਰ ਦਿੱਤਾ ਗਿਆ। ਇਸ ਤਰ੍ਹਾਂ ਸਰਕਾਰ ਆਪਣੀ ਸਾਰੀ ਵਧੀ ਆਮਦਨ ਨੂੰ ਅਸਿਧੇ ਟੈਕਸਾਂ ਰਾਹੀਂ ਉਗਰਾਹੁਣਾ ਚਾਹੁੰਦੀ ਹੈ। ਜਾਹਿਰ ਹੈ ਕਿ ਇਸ ਦਾ ਬੋਝ ਆਮ ਲੋਕਾਂ ਨੂੰ ਤੇਜੀ ਨਾਲ ਵਧਦੀ ਮਹਿੰਗਾਈ ਵਜੋਂ ਝਲਣਾ ਪਵੇਗਾ। ਜੇ ਗੱਲ ਬਜਟ ਰਾਸ਼ੀ ਨੂੰ ਖਰਚ ਕਰਨ ਦੀਆਂ ਮੱਦਾਂ ਦੀ ਕਰੀਏ ਤਾਂ ਇਥੇ ਵੀ ਮੇਹਨਤਕਸ਼ ਲੋਕਾਂ ਨੂੰ ਨਿਰਾਸ਼ਾ ਅਤੇ ਮੁੱਠੀ ਭਰ ਖੈਰਾਤੀ ਟੁਕੜਿਆਂ ਤੋਂ ਇਲਾਵਾ ਕੁਝ ਮਿਲਦਾ

ਨਜ਼ਰ ਨਹੀਂ ਆਉਂਦਾ। ਸਰਕਾਰ ਸਬਸਿਡੀ ਘਟਾਉਣ ਦੀ ਪੂਰੀ ਤਿਆਰੀ ਵਿਚ ਹੈ। ਊਰਜਾ ਤੇ ਪੈਟਰੋਲੀਅਮ ਸਬਸਿਡੀ ਵਿਚ ਭਾਰੀ ਕਟੌਤੀ ਤੇ ਅਨਾਜ ਸਬਸਿਡੀ 'ਚ ਨਾਮਾਤਰ ਵਾਧਾ ਕੀਤਾ ਗਿਆ ਹੈ। ਸਰਕਾਰ ਇਸ ਸਬਸਿਡੀ ਨੂੰ ਜੀ.ਡੀ.ਪੀ ਦੇ 2 ਫ਼ੀ ਸਦੀ ਤੇ ਅਗਲੇ ਸਾਲ 'ਚ 1-75 ਫ਼ੀ ਸਦੀ ਤਕ ਸੀਮਤ ਕਰਨ ਦੀ ਯੋਜਨਾ ਰੱਖ ਰਹੀ ਹੈ। ਇਹਨਾਂ ਤਿੰਨ ਮਦਾਂ 'ਚ ਬੀਤੇ ਸਾਲ ਦੀ ਤੁਲਨਾਂ 'ਚ ਲਗਭਗ 31 ਹਜ਼ਾਰ ਕਰੋੜ ਦੀ ਕਟੌਤੀ ਕੀਤੀ ਗਈ ਹੈ। ਸਿਖਿਆ ਸਿਹਤ ਦੀ ਮਦ ਦੀ ਗੱਲ ਕਰੀਏ ਤਾਂ ਦੋਨਾਂ 'ਚ ਮਾਮੂਲੀ ਵਾਧਾ ਕੀਤਾ ਗਿਆ ਹੈ ਪਰ ਮਹਿੰਗਾਈ ਨੂੰ ਵੇਖਦੇ ਹੋਇਆਂ ਇਹ ਅਸਲ 'ਚ ਨਾਂਹ ਦੇ ਬਰਾਬਰ ਹੈ। ਸਿਹਤ ਮਦ 'ਤੇ 15 ਲੱਖ ਕਰੋੜ ਵਿਚੋਂ ਸਰਕਾਰ ਸਿਰਫ 30702 ਕਰੋੜ ਰੁਪਏ ਖਰਚ ਕਰੇਗੀ। ਇਸ ਦੀ ਤੁਲਨਾ 'ਚ ਰਖਿਆ ਬਜਟ 'ਚ 193,407 ਕਰੋੜ ਰੁਪਏ ਤੇ ਅੰਦਰੂਨੀ ਸੁਰਖਿਆ ਮਦ ਵਿਚ 33469 ਕਰੋੜ ਰੁਪਏ ਖਰਚ ਕਰਨ ਦੀ ਵਿਵਸਥਾ ਹੈ। ਸਰਕਾਰੀ ਅਦਾਰਿਆਂ ਦੇ ਅਪਨਿਵੇਸ਼ੀ ਕਰਨ ਦੇ ਨਾਲ ਆਰਥਕ ਸੁਧਾਰਾਂ ਦੀ ਗਤੀ ਤੇਜ ਕਰਨ ਦੀ ਮੰਸ਼ਾ ਵੀ ਇਸ ਬਜਟ 'ਚ ਜਾਹਿਰ ਕੀਤੀ ਗਈ ਹੈ। ਪ੍ਰਚੂਨ ਖੇਤਰ 'ਚ ਵਿਦੇਸ਼ੀ ਨਿਵੇਸ਼ ਤੋਂ ਲੈ ਕੇ ਸਾਰੇ ਅਜਿਹੇ ਕਾਨੂੰਨਾਂ ਤੇ ਸੰਸਦ 'ਚ ਸਹਿਮਤੀ ਨਾ ਹੋ ਸਕਣ 'ਤੇ ਪ੍ਰਣਬ ਮੁਖਰਜੀ ਚਿੰਤਤ ਹਨ। ਜਾਹਿਰ ਹੈ ਕਿ ਸੰਸਦ 'ਚ ਲਟਕੇ ਸਾਰੇ ਬਿੱਲ ਪੂੰਜੀਪਤੀਆਂ ਦੀ ਬੇਸ਼ਰਮ ਸੇਵਾ ਕਰਨ 'ਚ ਅੜਿਕਾ ਪੈਦਾ ਕਰ ਰਹੇ ਹਨ। ਕੁਲ ਮਿਲਾ ਕੇ ਬੀਤੇ ਸਾਲਾਂ ਵਿਚ ਦੇਸ਼ ਦੀ ਆਰਥਿਕ ਵਿਕਾਸ ਦੀ ਦਰ 6.9 ਫ਼ੀ ਸਦੀ ਰਹਿ ਗਈ ਜਿਸ ਲਈ ਆਰਥਕ ਸਰਵੇ 'ਚ ਉਦਯੋਗਾਂ ਦੇ ਖੇਤਰ 'ਚ ਮੱਠੀ ਵਿਕਾਸ ਦਰ ਨੂੰ ਜਿੰਮੇਵਾਰ ਠਹਿਰਾਇਆ ਗਿਆ ਹੈ। ਆਉਂਦੇ ਸਾਲ 'ਚ ਇਸ ਤੋਂ ਵੱਧ ਕੇ ਖਰਚ 7.6 ਫ਼ੀ ਸਦੀ ਹੋਣ ਦਾ ਅਨੁਮਾਨ ਕੀਤਾ ਗਿਆ ਹੈ। ਕੁਲ ਬਜਟ ਖਰਚ ਜੀ.ਡੀ.ਪੀ ਦੀ ਫ਼ੀ ਸਦੀ ਦੇ ਰੂਪ 'ਚ ਸਰਕਾਰ ਲਗਾਤਾਰ ਡੇਗ ਰਹੀ ਹੈ। 2010-11 'ਚ ਇਹ 15.75 ਫ਼ੀ ਸਦੀ ਸੀ। 2011-12 'ਚ 14.9 ਫ਼ੀ ਸਦੀ ਘਟਾਉਂਦਿਆਂ ਸਰਕਾਰ ਅਪਣੀ ਰਾਜਕੀ ਕੋਸ਼ ਘਾਟਾ ਘਟਾਉਣ ਦੇ ਚੱਕਰ ਵਿਚ ਹੈ। ਬੀਤੇ ਸਾਲ ਇਸ ਦਾ ਟੀਚਾ 4.67 ਫ਼ੀ ਸਦੀ (ਜੀ.ਡੀ.ਪੀ) ਰਖਿਆ ਗਿਆ ਸੀ। ਪਰ ਅਸਲ ਵਿਚ 5.9 ਫ਼ੀ ਸਦੀ ਤੱਕ ਪੁੱਜਾ। ਇਸ ਸਾਲ ਇਸੇ ਜੀ.ਡੀ.ਪੀ ਦੇ 5.1 ਫ਼ੀ ਸਦੀ ਤੱਕ ਸੀਮਤ ਰੱਖਣ ਦਾ ਟੀਚਾ ਮਿਥਿਆ ਗਿਆ ਸੀ। ਕੁਲ ਮਿਲਾ ਕੇ ਵਿਸ਼ਵ ਵਿਆਪੀ ਆਰਥਕ ਮੰਦੀ ਤੋਂ ਭਾਰਤੀ ਅਰਥਚਾਰਾ ਵੀ ਬਚਿਆ ਨਹੀਂ ਹੈ। ਸਨਅਤਾਂ 'ਚ ਛਾਈ ਮੰਦੀ ਤੇ ਆਰਥਕ ਵਿਕਾਸ ਦਰ 'ਚ ਗਿਰਾਵਟ ਇਸ ਦਾ ਸੰਕੇਤ ਕਰ ਰਹੀ ਹੈ। ਅਜੇਹੇ 'ਚ ਮਹਿੰਗਾਈ-ਬੇਕਾਰੀ ਦੀ ਮਾਰ ਨਾਲ ਆਮ ਮੇਹਨਤਕਸ਼ ਜਨਤਾ ਪ੍ਰੇਸ਼ਾਨ ਹੈ। ਪਰ ਵਿਸ਼ਵੀਕਰਨ ਉਦਾਰੀਕਰਨ ਦੀਆਂ ਜਿਹਨਾਂ ਨੀਤੀਆਂ 'ਚ ਮੰਦੀ ਲਗਾਤਾਰ ਵਧਦੀ ਜਾ ਰਹੀ ਹੈ। ਭਾਰਤ ਸਰਕਾਰ ਉਸ ਨੂੰ ਹੋਰ ਅੱਗੇ ਵਧਾਉਣ ਤੇ ਬਜਿੱਦ ਹੈ। ਪੂੰਜੀਪਤੀਆਂ ਦੇ ਹਿੱਤਾ ਅਜੇ ਇਸ ਦੇਸ਼ 'ਚ ਵਧਣ 'ਚ ਸਰਕਾਰ ਨੂੰ ਨਜ਼ਰ ਆ ਰਹੇ ਹਨ ਪਰ ਇਹ ਦਿਸ਼ਾ ਭਾਰਤ 'ਤੇ ਸੰਸਾਰਕ ਮੰਦੀ ਦੀ ਮਾਰ ਵਧਾਉਣ ਵੱਲ ਲੈ ਜਾਵੇਗੀ। ਅਜੇਹੇ 'ਚ ਪ੍ਰੇਸ਼ਾਨ ਹਾਲ ਲੋਕਾਂ ਪ੍ਰਤੀ ਬੇਖ਼ਬਰ ਵਿਤ ਮੰਤਰੀ ਦਾ ਇਹ ਬਜਿਟ ਬੇਕਾਰ ਹੈ। ਇਹ ਮਹਿੰਗਾਈ ਤੋਂ ਲੈ ਕੇ ਉਸ ਦੀਆਂ ਸਾਰੀਆਂ ਦੁਖ ਤਕਲੀਫ਼ਾਂ ਵਧਾਏਗਾ। ਜਨਤਾ ਦੇ ਗਲੇ ਦੀ ਹੱਡੀ ਨੂੰ ਰੇਤ ਕੇ ਸਰਮਾਏਦਾਰਾਂ ਦੇ ਮੁਨਾਫ਼ੇ ਦੀ ਪੂਰਤੀ ਕਰਨ ਦੀ ਸੂਤਰਬੱਧ ਦਸਤਾਵੇਜ਼ ਇਹ ਬਜਟ ਹੈ।

# ਵਿਧਾਨ ਸਭਾਵਾਂ ਦੀਆਂ ਚੋਣਾਂ ਦੇ ਸਿੱਟੇ ਕੀ ਦਰਸਾਉਂਦੇ ਹਨ?

ਪੰਜ ਰਾਜਾਂ ਮਣੀਪੁਰ, ਪੰਜਾਬ, ਗੋਆ, ਉਤਰਾਖੰਡ ਤੇ ਉਤਰ ਪ੍ਰਦੇਸ਼ 'ਚ ਵਿਧਾਨ ਸਭਾ ਚੋਣਾਂ ਮੁਕੰਮਲ ਹੋ ਚੁਕੀਆਂ ਹਨ। ਨਤੀਜੇ ਵੀ ਆ ਚੁਕੇ ਹਨ ਤੇ ਰਾਜ ਸਰਕਾਰਾਂ ਵੀ ਬਣ ਚੁਕੀਆਂ ਹਨ। ਹਾਕਮ ਜਮਾਤ ਦੀਆਂ ਪਾਰਟੀਆਂ ਤੇ ਪੂੰਜੀਪਤੀ ਮੀਡੀਆ ਨੇ ਦਬਕੇ ਕੋਸ਼ਿਸ਼ ਕੀਤੀ ਕਿ ਭਖਦੇ ਮਸਲਿਆਂ ਤੇ ਸਾਮਰਾਜੀ ਵਿਸ਼ਵੀਕਰਨ ਦੀਆਂ ਨੀਤੀਆਂ ਨਾਲ ਜੁੜੇ ਰਾਜਸੀ ਸੁਆਲਾਂ 'ਤੇ ਗੰਭੀਰ ਚਰਚਾ ਨਾ ਹੋ ਸਕੇ। ਵਜ੍ਹਾ ਸਾਫ ਹੈ। ਹਾਕਮ ਜਮਾਤ ਦੀਆਂ ਪਾਰਟੀਆਂ ਖੇਤਰੀ ਪਾਰਟੀਆਂ ਤੇ ਸੁਧਾਰਵਾਦੀ ਪਾਰਟੀਆਂ ਸਭ ਇਹਨਾਂ ਹੀ ਵਰਗੀਆਂ ਸਮੱਸਿਆਂ ਵਿਕਰਾਲ ਰੂਪ ਧਾਰਨ ਕਰ ਰਹੀਆਂ ਹਨ। ਇਹਨਾਂ ਸਾਰੇ ਸੂਬਿਆਂ 'ਚ ਤਣਾਅ ਚੋਣ ਪ੍ਰਚਾਰ ਵਿਅਕਤੀ ਕੇਂਦਰਿਤ ਤੇ ਇਕ ਦੂਜੇ 'ਤੇ ਚਿਕੜ ਉਛਾਲੀ ਵਾਲਾ ਹੀ ਰਿਹਾ। ਮੀਡੀਆ ਨੇ ਉਤਰ ਪ੍ਰਦੇਸ਼ ਨੂੰ ਤਾਂ ਸੰਭਾਵੀ ਪ੍ਰਧਾਨ ਰਾਹੁਲ ਗਾਂਧੀ ਦੇ ਕਰਿਸ਼ਮਿਆਂ ਦੇ ਨਾਟ ਮੰਚ 'ਚ ਤਬਦੀਲ ਕਰ ਦਿੱਤਾ ਗਿਆ ਸੀ। ਸੋਨੀਆ ਗਾਂਧੀ ਦੇ ਪ੍ਰੀਵਾਰ ਦੀ ਨਕਲ ਕਰਦਿਆ, ਚਾਹੇ ਸਪਾ ਹੋਵੇ ਜਾਂ ਭਾਜਪਾ ਅਕਸਰ ਸਭ ਪਾਰਟੀਆਂ ਦੇ ਨੇਤਾ ਆਪਣੇ ਪ੍ਰੀਵਾਰ ਨੂੰ ਸੱਤਾ ਕੇਂਦਰ ਵਜੋਂ ਸਥਾਪਤ ਕਰਨ ਲਈ ਯਤਨਸ਼ੀਲ ਨਜ਼ਰ ਆਏ। ਕਾਂਗਰਸ ਨੇ ਉਤਰ ਪ੍ਰਦੇਸ਼ 'ਤੇ ਪੂਰਾ ਜ਼ੋਰ ਲਾਇਆ ਸੀ। ਚੋਣ ਕਮਿਸ਼ਨ ਵਲੋਂ ਚੋਣਾਂ ਐਲਾਨੇ ਤੋਂ ਠੀਕ ਪਹਿਲਾਂ ਕੇਂਦਰ ਸਰਕਾਰ ਨੇ ਪਿਛੜਿਆਂ ਦੇ ਕੋਟੇ 'ਚ ਮੁਸਲਮਾਨਾਂ ਨੂੰ ਰਾਖਵਾਂਕਰਨ ਦੇਣ ਦਾ ਪਾਸਾ ਸੁਟਿਆ ਸੀ। ਇਸ ਤੋਂ ਵੀ ਪਹਿਲਾਂ ਚਰਮੀ ਪੰਥੀ ਤਾਕਤਾਂ ਨੂੰ ਖੁਸ਼ ਕਰਨ ਲਈ ਜੈਪੁਰ ਸਾਹਿਤ ਮਹਾਂਉਤਸਵ 'ਚ ਸਲਮਾਨ ਰਸ਼ਦੀ ਨੂੰ ਆਉਣ ਤੋਂ ਰੋਕ ਲਾ ਦਿੱਤੀ ਸੀ। ਕਾਂਗਰਸ ਨੂੰ ਖੜਾ ਕਰਨ ਦਾ ਨਾਹਰਾ ਦੇ ਕੇ ਰਾਹੁਲ ਗਾਂਧੀ ਡਟੇ ਹੋਏ ਸਨ। ਪ੍ਰਿੰਅਕਾ ਗਾਂਧੀ ਪ੍ਰੀਵਾਰ ਸਮੇਤ ਰਾਹੁਲ ਤੇ ਸੋਨੀਆ ਦੇ ਹਲਕਿਆਂ 'ਚ ਡਟੀ ਹੋਈ ਸੀ।

ਹਾਲ ਦੀ ਘੜੀ ਸਿੱਟੇ ਸਾਫ-ਸਾਫ ਦਰਸਾਉਂਦੇ ਹਨ ਕਿ ਇਹਨਾਂ ਸਾਰੇ ਤਮਾਸਿਆਂ ਦੇ ਬਾਵਜੂਦ ਜਨਤਾ ਨੇ ਰਾਜਸੀ ਤੌਰ 'ਤੇ ਵੱਟਾਂ ਪਾਈਆਂ ਹਨ। ਕੇਂਦਰ ਦੀ ਯੂ.ਪੀ.ਏ ਸਰਕਾਰ ਦੀ ਅਗਵਾਈ ਕਰਨ ਵਾਲੇ ਕਾਂਗਰਸ ਖਿਲਾਫ਼ ਲੋਕਾਂ ਦਾ ਗੁੱਸਾ ਸਾਫ ਨਜ਼ਰ ਆਉਂਦਾ ਹੈ। ਕਾਂਗਰਸ ਦੀਆਂ ਉਮੀਦਾਂ ਨੂੰ ਕਰਾਰਾ ਝਟਕਾ ਲੱਗਿਆ ਹੈ। ਮਣੀਪੁਰ 'ਚ ਕਾਂਗਰਸ ਆਪਣੀ ਹਕੂਮਤ ਬਚਾਉਣ 'ਚ ਸਿਰਫ ਇਸ ਲਈ ਕਾਮਯਾਬ ਰਹੀ, ਕਿਉਂਕਿ ਇਥੇ ਵਿਸ਼ਾਸਯੋਗ ਵਿਰੋਧੀ ਧਿਰ ਦੀ ਘਾਟ ਸੀ। ਉਥੇ ਵਿਰੋਧੀ ਧਿਰ ਦੀ ਕੋਈ ਵੀ ਪਾਰਟ ਆਫਸਾ (ਹਥਿਆਰ ਬੰਦ ਦਲ ਵਿਸ਼ੇਸ਼ ਸ਼ਕਤੀਆਂ ਕਨੂੰਨ) ਤੇ ਲੰਮੇ ਸਮੇਂ ਤੋਂ ਫੌਜਦੀ ਹਾਜ਼ਰੀ ਦੇ ਸੁਆਲਾਂ 'ਤੇ ਵਖਰੀ ਰਾਇ ਨਹੀਂ ਰਖਦੀਆਂ ਹਨ। ਤੇ ਨਾ ਹੀ ਕਿਸੇ ਨੇ ਇਸ ਖਿਲਾਫ ਮੁਹਿੰਮ ਹੀ ਚਲਾਈ ਜਦਕਿ ਇਸ ਵਜ੍ਹਾਂ ਕਰਕੇ ਲੋਕਾਂ ਦਾ ਜੀਵਨ ਦੂਭਰ ਹੋ ਰਿਹਾ ਹੈ। ਇਸ ਲਈ ਕਾਂਗਰਸ ਲਈ ਰਾਜ ਮਸੀਨਰੀ ਤੇ ਫੌਜ ਦੀ ਵਰਤੋਂ ਕਰਕੇ ਸੱਤਾ ਬਣਾਈ ਰੱਖਣਾ ਸੌਖਾ ਸੀ। ਗੋਆ 'ਚ ਕਾਂਗਰਸ ਨੂੰ ਹਾਰ ਦਾ ਮੂੰਹ ਵੇਖਣਾ ਪਿਆ। ਪੰਜਾਬ 'ਚ ਅਕਾਲੀ ਦਲ-ਭਾਜਪਾ ਗਠਜੋੜ ਦੀ

ਸਰਕਾਰ ਖਿਲਾਫ ਲੋਕਾਂ ਦੇ ਗੁੱਸੇ ਤੇ ਉਹਨਾਂ ਦੀ ਭ੍ਰਿਸ਼ਟ ਛਵੀ ਦੇ ਬਾਵਜੂਦ ਮੁੱਖ ਵਿਰੋਧੀ ਧਿਰ ਹੁੰਦੇ ਹੋਏ ਵੀ ਕਾਂਗਰਸ ਹਾਰ ਗਈ। ਇਸ ਤਰ੍ਹਾਂ ਉਤਰਾਖੰਡ 'ਚ ਭਾਜਪਾ ਸਰਕਾਰ ਖਿਲਾਫ ਸੱਤਾ ਵਿਰੋਧੀ ਲਹਿਰ ਦੇ ਬਾਵਜੂਦ ਕਾਂਗਰਸ ਉਸ ਨੂੰ ਫੈਸਲਾਕੁੰਨ ਹਾਰ ਨਹੀਂ ਦੇ ਸਕਦੀ ਤੇ ਜੋੜ-ਤੋੜ ਕਰਕੇ ਹੀ ਸਰਕਾਰ ਬਣ ਸਕੀ ਹੈ। ਇਥੇ ਕਾਂਗਰਸ ਲਈ 'ਸਿਰ ਮੁੰਡਾ ਤੇ ਹੀ ਔਲੇ ਪਏ' ਵਰਗੀ ਹਾਲਤ ਬਣ ਗਈ ਹੈ ਅਤੇ ਅੰਦਰੂਨੀ ਬਗਾਵਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉੱਤਰ ਪ੍ਰਦੇਸ਼ 'ਚ ਤਾਂ ਕਾਂਗਰਸ ਦੀ ਹਾਲਤ ਦਾ ਕਹਿਣਾ ਹੀ ਕੀ। ਰਾਹੁਲ ਗਾਂਧੀ ਦੀ ਅਗਵਾਈ 'ਚ ਭਾਰੀ ਜ਼ੋਰ-ਸ਼ੋਰ ਨਾਲ ਪ੍ਰਚਾਰ ਕੀਤਾ ਗਿਆ ਸੀ। ਉਹ ਪਹਿਲਾਂ ਕੁੱਝ ਸਾਲਾਂ ਤੋਂ ਰਾਜ 'ਚ ਖਾਸ ਮਹਿਮਾਨ ਬਣ ਕੇ ਰਹੇ ਸਨ। ਦਲਿਤ ਦੇ ਘਰ ਖਾਣਾ-ਖਾਂਣਾ, ਭੱਠਾ ਪਰਸੌਲ ਦੇ ਕਿਸਾਨ ਲਈ ਮਗਰ ਮੱਛ ਦੇ ਹੰਝੂ ਵਹਾਉਣਾ, ਪੂਰਵਾਂਚਲ ਦੇ ਬੁਨਕਰਾਂ ਲਈ ਪੈਕੇਜ, ਬੁੰਦੇਲਖੰਡ ਪੈਕੇਜ ਸਭ ਕੁੱਝ ਕੀਤਾ ਗਿਆ ਸੀ। ਫਿਰ ਵੀ ਕਾਂਗਰਸ ਨੂੰ ਦੁਰਗਤੀ 'ਚੋਂ ਉਭਾਰ ਨਹੀਂ ਸਕੇ। ਕਾਂਗਰਸ ਚੌਥੇ ਨੰਬਰ ਤੇ ਰਹੀ ਭਾਜਪਾ ਤੋਂ ਵੀ ਪਿਛੇ। ਪ੍ਰਚਾਰ ਮੁਹਿੰਮ ਦੌਰਾਨ ਸੂਬੇ ਦੇ ਪਿਛੜੇਪਣ ਤੇ ਜਨਤਾ ਦੀ ਦੁਰਦਸ਼ਾ ਲਈ ਕਾਂਗਰਸ ਦੀ ਦੰਭ ਦੇ ਨਾਲ ਹੋਰ ਸਭ ਪਾਰਟੀਆਂ ਕੋਸਦੀਆਂ ਸਨ ਪਰ ਉਸ ਨੇ ਨਵ ਉਦਾਰਵਾਦੀ ਨੀਤੀਆਂ ਰਾਹੀਂ ਨਵੀਂ ਗੁਲਾਮੀ ਦੇ ਕਸਦੇ ਸ਼ਿਕੰਜੇ ਬਾਰੇ ਇਕ ਸ਼ਬਦ ਵੀ ਨਹੀਂ ਕਿਹਾ। ਹੋਰ ਕਹਿੰਦੀ ਵੀ ਕੀ ਜਦ ਉਹਨਾਂ ਵਲੋਂ ਸ਼ੁਰੂ ਕੀਤੀਆਂ ਇਹਨਾਂ ਨੀਤੀਆਂ ਦੀ ਵਜ੍ਹਾ ਨਾਲ ਸਭ ਖੇਤਰਾਂ 'ਚ ਤਬਾਹੀ ਮੱਚੀ ਹੋਈ ਹੈ। ਜਦ ਉਹ ਦੂਜੀਆਂ ਪਾਰਟੀਆਂ 'ਤੇ ਭ੍ਰਿਸ਼ਟ ਹੋਣ ਦਾ ਦੋਸ਼ ਲਾ ਰਹੀ ਸੀ ਤਾਂ ਲੋਕ ਉਹਨਾਂ ਦੇ ਆਪਣੇ ਮਹਾਂ ਘਪਲਿਆਂ ਤੇ ਭ੍ਰਿਸ਼ਟਾਚਾਰ ਨੂੰ ਭੁੱਲ ਨਹੀਂ ਰਹੀ ਸੀ। ਇਹਨਾਂ ਵਿਧਾਨ ਸਭਾ ਚੋਣਾਂ 'ਚ ਕਾਂਗਰਸ ਨੂੰ ਜੋ ਝਟਕਾ ਲੱਗਿਆ ਹੈ, ਉਸ ਨੂੰ ਵੇਖਦਿਆਂ ਇਹ ਤਹਿ ਹੈ ਕਿ ਅਗਾਮੀ ਲੋਕ ਸਭਾ ਚੋਣਾਂ 'ਚ ਉਸ ਨੂੰ ਹੋਰ ਵੀ ਵੱਡੀ ਸੱਟ ਵੱਜੇਗੀ। ਕਿਉਂਕਿ ਇਹਨਾਂ ਉਦਾਰਵਾਦੀ ਨੀਤੀਆਂ ਤੋਂ ਇਕ ਕਦਮ ਵੀ ਪਿਛੇ ਹਟਣ ਲਈ ਤਿਆਰ ਨਹੀਂ ਹੈ। ਇਸ 'ਤੇ ਅਮਲ ਦੀ ਰਾਹ 'ਤੇ ਸਰਪਟ ਦੌੜ ਰਹੀ ਹੈ। ਹਾਲਾਂਕਿ ਅਕਾਲੀ ਭਾਜਪਾ ਗਠਬੰਧਨ ਸੱਤਾ ਬਚਾਉਣ 'ਚ ਸਫ਼ਲ ਰਿਹਾ ਹੈ ਤੇ ਗੋਆ 'ਚ ਭਾਜਪਾ ਦੀ ਜਿੱਤ ਹੋਈ ਹੈ ਪਰ ਕੁਲ ਮਿਲਾ ਕੇ ਭਾਜਪਾ ਦੀ ਭੂਮਿਕਾ ਤੋਂ ਇਸ ਦੇ ਨੇਤਾ ਖੁਸ਼ ਨਹੀਂ ਹੋਏ। ਉਤਰ ਪ੍ਰਦੇਸ਼ 'ਚ ਹਾਕਮ ਜਮਾਤ ਦੀਆਂ ਮੁਖ ਪਾਰਟੀਆਂ, ਕਾਂਗਰਸ ਤੇ ਭਾਜਪਾ ਨੂੰ ਪਿਛੇ ਧੱਕੇ ਕੇ, ਬਸਪਾ ਦੀ ਭ੍ਰਿਸ਼ਟ ਹਕੂਮਤ ਦੀ ਥਾਂ ਸਪਾ ਦੀ ਸਰਕਾਰ ਬਣੀ ਹੈ ਜੋ ਉਨੀ ਹੀ ਭ੍ਰਿਸ਼ਟ ਹੈ ਤੇ ਆਪਣੇ ਪਿਛਲੇ ਹਕੂਮਤੀ ਅਰਸੇ 'ਚ ਗੁੰਡਾਗਰਦੀ ਦੇ ਲਈ ਬਦਨਾਮ ਰਹੀ ਹੈ। ਹਾਲ ਦੀ ਘੜੀ ਚੋਣ ਨਤੀਜਿਆਂ ਨੇ ਕਾਂਗਰਸ ਦੇ ਨੇਤਾਵਾਂ ਨੂੰ ਭਾਰੀ ਨਿਰਾਸ਼ ਕੀਤਾ ਹੈ, ਜੋ ਨਵ ਉਦਾਰਵਾਦੀ ਨੀਤੀਆਂ ਨੂੰ ਤੇਜੀ ਨਾਲ ਲਾਗੂ ਕਰਨ ਲਈ ਵਚਨਬੱਧ ਹਨ। ਇਸ ਅਰਥ 'ਚ ਕਿਹਾ, ਜਾ ਸਕਦਾ ਹੈ ਕਿ ਲੋਕਾਂ ਨੇ ਨਵ-ਉਦਾਰਵਾਦੀ ਨੀਤੀਆਂ ਦੇ ਮੁੱਖ ਬੁਲਾਰੇ ਖਿਲਾਫ ਵੋਟਾਂ ਪਾਈਆਂ ਹਨ। ਭਾਵੇਂ ਪੂੰਜੀਵਾਦੀ ਮੀਡੀਆ ਇਹ ਪ੍ਰਚਾਰ ਕਰ ਰਿਹਾ ਹੈ ਕਿ ਚੋਣ ਸਿੱਟਿਆਂ ਦਾ 'ਸੁਧਾਰ' ਦੀਆਂ ਨੀਤੀਆਂ ਨਾਲ ਨੀਤੀਆਂ ਖਿਲਾਫ ਹੀ ਲੋਕ ਫ਼ਤਵਾ ਹੈ।

# ਭ੍ਰਿਸ਼ਟਾਚਾਰ ਨਾਲ ਲੜੇ ਕੌਣ?

ਕੀ ਨਿਆਂਪਾਲਿਕਾ ਦੇ ਜੱਜਾਂ ਦੀ ਵੀ ਰਾਇ ਹੈ ਕਿ ਉਹ ਭ੍ਰਿਸ਼ਟਾਚਾਰ ਵਿਰੁੱਧ ਇੱਕਲੇ ਨਹੀਂ ਲੜ ਸਕਦੇ ਇਹ ਸਭ ਹੋ ਕੀ ਰਿਹਾ ਹੈ ਸਾਡੇ ਦੇਸ਼ ਵਿਚ? ਰੇਲ ਘਟਨਾ ਦੀ ਜੁੰਮੇਵਾਰੀ ਲੈਂਦਿਆ ਲਾਲ ਬਹਾਦਰ ਸਾਸ਼ਤਰੀ ਨੇ ਜਦ ਅਸਤੀਫ਼ਾ ਦਿੱਤਾ ਤਾਂ ਉਹ ਉਸੇ ਰੇਲ ਦੁਰਘਟਨਾ ਲਈ ਸਿਧੇ ਤੌਰ 'ਤੇ ਉਕਾ ਜਿੰਮੇਵਾਰੀ ਨਹੀਂ ਸਨ। ਪਰ ਪੌਣੇ ਦੋ ਲੱਖ ਕਰੋੜ ਰੁਪਏ ਦਾ ਸਪੈਕਟ੍ਰਮ ਘਪਲਾ ਸਾਹਮਣੇ ਆਇਆ ਤਾਂ ਕਿਸੇ ਮੰਤਰੀ ਨੇ ਪਹਿਲ ਕਰਕੇ ਦੇਸ਼ ਵਾਸੀਆਂ ਤੋਂ ਮੁਆਫ਼ੀ ਨਹੀਂ ਮੰਗੀ ਅਸਤੀਫ਼ੇ ਦੀ ਗੱਲ ਤਾਂ ਦੂਰ ਸਬੰਧਤ ਮੰਤਰੀ ਏ ਰਾਜਾ ਜੇਲ੍ਹ ਗਏ, ਵੀ ਤਾਂ ਜਨਹਿਤ ਪਟੀਸ਼ਨ ਤੇ ਉਸ 'ਤੇ ਸੁਪਰੀਮ ਕੋਰਟ ਦੇ ਫੈਸਲੇ ਕਾਰਨ ਹੀ ਗਏ। ਯਾਦ ਰਹੇ ਪਿਛਲੀ 2 ਫਰਵਰੀ ਨੂੰ ਸੁਪਰੀਮ ਕੋਰਟ ਨੇ 2 ਜੀ ਸਪੈਕਟ੍ਰੈਮ ਦੇ 122 ਲਾਇਸੰਸ ਰੱਦ ਕਰ ਦਿੱਤੇ। ਨਾਲ ਹੀ ਅਦਾਲਤ ਨੇ ਲਾਇਸੰਸ ਹਾਸਲ ਕਰਨ ਵਾਲੀਆਂ ਕੰਪਨੀਆਂ ਨੂੰ ਜੁਰਮਾਨੇ ਵੀ ਲਾਏ, ਡਾ: ਸੁਬਰਾਮਨੀਅਮ ਸਵਾਮੀ ਤੇ ਵਕੀਲ ਪ੍ਰਸ਼ਾਂਤ ਭੂਸ਼ਣ ਦੀਆਂ ਪਟੀਸ਼ਨਾਂ 'ਤੇ ਸੁਪਰੀਮ ਕੋਰਟ ਦੇ ਧਮਾਕੇਦਾਰ ਫੈਸਲੇ ਪਿਛੋਂ ਵੀ ਇਸ ਗ਼ਲਤੀ ਲਈ ਕੇਂਦਰ ਸਰਕਾਰ ਨੇ ਨਾ ਤਕ ਸਮੂਹਿਕ ਜੁੰਮੇਵਾਰੀ ਲਈ ਤੇ ਨਾ ਹੀ ਨੈਤਿਕ ਜੁੰਮੇਵਾਰੀ। ਜਦਕਿ ਪ੍ਰਧਾਨ ਮੰਤਰੀ ਦਫਤਰ ਸਥਿਤ ਅਨੇਕਾਂ ਹਾਕਮਾਂ ਨੂੰ ਕਈ ਮਹੀਨਿਆਂ ਤੋਂ ਇਹ ਪਤਾ ਸੀ ਕਿ ਇਹ ਘਪਲਾ ਕਿਵੇਂ ਹੋ ਰਿਹਾ ਹੈ ਅਤੇ ਕੌਣ ਲੋਕ ਇਸ ਨੂੰ ਅੰਜਾਮ ਦੇ ਰਹੇ ਹਨ। ਡਾ: ਸਵਾਮੀ ਵੀ ਇਸ ਮਾਮਲੇ 'ਚ ਪ੍ਰਧਾਨ ਮੰਤਰੀ ਦਫ਼ਤਰੋਂ ਨਿਰਾਸ਼ ਹੋਣ ਪਿਛੋਂ ਹੀ ਅਦਾਲਤ ਗਏ ਸਨ। ਆਖਰ ਇਹ ਸਭ ਕੀ ਹੋ ਰਿਹਾ ਹੈ ਸਾਡੇ ਦੇਸ਼ ਵਿਚ? ਇਹ ਚੰਗੀ ਗੱਲ ਹੈ ਕਿ ਕੇਂਦਰ ਸਰਕਾਰ ਦਾ ਕਾਰਿਮਕ ਤੇ ਸਿਖਲਾਈ ਮੰਤਰਾਲੇ ਹੁਣ ਸਰਗਰਮ ਹੋ ਗਿਆ ਹੈ। ਮੰਤਰਾਲੇ ਨੇ ਅਭਿਯੋਜਨ ਮੰਜੂਰੀ ਦੇ ਸਾਲਾਂ ਤੋਂ ਮੁਲਤਵੀ ਪਏ ਮਾਮਲਿਆਂ ਨੂੰ ਨਿਪਟਾਉਣ ਦਾ ਫੈਸਲਾ ਕੀਤਾ ਹੈ। ਯਾਦ ਰਹੇ ਪਿਛਲੀ 31 ਜਨਵਰੀ ਨੂੰ ਸੁਪਰੀਮ ਕੋਰਟ ਨੇ ਠੀਕ ਹੀ ਕਿਹਾ ਕਿ ਲੋਕ ਸੇਵਕ ਖਿਲਾਫ਼ ਮੁਕੱਦਮਾ ਚਲਾਉਣ ਦੀ ਇਜ਼ਾਜਤ ਦੇਣ ਦਾ ਫ਼ੈਸਲਾ ਇਕ ਸਮੇਂ ਸੀਮਾ ਅੰਦਰ ਲਿਆ ਜਾਣਾ ਚਾਹੀਦਾ ਹੈ। ਨਾਲ ਹੀ ਅਦਾਲਤ ਨੇ ਇਹ ਵੀ ਕਿਹਾ ਕਿ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੇ ਤਹਿਤ ਸ਼ਕਾਇਤ ਦਰਜ ਕਰਾਉਣਾ ਕਿਸੇ ਵੀ ਨਾਗਰਿਕ ਦਾ ਸੰਵਿਧਾਨਕ ਅਧਿਕਾਰ ਹੈ। ਅਦਾਲਤ ਨੇ ਠੀਕ ਹੀ ਕਿਹਾ ਕਿ ਲੋਕ ਸੇਵਕ ਖਿਲਾਫ਼ ਕਿਸੇ ਨਾਗਰਿਕ ਨੂੰ ਯਾਨੀ ਨਿੱਜੀ ਵਿਅਕਤੀ ਨੂੰ ਸ਼ਕਾਇਤ ਦਾ ਅਧਿਕਾਰ ਨਹੀਂ ਦੇਣਾ ਸੰਵਿਧਾਨ ਦੇ ਅਨੁਛੇਦ–14 ਯਾਨੀ ਬਰਾਬਰੀ ਦੇ ਅਧਿਕਾਰ ਦੇ ਖਿਲਾਫ਼ ਹੈ। ਇਸ ਲਈ ਸਰਕਾਰ ਤੋਂ ਇਹ ਉਮੀਦ ਕੀਤੀ ਜਾਂਦੀ ਹੈ ਕਿ ਉਹ ਭ੍ਰਿਸ਼ਟਾਚਾਰ ਰੋਕੂ ਕਨੂੰਨ ਦੀ ਧਾਰਾ 19 ਨੂੰ ਅਨੁਛੇਦ–14 ਦੇ ਅਨੁਕੂਲ ਬਣਾਵੇ। ਨਾਲ ਹੀ ਸਮਾਂ ਸੀਮਾ ਦੇ ਅੰਦਰ ਮੁਕੱਦਮਾ ਚਲਾਉਣ ਦੀ ਇਜ਼ਾਜਤ ਦੇਣ ਲਈ ਸੰਸਦ ਕਨੂੰਨ ਬਣਾਵੇ। ਮੰਤਰਾਲੇ ਨੇ ਸੀ.ਬੀ.ਆਈ ਦੇ ਉਹਨਾਂ ਮਾਮਲਿਆਂ ਦਾ ਵੇਰਵਾ ਮੰਗਿਆ ਹੈ ਜਿਹਨਾਂ 'ਚ ਮੁਕੱਦਮਾ ਚਲਾਉਣ ਦੀ ਇਜ਼ਾਜਤ ਅਜੇ ਤੱਕ ਨਹੀਂ ਮਿਲ ਸਕੀ ਹੈ। ਸੀ.ਬੀ.ਆਈ ਨੇ 169 ਅਫ਼ਸਰਾਂ ਦੇ ਖਿਲਾਫ਼ ਮੁਕੱਦਮਾ ਚਲਾਉਣ ਦੀ ਇਜ਼ਾਜਤ ਬਹੁਤ ਪਹਿਲਾਂ ਹੀ ਗ੍ਰਹਿ ਮੰਤਰਾਲੇ ਤੋਂ ਮੰਗ ਰੱਖੀ ਹੈ। ਪਰ

ਉਸ ਫਾਇਲ 'ਤੇ ਕਾਰਮਿਕ ਮੰਤਰਾਲਾ ਕੋਈ ਫੈਸਲਾ ਨਹੀਂ ਲੈ ਰਿਹਾ ਸੀ। ਇਸ ਮਾਮਲੇ 'ਚ ਇਜ਼ਾਜਤ ਨਿਆਂਮੂਰਤੀ ਏ.ਕੇ ਗਾਂਗੁਲੀ ਦੀ ਖੰਡਪੀਠ ਨੇ ਇਹ ਮਹੱਤਵਪੂਰਨ ਟਿੱਪਣੀ ਵੀ ਕੀਤੀ ਕਿ ਸਮਾਜਕ ਤੇ ਧਰਮ ਨਿਰਪੱਖ ਲੋਕ ਰਾਜ 'ਚ ਭ੍ਰਿਸ਼ਟਾਚਾਰ ਫਿੱਟ ਨਹੀਂ ਬੈਠਦਾ। ਇਸ ਬੈਂਚ ਨੇ ਡਾ. ਸੁਬਰਾ ਮਨੀਅਮ ਸਵਾਮੀ ਤੇ ਪ੍ਰਸ਼ਾਤ ਭੂਸ਼ਣ ਦੀਆਂ ਪਟੀਸ਼ਨਾਂ ਮੰਜ਼ੂਰ ਕੀਤੀਆਂ ਤੇ ਅਟਾਰਨੀ ਜਨਰਲ ਦੀ ਇਸ ਦਲੀਲ ਨੂੰ ਠੁਕਰਾ ਦਿਤਾ ਕਿ ਲੋਕ ਸੇਵਕ ਖਿਲਾਫ਼ ਭ੍ਰਿਸ਼ਟਾਚਾਰ ਸਬੰਧੀ ਨਿਜੀ ਸ਼ਿਕਾਇਤ ਨਹੀਂ ਕੀਤੀ ਜਾ ਸਕਦੀ। ਭ੍ਰਿਸ਼ਟਾਚਾਰ ਨਾਲ ਪੂਰੇ ਲੋਕਤੰਤਰ ਦੀ ਬੁਨਿਆਦ ਖਤਰੇ 'ਚ ਪੈ ਜਾਂਦੀ ਹੈ। ਨਿਰਪੱਖ ਟਿਪਣੀਕਾਰਾਂ ਨੇ ਇਹ ਵੀ ਕਿਹਾ ਕਿ 2-ਜੀ ਸਪੈਕਟ੍ਰਮ ਘਪਲੇ ਸਬੰਧੀ ਸੁਪਰੀਮ ਕੋਰਟ ਦੇ ਫੈਸਲੇ ਨੇ ਇਹ ਸਾਬਤ ਕਰ ਦਿਤਾ ਹੈ ਕਿ ਇਸ ਘਪਲੇ ਦੀ ਜ਼ੁੰਮੇਵਾਰੀ ਪੂਰੀ ਸਰਕਾਰ ਦੀ ਹੈ। ਇਹ ਗੱਲ ਹੋਰ ਹੈ ਕਿ ਕੇਂਦਰੀ ਮੰਤਰੀ ਕਪਿਲ ਸਿੱਬਲ, ਇਸ ਦੀ ਜਿੰਮੇਵਾਰੀ ਏ-ਰਾਜਾ ਤੇ ਪਿਛਲੀ ਰਾਜਗ ਸਰਕਾਰ 'ਤੇ ਸੁਟਦੇ ਹਨ। ਜਿਸ ਸਰਕਾਰ ਨੇ 'ਪਹਿਲਾਂ ਆਓ' ਪਹਿਲਾਂ ਪਾਓ ਦੀ ਨੀਤੀ ਬਣਾਈ ਸੀ। ਪਰ ਇਸ ਵਿਵਾਦ 'ਤੇ ਪਿਛਲੇ ਕੁਝ ਮਹੀਨਿਆਂ 'ਚ ਜਿਨੀਆਂ ਸੂਚਨਾਵਾਂ ਮੀਡੀਆ ਰਾਹੀਂ ਆਮ ਲੋਕਾਂ ਤਕ ਹੁਣ ਤੱਕ ਪੁਜੀਆਂ ਹਨ, ਉਹਨਾਂ ਤੋਂ ਸਾਫ਼ ਜਾਹਿਰ ਹੈ ਕਿ ਕੇਂਦਰ ਸਰਕਾਰ ਖੁਦ ਆਪਣੀ ਕੋਈ ਗਲਤੀ ਮੰਨਣ ਲਈ ਤਿਆਰ ਨਹੀਂ ਹੈ। ਸਰਕਾਰ 'ਚ ਸ਼ਾਮਲ ਇਕ ਬੰਦਾ ਆਪਣਾ ਦੋਸ਼ ਦੂਜੇ ਉਪਰ ਥੋਪਣ ਦੀ ਕੋਸ਼ਿਸ਼ 'ਚ ਲੱਗਿਆ ਹੋਇਆ ਹੈ। ਪ੍ਰਧਾਨ ਮੰਤਰੀ ਮਨਮੋਹਨ ਸਿੰਘ ਅਜੇਹੇ ਮਸਲਿਆਂ ਨੂੰ ਗਠਜੋੜ ਧਰਮ ਦੀ ਮਜ਼ਬੂਰੀ ਦਸਦੇ ਹਨ ਤਾਂ ਕਦੀ ਕੁਝ ਹੋਰ। ਇਹ ਸਭ ਇਸ ਲਈ ਹੋ ਰਿਹਾ ਹੈ ਕਿਉਂਕਿ ਮੁੱਖ ਧਾਰਾ ਦੀਆਂ ਰਾਜਸੀ ਪਾਰਟੀਆਂ ਅੱਜ ਕਿਸੇ ਵੀ ਤਰ੍ਹਾਂ ਸੱਤਾ ਹਾਸਲ ਕਰਨ ਤੇ ਉਸ ਨੂੰ ਕਿਸੇ ਤਰ੍ਹਾਂ ਚਲਾਉਂਦੇ ਰਹਿਣ ਦੀ ਕੋਸ਼ਿਸ਼ 'ਚ ਲੱਗੀਆਂ ਹੋਈਆਂ ਹਨ। ਸਿੱਟੇ ਵਜੋਂ ਪੰਜ ਰਾਜਾਂ ਦੀਆਂ ਚੋਣਾਂ 'ਚ ਭ੍ਰਿਸ਼ਟਾਚਾਰ ਮੁੱਖ ਮੁੱਦਾ ਨਹੀਂ ਬਣ ਸਕਿਆ। ਅੱਜ ਸਮੱਸਿਆ ਇਹ ਹੈ ਕਿ ਸੱਤਾ 'ਚ ਆਉਂਦੇਹੀ ਜ਼ਿਆਦਾਤਰ ਨੇਤਾਵਾਂ ਤੇ ਪਾਰਟੀਆਂ ਦਾ ਰਵੱਈਆ ਭ੍ਰਿਸ਼ਟਾਚਾਰ ਬਾਰੇ ਬਦਲ ਜਾਂਦਾ ਹੈ। ਬੇਹਤਰ ਸ਼ਕਤੀਆਂ ਮੁਖ ਧਾਰਾ ਦੀ ਰਾਜਨੀਤੀ ਨੂੰ ਪ੍ਰਭਾਵਿਤ ਕਰਨ ਦੀ ਸਥਿਤੀ 'ਚ ਬਿਲਕੁਲ ਨਹੀਂ ਹਨ। ਦੇਸ਼ ਦੀ ਰਾਜਨੀਤੀ 'ਚ ਤੇਜੀ ਨਾਲ ਹੋ ਰਹੇ ਨੈਤਿਕ ਪਤਨ ਦਾ ਇਹ ਸਿੱਟਾ ਹੈ ਨਹੀਂ ਤਾਂ 122 ਲਾਇਸੰਸ ਦੀ ਅਲਾਟਮੈਂਟ 'ਚ ਗੜਬੜ ਨੂੰ ਲੈ ਕੇ ਕੋਈ ਹਾਕਮ ਤਾਂ ਅਹੁਦੇ ਤੋਂ ਅਸਤੀਫ਼ਾ ਦੇ ਦਿੰਦਾ। ਲਾਇਸੰਸ ਅਲਾਟਮੈਂਟ ਨੂੰ ਰੱਦ ਕੀਤੇ ਜਾਣ ਪਿਛੋਂ ਹੁਣ ਕੇਂਦਰ ਸਰਕਾਰ 'ਪਹਿਲਾਂ ਆਓ ਪਹਿਲਾਂ ਪਾਓ' ਦੀ ਨੀਤੀ ਖਤਮ ਕਰਨ ਜਾ ਰਹੀ ਹੈ ਇਹੀ ਮੰਗ ਜਦ ਪਿਛਲੇ ਕਈ ਮਹੀਨਿਆਂ ਤੋਂ ਵਿਰੋਧੀ ਧਿਰ ਤੇ ਸਿਵਲ ਸੁਸਾਇਟੀ ਦੇ ਲੋਕ ਕਰ ਰਹੇ ਸਨ ਤਾਂ ਕੇਂਦਰ ਸਰਕਾਰ 'ਤੇ ਉਸਦਾ ਕੋਈ ਅਸਰ ਨਹੀਂ ਹੋਇਆ। ਉਹ ਡੀ.ਐਮ.ਕੇ ਨੂੰ ਖੁਸ਼ ਕਰਕੇ ਕਿਸੇ ਤਰ੍ਹਾਂ ਸਰਕਾਰ ਬਣਾਈ ਰੱਖਣ ਦੇ ਪੱਖ ਵਿਚ ਸੀ। ਕੀ ਇਸ ਤਰ੍ਹਾਂ ਦੇ ਰਵੱਈਏ ਨਾਲ ਦੇਸ਼ ਹਿੱਤ ਦਾ ਧਿਆਨ ਰੱਖਿਆ ਜਾ ਸਕੇਗਾ? ਦਰਅਸਲ ਦੇਸ਼ ਹਿਤ ਦੀ ਅਣਗਹਿਲੀ ਪਾਰਟੀ ਹਿੱਤ ਤੇ ਸਰਕਾਰ ਹਿੱਤ ਦਾ ਵੱਧ ਧਿਆਨ ਰੱਖਣ ਵਾਲੇ ਨੇਤਾਵਾਂ ਦੀ ਵਧਦੀ ਗਿਣਤੀ ਕਾਰਨ ਅਜਿਹੀ ਹੀ ਹਾਲਤ ਹੋਣੀ ਸੀ।

ਸੁਪਰੀਮ ਕੋਰਟ ਤੋਂ ਰਿਟਾਇਰ ਹੋਣ ਪਿਛੋਂ ਚਰਚਿਤ ਜਸਟਿਸ ਏ.ਕੇ ਗਾਂਗੂਲੀ ਨੇ ਠੀਕ ਹੀ ਕਿਹਾ ਹੈ ਕਿ 'ਇਸ ਦੇਸ਼ 'ਚ ਪ੍ਰਭਾਵਸ਼ਾਲੀ ਭ੍ਰਿਸ਼ਟ ਲੋਕ ਜਥੇਬੰਦ ਹੋ

ਚੁੱਕੇ ਹਨ। ਇਸ ਲਈ ਸਿਰਫ ਨਿਆਂਪਾਲਿਕਾ ਉਹਨਾਂ ਦਾ ਮੁਕਾਬਲਾ ਨਹੀਂ ਕਰ ਸਕਦੀ। ਇਸ ਵਾਸਤੇ ਸਮੂਹਕ ਯਤਨਹੋਣੇ ਚਾਹੀਦੇ ਹਨ। ਜਸਟਿਸ ਗਾਂਗੁਲੀ ਉਸ ਖੰਡਪੀਠ ਵਿਚ ਸਨ ਜਿਸ ਨੇ 122 ਲਾਇਸੰਸ ਰੱਦ ਕੀਤੇ। ਭ੍ਰਿਸ਼ਟ ਲੋਕਾਂ ਦੀ ਗਰੋਹ ਬੰਦੀ ਦੀ ਅੱਜ ਜੋ ਸਥਿਤੀ ਹੈ ਉਹੋ ਜਿਹੀ ਪਹਿਲਾਂ ਕਦੇ ਨਹੀਂ ਸੀ। ਆਜ਼ਾਦੀ ਦੇ ਲੜਾਈ ਦੇ ਅਨੇਕਾਂ ਯੋਧੇ ਪੰਜਾਹ ਤੇ ਸੱਠ ਦਹਾਕੇ 'ਚ ਸੱਤਾ 'ਚ ਸਨ। ਹਾਕਮ ਧਿਰ ਹੋਣ ਦੇ ਬਾਵਜੂਦ ਉਹਨਾਂ 'ਚੋਂ ਕਈਆਂ ਪ੍ਰਤੀ ਤਦ ਲੋਕਾਂ 'ਚ ਬੇਹੱਦ ਆਦਰ ਭਾਵ ਸੀ। ਲੋਕ ਲਾਜ ਨੂੰ ਵੇਖਦੇ ਹੋਇਆ ਵੀ ਤਦ ਸਰਕਾਰੀ ਅਹੁਦੇ ਤੋਂ ਅਸਤੀਫ਼ੇ ਦਾ ਰਿਵਾਜ ਸੀ ਕਿਉਂਕਿ ਉਸ ਵੇਲੇ ਨਿਆਂਪਾਲਿਕਾ ਅੱਜ ਜਿੰਨੀ ਸਰਗਰਮ ਨਹੀਂ ਸੀ। ਸੰਸਦ ਮੁਦਗਿਲ ਦੀ ਕਹਾਣੀ ਕਈ ਵਾਰ ਦੁਹਰਾਈ ਜਾ ਚੁੱਕੀ ਹੈ ਪਰ ਉਸ ਨੂੰ ਵਾਰ-ਵਾਰ ਕਹਿਣ ਦੀ ਲੋੜ ਹੈ। ਸੰਨ 1957 'ਚ ਮੁਦਗਿਲ ਨੇ ਸਰਾਫਾ ਐਸੋਸੀਏਸ਼ਨ ਨੂੰ ਲਾਭ ਪਹੁੰਚਾਉਣ ਲਈ ਸੰਸਦ 'ਚ ਇਕ ਸੁਆਲ ਪੁਛਿਆ ਸੀ। ਇਸ ਤੇ ਮੁਦਗਿਲ ਨੂੰ ਲੋਕ ਸਭਾ ਦੀ ਮੈਂਬਰੀ ਤੋਂ ਅਸਤੀਫ਼ਾ ਦੇਣਾ ਪਿਆ ਸੀ। ਉਦੋਂ ਰਾਜਨੀਤੀ 'ਚ ਲੋਕ-ਲੱਜ ਦਾ ਯੁੱਗ ਸੀ।

ਉਹਨੀਂ ਦਿਨੀਂ ਮੁਘੜਾ ਕਾਂਡ ਦੀ ਜਾਂਚ ਜਸਟਿਸ ਐਮ.ਸੀ ਛਾਗਲਾ ਨੇ ਕੀਤੀ ਸੀ। ਉਦੋਂ ਦੇ ਵਿੱਤ ਮੰਤਰੀ ਟੀ.ਟੀ ਕ੍ਰਿਸ਼ਣਮਾਚਾਰੀ ਨੂੰ ਦੋਸ਼ੀ ਠਹਿਰਾਇਆ ਗਿਆ ਸੀ। ਵਿੱਤ ਮੰਤਰੀ ਨੂੰ ਅਸਤੀਫ਼ਾ ਦੇਣਾ ਪਿਆ। ਇਹ ਗੱਲ ਵੱਖਰੀ ਹੈ ਕਿ ਉਹਨਾਂ ਨੂੰ ਦੁਬਾਰਾ 1963 'ਚ ਮੰਤਰੀ ਬਣਾ ਦਿੱਤਾ ਗਿਆ। ਉਦੋਂ ਦੇ ਇਕ ਹੋਰ ਕੇਂਦਰੀ ਮੰਤਰੀ ਕੇ.ਡੀ ਮਾਲਵੀਆ 'ਤੇ ਇਹ ਦੋਸ਼ ਲੱਗਿਆ ਕਿ ਉਹਨਾਂ ਨੇ ਇਕ ਖਾਣ ਵਪਾਰੀ ਸਿਰਾਓ ਦੀਨ ਤੋਂ ਸਿਰਫ਼ ਦਸ ਹਜ਼ਾਰ ਰੁਪਏ ਲਏ ਸਨ, ਮਾਲਵੀਆ ਨੂੰ ਮੰਤਰੀ ਦਾ ਅਹੁਦਾ ਛੱਡਣਾ ਪਿਆ ਸੀ। ਸੱਠ ਦੇ ਦਹਾਕੇ 'ਚ ਪ੍ਰਸ਼ਾਸਨ ਤੇ ਰਾਜਨੀਤੀ 'ਚ ਕਾਫੀ ਹੱਦ ਤਕ ਨੈਤਿਕਤਾ ਸੀ। ਪਰ 70 ਦੇ ਦਹਾਕੇ 'ਚ ਭ੍ਰਿਸ਼ਟਾਚਾਰ ਨੇ ਸੰਸਥਾਗਤ ਰੂਪ ਧਾਰਨ ਕਰ ਲਿਆ। ਇਸ ਦੌਰਾਨ ਸੂਬਿਆਂ 'ਚ ਗੈਰ-ਕਾਂਗਰਸੀ ਪਾਰਟੀਆਂ ਵੀ ਸੱਤਾ 'ਚ ਆਉਣ ਲੱਗੀਆਂ। ਉਹ ਆਪਣਾ ਪੁਰਾਣਾ ਨੈਤਿਕ ਤੇਵਰ ਹੌਲੀ-ਹੌਲੀ ਖੋਹਣ ਲੱਗੀਆਂ। ਭ੍ਰਿਸ਼ਟਾਚਾਰ ਦੇ ਸੰਸਥਾਗਤ ਰੂਪ ਧਾਰਨ ਕਰਨ ਪਿਛੇ ਇਕ ਕਾਰਨ ਇਹ ਵੀ ਰਿਹਾ। ਸੰਨ 1971 ਦੀਆਂ ਲੋਕ ਸਭਾ ਚੋਣਾਂ ਨੂੰ ਇਸ ਮਾਮਲੇ 'ਚ ਕਟ ਆਫ਼ ਸਾਲ ਮੰਨਿਆ ਜਾ ਸਕਦਾ ਹੈ। ਅੱਸੀ ਦਹਾਕੇ 'ਚ ਦੇਸ਼ 'ਚ ਕਮਿਸ਼ਨ ਖੋਰਾਂ ਦਾ ਬੋਲਬਾਲਾ ਹੋਇਆ। ਉਸ ਵੇਲੇ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਸ਼ੁਰੂਆਤੀ ਦੌਰ 'ਚ ਸੱਤਾ ਦੇ ਦਲਾਲ ਖਿਲਾਫ਼ ਕੁਝ ਰਸਮੀ ਅਵਾਜ ਵੀ ਕੱਢੀ ਸੀ। ਇਸ ਕਰਕੇ ਉਹਨਾਂ ਨੂੰ 'ਮਿਸਟਰ ਕਲੀਨ' ਵੀ ਕਿਹਾ ਗਿਆ। ਪਰ ਉਹਨਾਂ ਦੀ ਇਹ ਹਾਲਤ ਬਹੁਤੇ ਦਿਨ ਬਣੀ ਨਹੀਂ ਰਹਿ ਸਕੀ। ਉਹਨਾਂ ਦੀ ਸਰਕਾਰ 1989 ਦੀਆਂ ਚੋਣਾਂ ਦੌਰਾਨ ਬੋਫ਼ਰਜ਼ ਦਲਾਲੀ ਕਾਂਡ ਦੇ ਕਾਰਨ ਹੀ ਡਿੱਗੀ। ਪਿਛੋਂ ਵਾਰੀ-ਵਾਰੀ ਕਾਂਗਰਸ ਤੇ ਵਿਰੋਧੀ ਧਿਰ ਹੀ ਸੱਤਾ ਸੰਭਾਲਦੀ ਰਹੀ। ਨੱਬੇ ਦੇ ਦਹਾਕੇ 'ਚ ਘਪਲਿਆਂ ਦਾ ਹੜ੍ਹ ਹੀ ਆ ਗਿਆ। ਨਿਆਂਪਾਲਿਕਾ ਵੀ ਸਰਗਰਮ ਹੋ ਗਈ। ਨੈਤਿਕਤਾਵਾਦੀ ਰਾਜਨੀਤੀ ਦੀ ਘਾਟ ਨੂੰ ਮੀਡੀਆ ਤੇ ਅਦਾਲਤ ਨੇ ਕੁਝ ਹੱਦ ਤਕ ਪੂਰਿਆ। ਦੂਜੇ ਪਾਸੇ ਹਕੂਮਤ ਦਾ ਰੂਪ ਅਜੇਹਾ ਬਣ ਗਿਆ ਕਿ ਭ੍ਰਿਸ਼ਟਾਚਾਰ ਖਿਲਾਫ਼ ਕਾਰਵਾਈ ਕਰਨ ਲਈ ਰਾਜਸੀ ਕਾਰਜ ਪਾਲਿਕਾ ਜਾਂ ਜਾਂਚ ਏਜੰਸੀਆਂ ਉਦੋਂ ਹੀ ਮਜਬੂਰ ਹੋਈਆਂ ਜਦ ਅਦਾਲਤ ਨੇ ਅਜੇਹਾ

ਕਰਨ ਲਈ ਉਹਨਾਂ ਨੂੰ ਮਜ਼ਬੂਰ ਕੀਤਾ। ਭ੍ਰਿਸ਼ਟ ਹਾਕਮ ਧਿਰ ਦੇ ਨੇਤਾ ਜਾਂ ਤਾਂ ਜੇਲ੍ਹ ਜਾਣ ਲੱਗੇ ਜਾਂ ਵੋਟਾਂ 'ਚ ਹਾਰਨ ਲੱਗੇ। ਨੈਤਿਕਤਾ ਦੇ ਆਧਾਰ 'ਤੇ ਅਸਤੀਫ਼ੇ ਦੀ ਗੱਲ, ਇਤਿਹਾਸ ਤਕ ਸੀਮਤ ਹੋ ਗਈ। ਭ੍ਰਿਸ਼ਟਾਚਾਰ ਤੇ ਕੌਟਿਲਯ ਨੇ 'ਅਰਥਸਾਸ਼ਤਰ' 'ਚ ਲਿਖਿਆ ਹੈ। ਉਹਨਾਂ ਨੇ ਭ੍ਰਿਸ਼ਟਾਚਾਰ ਦੇ ਰੂਪ ਦੀ ਚਰਚਾ ਕੀਤੀ ਤੇ ਉਸ ਦੇ ਲਈ ਸਜ਼ਾ ਵੀ ਤਜਵੀਜ਼ ਕੀਤੀ। ਯਾਨੀ ਭ੍ਰਿਸ਼ਟਾਚਾਰ ਉਦੋਂ ਵੀ ਸੀ। ਪਿਛੋਂ ਦੀ ਹਕੂਮਤ 'ਚ ਵੀ ਭ੍ਰਿਸ਼ਟਾਚਾਰ ਰਿਹਾ। ਅੰਗਰੇਜ਼ਾਂ ਦੇ ਰਾਜ 'ਚ ਭ੍ਰਿਸ਼ਟਾਚਾਰ ਆਟੇ 'ਚ ਲੂਣ ਵਾਗੂੰ ਸੀ। 1947 ਦੀ ਸੱਤਾ ਬਦਲੀ ਦੇ ਕੁਝ ਹੀ ਸਾਲਾਂ ਪਿਛੋਂ ਕਈ ਬਜ਼ੁਰਗ ਇਹ ਕਹਿਣ ਲੱਗੇ ਕਿ ਇਸ ਤੋਂ ਤਾਂ ਅੰਗਰੇਜਾਂ ਦਾ ਰਾਜ ਹੀ ਚੰਗਾ ਸੀ। ਉਹ ਵਧਦੇ ਭ੍ਰਿਸ਼ਟਾਚਾਰ ਤੋਂ ਦੁਖੀ ਸਨ। ਪਰ ਅੱਜ ਤਾਂ ਲੋਕ ਭ੍ਰਿਸ਼ਟਾਚਾਰ ਮੂਹਰੇ ਬੇਵੱਸ ਸਾਬਤ ਹੋ ਰਹੇ ਹਨ। ਪਿਛਲੇ ਸਾਲ ਸੰਸਦ ਵਿਚ ਲੋਕਪਾਲ ਬਿੱਲ ਸਬੰਧੀ ਜਿਸ ਤਰ੍ਹਾਂ ਦੇ ਲੋਕਪਾਲ ਵਿਰੋਧੀ ਭਾਸ਼ਣ ਹੋਏ ਤਾਂ ਉਹਨਾਂ ਭਾਸ਼ਣਾਂ ਨੂੰ ਜਿਸ ਤਰ੍ਹਾਂ ਅਨੇਕ ਸਾਂਸਦਾਂ ਵਲੋਂ ਸੈਸ਼ਨ ਦੇ ਅੰਦਰ ਵਾਹ-ਵਾਹ ਮਿਲੀ। ਉਸ ਨਾਲ ਚਿੰਤਾ ਹੋਰ ਵਧ ਗਈ, ਵੱਡੀ ਸਮਸਿਆ ਇਹ ਹੈ ਕਿ ਭ੍ਰਿਸ਼ਟਾਚਾਰ ਦੇ ਫ਼ੈਸਲਾਕੁੰਨ ਰੂਪ ਨਾਲ ਲੜਨ ਵਾਲਿਆਂ ਦੀ ਗਿਣਤੀ ਦਿਨ-ਬ-ਦਿਨ ਘਟ ਦੀ ਜਾ ਰਹੀ ਹੈ।

# ਆਰ.ਟੀ.ਆਈ ਕਾਰਕੁੰਨ ਦਾ ਕਤਲ ਜਿੰਮੇਵਾਰ ਕੌਣ?

ਪੂੰਜੀਵਾਦੀ ਲੁਟ-ਘਸੁੱਟ ਤੇ ਤਾਨਾਸ਼ਾਹੀ ਹੁਣ ਨੰਗੇ ਚਿੱਟੇ ਰੂਪ 'ਚ ਸਭ ਦੇ ਸਾਹਮਣੇ ਹੈ ਕਿਉਂਕਿ ਇਹ ਆਪਣਾ ਥੋੜਾ ਬਹੁਤਾ ਪ੍ਰਗਤੀਸ਼ੀਲ ਕਿਰਦਾਰ ਵੀ ਕਦੋਂ ਦਾ ਛੱਡ ਚੁਕਿਆ ਹੈ। ਪਰ ਜੇ ਇਹ ਸਭ ਆਮ ਤੌਰ 'ਤੇ ਏਨੇ ਖੁਲ੍ਹੇਆਮ ਹੋਣ ਲੱਗੇ ਤਾਂ ਲੋਕਾਂ ਦਾ ਵਿਆਪਕ ਗਿਣਤੀ 'ਚ ਬਾਗ਼ੀ ਹੋ ਜਾਣ ਦਾ ਖਤਰਾ ਹੁੰਦਾ ਹੈ। ਇਸ ਗੱਲ ਨੂੰ ਸੋਚਦਿਆਂ ਭਾਰਤ ਦੀ ਹਾਕਮ ਜਮਾਤ ਨੇ 2005 'ਚ ਸੂਚਨਾ ਦਾ ਅਧਿਕਾਰ ਕਾਨੂੰਨ ਦੇਸ਼ 'ਚ ਲਾਗੂ ਕੀਤਾ। ਇਹ ਮਾਮੂਲੀ ਜਿਹਾ ਅਧਿਕਾਰ ਲੋਕਾਂ ਨੂੰ ਦਿੱਤੇ ਜਾਣ ਨਾਲ ਲੋਕਾਂ ਦਾ ਭਰੋਸਾ ਫਿਰ ਤੋਂ ਵਿਵਸਥਾ 'ਤੇ ਕਾਇਮ ਹੋ ਜਾਂਦਾ ਕਿਉਂਕਿ ਲੋਕ ਚਾਰ-ਛੇ ਖੀਰੇ ਚੋਰਾਂ ਨੂੰ ਬੇਨਕਾਬ ਕਰ ਲੈਂਦੀ। ਇਸ ਆੜ 'ਚ ਹੀਰੇ ਚੋਰੀ ਕਰਨ ਵਾਲੇ ਵੱਡੇ ਡਕੈਤਾਂ ਨੂੰ ਅਸਾਨੀ ਨਾਲ ਬਚਾਇਆ ਜਾ ਸਕਦਾ ਸੀ। ਪਰ ਪੂੰਜੀਵਾਦੀ ਤਾਨਾਸ਼ਾਹੀ ਦੇ ਕੋਹੜ 'ਤੇ ਭ੍ਰਿਸ਼ਟਾਚਾਰ ਦੀ ਖੁਰਕ ਏਨੀ ਜ਼ਿਆਦਾ ਵੱਧ ਚੁੱਕੀ ਹੈ ਕਿ ਇਹ ਇਸ ਮਾਮੂਲੀ ਜਿਹੇ ਅਧਿਕਾਰ ਨੂੰ ਵੀ ਅਮਲ 'ਚ ਨਹੀਂ ਲਾਗੂ ਹੋਣ ਦਿੰਦੀ। ਸੂਚਨਾਵਾਂ ਦੇਣ ਦੀ ਬਜਾਏ ਛੁਪਾਉਣ ਦਾ ਕੰਮ ਕੀਤਾ ਜਾ ਰਿਹਾ ਹੈ ਤੇ ਇਸ ਕੰਮ 'ਚ ਖੁਦ ਸੂਚਨਾ ਕਮਿਸ਼ਨ ਸਮੇਤ ਪੂਰੀ ਦੀ ਪੂਰੀ ਸਰਕਾਰੀ ਮਸ਼ੀਨਰੀ ਜੋ ਕਰ ਰਹੀ ਹੈ, ਉਸ ਨਾਲ ਸੂਚਨਾ ਲੈਣ ਦੀ ਬੇਨਤੀ ਕਰਨ ਵਾਲਿਆਂ ਦੀ ਜਾਨ ਵੀ ਖਤਰੇ 'ਚ ਹੈ।

ਮੱਧ ਪ੍ਰਦੇਸ਼ ਦੀ ਪ੍ਰਸਿੱਧ ਆਰ.ਟੀ.ਆਈ ਤੇ ਸਮਾਜ ਕਾਰਕੁੰਨ ਸ਼ੇਹਲਾ ਮਸੂਦ ਦੀ ਹੱਤਿਆ 16 ਅਗੱਸਤ 2011 ਨੂੰ ਕਰ ਦਿਤੀ ਗਈ ਸੀ। ਭੁਪਾਲ ਦੇ ਕੋਹੇ ਫਿਜਾ ਇਲਾਕੇ 'ਚ ਸਵੇਰੇ 11:30 ਵਜੇ ਉਹਨਾਂ ਨੂੰ ਗੋਲੀ ਮਾਰ ਦਿਤੀ ਗਈ ਸੀ। ਲਗਭਗ ਇਸੇ ਤਰ੍ਹਾਂ ਨਾਲ ਬੀਤੀ 14 ਫਰਵਰੀ ਨੂੰ ਹਰਿਦੁਆਰ ਦੇ ਫੇਰੂਪੁਰ ਨਿਵਾਸੀ ਸੇਵਾ ਮੁਕਤ ਅਧਿਆਪਕ ਤੇ ਆਰ.ਟੀ.ਆਈ ਕਾਰਕੁੰਨ ਜਗਦੀਸ਼ ਪ੍ਰਸ਼ਾਦ ਚੌਹਾਨ ਦਾ ਕਤਲ ਕਰ ਦਿੱਤਾ ਗਿਆ। ਉਤਰਾਖੰਡ 'ਚ ਵੀ ਸੂਚਨਾ ਕਾਰਕੁੰਨਾਂ ਨੂੰ ਧਮਕਾਉਣ-ਡਰਾਉਣ ਦੀਆਂ ਕਈ ਘਟਨਾਵਾਂ ਹੋਈਆਂ ਹਨ। ਪਰ ਅਜੇ ਤਕ ਕਿਸੇ ਵੀ ਭ੍ਰਿਸ਼ਟਾਚਾਰੀ ਨੂੰ ਏਨੀ ਛੋਟ ਨਹੀਂ ਸੀ ਕਿ ਉਹ ਸ਼ਰੇਆਮ ਕਤਲ ਕਰਨ ਲੱਗੇ। ਰਾਜ 'ਚ ਪਹਿਲੀ ਵਾਰ ਸੂਚਨਾਂ ਅਧਿਕਾਰ ਕਾਰਕੁੰਨ ਦੀ ਹੱਤਿਆ ਕਰਨ ਦੀ ਹਿੰਮਤ ਵਿਖਾਈ ਗਈ ਹੈ। ਮ੍ਰਿਤਕ ਦੇ ਪੁੱਤਰ ਗੁਲਾਬ ਚੰਦ ਚੌਹਾਨ ਨੇ ਪਿੰਡ ਪ੍ਰਧਾਨ ਪ੍ਰਤੀ ਸੋਮ ਸਿੰਘ, ਰਸ਼ਨ ਕੋਟੇਦਾਰ, ਧਰਮਜੀਤ ਸਿੰਘ, ਪ੍ਰਾਪਰਟੀ ਡੀਲਰ ਬਬਲੂ ਰਾਣਾ ਤੇ ਪਿੰਡ ਧਨਪੁਰਾ ਨਿਵਾਸੀ ਪ੍ਰਾਪਰਟੀ ਡੀਲਰ ਦਲੀਪ ਰਾਣਾ ਤੇ ਪਿਤਾ ਦੀ ਹੱਤਿਆ ਦਾ ਦੋਸ਼ ਲਾਉਂਦਿਆ ਹੋਇਆ ਮੁਕੱਦਮਾ ਦਰਜ ਕਰਵਾਇਆ ਹੈ। ਰੀਪੋਟ 'ਚ ਕਿਹਾ ਗਿਆ ਹੈ ਕਿ ਆਰ.ਟੀ.ਆਈ ਤਹਿਤ ਸੂਚਨਾ ਮੰਗਣ ਕਰਕੇ ਇਹ ਲੋਕ ਜਗਦੀਸ਼ ਚੌਹਾਣ ਨਾਲ ਰੰਜਿਸ਼ ਰਖਦੇ ਸਨ। ਐਸ.ਪੀ ਸਿਟੀ ਜੋਗਿੰਦਰ ਸਿੰਘ ਰਾਵਤ ਦਾ ਕਹਿਣਾ ਹੈ ਕਿ ਪਹਿਲੀ ਨਜ਼ਰੇ ਆਰ.ਟੀ.ਆਈ ਹੀ ਹੱਤਿਆ ਕਾਂਡ ਦੀ ਵਜਾਹ ਨਜ਼ਰ ਆਉਂਦੀ ਹੈ। ਮੁੱਖ ਸੂਚਨਾ ਕਮਿਸ਼ਨਰ ਨੇ ਇਸ ਮਾਮਲੇ 'ਚ ਹਰਿਦੁਆਰ ਪ੍ਰਸ਼ਾਸਨ ਤੇ ਪੁਲਸ ਪਾਸੋਂ ਰੀਪੋਟ ਤਲਬ ਕੀਤੀ ਹੈ। ਯਾਦ ਰਹੇ ਕਿ ਜਗਦੀਸ਼ ਪ੍ਰਸ਼ਾਦ ਚੌਹਾਨ ਹਰਿਦੁਆਰ ਦੇ ਐਸ.ਐਸ.ਪੀ ਨੂੰ ਪਿਛਲੇ ਸਾਲ ਹੀ ਉਹਨਾਂ ਨੂੰ ਦਿੱਤੀਆਂ ਜਾ ਰਹੀਆਂ ਧਮਕੀਆਂ ਦੀ ਸ਼ਿਕਾਇਤ ਕਰ ਚੁੱਕੇ ਸਨ। ਮਾਮਲਾ ਸਬੰਧਤ ਥਾਣੇ 'ਚ

ਪਹੁੰਚਿਆ ਸੀ ਪਰ ਉਥੇ ਇਸ ਨੂੰ ਆਮ ਰੰਜਿਸ਼ ਦਾ ਕੇਸ ਸਮਝਦਿਆਂ ਕੋਈ ਖਾਸ ਕਾਰਵਾਈ ਨਹੀਂ ਕੀਤੀ ਗਈ। ਉਹਨਾਂ ਦੇ ਨਜ਼ਦੀਕੀ ਲੋਕ ਦਸਦੇ ਹਨ ਕਿ ਜਗਦੀਸ਼ ਪ੍ਰਸ਼ਾਦ ਚੌਹਾਨ ਦੀ ਸੱਚ ਨੂੰ ਉਜਾਗਰ ਕਰਨ ਦੀ ਇੱਛਾ ਹੀ ਉਹਨਾਂ ਦੀ ਮੌਤ ਦਾ ਕਾਰਨ ਬਣੀ। ਜਗਦੀਸ਼ ਪ੍ਰਸ਼ਾਦ ਦੇ ਬੇਟੇ ਗੁਣ ਬਹਾਦਰ ਦੀ ਮੰਨੀਏ ਤਾਂ ਇਹ ਗੱਲ ਸੋਲਾ ਆਨੇ ਸੱਚ ਹੈ। ਸਰਕਾਰੀ ਆਈ.ਟੀ.ਆਈ ਤੋਂ ਅੱਠ ਸਾਲ ਪਹਿਲਾਂ ਰਿਟਾਇਰਡ ਹੋਏ ਅਧਿਆਪਕ ਜਗਦੀਸ ਪ੍ਰਸ਼ਾਦ ਨੇ ਸੂਚਨਾ ਦੇ ਅਧਿਕਾਰ ਰਾਹੀਂ ਕਈ ਘਪਲਿਆਂ ਦਾ ਪਰਦਾਫ਼ਾਸ ਕੀਤਾ ਸੀ। ਜਿਸ ਕਾਰਨ ਇਹ ਠੇਕੇਦਾਰਾਂ ਤੇ ਰਾਸ਼ਣ ਦੇ ਕੋਟੇਦਾਰਾਂ ਦੀਆਂ ਅੱਖਾਂ 'ਚ ਰੜਕਦੇ ਸਨ। ਗੁਣ ਬਹਾਦਰ ਉਰਫ਼ ਕੁੱਕੂ ਨੇ ਦਸਿਆ ਕਿ ਕਤਲ 'ਚ ਨਾਮਜ਼ਦ ਧਰਮਜੀਤ ਪੁੱਤਰ ਬੁੱਧ ਸਿੰਘ ਨੇ ਪਿੰਡ 'ਚ ਸਰਕਾਰੀ ਜ਼ਮੀਨ 'ਤੇ ਨਿੱਜੀ ਸਕੂਲ ਬਣਾਇਆ ਹੋਇਆ ਸੀ। ਜਿਸ ਦਾ ਪਰਦਾਫ਼ਾਸ ਆਰ.ਟੀ.ਆਈ ਰਾਹੀਂ ਹੋਇਆ। ਇਸ ਤੋਂ ਇਲਾਵਾ ਰਾਸ਼ਣ ਦੀ ਕਾਲਾਬਜ਼ਾਰੀ ਦਾ ਪਤਾ ਲੱਗਿਆ ਸੀ। ਪੇਸ਼ੇ ਤੋਂ ਠੇਕੇਦਾਰ ਬਬਲੂ ਪੁੱਤਰ ਸੱਤਪਾਲ ਨਿਵਾਸੀ ਧਨਪੁਰਾ ਦੇ ਫ਼ਰਜੀ ਦਸਤਾਵੇਜਾਂ ਨਾਲ ਰਿਵਾਲਵਰ ਦਾ ਲਾਇਸੰਸ ਬਣਾਉਣ ਵਰਗੇ ਕਈ ਕੇਸ ਸਾਹਮਣੇ ਆਏ ਸਨ। ਆਰ.ਟੀ.ਆਈ ਕਾਰਕੁੰਨ ਤੇ ਪੱਤਰਕਾਰ ਹਰਦੀਪ ਸ਼ਰਮਾ ਦਸਦੇ ਹਨ ਕਿ ਮੌਜੂਦਾ ਵਕਤ 'ਚ ਆਰ.ਟੀ.ਆਈ ਕਾਨੂੰਨ ਦੇ ਤਹਿਤ ਕੋਈ ਜਾਣਕਾਰੀ ਜਾਂ ਤੱਥ ਹਾਸਲ ਕਰਨਾ ਆਪਣੇ ਆਪ 'ਚ ਜੋਖਿਮ ਭਰਿਆ ਕੰਮ ਹੋ ਗਿਆ ਹੈ ਕਿਉਂਕਿ ਭ੍ਰਿਸ਼ਟਾਚਾਰ ਦੇ ਕੇਸ 'ਤੇ ਮਿੱਟੀ ਪਾਉਣ ਲਈ ਪਹਿਲਾਂ ਤਾਂ ਸਪੱਸ਼ਟ ਜਾਣਕਾਰੀਆਂ ਦਿੱਤੀਆਂ ਹੀ ਨਹੀਂ ਜਾਂਦੀਆਂ। ਫੇਰ ਜੇ ਆਰ.ਟੀ.ਆਈ ਕਾਰਕੁੰਨ ਲਗਾਤਾਰ ਲੱਗੇ ਰਹਿਣ ਤੇ ਇਸ ਨਾਲ ਕੋਈ ਵੱਡਾ ਘਟਨਾਕ੍ਰਮ ਖੁਲ ਰਿਹਾ ਹੋਵੇ ਤਾਂ ਆਰ.ਟੀ.ਆਈ ਲਾਉਣ ਵਾਲਿਆਂ ਨੂੰ ਡਰਾਉਣਾ ਧਮਕਾਉਣਾ ਤੇ ਮਾਮਲਾ ਵੱਡਾ ਹੋ ਜਾਣ 'ਤੇ ਕਤਲ ਤੱਕ ਕਰ ਦੇਣਾ ਹੁਣ ਆਮ ਗੱਲ ਹੋ ਗਈ ਹੈ। "ਮੈਨੂੰ ਵੀ ਇਕ ਅਜੇਹਾ ਹੀ ਤਜ਼ਰਬਾ ਹੋਇਆ। ਇਹ ਸ਼ਹਿਰੀ ਵਿਕਾਸ ਹੀ ਘਟਨਾਕ੍ਰਮ ਸੀ ਮਲੀਨ ਬਸਤੀਆਂ ਵਿਚ ਆਈ.ਐਸ.ਡੀ.ਪੀ ਯੋਜਨਾ ਦੇ ਤਹਿਤ ਬੇਘਰਿਆਂ ਨੂੰ ਘਰ ਦਿਤੇ ਜਾਣੇ ਸਨ ਪਰ ਨਿਕਾਅ ਮੁਲਾਜਮਾਂ ਤੇ ਲੋਕ ਨੁਮਾਇੰਦਿਆਂ ਦੀ ਮਿਲੀਭੁਗਤ ਨਾਲ ਗੈਰ ਪਾਤਰ ਬੱਚਿਆਂ ਨੂੰ ਸੂਚੀ 'ਚ ਸ਼ਾਮਲ ਕੀਤਾ ਗਿਆ। ਅਜੇਹੇ ਲੋਕਾਂ ਨੂੰ ਸਕੀਮ ਦਾ ਲਾਭ ਦਿੱਤਾ ਗਿਆ ਜਿਹਨਾਂ ਕੋਲ ਪਹਿਲਾਂ ਹੀ ਪੱਕੇ ਮਕਾਨ ਸਨ। ਇਸ ਯੋਜਨਾ ਦੀ ਇਕ ਇਮਾਰਤ ਤਾਂ ਦੋ ਮੰਜਲੀ ਬਣੀ। ਇਹ ਯੋਜਨਾ ਬੇਘਰਿਆਂ ਲਈ ਸੀ ਪਰ ਇਸ ਦਾ ਲਾਭ ਉਹਨਾਂ ਨੂੰ ਦਿੱਤਾ ਗਿਆ ਜਿਹਨਾਂ ਕੋਲ ਪਹਿਲਾਂ ਹੀ ਇਕ ਮੰਜਿਲਾ ਘਰ ਮੌਜੂਦ ਸਨ। ਜਦ ਨਗਰ ਪਾਲਿਕਾ ਪ੍ਰੀਸ਼ਦ ਕਾਸ਼ੀਪੁਰ, ਜਸਪੁਰ ਤੇ ਨਗਰ ਪੰਚਾਇਤ ਮਹੁਵਾ ਖੇੜਾ ਗੰਜ, ਮਹੁਵਾਡਾਵਰਾ ਜ਼ਿਲ੍ਹਾ ਉਦਮ ਸਿੰਘ ਨਗਰ ਤੋਂ ਸੂਚਨਾ ਮੰਗੀ ਤਾਂ ਪਹਿਲਾਂ ਤਾਂ ਸੂਚਨਾ ਦੇਣ 'ਚ ਆਨਾਕਾਨੀ ਕੀਤੀ ਗਈ ਅਤੇ ਮਾਮਲੇ ਨੂੰ ਟਾਲਿਆ ਜਾਂਦਾ ਰਿਹਾ। ਇਹ ਸਿਲਸਿਲਾ ਲਗਭਗ 8 ਸਾਲ ਤੱਕ ਰਾਜ ਸੂਚਨਾ ਕਮਿਸ਼ਨ 'ਚ ਹੀ ਲਟਕਦਾ ਰਿਹਾ। ਨਿਕਾਅ ਲੋਕ ਸੂਚਨਾ ਅਧਿਕਾਰੀ ਵਲੋਂ ਕਮਿਸ਼ਨ ਨੂੰ ਵੀ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ ਗਈ। ਕਮਿਸ਼ਨ ਦੀ ਸਖਤੀ ਕਾਰਨ ਹੀ ਸੂਚਨਾ ਹਾਸਲ ਹੋਈ। ਇਸ ਦੌਰਾਨ ਕਈ ਧਮਕੀ ਭਰੇ ਫੋਨ ਤੇ ਆਮੋ-ਸਾਹਮਣੇ ਵੀ ਧਮਕੀਆਂ ਦਿੱਤੀਆਂ ਗਈਆਂ। ਇਸ ਦੀ ਸ਼ਿਕਾਇਤ ਡੀ.ਜੀ.ਪੀ ਉਤਰਾਖੰਡ ਨੂੰ ਵੀ ਕੀਤੀ ਗਈ। ਕਮਿਸ਼ਨ ਨੇ ਵੀ ਆਪਣੀ ਪੱਧਰ 'ਤੇ ਪੁਲਿਸ ਨੂੰ ਮਾਮਲੇ ਦੀ

ਜਾਂਚ ਦੇ ਹੁਕਮ ਦਿੱਤੇ ਪਰ ਉਚੀ ਰਾਜਨੀਤੀ ਕਾਰਨ ਪੂਰਾ ਘਟਨਾਕ੍ਰਮ ਸਿਰਫ਼ ਫ਼ਾਇਲਾਂ 'ਚ ਕੈਦ ਹੋ ਕੇ ਰਹਿ ਗਿਆ। ਮਾਮਲਾ ਲਗਭਗ ਦੋ ਸਾਲ ਤੋਂ ਹਕੂਮਤੀ ਪੱਧਰ 'ਤੇ ਹੀ ਮੁਲਤਵੀ ਹੈ। ਇਹਨਾਂ ਤੋਂ ਵਿਅਕਤੀ ਨੂੰ ਅਜੇ ਵੀ ਖਤਰਾ ਹੈ। ਕਾਸ਼ੀਪੁਰ ਉਤਮ ਸਿੰਘ ਨਗਰ ਨਿਵਾਸੀ ਆਰ.ਟੀ.ਆਈ ਕਾਰਕੁੰਨ ਤੇ ਪੇਸ਼ੇ ਤੋਂ ਵਕੀਲ ਮੁਹੰਮਦ ਨਦੀਮੁਦੀਨ ਕਹਿੰਦੇ ਹਨ 'ਕਿਵੇਂ ਆਰ.ਟੀ.ਆਈ ਰਾਹੀਂ' ਭ੍ਰਿਸ਼ਟਾਚਾਰ ਦੇ ਕਾਲੇ ਕਾਰਨਾਮਿਆਂ ਨੂੰ ਉਧੇੜ ਕੇ ਲੋਕਾਂ ਸਾਹਮਣੇ ਬੇਪੜਦ ਕਰਨ ਲੱਗੇ ਹਨ ਇਸ ਲਈ ਉਹਨਾਂ ਨੂੰ ਤਕਲੀਫ਼ ਹੋ ਰਹੀ ਹੈ। ਅਫ਼ਸੋਸ ਇਹ ਹੈ ਕਿ ਬਹੁਤ ਮਾਮਲਿਆਂ 'ਚ ਅਜੇਹੇ ਲੋਕਾਂ ਦੀਆਂ ਜੜ੍ਹਾਂ ਪੂਰੇ ਤਾਣੇ-ਬਾਣੇ 'ਚ ਪਸਰੀਆਂ ਹੁੰਦੀਆਂ ਹਨ। ਮੈਂ ਅੱਜ ਤਕ ਤਕਰੀਬਨ 425 ਕੇਸਾਂ 'ਚ ਆਰ.ਟੀ.ਆਈ ਦੀ ਮਦਦ ਲੈ ਚੁਕਿਆ ਹਾਂ। ਇਹਨਾਂ 'ਚ ਸਰਕਾਰੀ ਤਾਣਾ-ਬਾਣਾ, ਨਗਰ ਪਾਲਿਕਾ ਤੇ ਪੁਲਸ ਦੇ ਭ੍ਰਿਸ਼ਟਾਚਾਰ ਤੇ ਘਪਲਿਆਂ ਦੇ ਕਈ ਮਾਮਲੇ ਰਹੇ। ਰਾਜਧਾਨੀ ਚੋਣ ਕਮਿਸ਼ਨ ਦੀ ਰੀਪੋਟ ਨੂੰ ਜਨਤਕ ਕਰਨ ਦੀ ਗੱਲ ਹੋਵੇ ਜਾਂ ਫਿਰ ਜੀਵਨ ਤੇ ਆਜ਼ਾਦੀ ਸਬੰਧੀ ਸੂਚਨਾਵਾਂ ਨੂੰ 48 ਘੰਟੇ ਅੰਦਰ-ਅੰਦਰ ਦੇਣ ਵਾਲੀ ਵਿਵਸਥਾ ਲਈ ਗਾਈਡ ਲਾਈਨ ਤਹਿ ਕਰਨ ਦਾ ਮਾਮਲਾ ਜਾਂ ਫਿਰ ਸੁਪਰੀਮ ਕੋਰਟ 'ਚ ਹਿੰਦੀ ਦੀ ਵਰਤੋਂ ਦਾ ਸੁਆਲ। ਇਹਨਾਂ ਸਾਰਿਆਂ 'ਚ ਨਦੀਮੁਦੀਨ ਦੀ ਅਪੀਲ ਦੇ ਅਧਾਰ 'ਤੇ ਹੀ ਜਨਹਿਤ 'ਚ ਫੈਸਲੇ ਹੋਏ ਹਨ। ਪਰ ਨਦੀਮਦੀਨ ਦਾ ਇਹ ਮਿਸ਼ਨ ਕਈ ਕਾਲੇ ਕਾਰੋਬਾਰੀਆਂ ਦੀ ਨੱਕ 'ਚ ਦਮ ਵੀ ਕਰ ਰਿਹਾ  ਸੀ। ਲਿਹਾਜ਼ਾ ਉਹਨਾਂ 'ਤੇ ਵੀ 17 ਮਾਰਚ 2010 'ਚ ਜਾਨਲੇਵਾ ਹਮਲਾ ਕੀਤਾ ਗਿਆ। ਮਾਮਲਾ ਜਦ ਪੁਲਸ 'ਚ ਆਇਆ ਤਾਂ ਪਹਿਲਾਂ ਤਾਂ ਇਸ ਨੂੰ ਸੰਜ਼ੀਦਗੀ ਨਾਲ ਲਿਆ ਹੀ ਨਹੀਂ ਗਿਆ। ਇਹ ਖ਼ੁਲਾਸਾ ਵੀ ਆਰ.ਟੀ.ਆਈ ਰਾਹੀਂ ਹੀ ਹੋਇਆ। ਫਿਰ ਦਬਾਅ ਪੈਣ 'ਤੇ ਹਮਲਾਵਰਾਂ ਦੇ ਖਿਲਾਫ਼ ਧਾਰਾਵਾਂ ਤਾਂ ਸਖਤ ਕੀਤੀਆਂ ਗਈਆਂ ਪਰ ਅਪਰਾਧੀ ਨਾ ਮਿਲਣ ਦੀ ਗੱਲ ਕਹਿ ਕੇ ਮਾਮਲੇ ਨੂੰ ਰਫ਼ਾ-ਦਫ਼ਾ ਕਰ ਦਿੱਤਾ ਗਿਆ। 'ਆਰ.ਟੀ.ਆਈ ਮਿਸ਼ਨ' ਅਖਬਾਰ, ਦੇਹਰਾਦੂਨ ਨਾਲ ਜੁੜੇ ਯੱਗ ਭੂਸ਼ਣ ਸ਼ਰਮਾ ਕਹਿੰਦੇ ਹਨ ਕਿ ਆਰ.ਟੀ.ਆਈ ਕਾਨੂੰਨ ਨੂੰ ਸੰਦ ਬਣਾ ਕੇ ਲੜਨਵਾਲਿਆਂ ਜਾਂ ਕਿਸੇ ਵੀ ਇਮਾਨਦਾਰ ਸਮਾਜਕ ਕਾਰਕੁੰਨ ਨੂੰ ਕਿਸੇ ਤਰ੍ਹਾਂ ਨਾਲ ਦਬਾਅ 'ਚ ਲਿਆ ਜਾਂਦਾ ਹੈ, ਉਸ ਦੀ ਇਕ ਮਿਸਾਲ-ਜਗਦੀਸ ਪ੍ਰਸ਼ਾਦ ਚੌਹਾਨ ਦੀ ਹੱਤਿਆ ਦੀ ਜਾਂਚ 'ਚ ਲੱਗੇ ਦਰੋਗਾ ਦਾ ਕਹਿਣਾ ਹੈ "ਹੱਤਿਆ ਦੇ ਦੋਸ਼ੀਆਂ ਨੂੰ ਅਸੀਂ ਗ੍ਰਿਫ਼ਤਾਰ ਵੀ ਕਰ ਲਵਾਂਗੇ ਪਰ ਉਸ ਪਿਛੋਂ ਹੋਵੇਗਾ ਇਹ ਕਿ ਉਹ ਆਪਣੀ ਹੈਸ਼ੀਅਤ ਤੇ ਰੁਤਬੇ ਦੀ ਵਰਤੋਂ ਕਰਕੇ ਜ਼ਮਾਨਤ 'ਤੇ ਛੁੱਟ ਜਾਣਗੇ। ਬਾਹਰ ਆਉਣ ਪਿਛੋਂ ਉਹ ਪ੍ਰੀਵਾਰ 'ਤੇ ਦਬਾਅ ਪਾਉਣਗੇ ਤੇ ਫਿਰ ਖੁਦ ਪ੍ਰੀਵਾਰ ਵਾਲੇ ਹੀ ਸਾਡੇ ਕੋਲ ਆ ਕੇ ਕਹਿਣਗੇ ਕਿ ਮਾਮਲਾ ਰਫ਼ਾ-ਦਫ਼ਾ ਕਰ ਦਿੱਤਾ ਜਾਵੇ"। ਦਰੋਗੇ ਦੀ ਇਸ ਰਵਾਇਤੀ ਕਬੂਲੀਅਤ ਤੋਂ ਸਪੱਸ਼ਟ ਹੈ ਕਿ ਆਮ ਆਦਮੀ ਉਪਰ ਠੇਕੇਦਾਰਾਂ, ਕਮਿਸ਼ਨ ਖੋਰਾਂ, ਅਫ਼ਸਰਾਂ, ਪੁਲਸ ਤੇ ਸਰਕਾਰ ਦੇ ਨਾਪਾਕ ਗਠਜੋੜ ਦਾ ਕਿੰਨਾ ਦਬਾਅ ਹੈ। ਇਸ ਦਾ ਦੂਜਾ ਪੱਖ ਵੀ ਹੈ ਤੇ ਉਸ ਨੂੰ ਨਜ਼ਰ ਅੰਦਾਜ਼ ਨਹੀਂ ਕਰਨਾ ਚਾਹੀਦਾ। ਉਹ ਇਹ ਕਿ ਆਮ ਸੂਚਨਾ ਮੰਗ ਕੇ ਉਸ ਸੂਚਨਾ ਦੀ ਦੁਰਵਰਤੋਂ ਕਰਕੇ ਬਲੈਕਮੇਲਿੰਗ ਵੀ ਇਕ ਧੰਦਾ ਬਣਦਾ ਜਾ ਰਿਹਾ ਹੈ। ਅਜੇਹੇ ਲੋਕ ਇਮਾਨਦਾਰੀ ਨਾਲ ਕੰਮ ਕਰ ਰਹੇ ਕਾਰਕੁੰਨਾਂ ਦੀ ਬਦਨਾਮੀ ਦਾ ਸਬੱਬ ਵੀ ਬਣ ਰਹੇ ਹਨ। ਪਰ ਇਮਾਨਦਾਰ ਸੂਚਨਾ ਅਧਿਕਾਰ ਕਾਰਕੁੰਨ ਨੂੰ ਸਥਾਪਕ

ਪੱਧਰ ਤੋਂ ਲੈ ਕੇ ਟਾਪ ਤਕ ਇਸ ਕਿਸਮ ਦੇ ਦਬਾਅ ਜਾਂ ਸਪੱਸ਼ਟ ਸ਼ਬਦਾਂ 'ਚ ਕਹੀਏ ਤਾਂ ਭੈਅ ਤੇ ਬੇ-ਵਿਸਵਾਸ਼ੀ ਦੇ ਮਾਹੌਲ 'ਚ ਕੰਮ ਕਰਨਾ ਹੁੰਦਾ ਹੈ। ਜੇ ਤੁਸੀਂ ਅਸੁਰਖਿਆ ਦਾ ਹਵਾਲਾ ਦਿੰਦੇ ਹੋ ਤਾਂ ਸਰਕਾਰ ਮਰੇ ਮਨ ਨਾਲ ਹੀ ਸਹੀ ਪਰ ਤੁਹਾਡੇ ਦਬਾਅ 'ਚ ਨਿੱਜੀ ਤੌਰ 'ਤੇ ਤੁਹਾਡੇ ਨਾਲ ਇਕ ਜਾਂ ਦੋ ਹਥਿਆਰ ਬੰਦ ਸਿਪਾਹੀ ਲਾ ਦੇਵੇਗੀ। ਹੁਣ ਸੁਆਲ ਇਹ ਕਿ ਕੀ ਸੂਚਨਾ ਲੈਣ ਵਾਲਿਆਂ ਦੀ ਏਨੀ ਹੈਸ਼ੀਅਤ ਹੈ ਕਿ ਉਹ ਕਿਸੇ ਵਿਧਾਇਕ ਵਾਗੂੰ ਇਹਨਾਂ ਸਿਪਾਹੀਆਂ ਦਾ ਖਰਚਾ ਸਹਿਣ ਕਰ ਸਕੇ। ਸਾਨੂੰ ਲਗਦਾ ਹੈ ਕਿ ਲੋਕ ਚੇਤਨਾ ਤੇ ਜਥੇਬੰਦ ਰੋਹ ਮੁਜਾਹਰੇ ਹੀ ਇਸ ਮਾਹੌਲ 'ਚ ਸੂਚਨਾ ਲੈਣ ਵਾਲਿਆਂ ਨੂੰ ਸੁਰਖਿਆ ਦੇ ਸਕਦੇ ਹਨ।

# ਪੰਜ ਰਾਜਾਂ ਦੀਆਂ ਚੋਣਾਂ ਬਨਾਮ ਮੀਡੀਆ ਦਾ ਕਿਰਦਾਰ

ਪੰਜ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ 'ਚ ਕੋਡ ਆਫ਼ ਕੰਡਕਟ ਦੀ ਖੁਲ੍ਹ ਕੇ ਉਲੰਘਣਾ ਹੋਈ ਅਤੇ ਉਮੀਦਵਾਰਾਂ ਵਲੋਂ ਪੈਸੇ ਦੇ ਕੇ ਖਬਰਾਂ ਛਪਵਾਉਣ (ਪੇਡ ਨਿਊਜ਼) ਲਈ ਵੱਖ-ਵੱਖ ਮੀਡੀਆ ਸਮੂਹਾਂ ਵਲੋਂ ਭੁਗਤਾਨ ਕਰਨ ਵਾਲਿਆਂ ਦੀ ਗਿਣਤੀ 'ਚ ਇਜਾਫ਼ਾ ਵੀ ਹੋਇਆ। ਚੋਣ ਕਮਿਸ਼ਨ ਨੇ ਪੇਡ ਨਿਊਜ਼ ਸਬੰਧੀ 167 ਉਮੀਦਵਾਰਾਂ ਨੂੰ ਨੋਟਿਸ ਜਾਰੀ ਤਾਂ ਕੀਤਾ ਜਿਹਨਾਂ 'ਚੋਂ ਬਹੁਤੇ ਉਮੀਦਵਾਰ ਪੰਜਾਬ ਦੇ ਸਨ। ਜਦਕਿ ਸ਼ਿਕਾਇਤਾਂ ਦੀ ਗਿਣਤੀ ਇਕ ਹਜ਼ਾਰ ਤੋਂ ਵੱਧ ਹੈ। ਅਜਿਹੇ ਕੇਸਾਂ 'ਚ ਚੋਣ ਕਮਿਸ਼ਨ ਪਹਿਲਾਂ ਸ਼ਿਕਾਇਤਾਂ ਲੈਂਦਾ ਹੈ ਫਿਰ ਜ਼ਿਲ੍ਹੇ ਦੀ ਨਿਗਰਾਨ ਸੰਮਤੀ ਦੀ ਰੀਪੋਟ ਦੇ ਅਧਾਰ 'ਤੇ ਉਮੀਦਵਾਰ ਤੇ ਮੀਡੀਆ ਸਮੂਹ ਖਿਲਾਫ਼ ਨੋਟਿਸ ਜਾਰੀ ਕਰਦਾ ਹੈ। ਸਭ ਤੋਂ ਵੱਧ ਪੇਡ ਨਿਊਜ਼ ਦੀਆਂ ਸ਼ਿਕਾਇਤਾਂ ਖੇਤਰੀ ਤੇ ਸਥਾਨਕ ਅਖਬਾਰਾਂ ਖਿਲਾਫ਼ ਹੋਈਆਂ। 20 ਅਕਤੂਬਰ 2011 ਨੂੰ ਚੋਣ ਕਮਿਸ਼ਨ ਨੇ ਉਤਰ ਪ੍ਰਦੇਸ਼ ਦੇ ਬਿਸੌਲੀ ਵਿਧਾਨ ਸਭਾ ਖੇਤਰ ਤੋਂ ਵਿਧਾਇਕ ਉਮਲੇਸ਼ ਯਾਦਵ ਨੂੰ ਅਯੋਗ ਐਲਾਨਿਆ ਸੀ। ਉਹਨਾਂ ਨੂੰ 2007 'ਚ ਵਿਧਾਨ ਸਭਾ ਚੋਣਾਂ 'ਚ ਮੀਡੀਆ ਸਮੂਹਾਂ ਨੂੰ ਭਾਰੀ ਪੈਸਾ ਦੇ ਕੇ ਆਪਣੇ ਪੱਖ ਖਬਰ ਛਪਵਾਉਣ ਦਾ ਦੋਸ਼ੀ ਪਾਇਆ ਗਿਆ ਸੀ। ਪੇਡ ਨਿਊਜ਼ ਅਨੈਤਿਕ ਕਰਾਰ ਦਿੰਦੇ ਹੋਇਆ ਮੁੱਖ ਚੋਣ ਕਮਿਸ਼ਨਰ ਐਸਵਾਈ ਕੁਰੈਸ਼ੀ ਕਹਿੰਦੇ ਹਨ ਕਿ ਚੋਣ ਕਮਿਸ਼ਨ ਇਸ ਨੂੰ ਭ੍ਰਿਸ਼ਟਾਚਾਰ ਵਜੋਂ ਲੈਣ ਲਈ ਕਾਨੂੰਨ ਵਿਕਲਪਾਂ ਦੀ ਸੰਭਾਵਨਾ 'ਤੇ ਵਿਚਾਰ ਕਰ ਰਿਹਾ ਹੈ। ਪਰ ਕੁਰੈਸ਼ੀ ਇਹ ਵੀ ਕਹਿੰਦੇ ਹਨ ਕਿ ਕਮਿਸ਼ਨ ਦਾ ਜ਼ੋਰ ਜਾਂ ਅਨੁਸਾਸ਼ਨ ਅਖਬਾਰਾਂ ਜਾਂ ਮੀਡੀਆ 'ਤੇ ਨਹੀਂ ਚਲਦਾ। ਪੇਡ ਨਿਊਜ਼ ਦਾ ਦਾਇਰਾ ਵਧਦਾ ਜਾ ਰਿਹਾ ਹੈ। ਚੋਣ ਕਮਿਸ਼ਨ ਨੇ ਏਨੀ ਵੱਡੀ ਗਿਣਤੀ 'ਚ ਜੇ ਉਮੀਦਵਾਰਾਂ ਤੇ ਮੀਡੀਆ ਘਰਾਨਿਆਂ ਨੂੰ ਨੋਟਿਸ ਭੇਜਿਆ ਹੈ ਤਾਂ ਇਸ ਦਾ ਕੋਈ ਸੰਕੇਤ ਤਾਂ ਹੈ ਹੀ। ਪੇਡ ਨਿਊਜ਼ ਪੰਜਾਬ 'ਚ ਵਿਧਾਨ ਸਭਾ ਚੋਣਾਂ ਦੌਰਾਨਵੱਡੀ ਖਬਰ ਬਣ ਗਿਆ। ਵੋਟਾਂ ਪਾਉਣ ਦੀ ਤਰੀਕ 30 ਜਨਵਰੀ ਆਉਣ ਤਕ ਜਿਲ੍ਹਿਆਂ 'ਚ ਮੀਡੀਆ ਨਿਗਰਾਨ ਸੰਮਤੀਆਂ ਦੇ ਕਮਿਸ਼ਨ (MMCS) ਨੇ ਤਕਰੀਬਨ 300 ਨੋਟਿਸ ਜਾਰੀ ਕੀਤੇ ਸਨ। ਇਹਨਾਂ ਵਿਚੋਂ 200 ਤੋਂ ਵੱਧ ਨੋਟਿਸਾਂ ਦੇ ਜੁਆਬ 'ਚ ਭੁਗਤਾਨ ਕਰਨ ਜਾਂ ਲੈਣ ਦੇਣ ਦੀ ਗੱਲ ਮੰਨੀ ਗਈ। ਉਮੀਦਵਾਰ ਆਪਣੇ ਚੋਣ ਪ੍ਰਚਾਰ ਲਈ 16 ਲੱਖ ਰੁਪਏ ਖਰਚ ਕਰਨ ਦੀ ਵਿਧਾਨਕ ਹੱਦ ਦੇ ਅੰਦਰ ਇਹ ਖਰਚ ਵਿਖਾਉਣ ਲਈ ਤਿਆਰ ਸਨ। ਇਸ ਤੋਂ ਜਾਹਰ ਹੁੰਦਾ ਹੈ ਕਿ ਹਰੇਕ ਉਮੀਦਵਾਰ ਅਜਿਹਾ ਕਰਦਾ ਹੈ। ਇਹਨਾਂ 'ਚੋਂ ਬਹੁਤੇ ਉਮੀਦਵਾਰ ਸ਼ਰੇਆਮ ਮੰਨਦੇ ਵੀ ਹਨ। ਉਮੀਦਵਾਰ ਦੀਆਂ ਚੋਣ ਸਬੰਧੀ ਮੁਹਿੰਮਾਂ ਦਾ ਪਤਾ ਲਾਉਣ ਲਈ ਹਰੇਕ ਜ਼ਿਲ੍ਹੇ 'ਚ (MMCS) ਦੇ ਗਠਨ ਪਿਛੋਂ ਇਹ ਨੋਟਿਸ ਜਾਰੀ ਕੀਤੇ ਗਏ ਸਨ। ਪੇਡ ਨਿਊਜ਼ ਦੀ ਪਹਿਚਾਣ ਲਈ ਵਿਆਪਕ ਮਾਪਦੰਡ ਅਪਨਾਏ ਗਏ ਸਨ। ਕਿਸੇ ਖਾਸ ਅਖਬਾਰ 'ਚ ਉਮੀਦਵਾਰ ਨੂੰ ਨਿਰੰਤਰ ਕਵਰੇਜ਼ ਮਿਲਣਾ, ਵੱਖ-ਵੱਖ ਅਖਬਾਰਾਂ 'ਚ ਕਿਸੇ ਉਮੀਦਵਾਰ ਦੀ ਕਵਰੇਜ਼ 'ਚ ਇਕ ਤਰ੍ਹਾਂ ਦੇ ਬਿਆਨ ਹੋਣੇ ਜਾਂ ਇਕ ਸਫ਼ੇ 'ਤੇ ਹੀ ਕਿਸੇ ਉਮੀਦਵਾਰ ਬਾਰੇ ਇਕ ਤੋਂ ਵੱਧ ਖ਼ਬਰਾਂ ਛਪਣੀਆਂ। ਰਾਜ ਪੱਧਰ ਦੀ ਇਕ ਸਮਿਤੀ ਟੀ.ਵੀ ਨਿਊਜ਼

ਚੈਨਲਾਂ ਰਾਹੀਂ ਚੋਣ ਕਵਰੇਜ਼ ਵਿਖਾਏ ਜਾਣ ’ਤੇ ਨਿਗਰਾਨ ਰਖਦੀ ਸੀ ਅਤੇ ‘ਸ਼ਕੀ’ ਪ੍ਰੋਗਰਾਮਾਂ ਉਪਰ ਸ਼ਿਕੰਜਾ ਕਸਦੀ ਸੀ। ਚੋਣ ਕਮਿਸ਼ਨ ਨੇ ਪਹਿਲੀ ਵਾਰੀ ਪੇਡ ਨਿਊਜ਼ ਨੂੰ ਰੋਕਣ ਲਈ ਪੰਜਾਬ ਦੇ ਕਈ ਮੀਡੀਆ ਘਰਾਣਿਆਂ ਨੂੰ ਪ੍ਰੇਸ਼ਾਨ ਕੀਤਾ ਹੈ ਪਰ ਇਹ ਮੰਨਣਾ ਹੈ ਕਿ ਇਸ ਕਸਰਤ ’ਚ ਸਿਰਫ਼ ਛੋਟੀ ਮੱਛੀ ਹੀ ਫੜੀ ਗਈ ਹੈ। ਇਕ ਟੀ.ਵੀ ਚੈਨਲ ਡੇ ਐਂਡ ਨਾਈਟ ਦੇ ਪ੍ਰਬੰਧਕੀ ਸੰਪਾਦਕ ਕੰਵਰ ਸੰਧੂ ਅਨੁਸਾਰ ‘ਉਮੀਦਵਾਰ ’ਤੇ ਸਖਤੀ ਕਾਰਨ ਹੁਣ ਅਖਬਾਰਾਂ ਜਾਂ ਚੈਨਲਾਂ ਤੇ ਬਹੁਤ ਘੱਟ ਉਮੀਦਵਾਰ ਇਸ਼ਤਿਹਾਰ ਛਪਵਾਉਣ ਲੱਗੇ। ਜਿਸ ਕਰਕੇ ਉਮੀਦਵਾਰ ਜਾਂ ਤਾਂ ਸਥਾਨਕ ਪੱਤਰਕਾਰਾਂ ਨੂੰ ਪੈਸੇ ਦੇ ਦਿੰਦੇ ਜਾਂ ਫਿਰ ਪੇਡ ਨਿਊਜ਼ ’ਚ ਨਿਵੇਸ਼ਕਰ ਦਿੰਦੇ। ਪੀਪਲਜ਼ ਪਾਰਟੀ ਆਫ਼ ਪੰਜਾਬ ਦੇ ਬੁਲਾਰੇ ਜਸਵੀਰ ਸਿੰਘ ਅਨੁਸਾਰ ‘ਕੁਝ ਅਖਬਾਰਾਂ ਵਾਲਿਆਂ ਨੇ ਸਾਡੇ ਕੋਲੋਂ 25 ਦਿਨਾਂ ਦੀ ਕਵਰੇਜ਼ ਦੇ 2 ਕਰੋੜ ਮੰਗੇ ਅਸੀਂ ਮਨਾ ਕਰ ਦਿੱਤਾ ਕਿਉਂ ਸਾਡੀ ਪਾਰਟੀ ਕੋਲ ਏਨੇ ਪੈਸੇ ਨਹੀਂ ਸਨ। ਜਿਸ ਪੰਜਾਬੀ ਦੈਨਿਕ ’ਚ ਇਸ਼ਤਿਹਾਰ ਦਿਤਾ ਸੀ ਉਹ ਤਾਂ ਛਪ ਗਿਆ ਪਰ ਰੈਲੀ ਦੀ ਖਬਰ ਨਹੀਂ ਲੱਗੀ। ਪੁਛੇ ਜਾਣ ’ਤੇ ਪਤਾ ਲੱਗਿਆ ਕਿ ਮੁੱਖ ਦਫ਼ਤਰ ’ਚ ਸਿੱਧਾ ਇਸ਼ਤਿਹਾਰ ਬੁੱਕ ਕਰਾਉਣ ਕਰਕੇ ਅਜਿਹੀ ਹਾਲਤ ’ਚ ਸਥਾਨਕ ਦਫ਼ਤਰਾਂ ਤੇ ਪੱਤਰਕਾਰਾਂ ਦਾ ਕਮਿਸ਼ਨ ਮਰ ਜਾਂਦਾ ਹੈ। ਸਾਨੂੰ ਇਸ਼ਤਿਹਾਰ ਦਿਉ ਤਾਂ ਤੁਹਾਨੂੰ ਅੱਛੀ ਕਵਰੇਜ਼ ਮਿਲੇਗੀ।’ ਵੱਡੀਆਂ ਪਾਰਟੀਆਂ ਦੀ ਇਹ ਸ਼ਿਕਾਇਤ ਹੈ। ਇਕ ਕਾਂਗਰਸੀ ਉਮੀਦਵਾਰ ਕਹਿੰਦੇ ਹਨ, “ਇਕ ਵੱਡੇ ਮੀਡੀਆ ਘਰਾਣੇ ਦਾ ਸਥਾਨਕ ਭਾਸ਼ਾ ਦਾ ਇਕ ਅਖਬਾਰ ਤਾਂ ਭੁਗਤਾਨ ਕੀਤੇ ਬਿਨਾਂ ਇਕ ਸ਼ਬਦ ਵੀ ਨਹੀਂ ਛਾਪਦਾ। ਇਹ ਖੁਲ੍ਹੇਆਮ ਬਲੈਕ ਮੇਲਿੰਗ ਹੈ, ਪਹਿਲਾਂ ਮੈਂ ਮਨਾ ਕੀਤਾ ਪਰ ਜਦੋਂ ਮੇਰੇ ਵਿਰੋਧੀ ਉਮੀਦਵਾਰ ਆਪਣੇ ਨਾਲ ਜੋੜਨ ਖਾਤਰ ਮਜ਼ਬੂਰ ਕਰਨ ਲਈ ਮੇਰੇ ਵਰਕਰਾਂ ਖਿਲਾਫ ਫ਼ਰਜੀ ਖਬਰਾਂ ਛਪਵਾਉਣ ਲੱਗਿਆ ਤਾਂ ਮੈਂ ਦਬਾਅ ਹੇਠ ਆ ਗਿਆ। ਲਿਹਾਜ਼ਾ ਸਾਨੂੰ ਵੀ ਉਹਨਾਂ ਦੀ ਮੁਠੀ ਗਰਮ ਕਰਨੀ ਪਈ ਅਤੇ ਬਾਕੀਆਂ ਵਾਗੂੰ ਹੀ ਮਨਘੜਤ ਖਬਰਾਂ ਛਪਵਾਉਣੀਆਂ ਪਈਆਂ।” ਮੀਡੀਆ ’ਚ ਪੇਡ ਨਿਊਜ਼ ਦੇ ਵਧਦੇ ਰੁਝਾਣ ’ਤੇ ਬਹਿਸ ਤਾਂ ਜ਼ੋਰਦਾਰ ਹੁੰਦੀ ਹੈ ਅਤੇ ਕਈ ਵੱਡੇ ਮੀਡੀਆ ਘਰਾਣੇ ਇਹ ਮੁਹਿੰਮ ਵੀ ਚਲਾਉਂਦੇ ਹਨ ਕਿ ਉਹਨਾਂ ਕੋਲ ਪੇਡ ਨਿਊਜ਼ ਦਾ ਰਿਵਾਜ ਨਹੀਂ ਪਰ ਵੋਟਾਂ ਵੇਲੇ ਸਾਰੇ ਵਾਅਦੇ ਧਰੇ ਧਰਾਏ ਰਹਿ ਜਾਂਦੇ ਹਨ। ਪੇਡ ਨਿਊਜ਼ ਖਿਲਾਫ਼ ਲੜਾਈ ਮੀਡੀਆ ਨੂੰ ਖੁਦ ਲੜਨੀ ਚਾਹੀਦੀ ਹੈ। ਵੱਡੀ ਰਾਜਸੀ ਪਾਰਟੀਆਂ ਵਲੋਂ ਮੀਡੀਆ ਘਰਾਣਿਆਂ ਨੂੰ ਦਿਤੇ ਗਏ, ਪੈਸਿਆਂ ਦੀ ਕੋਈ ਚਰਚਾ ਨਹੀਂ ਹੁੰਦੀ। ਰਗੜਾ ਛੋਟੇ ਅਖਬਾਰ ਨੂੰ ਹੀ ਲਗਦਾ ਹੈ। ਭਾਰਤੀ ਪ੍ਰੈਸ ਪ੍ਰੀਸ਼ਦ ਦੇ ਮੁੱਖ ਨਿਆਂਮੂਰਤੀ ਮਾਰਕੰਡੇਅ ਕਾਟਜੂ ਕਹਿੰਦੇ ਹਨ, ਕਿ ਇਸ ਮਾੜੇ ਰੁਝਾਣ ’ਤੇ ਲਗਾਮ ਪੈਣੀ ਚਾਹੀਦੀ ਹੈ। ਮੀਡੀਆ ਛੋਟੇ ਹੋਵੇ ਜਾਂ ਵੱਡਾ ਇਹ ਰਿਵਾਜ਼ (ਰੁਝਾਣ) ਹੀ ਗਲਤ ਹੈ। ਜੋ ਸ਼ਿਕਾਇਤਾਂ ਪ੍ਰੈਸ ਪ੍ਰੀਸ਼ਦ ਨੂੰ ਮਿਲਦੀਆਂ ਹਨ ਉਹਨਾਂ ’ਤੇ ਗੰਭੀਰਤਾ ਨਾਲ ਕਾਰਵਾਈ ਹੋਵੇ ਪੱਖਪਾਤੀ ਰੀਪੋਟ ਨੂੰ ਰੋਕਣ ਦਾ ਉਪਾਅ ਕਰਨਾ ਚਾਹੀਦਾ ਹੈ।

ਕੀ ਚੋਣ ਕਮਿਸ਼ਨ ਦੀਆਂ ਸ਼ਕਤੀਆਂ ਘਟ ਗਈਆਂ ਹਨ? ਫੇਰ ਸਭ ਨੇ ਚੋਣ ਕਮਿਸ਼ਨ ਦੀਆਂ ਖੁਲ੍ਹ ਕੇ ਧੱਜੀਆਂ ਕਿਉਂ ਉਡਾਈਆਂ? ਕਾਨੂੰਨ ਮੰਤਰੀ ਸਲਮਾਨ ਖੁਰਸ਼ੀਦ ਤੇ ਇਸਪਾਤ ਮੰਤਰੀ ਬੇਨੀ ਪ੍ਰਸ਼ਾਦ ਤੋਂ ਇਲਾਵਾ ਕਾਂਗਰਸ ਦੇ ਜਨਰਲ ਸਕੱਤਰ ਰਾਹੁਲ ਗਾਂਧੀ ਤਕ ਨੇ ਕੋਡ ਆਫ਼ ਕੰਡਕਟ ਦੀ ਉਲੰਘਣਾ ਕੀਤੀ।

# ਸੰਕਟ ਵਿਚ ਜ਼ਿੰਦਗੀਆਂ : ਆਦੀਵਾਸੀ ਵਿਧਵਾਵਾਂ

ਦੋ ਡੰਗ ਦੀ ਰੋਟੀ ਖਾਤਰ ਕਾਲਾ ਪੱਥਰ ਤੋੜਨ ਦੇ ਕੰਮ 'ਚ ਲੱਗੇ ਆਦੀਵਾਸੀਆਂ ਦੇ ਬੀਮਾਰੀ ਕਾਰਨ ਛੇਤੀ ਮਰ ਜਾਣ ਕਰਕੇ ਮੱਧ ਪ੍ਰਦੇਸ਼ ਦੇ ਜ਼ਿਲ੍ਹਾ ਗਵਾਲੀਅਰ ਤੋਂ ਸਿਰਫ਼ 12 ਕਿਲੋਮੀਟਰ ਦੂਰ ਏ.ਬੀ ਰੋਡ 'ਤੇ ਪਿੰਡ ਕਾਂਸੇਰ ਤੇਜੀ ਨਾਲ ਵਿਧਵਾਵਾਂ ਦੇ ਪਿੰਡ 'ਚ ਬਦਲ ਰਿਹਾ ਹੈ।ਇਸ ਪਿੰਡ ਨੂੰ ਆਸ-ਪਾਸ ਦੇ ਲੋਕ ਵਿਧਵਾਵਾਂ ਦੇ ਪਿੰਡ ਵਜੋਂ ਹੀ ਜਾਣਦੇ ਹਨ। ਔਰਤਾਂ ਦੀ ਮਾਂਗ 'ਚ ਸੰਧੂਰ ਨਹੀਂ ਤੇ ਉਹਨਾਂ ਦੇ ਬੱਚਿਆਂ ਦੇ ਬਾਪ ਇਸ ਜਹਾਨੋਂ ਕੂਚ ਕਰ ਚੁਕੇ ਹਨ। ਬੇਵਕਤੀ ਮੌਤ ਮਰਨ ਦਾ ਸਿਲਸਿਲਾ ਕਦੋਂ ਸ਼ੁਰੂ ਹੋਇਆ, ਇਸ ਦਾ ਕੋਈ ਸੰਨ ਜਾਂ ਸਾਲ ਤਾਂ ਲੋਕਾਂ ਨੂੰ ਪਤਾ ਨਹੀਂ ਪਰ ਕੋਈ ਦਸ ਸਾਲ ਪਹਿਲਾਂ, ਕੋਈ ਪੰਜ ਸਾਲ ਤੇ ਕੋਈ ਸਾਲ ਭਰ ਪਹਿਲਾਂ ਤੇ ਕੋਈ ਕੁਝ ਹੀ ਦਿਨ ਪਹਿਲਾਂ ਆਪਣੀ ਸੁਹਾਗ ਚੂੜੀਆਂ ਤੋੜ ਕੇ ਉਸ ਜਮਾਤ 'ਚ ਸ਼ਾਮਲ ਹੋਈਆਂ ਜਿਹਨਾਂ ਦੇ ਪਤੀ ਹੁਣ ਬੀਮਾਰੀ ਕਾਰਣ ਇਸ ਦੁਨੀਆਂ 'ਚ ਨਹੀਂ ਹਨ। ਵਿਧਵਾ ਸਰੂਪੀ ਕਹਿੰਦੀ ਹੈ 'ਦੁਨੀਆਂ 'ਚ ਕਿਤੇ ਹੋਰ ਕੋਈ ਔਰਤ ਵਿਧਵਾ ਹੁੰਦੀ ਹੈ ਤਾਂ ਉਸ ਕੋਲ ਜਿਊਣ ਲਈ ਪਤੀ ਦੀ ਛੱਡੀ ਜਾਇਦਾਦ ਤੇ ਵਿਰਾਸਤ ਹੁੰਦੀ ਹੈ, ਜਿਸ ਨਾਲ ਉਹ ਆਪਣਾ ਤੇ ਆਪਣੇ ਪ੍ਰੀਵਾਰ ਦੀ ਜਿੰਦਗੀ ਗੁਜਾਰ ਲੈਂਦੀ ਹੈ ਪਰ ਕਾਂਸੇਰ ਵਿਚ ਮਰਨ ਵਾਲਾ ਮਰਦ ਪਹਿਲਾਂ ਪੂਰੀ ਜਾਇਦਾਦ ਨੂੰ ਬੀਮਾਰੀ ਦੇ ਇਲਾਜ 'ਚ ਖਰਚ ਕਰ ਦਿੰਦਾ ਹੈ, ਫਿਰ ਬੀਵੀ ਤੇ ਬੱਚਿਆਂ 'ਚ ਰੋਗ ਵੰਡਦਾ ਹੈ ਅਖੀਰ ਨੂੰ ਸੁੱਕੀਆਂ ਹੱਡੀਆਂ ਵਾਲਾ ਸਰੀਰ ਤਿਆਗ ਕੇ ਮੌਤ ਨੂੰ ਪਿਆਰਾ ਹੋ ਜਾਂਦਾ ਹੈ। ਛੱਡ ਜਾਂਦੇ ਹਨ ਤਾਂ ਸਾਨੂੰ ਅਤੇ ਉਹਨਾਂ ਮੰਦਭਾਗੀਆਂ ਸ਼ਹਿਰ ਤੋਂ ਏ.ਬੀ. ਰੋਡ 'ਤੇ ਹਾਈਵੇ ਤੋਂ ਸਿਰਫ਼ ਦੋ ਕਿਲੋਮੀਟਰ 'ਤੇ ਵਸੇ 150 ਘਰਾਂ ਵਾਲੇ ਆਦੀਵਾਸੀ ਪਿੰਡ ਕਸੇਰ ਦੇ ਕਰੀਬ 350 ਵੋਟਰਾਂ 'ਚ ਲਗਭਗ 100 ਵਿਧਵਾਵਾਂ ਹਨ ਜਿਹਨਾਂ 'ਚੋਂ ਬਹੁਤੀਆਂ ਖੁਦ ਵੀ ਬੀਮਾਰੀ ਦਾ ਸ਼ਿਕਾਰ ਹਨ। ਕਾਂਸੇਰ ਦੇ ਆਦੀਵਾਸੀ ਨੌਜਵਾਨ ਧੀਰੇਂਦਰ ਜਿਹਨਾਂ ਦੀ ਇਕ-ਇਕ ਹੱਡੀ ਗਿਣੀ ਜਾ ਸਕਦੀ ਹੈ। ਕਹਿੰਦੇ ਹਨ- ਕਾਲਾ ਪੱਥਰ ਸਾਡੇ ਪਿੰਡਾਂ ਨੂੰ ਚਟ ਕਰ ਜਾਊ ਉਹਨਾਂ ਦੀ ਇਸ ਗੱਲ 'ਤੇ ਇਕ ਦੂਜਾ ਪੇਂਡੂ ਕਹਿੰਦਾ ਹੈ 'ਅਤੇ ਚਟ ਹੋਣ ਵਾਲਿਆਂ 'ਚ ਪਹਿਲਾਂ ਨੰਬਰ ਕਿਸੇ ਦਾ ਵੀ ਹੋ ਸਕਦਾ ਹੈ' ਅਨੇਕਾਂ ਲੋਕਾਂ ਦੀ ਸਿਹਤ ਡਾਵਾਂਡੋਲ ਹੈ ਜੋ ਪੱਥਰ ਦੇ ਸ਼ਿਕਾਰ ਹਨ। ਕਾਂਸੇਰ ਬੀਮਾਰ ਹੈ, ਇਸ ਦੀ ਜਾਣਕਾਰੀ ਤਾਂ ਖੇਤ ਦੇ ਲੋਕਾਂ ਨੂੰ ਮਿਲ ਗਈ ਸੀ ਪਰ ਮਰਨ ਵਾਲਿਆਂ ਦੀ ਤੈਦਾਦ ਏਨੀ ਹੋਵੇਗੀ ਇਸ ਦਾ ਅੰਦਾਜ਼ਾ ਬਿਲਕੁਲ ਨਹੀਂ ਹੈ। ਪਿੰਡ ਦੇ ਲੋਕਾਂ ਨੇ ਗੱਲਬਾਤ ਦੌਰਾਨ ਦਸਿਆ ਕਿ ਪਿੰਡ 'ਚ ਹਰ ਸਾਲ ਕਰੀਬ 10-12 ਔਰਤਾਂ ਵਿਧਵਾ ਹੁੰਦੀਆਂ ਹਨ ਅਤੇ ਕੋਈ ਅਜੇਹਾ ਘਰ ਨਹੀਂ ਜਿਸ 'ਚ ਇਕ ਦੋ ਵੱਖਰੇ ਬਿਸਤਰੇ ਨਾ ਲਾਏ ਗਏ ਹੋਣ।

ਮੱਧ ਪ੍ਰਦੇਸ਼ 'ਚ ਸਰਗਰਮ ਸਮਾਜਕ ਸੰਗਠਨ ਏਕਤਾ ਪ੍ਰੀਸ਼ਦ ਦੇ ਕਾਰਕੁੰਨ ਡੋਂਗਰ ਸ਼ਰਮਾ ਦੇ ਨਾਲ ਹੀ ਪਤ੍ਰਕਾਰ ਜਾ ਸਕੇ ਹੋਰ ਕੋਈ ਪਿੰਡ ਦਾ ਰਾਹ ਵਿਖਾਉਣ ਤੇ ਨਾਲ ਜਾਣ ਲਈ ਤਿਆਰ ਨਹੀਂ ਹੋਇਆ। ਲੋਕ ਉਲਟਾ ਹੌਲੀ-ਹੌਲੀ ਖਿੰਡਣ ਲੱਗ ਪਏ। ਪੇਂਡੂ ਭਾਗੀਰਥ ਦਾ ਕਹਿਣਾ ਸੀ 'ਤੁਸੀਂ ਵੀ ਨਾ ਜਾਓ, ਜੋ ਲੋਕ ਮਰੇ ਹਨ

ਉਹਨਾਂ ਨੂੰ ਤਪਦਿਕ ਦੀ ਬਿਮਾਰੀ ਸੀ ਤੇ ਜੋ ਲੋਕ ਮਰਨ ਵਾਲੇ ਹਨ ਉਹਨਾਂ ਨੂੰ ਵੀ ਤਪਦਿਕ ਹੀ ਹੋਵੇਗੀ ਇਸ ਲਈ ਕੋਈ ਉਹਨਾਂ ਦੇ ਘਰ ਨਹੀਂ ਜਾਂਦਾ।' ਸਮਾਜਕ ਕਾਰਕੁੰਨ, ਡੋਗਰਾ ਸ਼ਰਮਾ ਕਹਿੰਦੇ ਹਨ, 'ਕਦੇ-ਕਦੇ ਟੀ.ਬੀ. ਦੀ ਦਵਾਈ ਦੇਣ ਵਾਲੇ ਆਉਂਦੇ ਹਨ ਪਰ ਇਸ ਪਿੰਡ ਨੂੰ ਟੀ.ਬੀ. ਇਨਫ਼ੈਕਸ਼ਨ ਤੋਂ ਬਚਾਉਣ ਦੀ ਕੋਈ ਕੋਸ਼ਿਸ਼ ਕਦੀ ਨਹੀਂ ਹੋਈ।' ਪੇਂਡੂਆਂ ਮੁਤਾਬਕ ਪਿੰਡ 'ਚ ਪ੍ਰੀਵਾਰ ਦਾ ਹਰ ਦੂਜਾ ਮੈਂਬਰ ਇਨਫ਼ੈਕਸ਼ਨ ਫੈਲਾਉਣ ਵਾਲੀ ਛੂਤ-ਛਾਤ ਦੀ ਬੀਮਾਰੀ ਟੀ.ਬੀ. ਨਾਲ ਪੀੜਤ ਹੈ ਅਤੇ ਕੁੱਝ ਦਾ ਪੂਰੇ ਦਾ ਪੂਰਾ ਪ੍ਰੀਵਾਰ ਹੀ ਟੀ.ਬੀ. ਨਾਲ ਖਤਮ ਹੋ ਚੁੱਕਿਆ ਹੈ। ਵਿਆਹ ਤੋਂ ਕੁਝ ਦਿਨ ਪਿਛੋਂ ਹੀ ਵਿਧਵਾ ਹੋਈ ਭੂਰੀ ਕਹਿੰਦੀ ਹੈ, "ਮੇਰੇ ਮਾਂ-ਬਾਪ ਨੂੰ ਕੀ ਪਤਾ ਸੀ ਕਿ ਪੂਰਾ ਪ੍ਰੀਵਾਰ ਹੀ ਟੀ.ਬੀ. ਨਾਲ ਸੜ੍ਹ ਰਿਹਾ ਹੈ। ਵਿਆਹ ਹੁੰਦਿਆਂ ਹੀ ਮੇਰਾ ਮਰਦ ਜੈ ਰਾਮ ਮਰ ਗਿਆ। ਉਸ ਤੋਂ ਕੁਝ ਦਿਨ ਬਾਅਦ ਉਸ ਦਾ ਭਾਈ ਅਜੈ ਤੇ ਹੁਣ ਤੀਜੇ ਦੀ ਵਾਰੀ ਹੈ।"

ਜੋ ਮੁਸ਼ਕਲ ਨਾਲ ਆਪਣਾ ਨਾਂ ਸ਼ੰਕਰ ਦਸਦਾ ਹੈ। ਸ਼ੰਕਰ ਕਹਿੰਦਾ ਹੈ ਕਿ ਪਿੰਡ ਦੇ ਬਾਹਰ ਦੱਖਣ ਵੱਲ ਕਾਲੇ ਪੱਥਰ ਦਾ ਇਕ ਪਹਾੜ ਹੈ, ਜਿਥੇ ਕਈ ਕਰੈਰ ਮਸ਼ੀਨਾਂ ਲੱਗੀਆਂ ਹੋਈਆਂ ਹਨ। ਉਹਨਾਂ ਕਰੈਰ ਮਸ਼ੀਨਾਂ ਨਾਲ ਪੱਥਰ ਢੋਣ-ਤੋੜਣ ਲਈ ਪਿੰਡ ਦੇ ਬਾਕੀ ਲੋਕਾਂ ਨਾਲ ਉਹ ਅਤੇ ਉਹਨਾਂ ਦੇ ਹੋਰ ਦੋ ਭਾਈ ਵੀ ਜਾਣ ਲੱਗੇ। ਕਰੀਬ ਤਿੰਨ ਸਾਲ ਕੰਮ ਕਰਨ ਪਿਛੋਂ ਪਹਿਲਾਂ ਵੱਡਾ ਭਾਈ ਜੈ ਰਾਮ ਮਰਿਆ ਫਿਰ ਅਜੈ ਦੀ ਮੌਤ ਹੋਈ ਤੇ ਹੁਣ ਉਸ ਨੂੰ ਆਪਣੀ ਮੌਤ ਦਾ ਡਰ ਸਤਾ ਰਿਹਾ ਹੈ।

ਹਾਲਤ ਇਹ ਹੈ ਕਿ ਵਿਧਵਾਵਾਂ ਦੇ ਇਸ ਪਿੰਡ 'ਚ ਕੋਈ ਆਪਣੀ ਧੀ ਨਹੀਂ ਦੇਣਾ ਚਾਹੁੰਦਾ। ਇਥੋਂ ਤਕ ਕਿ ਵਿਆਹ ਹੋਣ ਪਿਛੋਂ ਕੋਈ ਉਹਨਾਂ ਦੀ ਸੁਖ-ਸਾਂਦ ਵੀ ਪੁਛਣ ਨਹੀਂ ਆਉਂਦਾ ਕਿ ਕਿਤੇ ਉਸ ਨੂੰ ਇਹ ਰੋਗ ਹੀ ਨਾ ਲੱਗ ਜਾਵੇ। ਪੇਂਡੂ ਔਰਤ ਬਿਮਲਾ ਦੇਵੀ ਦੇ ਅਨੁਸਾਰ 'ਵਿਧਵਾ ਔਰਤਾਂ ਦੀ ਗਿਣਤੀ ਹੀ ਕਾਫੀ ਨਹੀਂ, ਬਲਕਿ ਬੱਚੇ ਤੇ ਦੂਜੇ ਲੋਕ ਵੀ ਟੀ.ਬੀ. ਤੋਂ ਪੀੜਤ ਹਨ। ਕਿਉਂਕਿ ਉਹਨਾਂ ਦੀ ਉਮਰ ਘੱਟ ਹੈ ਅਤੇ ਉਹ ਕੰਮ 'ਤੇ ਨਹੀਂ ਜਾਂਦੇ, ਇਸ ਲਈ ਉਹ ਹੌਲੀ-ਹੌਲੀ ਮਰਦੇ ਹਨ।' ਭਾਰਤ 'ਚ ਹਰ ਸਾਲ 20 ਲੱਖ ਲੋਕ ਟੀ.ਬੀ. ਨਾਲ ਪੀੜਤ ਹੁੰਦੇ ਹਨ ਅਤੇ ਤਿੰਨ ਲੱਖ 30 ਹਜ਼ਾਰ ਰੋਗੀਆਂ ਦੀ ਮੌਤ ਹੁੰਦੀ ਹੈ। ਇੱਕਲੇ ਮੱਧ ਪ੍ਰਦੇਸ਼ 'ਚ ਸੰਨ 2009-10 ਦੇ ਵਿਚਕਾਰ ਕਰੀਬ 30 ਹਜ਼ਾਰ ਟੀ.ਬੀ. ਰੋਗੀਆਂ ਦੇ ਕੇਸ ਸਾਹਮਣੇ ਆਏ ਹਨ ਜਿਹਨਾਂ 'ਚੋਂ 27 ਹਜ਼ਾਰ ਬਾਰੇ ਸਰਕਾਰ ਨੇ ਦਾਅਵਾ ਕੀਤਾ ਕਿ ਉਹਨਾਂ ਦੇ ਰੋਗਾਂ 'ਤੇ ਕਾਬੂ ਪਾ ਲਿਆ ਗਿਆ। ਪਿਛਲੇ ਸਾਲ ਕਰੀਬ ਇਕ ਹਜ਼ਾਰ ਲੋਕਾਂ ਦੀ ਟੀ.ਬੀ ਨਾਲ ਮੌਤ ਹੋਈ।

ਟੀ.ਬੀ. ਹੁੰਦੀ ਕਿਉਂ ਹੈ? ਕਾਲੇ ਪੱਥਰ ਦੀ ਤੁੜਾਈ ਸਮੇਂ ਧੂੜ ਉਠਦੀ ਹੈ ਤੇ ਧੂੜ ਤੋਂ ਬਚਣ ਦਾ ਕੋਈ ਪ੍ਰਬੰਧ ਨਹੀਂ ਹੈ। ਧੂੜ ਏਨੀ ਖਤਰਨਾਕ ਹੁੰਦੀ ਹੈ ਕਿ ਲੋਕ ਰਾਤ ਨੂੰ ਸੌਂ ਨਹੀਂ ਸਕਦੇ। ਮਜ਼ਦੂਰ ਸੌਣ 'ਤੇ ਸਵੇਰੇ ਕੰਮ 'ਤੇ ਆਉਣ ਇਸ ਲਈ ਠੇਕੇਦਾਰ ਸ਼ਰਾਬ ਵੰਡਦਾ ਹੈ। ਸਖਤ ਮੇਹਨਤ, ਧੂੜ ਦਾ ਜ਼ੋਰ, ਪੇਟ ਭਰ ਅੰਨ ਦੀ ਘਾਟ ਸ਼ਰਾਬ ਦੀ ਵਰਤੋਂ ਨੇ ਕਸੇਰਾ ਪਿੰਡ ਦੇ ਲੋਕਾਂ ਦੀ, ਔਸਤ ਉਮਰ 40 ਸਾਲ ਕਰ ਦਿੱਤੀ ਹੈ।" ਕਿਸ ਦੀ ਹਿੰਮਤ ਹੈ ਕਿ ਕੋਈ ਕਾਲੇ ਪੱਥਰ ਦੀ ਤੁੜਾਈ ਦੇ ਕੰਮ 'ਤੇ ਨਹੀਂ ਜਾਵੇਗਾ। ਸਭ ਦੇ ਸਭ ਕਾਲੇ ਪੱਥਰ ਦੇ ਠੇਕੇਦਾਰਾਂ ਦੇ ਕਰਜਾਈ ਹਨ ਕੋਈ

ਸ਼ਾਦੀ ਵਾਸਤੇ ਤੇ ਕੋਈ ਇਲਾਜ ਲਈ ਕਰਜਾ ਲੈ ਚੁਕਿਆ ਹੈ। ਸਾਫ਼ ਹੈ ਕਿ ਪਿੰਡ ਦੇ ਲੋਕ ਕਾਲੇ ਪੱਥਰ ਦੇ ਚੁੰਗਲ ’ਚ ਫ਼ਸੇ ਹੋਏ ਹਨ ਪਰ ਇਸ ਇਲਾਕੇ ਦੀ ਐਮ.ਪੀ ਯਸ਼ੋਧਰਾ ਰਾਜੇ ਸੰਧਿਆ ਅਣਜਾਣ ਬਣੀ ਹੋਈ ਹੈ। ਰਾਜ ਦੀ ਹਾਕਮ ਪਾਰਟੀ ਭਾਜਪਾ ਦੀ ਐਮ.ਪੀ ਤੇ ਗਵਾਲੀਅਰ ਰਾਜ ਘਰਾਣੇ ਦੀ ਵਿਰਾਸਤ ਦੇ ਮਾਲਕਾਂ ’ਚੋਂ ਇਕ ਯਸ਼ੋਧਰਾ ਅਨੁਸਾਰ ਕਿ ‘ਉਹ ਇਸ ਮਾਮਲੇ ਦੀ ਜਾਣਕਾਰੀ ਅਜੇ ਲੈਣਗੇ ਉਦੋਂ ਤਕ ਕੁਝ ਨਹੀਂ ਕਰ ਸਕਦੇ।’

ਆਖ਼ਰਕਾਰ ਇਸ ਪਿੰਡ (ਜੋ ਬੀਮਾਰ ਹੈ) ਦਾ ਕੌਣ ਵਾਲੀ ਵਾਰਸ ਬਣੇਗਾ?

# ਫਿਰਕੂ ਹਿੰਸਾ ਦਾ ਸੁਲਗਦਾ ਜਵਾਲਾ ਮੁਖੀ ਕਿਉਂ?

ਗੁਜਰਾਤ-2002 ਦੇ ਦਸ ਸਾਲਾਂ ਪਿਛੋਂ ਵੀ ਉਹੀ ਬੇਰਹਿਮੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਕਿਉਂਕਿ ਦੰਗਾ-ਦਰ-ਦੰਗਾ ਹੋਈ ਜਾਂਦਾ ਰਹਿੰਦਾ ਹੈ। ਸੰਨ 1967 ਪਿਛੋਂ 47 ਥਾਵਾਂ 'ਤੇ 58 ਵੱਡੇ ਫਿਰਕੂ ਦੰਗੇ ਹੋਏ, ਦੱਖਣੀ ਭਾਰਤ 'ਚ ਦਸ, ਪੂਰਬ 'ਚ 12 ਤੇ ਪੱਛਮ 'ਚ 16, ਉਤਰੀ ਭਾਰਤ 'ਚ 12 ਦੰਗੇ ਹੋਏ। ਅਹਿਮਦਾਬਾਦ ਦੇ 5 ਵੱਡੇ ਦੰਗੇ, ਹੈਦਰਾਬਾਦ 'ਚ 4 ਦੰਗੇ, ਕੋਲਕੱਤਾ 'ਚ 64 ਦੇ ਬਾਅਦ ਕੋਈ ਦੰਗਾ ਨਹੀਂ ਹੋਇਆ। ਸੰਨ 1990 ਦੇ ਦਹਾਕੇ 'ਚ ਪਿਛਲੇ 5 ਦਹਾਕਿਆਂ 'ਚ ਸਭ ਤੋਂ ਵੱਧ ਦੰਗੇ 23* ਕੁਲ ਮ੍ਰਿਤਕਾਂ ਦੀ ਗਿਣਤੀ 12828 (ਦੱਖਣ 597, ਪੱਛਮ 3426, ਪੂਰਬ 3581, ਉਤਰ 5224) ਸੰਨ 64 'ਚ ਕੋਲਕਾਤਾ, ਜਮਸ਼ੇਦਪੁਰ ਤੇ ਰੋਡਕੇਲਾ 'ਚ ਸਿਲਸਲੇ ਵਾਰ ਦੰਗੇ ਹੋਏ ਜਿਸ 'ਚ 2500 ਲੋਕ ਮਾਰੇ ਗਏ।

5 ਜਾਂ ਉਸ ਤੋਂ ਵੱਧ ਵਾਲੇ ਦੰਗੇ ਹੀ ਇਸ 'ਚ ਸ਼ਾਮਲ ਹਨ। ਬੰਬ ਧਮਾਕਿਆਂ 'ਚ ਹੋਈ ਮੌਤ ਨੂੰ ਸ਼ਾਮਲ ਨਹੀਂ ਕੀਤਾ ਗਿਆ। ਭਾਰਤ ਇਕ ਅਜਿਹਾ ਦੇਸ਼ ਹੈ ਜਿਸ ਦਾ ਜਨਮ ਹੀ ਵੰਡ ਪਿਛੋਂ ਉਜਾੜੇ ਦੇ ਦੰਗਿਆ ਤੇ ਖ਼ੂਨ ਖਰਾਬੇ ਨਾਲ ਹੋਇਆ। ਇਸ ਦੇ ਡੀ.ਐਨ.ਏ 'ਚ ਇੱਕ ਵੱਡਾ ਹਿੰਦੂ ਰਾਸ਼ਟਰ ਹੋਣ ਦੇ ਨਾਲ-ਨਾਲ ਵਿਸ਼ਵ ਦੀ ਸਭ ਤੋਂ ਵੱਧ ਮੁਸਲਿਮ ਅਬਾਦੀ ਵਾਲੇ ਦੇਸ਼ ਦਾ ਸ਼ਿਕਜਾਇਡ (ਖੰਡਿਤ ਮਾਨਸਿਕਤਾ) ਜੀਨ ਸਮਾਇਆ ਹੋਇਆ ਹੈ। ਇਹ ਇਕ ਇਤਿਹਾਸਕ ਭੁੱਲ ਸੀ ਜਿਸ ਦਾ ਜ਼ਿਕਰ ਰਾਜਨੀਤੀ 'ਚ ਵਾਰ-ਵਾਰ ਕੀਤਾ ਜਾਂਦਾ ਹੈ। ਅਹਿੰਸਾ ਗਾਂਧੀਵਾਦੀ ਵਿਚਾਰਧਾਰਾ ਸੀ ਜਿਸ ਨੂੰ ਅਸੀਂ ਜੁਬਾਨੀ ਖਰਚ 'ਚ ਇਸਤੇਮਾਲ ਕਰਦੇ ਸੀ ਪਰ ਜਦ ਸਮੂਹਿਕ ਹਿੰਸਾ ਹੁੰਦੀ ਤਾਂ ਇਹ ਅਸਲੀਅਤ ਤੋਂ ਕੋਹਾਂ ਦੂਰ ਨਜ਼ਰ ਆਉਂਦੀ। ਸ਼ਹਿਰੀ ਬਸਤੀਆਂ ਤੇ ਦੇਸ਼ ਦੇ ਪੁਰਾਣੇ ਸ਼ਹਿਰਾਂ 'ਚ ਛੋਟੇ-ਮੋਟੇ ਦੰਗੇ ਜ਼ਿੰਦਗੀ ਦਾ ਹਿਸਾ ਬਣ ਗਏ ਸਨ। ਕੋਈ ਧਾਰਮਿਕ ਜਲੂਸ ਨਿਕਲਦਾ ਤਾਂ ਝੜਪ ਹੁੰਦੀ ਕਰਫਿਊ ਲਗਦਾ ਤੇ ਕੋਈ ਛੋਟਾ-ਮੋਟਾ ਦੰਗਾ ਭੜਕ ਉਠਦਾ ਜਾਂ ਵੱਡੀ ਮੁਸ਼ਕਲ ਨਾਲ ਉਸ ਨੂੰ ਟਾਲਿਆ ਜਾ ਸਕਦਾ। ਪਰ 2002 ਦਾ ਗੁਜ਼ਰਾਤ ਦੰਗਾ ਫਿਰਕੂ ਮਾਨਸ਼ਿਕਤਾ ਦਾ ਚਰਮ ਸੀਮਾ 'ਤੇ ਪੁੱਜ ਗਿਆ ਸੀ। ਗੋਦਰਾ 'ਚ 25 ਫਰਵਰੀ ਨੂੰ ਸਾਬਰਮਤੀ ਐਕਸਪ੍ਰੈਸ ਦੇ ਇਕ ਡੱਬੇ 'ਚ ਅੱਗ ਲੱਗ ਜਾਣ ਦੀ ਘਟਨਾ ਤੇ ਇਸ ਦੇ ਫੌਰਨ ਪਿਛੋਂ ਖ਼ੂਨ ਖਰਾਬੇ ਦੇ ਦਸ ਸਾਲਾਂ ਪਿਛੋਂ ਸਾਨੂੰ ਥੋੜਾ ਰੁਕ ਕੇ ਸੁਆਲ ਕਰਨਾ ਹੋਵੇਗਾ ਕਿ ਕੀ ਇਸ ਮੁੜ ਬਹਾਲੀ ਹੋ ਸਕਦੀ ਹੈ। ਕਈ ਲੋਕਾਂ ਦੀ ਦਲੀਲ ਹੈ ਕਿ ਅਜੇਹਾ ਹੁਣ ਨਹੀਂ ਹੋਣਾ ਕਿਉਂਕਿ 24 ਘੰਟੇ ਵਾਲੇ ਟੈਲੀਵਿਜ਼ਨ ਚੈਨਲਾਂ ਆਉਣ ਪਿਛੋਂ ਨਰੇਂਦਰ ਮੋਦੀ ਨੂੰ ਲਾਸ਼ਾਂ ਦੇ ਢੇਰ 'ਤੇ ਹਕੂਮਤ ਕਰਨ ਦੀ ਕੀਮਤ ਲੰਬੇ ਸਮੇਂ ਤਕ ਚੁਕਾਉਣੀ ਪਵੇਗੀ। ਹਾਲਾਂਕਿ ਦੰਗਿਆਂ ਦੇ ਤਤਕਾਲ ਬਾਅਦ ਦੇ ਸਿਟਿਆਂ ਵਿਚ ਉਨ੍ਹਾਂ ਨੂੰ ਭਾਰੀ ਜਿੱਤ ਮਿਲੀ। ਮੋਦੀ ਨੇ ਦੰਗਿਆ ਪਿਛੋਂ 6 ਮਹੀਨਿਆਂ ਤਕ ਫਿਰਕਾਪ੍ਰਸ਼ਤੀ ਪ੍ਰੇਰਿਤ ਪ੍ਰਚਾਰ ਮੁਹਿੰਮ ਚਲਾਈ ਸੀ। ਜਿਸ 'ਚ ਉਹ ਸਮੁੱਚੇ ਮੁਸਲਿਮ ਫਿਰਕੇ ਲਈ 'ਮੀਆਂ ਮੁਸ਼ਰਫ' ਦੇ ਅਸਰ ਦੀ ਵਰਤੋਂ ਕਰਦੇ ਸਨ। ਮੋਦੀ ਨੂੰ ਅਕਤੂਬਰ 2011 'ਚ ਗੁਜਰਾਤ ਅਜੇਹੇ ਸਮੇਂ 'ਚ ਭੇਜਿਆ ਗਿਆ ਜਦ ਕੇਸ਼ ਭਾਈ ਪਟੇਲ ਦੀ ਅਗਵਾਈ 'ਚ ਭਾਜਪਾ ਦੀ ਕਾਰਗੁਜ਼ਾਰੀ ਖਰਾਬ ਸੀ ਅਤੇ ਇਕ ਉਪ ਚੋਣ 'ਚ ਹਾਰ

ਗਈ ਸੀ। ਉਹਨਾਂ ਨੇ ਮੁੱਖ ਮੰਤਰੀ ਵਜੋਂ ਆਪਣਾ ਪਹਿਲਾਂ ਫ਼ਰਜ਼ 7 ਅਕਤੂਬਰ 2001 ਤੋਂ ਸ਼ੁਰੂ ਕੀਤਾ ਸੀ। ਪੰਜ ਮਹੀਨੇ ਪਿਛੋਂ ਕਤਲੇਆਮ ਦੀ ਘਟਨਾ ਹੋਈ। ਇਕ ਸਾਲ ਪਿਛੋਂ ਦਸੰਬਰ 2002 'ਚ ਉਹ ਵੱਡੇ ਫ਼ਰਕ ਨਾਲ ਵਿਧਾਨ ਸਭਾ ਚੋਣ ਜਿਤੇ ਅਤੇ ਆਪਣਾ ਦੂਜਾ ਕਾਰਜਕਾਲ ਉਹਨਾਂ ਨੇ ਸ਼ੁਰੂ ਕੀਤਾ। ਹੁਣ ਉਹ ਸਭ ਤੋਂ ਲੰਮੇ ਸਮੇਂ ਤਕ ਮੁੱਖ ਮੰਤਰੀ ਰਹਿਣ ਵਾਲੇ ਨੇਤਾ ਬਣ ਗਏ ਹਨ ਅਤੇ ਆਪਣੇ ਚੌਥੇ ਕਾਰਜਕਾਲ ਦੀ ਕੋਸ਼ਿਸ਼ 'ਚ ਇਸੇ ਸਾਲ ਚੋਣ ਲੜਨਗੇ। ਉਹਨਾਂ ਨੇ ਰਾਜਸੀ ਤਕਨੀਕ ਵਜੋਂ ਫਿਰਕੂ ਧਰੁਵੀਕਰਨ ਦੀ ਬਾਖੂਬੀ ਵਰਤੋਂ ਕੀਤੀ ਜੋ ਗੁਜਰਾਤ ਦੀਆਂ ਹੱਦਾਂ 'ਚ ਬਹੁਤ ਕਾਰਗਰ ਰਹੀ। ਸਮਾਜ ਸਾਸਤਰੀ ਅਸੀਸ਼ ਨੰਦੀ ਕਹਿੰਦੇ ਹਨ ਕਿ ਮਹੀਨਿਆਂ ਬੱਧੀ ਮੋਦੀ ਨੇ ਦੰਗਿਆਂ ਦਾ ਜਸ਼ਨ ਮਨਾਇਆ ਜਿਸ ਕਰਕੇ ਸਮਸਿਆ ਖੜੀ ਹੋਈ। ਉਹ ਦੰਗਿਆਂ 'ਤੇ ਬਾਗੋ ਬਾਗ ਹੁੰਦੇ ਨਜ਼ਰ ਆਏ। ਇਕ ਦਹਾਕਾ ਪਹਿਲਾਂ ਗੁਜਰਾਤ ਦੀ ਘਟਨਾ ਤੋਂ ਪਹਿਲਾਂ ਮੁੰਬਈ 'ਚ ਅਤਿਆਚਾਰੀ ਦੰਗਿਆਂ ਨੂੰ ਅੰਜ਼ਾਮ ਦੇਣ ਵਾਲੀ ਸ਼ਿਵ ਸੈਨਾ ਵੀ ਗੁਜ਼ਰਾਤ 'ਚ ਦੰਗਿਆਂ ਦੀ ਤਕਨੀਕ ਨੂੰ ਕਿਸੇ ਹੋਰ ਪ੍ਰਣਾਲੀ ਦੀ ਤੁਲਨਾ 'ਚ ਅਪ੍ਰੀਪੱਕ ਸ਼ੈਲੀ ਮੰਨਦੀ ਹੈ। ਨੰਦੀ ਕਹਿੰਦੇ ਹਨ ਕਿ 1984 ਦੇ ਸਿੱਖ ਵਿਰੋਧੀ ਦੰਗਿਆਂ 'ਚ ਸਭ ਤੋਂ ਵੱਧ ਮੌਤਾ ਹੋਈਆਂ ਸਨ ਪਰ ਇਹ ਇਕ ਅਜਿਹਾ ਧੱਬਾ ਹੈ ਜਿਸ ਤੋਂ ਕਾਂਗਰਸ ਹਮੇਸ਼ਾ ਪਿਛਾ ਛੁਡਾਉਣ ਦੀ ਕੋਸ਼ਿਸ਼ ਕਰਦੀ ਹੈ ਨਾ ਕਿ ਜਸ਼ਨ ਮਨਾਉਂਦੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ 'ਇਸ ਦਾ ਪੂਰਾ ਮਨੋਵਿਗਿਆਨ ਵਖਰਾ ਸੀ ਕਿਉਂਕਿ ਸਿੱਖ ਇਕ ਬਹਾਦਰ ਖੁਸ਼ਹਾਲ ਫਿਰਕਾ ਸੀ ਜਿਹਨਾਂ ਦੀ ਲੋਕ ਇੱਜਤ ਵੀ ਕਰਦੇ ਸਨ ਤੇ ਉਸ ਨਾਲ ਈਰਖਾ ਵੀ। ਹਿੰਦੂ-ਮੁਸਲਿਮ ਸਮੀਕਰਣ ਦੀ ਵੱਖਰੀ ਕਹਾਣੀ ਹੈ। ਜਿਥੋਂ ਤਕ ਮੋਦੀ ਦੀ ਗੱਲ ਹੈ ਤਾਂ ਇਹ ਵਿਕਾਸ ਮਰਦ, ਵਪਾਰ ਸਹਿਯੋਗੀ ਨੇਤਾ ਵਜੋਂ ਉਭਰੇ ਪਰ ਇਕ ਮਾਨਤਾ ਪ੍ਰਾਪਤ ਕੌਮੀ ਹਸਤੀ ਵਜੋਂ ਉਹਨਾਂ ਦੀ ਛਵੀ ਨਹੀਂ ਬਣ ਸਕੀ ਹੈ। ਭਾਜਪਾ ਮੁਖੀ ਨਿਤਿਨ ਗਡਕਰੀ ਵੀ ਕਹਿੰਦੇ ਹਨ। 'ਗੁਜਰਾਤ 'ਚ ਜੋ ਕੁੱਝ ਹੋਇਆ ਉਹ ਇਕ ਮੰਦਭਾਗੀ ਘਟਨਾ ਸੀ। ਮੈਨੂੰ ਨਹੀਂ ਲਗਦਾ ਕਿ ਦੁਬਾਰਾ ਹੋਵੇਗਾ ਜਾਂ ਫਿਰ ਹੋਣਾ ਚਾਹੀਦਾ ਹੈ।'

ਮੋਦੀ ਇਸ ਕਲੰਕ ਤੋਂ ਛੁਟਕਾਰਾ ਪਾਉਣ 'ਚ ਅਸਮਰਥ ਹਨ ਕਿਉਂਕਿ ਗੁਜਰਾਤ 24 ਘੰਟੇ ਟੀ.ਵੀ. ਚੈਨਲਾਂ ਦੇ ਇਸ ਯੁੱਗ ਵਿਚ ਪਹਿਲੇ ਮਹਾਂ ਦੰਗਿਆਂ ਦਾ ਠਿਕਾਣਾ ਬਣਿਆ ਸੀ। ਇਸ ਮਹਾਂ ਦੰਗੇ ਦੇ ਸ਼ਿਕਾਰ ਪਹਿਲਾਂ ਅੱਡ-ਅੱਡ ਵਕਤ 'ਚ ਅਹਿਮਦਾਬਾਦ, ਮੁੰਬਈ, ਸੂਰਤ ਭਾਗਲਪੁਰ, ਜਮਸ਼ੇਦਪੁ, ਹੈਦਰਾਬਾਦ, ਮੁਰਾਦਾਬਾਦ, ਭਿਵੰਡੀ ਦੇ ਲੋਕ ਵੀ ਹੋਏ ਸਨ। ਬਸ ਚੇਹਰਾ ਰਹਿਤ ਅੰਕੜੇ ਸਨ। ਪਰ ਗੁਜਰਾਤ 2002 ਦੇ ਦੰਗਿਆਂ ਦੀਆਂ ਕਹਾਣੀਆਂ ਦਿਲ ਹਿਲੂਣੀਆਂ ਵਾਰਦਾਤਾਂ ਦੇ ਬਿਉਰੇ ਪੇਸ਼ ਕਰਦੀਆਂ ਹਨ ਤੇ ਸਾਡੀਆਂ ਯਾਦਾਂ ਨੂੰ ਖੁਰਚਦੀਆਂ ਹਨ, ਅੱਲ੍ਹੇ ਜ਼ਖਮਾਂ ਨੂੰ ਉਚੇੜ ਦੀਆਂ ਹਨ। ਬਿਲਕਿਸ ਬਾਨੋ ਦੀ ਬੇਟੀ ਨੂੰ ਕਿਵੇਂ ਉਸ ਦੇ ਹੱਥ 'ਚੋਂ ਖਿਚ ਕੇ ਅਤੇ ਚਟਾਨ ਤੇ ਪਟਕਾ ਕੇ ਮਾਰ ਦਿੱਤਾ ਗਿਆ ਅਤੇ ਗਰਭਵਤੀ ਔਰਤ ਨਾਲ ਬਲਾਤਕਾਰ ਕੀਤਾ ਗਿਆ। ਬੇਸਟ ਬੇਕਰੀ 'ਚ ਜਹਿਰਾ ਸੇਖ ਨੂੰ ਭਿਆਨਕ ਤਰੀਕੇ ਨਲ ਝੁਲਸ ਦਿੱਤਾ ਗਿਆ। ਜਦਕਿ ਉਸ ਦੇ ਪ੍ਰੀਵਾਰ ਨੂੰ ਬੇਕਰੀ 'ਚ ਜਿਉਂਦੇ ਜੀ ਭੁੰਨ ਦਿੱਤਾ ਗਿਆ। ਕਿਵੇਂ ਬੱਚਿਆਂ ਦੇ ਅੰਗ ਕੱਟ ਦਿਤੇ ਗਏ ਤੇ ਛੋਟੇ-ਛੋਟੇ ਲੜਕਿਆਂ ਨੂੰ ਨਰੋਦਾ ਪਟਿਆ 'ਚ ਪਟਕ-ਪਟਕ ਮਾਰ ਦਿੱਤਾ ਗਿਆ ਕਿਵੇਂ ਇਨਸਾਨ ਜਾਫਰੀ ਨੇ ਗੁਲਬਰਗ

ਸੋਸਾਇਟੀ 'ਚ ਆਪਣੀ ਸੁਰਖਿਆ ਮੰਗਣ ਵਾਲਿਆਂ ਲਈ ਜ਼ਿੰਦਗੀ ਦੀ ਭੀਖ ਮੰਗੀ, ਕਿਵੇਂ ਉਹਨਾਂ ਦੀ ਵਿਧਵਾ ਜਾਕੀਆ ਜਾਫਰੀ ਹੁਣ ਵੀ ਨਿਆਂ ਦੀ ਲੜਾਈ ਲੜ ਰਹੀ ਹੈ ਕਿ ਉਹਨਾਂ ਦੇ ਪਤੀ ਮਦਦ ਲਈ ਮੁੱਖ ਮੰਤਰੀ ਦੀ ਰਿਹਾਇਸ਼ 'ਤੇ ਗਏ ਸਨ। ਆਪਣੀ ਜ਼ਿੰਦਗੀ ਦੀ ਭੀਖ ਮੰਗਦਿਆਂ ਕੁਤਬਹੀਨ ਅੰਸਾਰੀ ਦੀ ਫੋਟੋ ਗੁਜਰਾਤ ਦੇ ਸਮੁੱਚੇ ਫਿਰਕੇ ਲਈ ਪ੍ਰਤੀਕ ਬਣ ਗਈ, ਸ਼ੁਕਰ ਹੈ ਕਿ ਅੰਸਾਰੀ ਬਚ ਗਏ। ਗੁਜਰਾਤ ਦੰਗਾ ਫਿਰਕਾਪ੍ਰਸ਼ਤੀ ਵਿਰੋਧੀ ਸਰਗਰਮੀਆਂ ਦਾ ਪਰਪੱਕਤਾ ਦਾ ਵੀ ਪ੍ਰਤੀਕ ਬਣ ਗਿਆ, ਗੁਜਰਾਤ 'ਚ ਰਹਿਣ ਵਾਲੇ ਕਈ ਨਾਗਰਿਕ, ਕਾਰਕੁੰਨ ਤੇ ਵਕੀਲ ਜਾਂਚ 'ਚ ਅੜਿਕਾ ਆਉਣ ਦੀ ਨਹਿਚਾ ਕਰ ਚੁਕੇ ਸੁਬਾਈ ਪ੍ਰਸ਼ਾਸਨ ਖਿਲਾਫ਼ ਲਗਾਤਾਰ ਲੜਾਈਆਂ ਲੜਦੇ ਰਹੇ। ਕੌਮੀ ਮੰਚ 'ਤੇ ਤੀਸਤਾ ਸੀਤਲ ਗੜ ਵਰਗੇ ਕਾਰਕੁੰਨ ਇਕ ਕਨੂੰਨ ਲੜਾਈ ਹਾਰਨ ਪਿਛੋਂ ਦੂਜੇ ਦੀ ਤਿਆਰੀ ਕਰਦਿਆ ਕਦੀ ਠੰਡੇ ਨਹੀਂ ਪਏ। ਹਾਲਾਂਕਿ ਮੋਦੀ ਕਨੂੰਨੀ ਪਕੜ 'ਚ ਫਸਣ ਤੋਂ ਬਚਣ 'ਚ ਸਫ਼ਲ ਰਹੇ ਪਰ ਨਿਸਚੈ ਹੀ ਉਹ ਇਹਨਾਂ ਮੁਕਾਬਲਿਆਂ 'ਚ ਉਲਝੇ ਰਹੇ। ਰਾਜਸੀ ਕੀਮਤ ਹੁਣ ਬਹੁਤ ਵੱਧ ਹੋ ਗਈ ਹੈ। ਮੋਦੀ ਫਸ ਗਏ ਹਨ। ਦੰਗਿਆਂ ਦੀ ਸਾਜਿਸ ਪਾੜ ਵਾਲੇ ਰਾਜਸੀ ਦ੍ਰਿਸ਼ 'ਚ ਲੰਮੇ ਸਮੇਂ ਦੇ ਖਿਡਾਰੀ ਹੁੰਦੇ ਹਨ। ਠਾਕਰੇ ਪ੍ਰੀਵਾਰ ਮਹਾਂਰਾਸ਼ਟਰ ਦੇ ਨਿਕਾਅ ਚੋਣਾਂ 'ਚ ਫਿਰ ਤੋਂ ਉਭਰੇ ਹਨ। ਪਰ ਮੁੰਬਈ ਸ਼ਹਿਰ ਉਹਨਾਂ ਦੀ ਨਿਗਰਾਨੀ 'ਚ ਬਦਲ ਗਿਆ ਹੈ। ਬਾਬਰੀ ਮਸਜਿਦ ਢਹਿ ਢੇਰੀ ਤੋਂ ਪਿਛੋਂ ਪੂਰੇ ਬੰਬਈ 'ਚ ਹਿੰਸਾ ਦੀ ਉਗਰਤਾ ਤੇ ਕਰੂਰਤਾਂ ਦਸੰਬਰ 1992 ਤੇ ਜਨਵਰੀ 1993 'ਚ ਦੋ ਪੜਾਵਾਂ 'ਚ ਬੜੀ ਤੇਜੀ ਨਾਲ ਫੈਲੀ। ਇਸ ਨਾਲ ਸੁੰਦਰਤਾ ਦੀ ਮਿਸਾਲ ਨਜ਼ਰ ਆ ਰਹੇ ਇਸ ਸ਼ਹਿਰ ਦਾ ਕਰੂਪ ਚਿਹਰਾ ਦੰਗਿਆਂ ਦਾ ਪ੍ਰਤੀਕ ਬਣ ਗਿਆ। ਇਸ ਤੋਂ ਪਹਿਲਾਂ ਤਕ ਸ਼ਹਿਰ ਨੂੰ ਅਜੇਹੇ ਵੱਡੇ ਮਹਾਂਨਗਰਾਂ ਵਜੋਂ ਮਾਨਤਾ ਮਿਲੀ ਸੀ ਜਿਥੇ ਜਾਤੀ ਵਰਗ ਤੇ ਧਰਮ ਦੇ ਲੋਕਾਂ ਤੇ ਜੀਵਨ 'ਤੇ ਦਬਦਬਾ ਨਹੀਂ ਮੰਨਿਆ ਜਾਂਦਾ ਸੀ। ਮੁੰਬਈ ਸੁਪਨਿਆਂ ਦਾ ਸ਼ਹਿਰ ਸੀ, ਇਥੋਂ ਦੀਆਂ ਸੜਕਾਂ ਅਣਜਾਣਾ ਨੂੰ ਪਨਾਹ ਦਿੰਦੀਆਂ ਸਨ, ਇਥੋਂ ਦੇ ਫੁਟਪਾਥ ਘਰਾਂ 'ਚ ਤਬਦੀਲ ਸਨ ਅਤੇ ਸਨਅਤ ਦੇ ਲਗਾਤਾਰ ਸਵਰ ਕੱਢਦੀਆਂ ਮਸ਼ੀਨਾਂ ਉਹਨਾਂ ਦੇ ਨਾਲ ਸੁਰ 'ਚ ਸੁਰ ਮਿਲਾਉਂਦੀਆਂ ਸਨ। ਨਿਸਚੈ ਹੀ ਅਜੇਹੀ ਥਾਂ ਨੂੰ ਫਿਰਕੂ ਹਿੰਸਾ ਦੇ ਕਾਰਣ ਤਹਿਸ-ਨਹਿਸ ਨਹੀਂ ਕੀਤਾ ਜਾਣਾ ਚਾਹੀਦਾ। ਇਹ ਭਰੋਸਾ ਦੰਦ ਕਥਾ 'ਚ ਤਬਦੀਲ ਹੋ ਕੇ ਟੁੱਟ ਗਿਆ ਜਦ 92-93 ਦੇ ਦੌਰ 'ਚ 850 ਲੋਕ ਮਾਰੇ ਗਏ ਜਿਹਨਾਂ 'ਚ 575 ਮੁਸਲਮਾਨ ਸਨ 2000 ਤੋਂ ਵੱਧ ਲੋਕ ਜ਼ਖਮੀ ਹੋ ਗਏ ਤੇ ਇਕ ਲੱਖ ਲੋਕ ਬੇਘਰ ਹੋ ਗਏ ਇਸ ਪਿਛੋਂ ਬੰਬਈ ਦਾ ਨਾਂ ਮੁੰਬਈ ਹੋ ਗਿਆ ਅਤੇ ਕੋਈ ਇਸ ਨੂੰ ਅਸਲ 'ਚ ਮਹਾਂਨਗਰ ਨਹੀਂ ਮੰਨਦਾ। ਬੰਬਈ 'ਚ ਹਿੰਦੂ ਤੇ ਮੁਸਲਮਾਨ ਸਮਾਜ ਰਹਿੰਦੇ ਸਨ ਪਰ ਇਕ ਦੂਜੇ ਤੋਂ ਅਲੱਗ-ਥਲੱਗ ਫਿਰਕੇ ਨਹੀਂ ਸਨ, ਜਿਹੋ ਜਿਹਾ ਉਹ ਦੰਗਿਆਂ ਦੇ ਬਾਅਦ ਘਟਨਾਵਾਂ ਤੋਂ ਸ਼ਰਮਿੰਦਾ ਸਨ। ਸੰਨ 1993 ਦਾ ਫਿਰਕੇ ਅਧਾਰਤ ਬਸਤੀਕਰਣ ਜੋ ਅੱਜ ਵੀ ਜਾਰੀ ਹੈ, ਇਸ ਪਾੜੇ ਨੂੰ ਹੋਰ ਡੂੰਘਾ ਕਰ ਗਿਆ। ਹਾਰੀ ਮਸਜਿਦ 'ਚ ਪੁਲਸੀਆਂ ਵਲੋਂ ਪੰਜ ਨਮਾਜੀਆਂ ਨੂੰ ਗੋਲੀ ਨਾਲ ਉੜਾ ਦੇਣ ਦੀ ਘਟਨਾ ਦੇ ਚਸ਼ਮਦੀਦ ਗਵਾਹ ਰਹੇ ਫਾਰੂਕ ਸਪਕਰ ਕਹਿੰਦੇ ਹਨ ਕਿ ਦਰਅਸਲ ਹੁਣ ਕਿਸੇ ਖਾਸ ਫਿਰਕੇ ਨੂੰ ਨਿਸ਼ਾਨਾ ਬਣਾਉਣਾ ਸੌਖਾ ਹੋ ਗਿਆ ਹੈ ਤੇ ਕਈ ਖੇਤਰਾਂ 'ਚ ਸਭ ਲੋਕ 'ਹੋਰਾਂ' ਦਾ ਸੁਆਗਤ ਨਹੀਂ ਕਰਦੇ। ਫਾਰੂਕ ਨੂੰ ਗਲਤ ਫੈਸਲੇ ਦੇ ਤਹਿਤ

ਦੰਗਾਂ ਕਰਨ ਦਾ ਦੋਸ਼ੀ ਕਰਾਰ ਦਿੰਦਿਆ 16 ਸਾਲ ਕੈਦੀ ਰਖਿਆ। ਹੁਣ ਬੈਂਕ, ਮੁਲਾਜਮ ਬਣੇ ਫਾਰੂਕ ਕਹਿੰਦੇ ਹਨ "ਹੁਣ ਮੁਸਲਿਮਾਂ ਦੀ ਮੁੰਬਈ ਤੇ ਹਿੰਦੂਆਂ ਦੀ ਮੁੰਬਈ ਅੱਡ-ਅੱਡ ਬਣ ਗਈ ਹੈ।" ਸੰਨ 1993 'ਚ ਸ਼ਿਵ ਸੈਨਾ ਖੁਦ ਨੂੰ 'ਹਿੰਦੂਆਂ ਦੀ ਰਖਿਅਕ' ਮੰਨਦੀ ਸੀ। ਸ੍ਰੀ ਕ੍ਰਿਸ਼ਣ ਕਮਿਸ਼ਨ ਦੀ ਰੀਪੋਟ 'ਚ ਸ਼ਿਵ ਸੈਨਾ ਮੁਖੀ ਬਾਲ ਠਾਕਰੇ ਨੂੰ ਦੋਸ਼ੀ ਨਾਮਜ਼ਦ ਕੀਤਾ ਗਿਆ ਹੈ ਅਤੇ ਕਿਹਾ ਗਿਆ ਹੈ ਕਿ 'ਇਕ ਕੁਸ਼ਲ ਸੈਨਾਪਤੀ ਵਾਗੂੰ ਉਹ ਮੁਸਲਿਮਾਂ ਖਿਲਾਫ਼ ਵਿਉਂਤਬਧ ਹਮਲਿਆਂ ਰਾਹੀਂ ਪਲਟਵਾਰ ਕਰਨ ਲਈ ਖਾਸ਼ ਕਰਕੇ ਜਨਵਰੀ 1993 'ਚ ਆਪਣੇ ਸਮਰਪਿਤ ਸ਼ਿਵ ਸੈਨਿਕਾਂ ਨੂੰ ਫ਼ਰਮਾਨ ਜਾਰੀ ਕਰਦੇ ਹਨ' ਮੁੰਬਈ ਪੁਲਸ ਨੇ ਇਸ ਤਰ੍ਹਾਂ ਦੀ ਹਿੰਸਾ ਨੂੰ ਹੱਲਾਸ਼ੇਰੀ ਦੇਣ ਵਾਲੇ ਫਿਰਕੂ ਭੜਕਾਊ ਸੰਪਾਦਕੀ ਲਿਖਣ ਦੇ ਲਈ ਉਹਨਾਂ ਖਿਲਾਫ਼ 4 ਅਪਰਾਧਿਕ ਮੁਕੱਦਮੇ ਦਰਜ ਕੀਤੇ ਹਨ ਪਰ ਪਿਛੋਂ ਸੂਬਾ ਸਰਕਾਰ ਵਲੋਂ ਮੁਕਦਮਾ ਨਹੀਂ ਚਲਾਇਆ ਗਿਆ। ਤਤਕਲੀਨ ਮੁੱਖ ਮੰਤਰੀ ਸੁਧਾਕਰ ਰਾਓ ਨਾਇਕ ਦਾ ਕਹਿਣਾ ਸੀ ਕਿ ਜੇ ਅਜੇਹੇ ਨੇਤਾਵਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਤਾਂ ਮੁੰਬਈ ਸੜ ਉਠੇਗਾ। ਸੰਨ 92-93 'ਚ ਫ਼ੌਜ ਦੀ ਖਾਕੀ ਵਰਦੀ 'ਚ ਨਜ਼ਰ ਆ ਰਹੀ ਮੁੰਬਈ ਪੁਲਸ ਨੂੰ ਸਕਾਟਲੈਂਡ ਯਾਰਡ ਦੀ ਪੁਲਸ ਨਾਲ ਤੁਲਨਾ ਕਰਦਿਆ ਤਿਆਰ ਕੀਤਾ ਗਿਆ ਸੀ। ਇਸ ਦੌਰ ਦੇ ਕਤਲੇਆਮ 'ਚ ਪੁਲਸ ਦੀ ਬੇਰਹਿਮੀ ਤੇ ਪ੍ਰਚੰਡਤਾ ਨੇ ਲੋਕਾਂ ਦੀ ਨਜ਼ਰ 'ਚ ਉਸ ਨੂੰ ਇਕ ਅਜੇਹੀ ਫੌਜ ਬਣਾ ਦਿੱਤਾ ਸੀ ਜੋ ਖਾਕੀ ਪਿਛੇ ਛਿਪੇ ਆਪਣੇ ਭਗਵੇ ਰੰਗ ਦਿਖਾਉਣ 'ਚ ਕੋਈ ਝਿਜਕ ਨਹੀਂ ਕਰਦੀ। ਇਸ ਤੋਂ ਫੋਰਨ ਪਿਛੋਂ ਦੇ ਸਮੇਂ 'ਚ ਪੁਲਸ ਅਫ਼ਸਰਾਂ ਤੇ ਸਿਪਾਹੀਆਂ ਨੇ ਅਦਾਲਤ ਨੂੰ ਦਸਿਆ ਕਿ ਉਹ ਦਿਲੋਂ ਸ਼ਿਵ ਸੈਨਿਕ ਸਨ ਤੇ ਸੰਯੋਗਵਸ ਹੀ ਅਖੌਤੀ ਧਰਮ ਨਿਰਪੱਖਤਾ 'ਚ ਯਕੀਨ ਰਖਣ ਵਾਲੇ ਦੇਸ਼ ਦੀ ਪੁਲਸ ਫੋਰਸ 'ਚ ਸ਼ਾਮਲ ਸਨ। ਸ੍ਰੀ ਕ੍ਰਿਸ਼ਨ ਕਮਿਸ਼ਨ ਨੇ ਜਾਇੰਟ ਪੁਲਿਸ ਕਮਿਸ਼ਨਰ ਆਰ.ਡੀ ਤਿਆਗੀ ਸਮੇਤ ਤਕਰੀਬਨ 32 ਪੁਲਸੀਆਂ ਨੂੰ ਦੰਗਿਆਂ ਦੌਰਾਨ ਲਿਪਾਂ ਪੋਚੀ ਤੇ ਗਲਤ ਆਚਰਣ ਦਾ ਦੋਸ਼ੀ ਪਾਇਆ। ਇਸ ਦੇ ਬਾਵਜੂਦ ਸਜ਼ਾ ਕਿਸੇ ਨੂੰ ਵੀ ਨਹੀਂ ਮਿਲੀ ਅਤੇ ਮਹਾਂਰਾਸ਼ਟਰ 'ਚ ਸੈਨਾ-ਭਾਜਪਾ ਸਰਕਾਰ ਦੇ ਅਰਸੇ 'ਚ ਤਿਆਗੀ ਨੂੰ ਤਰੱਕੀ ਦੇ ਕੇ ਮੁੰਬਈ ਦਾ ਕਮਿਸ਼ਨਰ ਬਣਾ ਦਿਤਾ ਗਿਆ।

ਉਚ ਸ਼ਿਵ ਸੈਨਾ ਆਗੂ ਦੰਗਿਆਂ ਸਬੰਧੀ ਚਰਚਾ ਕਰਨ ਤੋਂ ਨਾਂਹ ਕਰਦੇ ਹਨ ਪਰ ਮਹਾਂਨਗਰ ਦੀਆਂ ਅਣਗਿਣਤ ਗਲੀਆਂ 'ਚ ਰਹਿ ਰਹੇ ਹਜਾਰ ਗੈਰ ਕਾਨੂੰਨੀ ਬੰਗਲਾ ਦੇਸ਼ੀਆਂ ਤੇ ਪਾਕਿਸਤਾਨ ਪ੍ਰਤੀ ਹਮਦਰਦੀ ਰਖਣ ਵਾਲਿਆਂ ਦਾ ਮੁੱਦਾ ਉਠਾ ਦਿੰਦੇ ਹਨ ਅਤੇ ਕਹਿੰਦੇ ਹਨ ਕਿ 'ਕਦੀ ਕਦੀ ਉਹਨਾਂ ਨੂੰ ਆਪਣੀ ਥਾਂ ਭੇਜਣਾ ਪੈਂਦਾ ਹੈ' ਕਿਸੇ ਸਮੇਂ ਜੇ ਮੁਸਲਿਮ ਨਿਸ਼ਾਨਾ ਬਣਦੇ ਸਨ ਤਾਂ ਅੱਜ 'ਹੋਰਾਂ' ਲੋਕਾਂ 'ਚ ਭੈਅ ਯਾਨੀ ਬਿਹਾਰ ਤੇ ਉਤਰ ਪ੍ਰਦੇਸ਼ ਦੇ ਲੋਕ ਉਹਨਾਂ ਦਾ ਨਿਸ਼ਾਨਾ ਹਨ। ਭਾਵੇਂ ਹੀ ਰਾਜਸੀ ਸੰਗਠਨਾਂ ਲਈ ਇਸ ਤਰ੍ਹਾਂ ਦੀ ਵੱਡੇ ਪੈਮਾਨੇ ਦੀ ਉਕਾਊਹਿੰਸਾ ਨੂੰ ਪਿਛੇ ਦੇ ਸਾਲਾਂ 'ਚ ਹਵਾ ਦੇਣਾ ਲਗਾਤਾਰ ਮੁਸ਼ਕਿਲ ਲੱਗ ਰਿਹਾ ਹੋਵੇ ਪਰ ਮੁੰਬਈ ਹੁਣ ਵੀ ਬਾਰੂਦ ਦੇ ਢੇਰ 'ਤੇ ਬੈਠੀ ਹੈ ਅਤੇ ਹੁਣ ਵੀ ਕੁਝ ਬੇਹੱਦ ਸੁਆਰਥੀ ਲੋਕਾਂ ਦੀਆਂ ਭਾਵਨਾਵਾਂ ਨਾਲ ਖੇਡ ਸਕਦੇ ਹਨ। ਇਸ ਤੋਂ ਇਲਾਵਾ ਜਦ ਅਸੀਂ ਦੰਗਿਆਂ ਦੀ ਗੱਲ ਕਰਦੇ ਹਾਂ ਨਿਆਂ ਦੇ ਸੁਆਲ ਨੂੰ ਵੀ ਵਿਸਾਰਿਆ ਨਹੀਂ ਜਾ ਸਕਦਾ। ਇਸ ਨਾਲ ਉਹਨਾਂ ਪੀੜਤਾਂ ਦੀਆਂ ਭਾਵਨਾਵਾਂ ਭੜਕਦੀਆਂ ਹਨ ਜਿਹਨਾਂ ਨੂੰ ਨਿਆਂ

ਨਹੀਂ ਮਿਲ ਸਕਿਆ ਹੈ, ਨਿਆਂ ਉਹਨਾਂ ਨੂੰ ਨਾ ਸਿਰਫ ਸੰਤੋਸ਼ ਦੇਣ ਲਈ ਜਰੂਰੀ ਹੈ ਬਲਕਿ ਉਹਨਾਂ ਲੋਕਾਂ ਲਈ ਵੀ ਇਕ ਸੰਕੇਤ ਹੈ ਜੋ ਸਮਝਦੇ ਹਨ ਕਿ ਉਹ ਇਸ ਤਰ੍ਹਾਂ ਦੀ ਹਿੰਸਾ ਨੂੰ ਅੰਜ਼ਾਮ ਦੇ ਕੇ ਬਚੇ ਰਹਿ ਸਕਦੇ ਹਨ। ਮਾਰਚ 1993 'ਚ ਹੋਏ ਬੰਬ ਧਮਕਿਆਂ 'ਚ 257 ਲੋਕ ਮਾਰੇ ਗਏ ਸਨ ਅਤੇ 800 ਜ਼ਖਮੀ ਹੋਏ ਸਨ। ਇਹਨਾਂ ਧਮਾਕਿਆਂ 'ਚ ਕਈ ਦੋਸ਼ੀ ਠਹਿਰਾਏ ਗਏ ਪਰ ਸ਼ਿਵ ਸੈਨਾ ਵਿਧਾਇਕ ਮਧੂਕਰ ਸ਼ਰਪੋਤਕਾਰ ਨੂੰ ਛੱਡ ਕੇ ਕਿਸੇ ਨੂੰ ਵੀ 92-93 ਦੇ ਦੰਗਿਆਂ ਦੀ ਸਜ਼ਾ ਨਹੀਂ ਮਿਲ ਸਕਦੀ ਹੈ। ਮਧੂਕਰ 'ਤੇ ਜੁਲਾਈ 2008 'ਚ ਦੋਸ਼ ਸਿੱਧ ਹੋਇਆ ਤੇ ਉਹਨਾਂ ਨੂੰ 5000 ਰੁਪਏ ਦੀ ਜ਼ਮਾਨਤ 'ਤੇ ਰਿਹਾ ਕਰ ਦਿੱਤਾ ਗਿਆ। ਮਹਾਂਰਾਸ਼ਟਰ 'ਚ ਜਦ 1994 'ਚ ਸੈਨਾ ਭਾਜਪਾ ਗਠਜੋੜ ਸੱਤਾ 'ਚ ਆਇਆ ਤਾਂ ਮੁਸ਼ਕਲ ਨਾਲ ਇਕ ਸਾਲ ਵਿਚ ਹੀ ਬੰਬਈ ਸੁਲਗ ਉਠੀ ਪ੍ਰਸ਼ਾਸਨ ਨੇ ਉਹਨਾਂ ਦੇ ਕਾਰਕੁੰਨਾਂ ਖਿਲਾਫ਼ ਦਰਜ ਲਗਭਗ 300 ਮਾਮਲੇ ਵਾਪਸ ਲੈ ਲਏ। ਉਸ ਪਿਛੋਂ ਆਈ ਕਾਂਗਰਸ ਦੀ ਸਰਕਾਰ ਨੇ ਉਹਨਾਂ ਮੁਸਲਿਮਾਂ ਖਿਲਾਫ਼ ਮਾਮਲੇ ਵਾਪਸ ਨਹੀਂ ਲਏ ਜਿਹਨਾਂ 'ਤੇ ਲੱਗੇ ਦੋਸ਼ਾਂ ਨੂੰ ਸ੍ਰੀ ਕ੍ਰਿਸ਼ਨ ਕਮਿਸ਼ਨ ਨੇ ਝੂਠਾ ਕਰਾਰ ਦਿਤਾ ਇਕ ਤਰਫਾ ਨਿਆਂ ਨੇ ਆਪਣੀ ਕੀਮਤ ਵਸੂਲ ਲਈ। ਬਸਤੀਆਂ 'ਚ ਰਹਿ ਰਹੇ ਮੁਸਲਿਮ ਗੁਸੇ 'ਚ ਆ ਗਏ ਅਤੇ ਇਹ ਜਾਇਜ਼ ਵੀ ਸੀ। ਇਸ ਪਿਛੋਂ ਜਿੰਨੇ ਵੀ ਬੰਬ ਧਮਾਕੇ ਅਤੇ ਦਹਿਸ਼ਤੀ ਹਮਲੇ ਹੁੰਦੇ, ਉਹਨਾਂ ਦੇ ਮੁਹੱਲਿਆਂ 'ਚ ਤਲਾਸ਼ੀ ਤੇ ਛਾਪਾਮਾਰੀ ਤੇ ਗ੍ਰਿਫ਼ਤਾਰੀ ਮੁਹਿੰਮਾਂ ਚਲਦੀਆਂ ਰਹਿੰਦੀਆਂ ਹੁਣ ਮੁੰਬਈ 'ਚ ਹੋਣ ਵਾਲੇ ਹਰੇਕ ਵੱਡੇ ਛੋਟੇ ਅੱਤਵਾਦੀ ਹਮਲੇ ਪਿਛੋਂ ਮੁਹੱਲਾ ਸੰਮਤੀਆਂ ਬਸਤੀਆਂ 'ਚ ਆਪਣੇ ਸ਼ਾਂਤੀ ਸੈਨਕਾਂ ਨੂੰ ਜਥੇਬੰਦ ਕਰਨ ਲੱਗੀਆਂ। ਸਮਾਜ ਦੇ ਬਜ਼ੁਰਗ ਸ਼ਾਂਤੀ ਬਣਾਈ ਰੱਖਣ ਦੀ ਅਪੀਲ ਕਰਨ ਬਾਹਰੋਂ ਆਉਣ ਲੱਗੇ। ਮੁਸਲਿਮਾਂ 'ਤੇ ਜੋ ਕੌਮੀ ਵਿਰੋਧੀ ਹੋਣ ਦਾ ਸ਼ੱਕ ਕੀਤਾ ਜਾਂਦਾ ਤਾਂ ਉਹ ਇਕਜੁਟਤਾ ਰੈਲੀਆਂ ਰਾਹੀਂ ਆਪਣੀ ਦੇਸ਼ ਭਗਤੀ ਦਰਸਾਉਂਦੇ। ਸ਼ਾਂਤੀ ਤਾਂ ਬਣੀ ਰਹਿੰਦੀ ਪਰ ਤਣਾਅ ਉਵੇਂ ਹੀ ਕਾਇਮ ਰਹਿੰਦਾ। ਹੋਰ ਸ਼ਹਿਰਾਂ 'ਚ ਹੁਣ ਇਹ ਚੱਕਰ ਟੁੱਟ ਚੁਕਿਆ ਹੈ। ਮਿਸਾਲ ਵਜੋਂ ਹੈਦਰਾਬਾਦ ਤਰੱਕੀ 'ਤੇ ਹੈ। ਇਹ ਪੁਰਾਣਾ ਸ਼ਹਿਰ ਹੁਣ ਵੀ ਤੇਜ ਵਿਕਾਸ ਦੀ ਰਾਹ 'ਤੇ ਹੈ ਪਰ ਫਿਰਕੂ ਹਿੰਸਾ ਦੀ ਕੀਮਤ ਉਸ ਨੂੰ ਹੁਣ ਨਹੀਂ ਚੁਕਾਉਣੀ ਪੈਂਦੀ ਅਸਰਦਾਇਕ ਉਰਦੂ ਦੈਨਿਕ ਸਿਆਸਤ ਦੇ ਆਸਿਰ ਅਲੀ ਆਪਣੇ ਸ਼ਹਿਰ ਦੇ ਦੰਗਿਆਂ ਦੇ ਛੋਟੇ ਇਤਿਹਾਸ ਨੂੰ ਯਾਦ ਕਰਦੇ ਹਨ। ਉਹ ਦਸਦੇ ਹਨ ਕਿ 1994 ਤੋਂ ਪਹਿਲਾਂ ਹਰ ਸਾਲ ਗਣੇਸ਼ ਚਤੁਰਥੀ, ਮੁਹਰਮ ਜਾਂ ਬੋਨਾਲੂ (ਆਂਧਰਾ ਦੇ ਤਿਉਹਾਰ) ਦੇ ਜਲੂਸ ਸਮੇਂ ਹਿੰਸਾ ਹੁੰਦੀ ਸੀ। ਤੇਲਗੂਦੇਸ਼ਮ ਪਾਰਟੀ (ਤੇਦੇਪਾ) 1994 'ਚ ਸੱਤਾ 'ਚ ਆਈ ਤਾਂ ਹਿੰਸਾ ਰੁਕ ਗਈ ਭਾਵੇਂ ਕਿ ਕੋਈ ਇਸ ਦੇ ਸਟੀਕ ਵਜਾ ਨਹੀਂ ਦਸ ਸਕਦਾ। ਫਿਰ 1998 ਵਿਚ ਪੁਰਾਣੇ ਹੈਦਰਾਬਾਦ ਸ਼ਹਿਰ 'ਚ ਗਣੇਸ਼ ਦੀ ਤਸਵੀਰ ਵਾਲਾ ਇਕ ਪੋਸਟਰ ਦੇਖਿਆ ਗਿਆ ਤੇ ਜਿਸ 'ਚ ਗਣੇਸ਼ ਦੀ ਇਕ ਲੱਤ ਕਾਬਾ 'ਚ ਜਦਕਿ ਦੂਜੀ ਲੱਤ ਮਦੀਨਾ 'ਚ ਦਿਖਾਈ ਗਈ ਸੀ। ਪੁਲਸ ਜਾਂਚ ਤੋਂ ਪਤਾ ਲਗਿਆ ਕਿ ਪੋਸਟਰ ਹਿੰਦੂ ਰਾਜਸੀ ਨੇਤਾ ਤੇ ਹੈਦਰਾਬਾਦ ਦੇ ਸਾਬਕਾ ਮੇਅਰ ਨੇ ਬਣਾਇਆ ਸੀ। ਦਰਅਸਲ ਇਹ ਔਵੇਸੀ ਪ੍ਰੀਵਾਰ ਵਲੋਂ ਸੰਚਾਲਿਤ ਮਜਲਿਸ-ਏ-ਇਤੇਹਾਦੁਲ ਮੁਸਲਮੀਨ ਦੇ ਮੈਂਬਰ ਸਨ ਅਤੇ ਇਸ ਪ੍ਰੀਵਾਰ ਦਾ ਸ਼ਹਿਰ ਦੇ ਖਾਸ਼ ਵਰਗ 'ਚ ਖਾਸਾ ਦਬਦਬਾ ਹੈ। ਲਿਹਾਜ਼ਾ ਘੱਟੋਂ-ਘੱਟ ਇਹ ਤਾਂ ਕਿਹਾ ਹੀ ਜਾ ਸਕਦਾ ਹੈ ਕਿ ਇਹ ਸੰਪਰਕ ਤਾਰ

ਘੁਮਾਉਣਦਾਰ ਹਨ। ਇਸ ਕਹਾਣੀ ਤੋਂ ਜੋ ਗੱਲ ਨਿਕਲ ਕੇ ਸਾਹਮਣੇ ਆਉਂਦੀ ਹੈ ਉਹ ਇਹ ਕਿ ਕਿਸੇ ਦੰਗੇ ਦੀ ਸ਼ੁਰੂਆਤ ਦੀ ਕੋਸ਼ਿਸ਼ ਰਾਜਸੀ ਹੱਥ ਕੰਡਾ ਹੁੰਦੀ ਹੈ। ਭਾਰਤ ਦੇ ਫਿਰਕੂ ਤਣਾਅ ਤੇ ਹਿੰਸਾ 'ਤੇ ਅਧਿਐਨ ਕਰ ਚੁੱਕੇ ਯੂਨੀਵਰਸਿਟੀ ਆਫ਼ ਵਾਸ਼ਿੰਗਟਨ ਦੇ ਰਾਜਸੀ ਵਿਗਿਆਨੀ ਤੇ ਲੇਖਕ ਪਾਲ ਆਰ. ਬ੍ਰਾਸ ਇਸ ਨੂੰ ਸੰਸਥਾਗਤ ਦੰਗਾ ਪ੍ਰਣਾਲੀ ਕਰਾਰ ਦਿੰਦੇ ਹਨ। ਉਹ ਇਹ ਕਹਿੰਦੇ ਹਨ ਕਿ ਇਹ ਪ੍ਰਣਾਲੀ ਉਤਰੀ ਤੇ ਪੱਛਮੀ ਭਾਰਤ 'ਚ ਵੱਡੇ ਪੈਮਾਨੇ ਤੇ ਰਚੀ ਜਾਂਦੀ ਹੈ। ਰਾਜਸੀ ਲਾਮਬੰਦੀ ਜਾਂ ਚੋਣ ਦੌਰਾਨ ਰਾਜਸੀ ਨੇਤਾਵਾਂ ਵਲੋਂ ਇਸ ਨੂੰ ਕ੍ਰਿਆਸ਼ੀਲ ਕਿਹਾ ਜਾ ਸਕਦਾ ਹੈ। ਕਿਸੇ ਦੰਗੇ ਦਾ ਅੰਜ਼ਾਮ ਪੂਰੀ ਤਰ੍ਹਾਂ ਆਂਕਿਆ ਰਹਿੰਦਾ ਹੈ ਅਤੇ ਭਾਗੀਦਾਰਾਂ, ਭੜਕਾਊ ਸਰਗਰਮੀਆਂ ਤੇ ਸੰਦੇਸ਼ਾਂ ਦਾ ਪ੍ਰਸਾਰਨ, ਅਫ਼ਵਾਹ ਫੈਲਾਉਣ ਵਰਗੇ ਸੱਚੇ ਸਮਝੇ ਅਮਲਾਂ ਨੂੰ ਕੁਝ ਲੋਕ ਅੰਜ਼ਾਮ ਦਿੰਦੇ ਹਨ। ਹਾਲ ਦੀ ਘੜੀ ਮੋਦੀ ਦੀ ਰਾਜਸੀ ਕਥਾ ਅਜੇ ਜਾਰੀ ਹੈ। ਉਹਨਾਂ ਦੀ ਰਾਜਸੀ ਲਾਲਸਾ ਸਪਸ਼ਟ ਹੈ ਪਰ ਭਾਜਪਾ ਦੇ ਇਕਲੇ ਬਹੁਮਤ ਮਿਲਣ 'ਤੇ ਹੀ ਉਹ ਕੋਈ ਕੌਮੀ ਭੂਮਿਕਾ ਨਿਭਾ ਸਕਦੇ ਹਨ ਕਿਉਂਕਿ ਇਹ ਅਜੇ ਸੰਭਵ ਨਹੀਂ ਦਿਸਦਾ, ਮੋਦੀ ਆਪਣੀ ਦੁਵਿਧਾ ਨੂੰ ਦਰਸ਼ਨਿਕ, ਅਧਿਆਤਮਕ ਜਾਂ ਸਾਹਿਤਕ ਨਜ਼ਰੀਏ ਤੋਂ ਦੇਖ ਸਕਦੇ ਹਨ। ਮੋਦੀ ਲੇਡੀ ਮੈਕਬੈਥ ਦੇ ਉਸ ਵਾਅਕ ਤੇ ਜੁਗਾਲੀ ਕਰ ਸਕਦੇ ਹਨ ਜੋ ਉਹ ਹੱਥ ਧੋ ਕੇ ਦੁਹਰਾਉਂਦੀ ਰਹਿੰਦੀ ਸੀ, "ਮਿਟ ਨਾਸਪੀਟੇ ਰੰਗ! ਮੈ ਕਹਿਤੀ ਹੂੰ ਮਿਟ!"

## ਫਿਰਕੂ ਦੰਗਿਆਂ ਦੇ ਕਾਰਣ

1) ਸਮਾਜਿਕ– ਸੰਵਾਦ ਅਮਲ 'ਚ ਵੰਚਿਤ ਕੀਤੇ ਜਾਣ ਦਾ ਅਹਿਸਾਸ। ਖਾਸ ਕਰਕੇ ਘੱਟ ਗਿਣਤੀਆਂ 'ਚ ਇਹ ਭਾਵਨਾ ਜਦ ਘਰ ਕਰ ਜਾਂਦੀ ਹੈ ਕਿ ਉਹਨਾਂ ਨੂੰ ਮੁਖਧਾਰ ਦੀ ਯੋਜਨਾਵਾਂ ਤੇ ਸਰਗਰਮੀਆਂ ਨਾਲ ਝੁੱਗੀ–ਝੌਂਪੜੀਆਂ ਦੀ ਤੇਂਦਾਦ ਵਧੀ ਹੈ।

2) ਆਰਥਕ– ਪਿਛੇ ਰਹਿ ਜਾਣ ਦੀ ਭਾਵਨਾ, ਖਰਾਬ ਸਿਖਿਆ ਪ੍ਰਣਾਲੀ ਬੇਰੁਜ਼ਗਾਰੀ ਕਾਰਨ ਗਰੀਬ ਹਾਸ਼ੀਏ 'ਤੇ ਪਹੁੰਚ ਜਾਂਦੇ ਹਨ। ਘਾਟ ਹੋਣ ਦੀ ਭਾਵਨਾ ਤੇ ਮਹਿੰਗੀਆਂ ਚੀਜ਼ਾਂ ਦੀ ਖਪਤ ਵਿਚਕਾਰ ਦਾ ਅੰਤਰ ਵਧਣਾ।

3) ਰਾਜਸੀ– ਪਾਰਟੀਆਂ ਤੇ ਰਾਜਸੀ ਆਗੂ ਵੋਟ ਬੈਂਕ ਦੀ ਭਾਵਨਾ ਹੇਠ ਕੰਮ ਕਰਦੇ ਹਨ ਅਤੇ ਅਕਸਰ ਭੀੜ ਨੂੰ ਜਥੇਬੰਦ ਕਰਦੇ ਤੇ ਉਹਨਾਂ 'ਚ ਜੋਸ਼ ਭਰਦੇ ਹੋਇਆ ਇਸ ਭਾਵਨਾ ਨੂੰ ਵਿਸਥਾਰ ਦਿੰਦੇ ਹਨ। ਇਸ ਤੋਂ ਇਲਾਵਾ ਨਜਾਇਜ਼ ਲੋਕ ਅਤੇ ਭੂਗੋਲਿਕ ਬਦਲਾਅ ਤੋਂ ਡਰ।

4) ਪ੍ਰਸ਼ਾਸਨਿਕ– ਸਰਕਾਰ ਨਾਲ ਜੁੜੀਆਂ ਸੰਸਥਾਵਾਂ–ਪੁਲਸ, ਲੋਕ ਪ੍ਰਸ਼ਾਸਨ ਵਲੋਂ ਨਿਸ਼ਾਨਾ ਬਣਾਏ ਜਾਣ ਅਤੇ ਜਾਂ ਅਣਗੌਲਿਆਂ ਕੀਤੇ ਜਾਣ ਦੀ ਭਾਵਨਾ। ਅਧਿਕਾਰਾਂ ਤੋਂ ਵਾਂਝਿਆਂ ਕੀਤੇ ਜਾਣ ਅਤੇ ਲੁਟ–ਘਸੁਟ ਨਾਲ ਅਨਿਆਂ ਦੀ ਭਾਵਨਾ ਜਾਗਦੀ ਹੈ।

5) ਧਾਰਮਿਕ- ਭਾਵਨਾਵਾਂ ਦੀ ਬੇਕਦਰੀ ਦਾ ਅਹਿਸਾਸ ਹੋਣਾ। ਕਿਸੇ 'ਸੰਵੇਦਨਸ਼ੀਲ' ਖੇਤਰ ਵਿਚ ਜਲੂਸ ਦੇ ਕਾਰਨ ਦੰਗੇ ਭੜਕ ਸਕਦੇ ਹਨ। ਉਚੀ ਅਵਾਜ਼ 'ਚ ਰੱਬ ਦੀ ਭਗਤੀ ਭਗਤਾਂ ਦੀ ਰਾਹ ਨੂੰ ਜਾਮ ਕਰਨਾ ਜਾਂ ਪੂਜਾ ਸਥਾਨ 'ਤੇ ਕਿਸੇ ਪਸ਼ੂ ਦੀ ਲਾਸ਼ ਨੂੰ ਸੁੱਟ ਦੇਣਾ।

6) ਕਾਰੋਬਾਰੀ- ਵਪਾਰਕ ਜਾਂ ਆਰਥਕ ਸਰਗਰਮੀਆਂ ਦੇ ਰਵਾਇਤੀ ਖੇਤਰਾਂ 'ਚ ਆਪਸੀ ਵਿਰੋਧੀ ਕਾਰੋਬਾਰੀਆਂ ਵਲੋਂ ਹਮਲਾ ਕੀਤਾ ਜਾਣਾ।

7) ਮੌਖਿਕ- ਭੜਕਾਊ ਭਾਸ਼ਣ ਜੋ ਭਾਸਾਈ, ਧਾਰਮਿਕ ਤੇ ਯੌਨ ਰੁਝਾਣ ਤੋਂ ਪ੍ਰੇਰਿਤ ਹੋਣ ਅਤੇ ਉਸ 'ਚ ਕਿਸੇ ਰੂੜੀਵਾਦ 'ਤੇ ਨਿਸ਼ਾਨਾ ਸੇਧਿਆ ਗਿਆ ਹੋਵੇ।

8) ਵਿਸ਼ਵੀ- ਭੀੜ ਨੂੰ ਗੁੱਸੇ ਕਰਨ ਵਾਲੇ ਭਾਸ਼ਣ ਦੇਸ਼ ਭਗਤੀ ਤੇ ਰਾਸ਼ਟਰਵਾਦ ਦੀ ਪਰਖ ਲਈ ਖੇਡਾਂ ਕਰਾਉਣੀਆਂ। ਅਫ਼ਵਾਹਾਂ ਤੇ ਕਾਨਾਫੂਸੀ ਰਾਹੀਂ ਪਵਿਤਰ ਗ੍ਰੰਥਾਂ, ਪੁਸਤਕਾਂ ਬਾਰੇ ਅਤੇ ਫਿਲਮ ਹਸ਼ਤੀਆਂ, ਅਖਬਾਰਾਂ ਦੇ ਲੇਖ, ਪੋਸਟਰ ਤੇ ਕਾਰਟੂਨ 'ਚ ਨਿੰਦਾ ਵਾਲੀ ਤੇ ਅਪਮਾਨਜਨਕ ਟਿੱਪਣੀ।

# ਗੋਦਰਾਕਾਂਡ ਪਿਛੋਂ ਹੋਏ ਕਤਲੇਆਮ ਦੇ ਜ਼ਖਮ ਅਜੇ ਵੀ ਅੱਲ੍ਹੇ ਕਿਉਂ?

27 ਫਰਵਰੀ ਨੂੰ ਗੋਦਰਾ ਕਾਂਡ ਤੇ ਉਸ ਪਿਛੋਂ ਗੁਜਰਾਤ 'ਚ ਭਿਅੰਕਰ ਕਤਲੇਆਮ ਨੂੰ ਦਸ ਸਾਲ ਹੋ ਗਏ ਤਾਂ ਮੁੱਖ ਮੰਤਰੀ ਮੋਦੀ ਵਲੋਂ ਸਪੈਸ਼ਲ ਇੰਵੈਸ਼ਟੀਗੇਸ਼ਨ ਟੀਮ (ਐਸ.ਆਈ.ਟੀਮ) ਸਾਹਮਣੇ ਦਿਤੇ ਬਿਆਨ ਮੀਡੀਆ ਨੂੰ ਲੀਕ ਕੀਤੇ ਗਏ ਹਨ। ਇਸ ਨੂੰ ਇਕ ਸੰਯੋਗ ਨਹੀਂ ਕਿਹਾ ਜਾ ਸਕਦਾ। ਮੋਦੀ ਨੇ ਸੁਆਲਾਂ ਦੇ ਜੁਆਬ 'ਚ ਵਾਰ-ਵਾਰ ਆਪਣੇ ਬੇਕਸੂਰ ਹੋਣ ਦੀ ਗੱਲ ਦੁਹਰਾਈ ਸੀ। ਇਸ ਬਿਆਨ ਨੂੰ ਜਨਤਕ ਮੁਹਾਜ ਤੇ ਲਿਆਉਣ ਦੀ ਇਕ ਗਿਣੀ ਮਿਥੀ ਰਣਨੀਤੀ ਸੀ ਕਿਉਂਕਿ ਮੋਦੀ ਇਸ ਸਾਲ ਦੇ ਅੰਤ ਤਕ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਆਪਣੀ ਦਿਖ ਨੂੰ ਕੌਮੀ ਪੱਧਰ 'ਤੇ ਲੈ ਜਾਣ ਲਈ ਅਜੇਹੇ ਬਹੁਤ ਸਾਰੇ ਉਪਾਅ ਕਰ ਰਹੇ ਹਨ। ਗੋਦਰਾ 'ਚ ਸਾਬਰਮਤੀ ਐਕਸ ਪ੍ਰੈਸ ਦੇ 6 ਡੱਬਿਆਂ 'ਚ ਹੋਈ ਸਾੜ ਫੂਕ 'ਚ 59 ਲੋਕਾਂ ਦੀ ਮੌਤ, ਉਸ ਪਿਛੋਂ ਭੜਕਾਈ ਗਈ ਹਿੰਸਾ, ਗੁਲਬਰਗ ਸੁਸਾਇਟੀ, ਨਰੋਦਾ ਪਟਿਆ, ਨਰੋਦਾ ਗਾਂਵ, ਸਰਦਾਰਪੁਰਾ ਆਦਿ 'ਚ ਘੱਟ ਗਿਣਤੀ ਫਿਰਕੇ ਦੇ ਲੋਕਾਂ ਦਾ ਕਤਲੇਆਮ ਅਤੇ ਪੰਜ ਫ਼ਰਜ਼ੀ ਮੁਕਾਬਲਿਆਂ ਦੇ ਤੱਥ ਜਾਗ ਪੈਂਦੇ ਹਨ। ਮੋਦੀ 'ਤੇ ਅਦਾਲਤ ਦਾ ਸ਼ਿਕੰਜਾ ਕਸਣ ਲੱਗਦਾ ਹੈ। ਦੂਜੇ ਪਾਸੇ ਦਸ ਸਾਲਾਂ ਪਿਛੋਂ ਵੀ ਕਿਸੇ ਇਕ ਦੀ ਵੀ ਗੁੱਥੀ ਨਹੀਂ ਸੁਲਝ ਸਕੀ ਹੈ। ਯਾਦ ਰਹੇ ਰੇਲ ਗੱਡੀ 'ਚ ਅੱਗ ਲੱਗੀ ਕਿਉਂ? ਇਹ ਅਫ਼ਵਾਹਾਂ ਹੀ ਹਨ ਕਿ ਬੋਗੀ ਨੂੰ ਦੂਜੇ ਫਿਰਕੇ ਦੇ ਲੋਕਾਂ ਨੇ ਸਾੜਿਆ। ਸਿੱਟੇ ਵਜੋਂ ਸੂਬੇ 'ਚ ਹਿੰਸਾ ਭੜਕ ਪਈ। ਘਟਗਿਣਤੀ ਫਿਰਕੇ ਦੇ ਲੋਕਾਂ ਦੀ ਲੱਭ-ਲੱਭ ਕੇ ਹਤਿਆ ਕੀਤੀ ਗਈ। ਉਹਨਾਂ ਦੇ ਘਰਾਂ, ਦੁਕਾਨਾਂ ਸਾੜ ਦਿਤੇ। ਸੈਂਕੜੇ ਦਰਗਾਹਾਂ, ਮਸਜਿਦਾਂ ਤੇ ਮਦਰਸਿਆਂ ਨੂੰ ਢਹਿ ਢੇਰੀ ਕਰ ਦਿਤਾ ਗਿਆ। ਤਿੰਨ ਚਰਚ ਵੀ ਅੱਗ ਦਾ ਸ਼ਿਕਾਰ ਬਣਾਈਆਂ ਗਈਆਂ। ਔਰਤ ਤੇ ਬੱਚੇ ਵੀ ਨਹੀਂ ਬਖ਼ਸ਼ੇ ਗਏ। ਦੰਗਿਆਈ ਹਿੰਸਾ 'ਚ ਸਰਕਾਰੀ ਅੰਕੜਿਆਂ ਅਨੁਸਾਰ 790 ਮੁਸਲਮਾਨ ਤੇ 254 ਹਿੰਦੂ ਮਾਰੇ ਗਏ। ਸੈਂਕੜੇ ਮੁਸਲਮਾਨ ਲਾਪਤਾ ਵੀ ਹਨ। ਗੈਰ ਸਰਕਾਰੀ ਅੰਕੜੇ ਇਹ ਗਿਣਤੀ 2000 ਤੋਂ ਉਪਰ ਦਸਦੇ ਹਨ। ਸੋਚਣ ਵਾਲੀ ਗੱਲ ਹੈ ਕਿ ਗੁਜਰਾਤ ਦੰਗਿਆਂ ਦੀ ਜਾਂਚ ਲਈ ਸੰਨ 2008 'ਚ ਸੁਪਰੀਮ ਕੋਰਟ ਵਲੋਂ ਗਠਿਤ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ) ਨੇ 27-28 ਮਾਰਚ 2010 ਨੂੰ ਮੋਦੀ ਤੋਂ ਪੁਛਗਿਛ ਕੀਤੀ ਸੀ। ਉਹਨਾਂ ਤੋਂ 71 ਸੁਆਲ ਪੁਛੇ ਗਏ ਜਿਹਨਾਂ ਦਾ ਜੁਆਬ ਕਾਫੀ ਹੈਰਾਨਕੁੰਨ ਸਨ ਜਿਵੇਂ ਉਹਨਾਂ ਕਿਹਾ 'ਗੋਦਾਰਾ ਤੋਂ ਵਾਪਸ ਆਉਣ ਪਿਛੋਂ ਮੈ ਅਮਨ ਕਾਨੂੰਨ ਦੀ ਸਮੀਖਿਆ ਲਈ ਉਚ ਪੱਧਰੀ ਮੀਟਿੰਗ ਬੁਲਾਈ ਜਿਸ 'ਚ ਮੁੱਖ ਸਕੱਤਰ ਵਧੀਕ ਮੁੱਖ ਸਕੱਤਰ, ਪੁਲਸ ਡਾਇਰੈਕਟਰ ਜਨਰਲ ਸ਼ਾਮਲ ਹੋਏ। ਪਰ ਏ.ਡੀ.ਜੀ. (ਇੰਟੈਲੀਜੈਸ) ਜੀ.ਸੀ ਰਾਇਗਰ ਤੇ ਡੀ.ਸੀ. (ਇੰਟੈਲੀਜੈਂਸ) ਸੰਜੀਵ ਭੱਟ ਗੈਰ ਹਾਜ਼ਰ ਸਨ' ਮੋਦੀ ਅਨੁਸਾਰ ਮੀਟਿੰਗ 'ਚ ਉਹਨਾਂ ਦੀ ਕੈਬਨਿਟ ਦਾ ਕੋਈ ਵੀ ਸਹਿਯੋਗੀ ਹਾਜਰ ਨਹੀਂ ਸੀ, ਮੈਂ ਅਧਿਕਾਰੀਆਂ ਨੂੰ ਸਹੀ ਹਾਲਾਤ ਦੱਸੇ ਤੇ ਕਨੂੰਨ ਪ੍ਰਬੰਧ ਬਣਾਈ ਰੱਖਣ ਦੇ ਹੁਕਮ ਦਿੱਤੇ, ਜਦਕਿ ਉਹਨਾਂ 'ਤੇ ਦੋਸ਼ ਇਹ

ਲਗਦਾ ਹੈ ਕਿ ਉਹਨਾਂ ਨੇ ਮੁੱਖ ਮੰਤਰੀ ਦਾ ਫ਼ਰਜ਼ ਨਹੀਂ ਨਿਭਾਇਆ। ਇਕ ਫਿਰਕੇ (ਮੁਸਲਮਾਨਾਂ) ਨੂੰ ਨਿਸ਼ਾਨਾ ਬਣਾਉਣ ਦੀ ਖੁੱਲੀ ਛੁਟੀ ਦਿਤੀ ਗਈ ਸੀ। ਸੈਂਕੜੇ ਘਟ ਗਿਣਤੀ ਲੋਕ ਮਾਰ ਦਿਤੇ ਗਏ। ਸਭ ਤੋਂ ਵੱਡਾ ਹਮਲਾ ਗੁਲਬਰਗ ਸੁਸਾਇਟੀ 'ਚ ਹੋਇਆ ਜਿਥੇ ਕਾਂਗਰਸ ਦੇ ਸਾਬਕਾ ਐਮ.ਐਲ.ਏ ਇਹਸਾਨ ਜਾਫ਼ਰੀ ਰਹਿੰਦੇ ਸਨ। ਸੁਸਾਇਟੀ 'ਚ 69 ਲੋਕਾਂ ਜਿਉਂਦੇ ਸਾੜ ਦਿਤੇ ਗਏ। ਇਸ 'ਚ ਇਹਸਾਨ ਵੀ ਸ਼ਾਮਲ ਸਨ। ਉਹਨਾਂ ਦੀ ਪਤਨੀ ਜਾਕਿਆ ਜਾਫਰੀ ਨੇ ਤਦ ਸ਼ਹਿਰ ਦੇ ਪੁਲਸ ਮੁਖੀ ਤੇ ਹੋਰ ਕਈ ਅਧਿਕਾਰੀਆਂ ਨੂੰ ਫੋਨ ਕੀਤੇ ਪਰ ਕੋਈ ਮਦਦ ਲਈ ਨਹੀਂ ਬਹੁੜਿਆ। ਜਾਕਿਆ ਦੀਆਂ ਸ਼ਿਕਾਇਤਾਂ ਨੂੰ ਅਧਾਰ ਬਣਾ ਕੇ ਸੁਪਰੀਮ ਕੋਰਟ ਨੇ ਐਸ.ਆਈ.ਟੀ ਦਾ ਗਠਨ ਕੀਤਾ ਜਿਸ ਦੀ ਜਾਂਚ ਪਿਛੇ ਹੀ ਪੂਰੀ ਹੋਈ ਹੈ। ਜਾਂਚ ਰੀਪੋਟ 'ਚ ਮੋਦੀ ਖਿਲਾਫ਼ ਕੋਈ ਸਬੂਤ ਨਾ ਮਿਲਣ ਕਰਕੇ ਉਹਨਾਂ ਨੂੰ ਸਾਫ਼ ਬਰੀ ਕੀਤੇ ਜਾਣ ਸਬੰਧੀ ਰਿਪੋਟ ਆਉਣ ਪਿਛੋਂ ਜਕਿਆ ਨੇ ਨਿਰਾਸ਼ਾ ਜਾਹਿਰ ਕੀਤੀ ਤੇ ਕਿਹਾ ਕਿ ਮੈਂ ਐਸ.ਆਈ.ਟੀ ਨੂੰ ਸਾਰੇ ਤੱਥ, ਸਬੂਤ, ਗਵਾਹ ਦਿਤੇ ਸਨ। ਸੰਨ 2011 'ਚ ਵਿਸ਼ੇਸ਼ ਅਦਾਲਤ ਨੇ ਦੰਗਿਆਂ ਦੇ ਦੋਸ਼ੀ 31 ਲੋਕਾਂ ਨੂੰ ਉਮਰ ਕੈਦ ਦੀ ਸਜ਼ਾ ਦਿਤੀ। ਗੁਜਰਾਤ ਹਾਈਕੋਰਟ ਨੇ ਪਿਛੇ ਜਿਹੇ ਹੀ ਗੋਦਰਾ ਕਾਂਡ ਪਿਛੋਂ ਹੋਈ ਹਿੰਸਾ ਨੂੰ ਰੋਕਣ ਲਈ ਕਾਰਵਾਈ ਨਾ ਕਰਨ ਤੇ ਲਾਹਪ੍ਰਵਾਹੀ ਵਰਤਣ ਬਾਰੇ ਮੋਦੀ ਨੂੰ ਜ਼ਬਰਦਸਤ ਫ਼ਟਕਾਂਰ ਪਾਈ ਅਤੇ ਇਸ ਦੌਰਾਨ 500 ਤੋਂ ਵੱਧ ਟੁਟੇ ਧਾਰਮਕ ਸਥਾਨਾਂ ਲਈ ਮੁਆਵਜਾ ਦੇਣ ਦੇ ਹੁਕਮ ਵੀ ਦਿਤੇ ਪਰ ਗੁਲਬਰਗ ਸੁਸਾਇਟੀ ਮਾਮਲੇ 'ਚ ਰਾਜਸੀ ਸਾਜ਼ਿਸ਼ ਦਾ ਸੁਆਲੀਆਂ ਚਿੰਨ ਲੱਗਿਆ ਹੋਇਆ ਹੈ, ਲਿਹਾਜ਼ਾ ਇਨਸਾਫ਼ ਲਈ ਸਾਡੀ ਲੜਾਈ ਜਾਰੀ ਰਹੇਗੀ, ਜਕਿਆ ਦੀ ਅਪੀਲ 'ਤੇ ਅਹਿਮਦਾਬਾਦ ਦੀ ਅਦਾਲਤ 'ਚ 29 ਫਰਵਰੀ ਨੂੰ ਸੁਣਵਾਈ ਹੋਈ। ਹੁਣ ਸੁਆਲ ਇਹ ਪੈਦਾ ਹੁੰਦਾ ਹੈ ਕਿ ਜੇ ਮੋਦੀ ਨੇ ਇਹ ਸਭ ਕੀਤਾ ਸੀ ਤਾਂ ਰਾਜ 'ਚ ਹਿੰਸਾ ਕਿਉਂ ਹੋਈ ਤੇ ਸ਼ੁਰੂਆਤ ਅਹਿਮਦਾਬਾਦ ਤੋਂ ਹੀ ਕਿਉਂ ਹੋਈ। ਗੁਜਰਾਤ ਪੁਲਿਸ ਦੇ ਖੁਫੀਆਂ ਵਿਭਾਗ ਦੇ ਸਾਬਕਾ ਮੁਖੀ ਆਰ ਬੀ ਸ੍ਰੀ ਕੁਮਾਰ ਮੁਤਾਬਕ 27 ਫਰਵਰੀ 2002 ਨੂੰ ਗੋਦਰਾ 'ਚ ਟ੍ਰੇਨ ਹਮਲੇ 'ਚ ਹੋਈ ਬਰਬਾਦੀ ਦਾ ਜਾਇਜ਼ਾ ਲੈਣ ਪਿਛੋਂ ਜਦ ਮੋਦੀ ਵਾਪਸ ਆਏ ਤਾਂ ਉਹਨਾਂ ਦਾ ਏਜੰਡਾ ਇਸ ਦੀ ਵਰਤੋਂ ਵੋਟ ਬੈਂਕ ਹਾਸਲ ਕਰਨਾ ਸੀ। ਲਿਹਾਜ਼ਾ ਮੋਦੀ ਨੇ ਗਾਂਧੀ ਨਗਰ 'ਚ ਅਤੇ ਗ੍ਰਹਿ ਮੰਤਰੀ ਲਾਲ ਕ੍ਰਿਸ਼ਨ ਅਡਵਾਨੀ ਨੇ ਦਿੱਲੀ 'ਚ ਐਲਾਨ ਕੀਤਾ ਕਿ ਇਹ ਪਾਕਿਸਤਾਨ ਦੀ ਸਾਜ਼ਿਸ਼ ਹੈ, ਹਲਾਂਕਿ ਕਿਸੇ ਵੀ ਜਾਂਚ 'ਚ ਅਜੇਹਾ ਕੋਈ ਸਬੂਤ ਨਹੀਂ ਮਿਲਿਆ। ਇਸ ਪਿਛੋਂ ਗੋਦਰਾ 'ਚ ਮਾਰੇ ਗਏ ਲੋਕਾਂ ਦੀਆਂ ਲਾਸ਼ਾਂ ਨੂੰ ਅਹਿਮਦਾਬਾਦ ਲਿਆ ਕੇ ਉਹਨਾਂ ਦੀ ਪਰਦਰਸ਼ਨੀ ਲਾਈ ਗਈ। ਉਥੇ ਤਾਂ ਹਿੰਦੂ-ਮੁਸਲਮਾਨਾਂ ਦੇ ਸਬੰਧ ਪਹਿਲਾਂ ਹੀ ਤਣਾਅ-ਪੂਰਨ ਸਨ। ਦੰਗਿਆਂ ਨੇ ਇਹਨਾਂ ਨੂੰ ਬਿਲਕੁਲ ਖਤਮ ਕਰ ਦਿੱਤਾ। ਦੰਗਿਆਂ ਪਿਛੋਂ ਦੇ ਹਾਲਾਤ ਤੇ ਫਿਰਕੂ ਸਮੀਕਰਣਾਂ ਦਾ ਫ਼ਾਇਦਾ ਉਠਾਉਂਦਿਆਂ ਮੋਦੀ ਨੇ ਜਿੱਤ ਹਾਸ਼ਲ ਕੀਤੀ। ਚੋਣਾਂ ਜਿੱਤਣ ਲਈ ਉਹਨਾਂ ਨੂੰ ਪ੍ਰਸ਼ਾਸਨ ਨੂੰ ਬਹੁਤ ਵਰਤਿਆ ਇਸ ਦੌਰਾਨ ਸੁਪਰੀਮ ਕੋਰਟ ਨੇ ਵੀ ਸਮਾਜਕ ਕਾਰਕੁੰਨ ਤੀਸਤਾ ਸੀਤਲਵਾੜ ਖਿਲਾਫ਼ ਝੂਠੀ ਐਫ਼.ਆਈ.ਆਰ ਦਰਜ ਕਰਨ ਲਈ ਗੁਜਰਾਤ ਸਰਕਾਰ ਦੀ ਝਾੜਝੰਬ ਕੀਤੀ। ਅਦਾਲਤ ਨੇ ਸਰਕਾਰੀ ਵਕੀਲ ਨੂੰ ਕਿਹਾ ਕਿ ਅਜੇਹੇ ਮਾਮਲੇ ਨਾਲ ਸਰਕਾਰ ਦੀ ਇੱਜਤ ਨਹੀਂ ਵਧਣੀ। ਐਸ.ਆਈ.ਟੀ ਤਾਂ 2008 ਤੋਂ ਹੀ ਮੋਦੀ ਦੇ ਪੱਖ 'ਚ ਕੰਮ

ਕਰ ਰਹੀ ਸੀ। ਜਾਕਿਆ ਤੋਂ ਇਲਾਵਾ ਸ੍ਰੀ ਰਾਮ ਕੁਮਾਰ ਨੇ ਸਬੂਤਾਂ ਦੇ ਅਧਾਰ ’ਤੇ ਨੌਂ ਵਾਰੀ ਸੁਪਰੀਮ ਕੋਰਟ ਤੇ ਐਸ.ਆਈ.ਟੀ ਨੂੰ ਇਸ ਦੀ ਜਾਣਕਾਰੀ ਦਿਤੀ ਸੀ। ਸ੍ਰੀ ਰਾਮ ਕੁਮਾਰ ਦਾ ਕਹਿਣਾ ਹੈ ਕਿ ਇਥੇ ਜਿੰਨੀ ਜਿੰਮੇਵਾਰ ਮੋਦੀ ਦੀ ਰਾਜਨੀਤੀ ਹੈ, ਉਨਾਂ ਪੁਲਸ ਤੇ ਪ੍ਰਸ਼ਾਸਨ ਵੀ ਹੈ। ਕੁਝ ਪੁਲਸ ਤੇ ਸਿਵਲ ਅਧਿਕਾਰੀ ਨਿਜੀ ਲਾਭਾਂ ਤੇ ਤਰੱਕੀਆਂ ਖਾਤਰ ਮੋਦੀ ਦੇ ਜਾਲ ’ਚ ਫਸ ਗਏ ਸਨ। ਅਜੇਹੇ ਅਧਿਕਾਰੀਆਂ ਕੋਲ ਮੋਦੀ ਖਿਲਾਫ਼ ਬਹੁਤ ਸਬੂਤ ਸਨ ਪਰ ਅਜੇ ਤਕ ਵੀ ਉਹਨਾਂ ਉਹ ਸਬੂਤ ਸਾਹਮਣੇ ਨਹੀਂ ਲਿਆਂਦੇ। ਗੁਜਰਾਤ ਦੇ ਆਈ.ਪੀ.ਐਸ ਅਧਿਕਾਰੀ ਸੰਜੀਵ ਭੱਟ ਨੇ ਮੋਦੀ ’ਤੇ ਦੋਸ਼ ਲਾਉਂਦੇ ਕਿਹਾ ਕਿ ਉਹਨਾਂ ਨੇ ਦੰਗਾਕਾਰੀਆਂ ਨੂੰ ਖੁੱਲੀ ਛੁਟੀ ਦੇਣ ਦੇ ਫ਼ੁਰਮਾਨ ਜਾਰੀ ਕੀਤੇ ਸਨ। ਮੋਦੀ ਦੀ ਲਾਲਸਾ ਗੁਜਰਾਤ ਦੀ ਸਰਹੱਦ ਤੋਂ ਬਾਹਰ ਤਕ ਜਾਣ ਦੀ ਹੈ ਪਰ ਪਾਰਟੀ ਨੇ ਤਾਂ ਉਹਨਾਂ ਨੂੰ ਯੂ.ਪੀ, ਪੰਜਾਬ, ਉਤਰਾਖੰਡ ’ਚ ਵਿਧਾਨ ਸਭਾ ਚੋਣਾਂ ਮੌਕੇ ਦੂਰ ਰਖਿਆ। ਜਦ ਯੂ, ਅਕਾਲੀ ਦਲ, ਬੀਜੂ ਜਨਤਾ ਦਲ, ਦਰਸ਼ਕ ਆਦਿ ਪਾਰਟੀਆਂ ਮੋਦੀ ਨਾਲ ਜਾਣਾ ਨਹੀਂ ਚਾਹੁੰਦੀਆਂ। ਰਾਜਨੀਤੀ ਦਾ ਵੱਡਾ ਹਿਸਾ (ਵਰਗ) ਮੋਦੀ ਨੂੰ ਦੂਰ ਰਖਦਾ ਹੈ। ਅਮਰੀਕਾ ਨੇ ਮੋਦੀ ਨੂੰ ਵੀਜ਼ਾ ਹੀ ਨਹੀਂ ਦਿਤਾ। ਯੂਰਪੀ ਦੇਸ਼ ਉਸ ਨੂੰ ਪਸੰਦ ਨਹੀਂ ਕਰਦੇ। ਉਹਨਾਂ ਦਾ ਪ੍ਰਧਾਨ ਮੰਤਰੀ ਬਣਨ ਦਾ ਸੁਪਨਾ ਅਧੂਰਾ ਰਹੇਗਾ ਹਲਾਂਕਿ ਆਪਣੀ ਦਿਖ ਸੰਵਾਰਨ ਲਈ ਉਨ੍ਹਾਂ ਸਦਭਾਵਨਾ ਵਰਗੇ ਹੱਥਕੰਡੇ ਅਪਣਾਏ ਪਰ ਉਨ੍ਹਾਂ ਦੀ ਹਵਾ ਨਿਕਲ ਚੁੱਕੀ ਹੈ।

# ਕੀ ਮੋਦੀ ਪਾਸ ਦੋ ਦਰਜਨ ਸੁਆਲਾਂ ਦੇ ਜੁਆਬ ਹਨ?

ਦਸ ਸਾਲਾਂ ਤੋਂ ਗੁਜਰਾਤ ਦੇ ਮੁੱਖ ਮੰਤਰੀ ਨਰੇਂਦਰ ਮੋਦੀ ਆਪਣੀ ਚੁਪ ਅਤੇ ਚੁਣਾਵੀ ਜਿੱਤ ਨਾਲ ਗੁਜਰਾਤ ਦੰਗਿਆਂ ’ਚ ਆਪਣੀ ਭੂਮਿਕਾ ਜਾਂ ਆਪਣੀ ਲਾਹਪ੍ਰਵਾਹੀ ਦਾ ਜੁਆਬ ਦਿੰਦੇ ਆ ਰਹੇ ਹਨ। ਉਹ ਟੀ.ਵੀ. ਇੰਟਰਵਿਊ ਛੱਡ ਕੇ ਚਲੇ ਜਾਂਦੇ ਹਨ, ਇੰਟਰਵਿਊ ਲੈਣ ਵਾਲਿਆਂ ’ਤੇ ਅੱਖਾਂ ਕੱਢਦੇ ਹਨ ਤੇ ਹਰੇਕ ਅਦਾਲਤੀ ਕਾਰਵਾਈ ਨੂੰ ਟਾਲ ਦਿੰਦੇ ਹਨ। ਹੁਣ ਲੋਕਾਂ ਦਰਮਿਆਨ ਉਠ ਰਹੇ ਸੁਆਲਾਂ ’ਤੇ ਉਹਨਾਂ ਦੀ ਪ੍ਰਤੀਕ੍ਰਿਆ ਜਾਣਨ ਦੀ ਉਤਸ਼ਕਤਾ ਬਣੀ ਹੋਈ ਹੈ। ਇਹਨਾਂ ਮੁੱਖ ਸੁਆਲਾਂ ਦਾ ਜੁਆਬ ਮੋਦੀ ਨਹੀਂ ਦੇ ਸਕੇ ਹਨ ਉਹ ਸੁਆਲ ਹੇਠ ਲਿਖੇ ਹਨਃ-

1) ਕੀ 2002 ਦੰਗਿਆਂ ਪਿਛੋਂ ਕ੍ਰਿਆ-ਪ੍ਰਤੀਕ੍ਰਿਆ ਵਾਲਾ ਮੋਦੀ ਦਾ ਬਿਆਨ 1984 ਦੰਗਿਆਂ ਪਿਛੋਂ ਰਾਜੀਵ ਗਾਂਧੀ ਦੇ ਭੁਚਾਲ ਵਾਲੇ ਬਿਆਨ ਵਰਗਾ ਨਹੀਂ ਹੈ?

2) ਗੋਦਰਾ ਦੇ ਪੀੜਤਾਂ ਦੀਆਂ ਲਾਸ਼ਾਂ ਅਹਿਮਦਾਬਾਦ ਲਿਜਾਈਆਂ ਜਾਣਗੀਆਂ, ਆਪਣੇ ਇਸ ਫੈਸਲੇ ’ਤੇ ਕੀ ਤੁਸੀ ਚਿੰਗਆੜੀ ਨੂੰ ਹਵਾ ਨਹੀਂ ਦਿਤੀ ਹੈ?

3) ਹਿੰਦੂਆਂ ਨੂੰ ਖੁਲ੍ਹੀ ਛੋਟ ਦੇਣ ਤੇ ਮੁਸਲਿਮਾਂ ਖਿਲਾਫ਼ ਪੁਲਸ ਅਧਿਕਾਰੀਆਂ ਅਤੇ ਨੌਕਰਸ਼ਾਹਾਂ ਨਾਲ ਸਖਤੀ ਵਰਤਣ ਵਾਲਾ ਬਿਆਨ ਰਿਕਾਰਡ ਕੀਤਾ ਗਿਆ ਹੈ। ਫਿਰ ਵੀ ਤੁਹਾਨੂੰ ਕਿਉਂ ਲਗਦਾ ਹੈ ਕਿ ਦੋਸ਼ ਮੱਲੋ-ਮੱਲੀ ਮੜੇ ਗਏ ਹਨ?

4) ਤੁਹਾਡੇ ਕੋਲੋਂ ਜਦ ਉਸ ਮੀਟਿੰਗ ’ਚ ਸ਼ਾਮਲ ਲੋਕਾਂ ਬਾਰੇ ਪੁਛਿਆ ਗਿਆ ਸੀ ਤਾਂ ਤੁਸੀਂ ਸੰਜੀਵ ਭੱਟ ਦੀ ਹੀ ਜ਼ਿਕਰ ਕਿਉਂ ਕੀਤਾ ਕਿ ਉਹ ਸ਼ਾਮਲ ਨਹੀਂ ਸਨ?

5) ਕੀ ਇਹ ਸੱਚ ਹੈ ਕਿ ਤੁਸੀ ਹਰੇਨ ਪਈਆ ਦਾ ਮੋਬਾਈਲ ਟੇਪ ਕਰਨ ਲਈ ਆਖਿਆ ਸੀ?

6) ਹਰੇਨ ਪਈਆ ਦੀ ਹੱਤਿਆ ਮਾਮਲੇ ’ਚ ਤੁਸੀਂ ਕਿ ਕਾਰਵਾਈ ਕੀਤੀ ਅਤੇ ਉਹਨਾਂ ਦੇ ਕਾਤਲਾਂ ਤਕ ਪਹੁੰਚਣ ਲਈ ਕੀ ਕਦਮ ਚੁੱਕੇ?

7) ਤੁਹਾਨੂੰ ਭਾਜਪਾ ਦੇ 28 ਫਰਵਰੀ 2002 ਨੂੰ ਗੁਜਰਾਤ ਬੰਦ ਅਤੇ ਇਕ ਮਾਰਚ 2002 ਨੂੰ ਭਾਰਤ ਬੰਦ ਦੀ ਖਬਰ ਨਹੀਂ ਸੀ। ਪਾਰਟੀ ਦੇ ਏਨੇ ਉਚੇ ਕਦ ਵਾਲੇ ਬੰਦੇ ਲਈ ਇਹ ਕਿਵੇਂ ਸੰਭਵ ਹੈ?

8) ਆਪਣੇ ਐਸ.ਆਈ.ਟੀ ਮੂਹਰੇ ਦਾਅਵਾ ਕੀਤਾ ਕਿ ਤੁਹਾਨੂੰ ਪੁਲਸ ਦੇ ਸੂਬਾਈ ਕੰਟਰੋਲ ਰੂਮ ਤੇ ਅਹਿਮਦਾਬਾਦ ਦੇ ਸਿਟੀ ਕੰਟਰੋਲ ਰੂਮ (28 ਫਰਵਰੀ 2002) ’ਚ ਕ੍ਰਮਵਾਰ ਭਾਜਪਾ ਦੇ ਮੰਤਰੀ ਅਸ਼ੋਕ ਭੱਟ ਤੇ ਆਈ ਕੇ ਜਡੇਜਾ ਦੇ ਹੋਣ ਦੀ ਕੋਈ ਨਿਜੀ ਜਾਣਕਾਰੀ ਨਹੀਂ ਸੀ। ਕੀ ਇਸ ਨਾਲ ਤੁਹਾਡੀ ਨਾ ਕਾਬਲੀਅਤ ਜ਼ਾਹਰ ਨਹੀਂ ਹੁੰਦੀ?

9) ਐਸ.ਆਈ.ਟੀ ਨੇ ਸਾਬਕਾ ਐਮ.ਪੀ ਇਹਸਾਨ ਜਾਫਰੀ ਨੂੰ ਪਹਿਚਾਨਣ ਤੋਂ ਨਾਂਹ ਕਰ ਦਿਤੀ ਜਦਕਿ ਦੰਗਾਕਾਰੀਆਂ ਦੇ ਉਹਨਾਂ ਦੇ ਦਰਵਾਜੇ ਤਕ

ਪਹੁੰਚਣ ਤਕ ਉਹ ਮਦਦ ਲਈ ਆਪ ਦੇ ਸੰਪਰਕ ਵਿਚ ਸਨ। ਇਸ ਦਲੀਲ ’ਚ ਕਿਵੇਂ ਯਕੀਨ ਕੀਤਾ ਜਾਵੇ ਕਿ ਇਹ ਮਾਮਲਾ ਨਿਜੀ ਰੰਜਸ਼ ਤੇ ਪੁਰਾਣੀ ਦੁਸ਼ਮਣੀ ਦਾ ਸੀ?

10) ਕਮਿਸ਼ਨ ਨੂੰ ਸਬੂਤ ਸੌਂਪਣ ਲਈ ਪੁਲਸ ਅਧਿਕਾਰੀ ਰਾਹੁਲ ਸ਼ਰਮਾ ’ਤੇ ਅਧਿਕਾਰਿਕ ਗੋਪਨੀਅਤਾ ਕਾਨੂੰਨ ਦਾ ਦੋਸ਼ ਲਾ ਕੇ ਇਸ ਕਾਨੂੰਨ ਦੀ ਦੁਰਵਰਤੋਂ ਨਹੀਂ ਕੀਤੀ ਗਈ?

11) ਸਮਾਜ ਕਾਰਕੁੰਨ ਤੀਸਤਾ ਸੀਤਲ ਵਾੜ (2002 ਦੇ ਦੰਗਾ ਪੀੜਤਾਂ ਦੀਆਂ ਲਾਸ਼ਾਂ ਦੀ ਨਜਾਇਜ਼ ਖੁਦਾਈ ’ਚ ਉਹਨਾਂ ਦੀ ਭੂਮਿਕਾ ਹੋਣ ਦਾ ਦੋਸ਼) ਦੇ ਖਿਲਾਫ਼ ਅਧਿਕਾਰਿਕ ਮੁਕੱਦਮਾ ਚਲਾਉਣ ਦੇ ਆਪ ਦੀ ਸਰਕਾਰ ਦੇ ਫੈਸਲੇ ਦੀ ਨਿੰਦਾ ਕਰਦਿਆ ਸੁਪਰੀਮ ਕੋਰਟ ਨੇ ਪਿਛੇ ਜਿਹੇ ਫੈਸਲਾ ਸੁਣਾਇਆ ਹੈ। ਇਸ ਨਾਲ ਬਦਲੇ ਦੀ ਭਾਵਨਾ ’ਚ ਵਾਧਾ ਨਜ਼ਰ ਨਹੀਂ ਆਉਂਦਾ?

12) ਕੀ ਇਹ ਸੱਚ ਨਹੀਂ ਹੈ ਕਿ 21 ਸਾਲਾਂ ਨੌਜਵਾਨ ਦੀ ਹਿਰਾਸਤ ’ਚ ਹੋਈ ਮੌਤ ਕੇਸ਼ ’ਚ ਸੰਜੀਵ ਭੱਟ ਦੀ ਤਤਪਰਤਾ ਕਾਰਨ ਇਹ ਮਾਮਲਾ ਦੁਬਾਰਾ ਖੋਹ ਲਿਆ ਗਿਆ ਤਾਂ ਤੁਸੀ ਉਹਨਾਂ ਵਿਰੁਧ ਮੁਅਤਲੀ ਹੁਕਮ ਜਾਰੀ ਕਰ ਦਿਤਾ?

13) ਦੋਸ਼ ਹੈ ਦੰਗਿਆਂ ਦੌਰਾਨ ਜਿਹੜੇ ਪੁਲਸ ਅਫ਼ਸਰਾਂ ਖਿਲਾਫ਼ ਸ਼ਕਾਇਤ ਕੀਤੀ ਗਈ ਸੀ ਉਹਨਾਂ ਨੂੰ ਤਰੱਕੀ ਦਿੱਤੀ ਗਈ ਤੇ ਜਿਹਨਾਂ ਡਿਊਟੀ ਸਹੀ ਨਿਭਾਈ ਉਹਨਾਂ ਨੂੰ ਨਾਕਾਰ ਕੇ ਉਹਨਾਂ ’ਤੇ ਮੁਕੱਦਮਾ ਚਲਾਇਆ ਗਿਆ। ਇਸ ਤਰ੍ਹਾਂ ਦੇ ਕਈ ਕੇਸਾਂ ਦਾ ਰਿਕਾਰਡ ਹੈ, ਤੁਹਾਡਾ ਇਸ ਬਾਰੇ ਧਿਆਨ ਵੀ ਦਿਵਾਇਆ ਗਿਆ। ਤੁਸੀ ਕੀ ਕਾਰਵਾਈ ਕੀਤੀ?

14) ਐਸ.ਆਈ.ਟੀ ਮੂਹਰੇ ਤੁਸੀਂ ਆਪਣੇ ਮੰਤਰੀਆਂ ਦੇ ਕਿਸੇ ਹਿੰਸਕ ਭੀੜ ’ਚ ਸ਼ਾਮਲ ਹੋਣ ਤੋਂ ਇਨਕਾਰ ਕੀਤਾ ਹੈ ਪਰ ਭਾਰਤ ਬਰੋਤ, ਮਾਇਆਬੇਨ, ਕੋਡਨਾਨੀ, ਨਿਤਨ ਭਾਈ ਪਟੇਲ ਤੇ ਨਰਾਇਣ ਲੱਲੂ ਪਟੇਲ ਵਰਗੇ ਲੋਕਾਂ ਦੀ ਸ਼ਮੂਲੀਅਤ ਬਾਰੇ ਤੁਸੀਂ ਕੀ ਕਾਰਵਾਈ ਕੀਤੀ?

15) ਦੰਗਿਆਂ ਸਬੰਧੀ ਮੁਹਈਆਂ ਮੀਡੀਆ ਫ਼ੁਟੇਜ ਦੇ ਅਧਾਰ ’ਤੇ ਤੁਸੀਂ ਕੀ ਕਦਮ ਚੁਕਿਆ?

16) ਇਕ ਸਿਟੰਗ ਅਪ੍ਰੇਸ਼ਨ ’ਚ ਹਰੇਸ ਭੱਟ, ਬਾਬੂ ਬਜਰੰਗੀ ਤੇ ਰਾਜਿੰਦਰ ਵਿਆਸ ਨੇ ਦੰਗਿਆਂ ’ਚ ਆਪਣੇ ਪਰਾਕ੍ਰਮ ਆਪ ਦੀ ਤੇ ਆਪ ਦੀ ਹਕੂਮਤ ਦੀ ਤਾਰੀਫ ਕੀਤੀ ਹੈ। ਇਹਨਾਂ ਸਾਰਿਆਂ ਖਿਲਾਫ਼ ਤੁਸੀਂ ਕੀ ਕਾਰਵਾਈ ਕਰੋਗੇ?

17) ਦੰਗਾਕਾਰੀਆਂ ਖਿਲਾਫ਼ ਉਚਿਤ ਕਾਰਵਾਈ ਨਾ ਕਰਨ ਵਾਲੇ ਉਚ ਅਧਿਕਾਰੀਆਂ ਖਾਸ਼ ਕਰਕੇ ਜ਼ਿਲ੍ਹਾ ਅਧਿਕਾਰੀਆਂ ’ਤੇ ਕੋਈ ਕਾਰਵਾਈ ਜਾਂ ਜਾਂਚ ਕਿਉਂ ਨਾ ਹੋਈ?

18) ਆਪ ਨੇ ਭਾਜਪਾ/ਵਿਹਿਪ ਦੇ ਸਮਰਥਕਾਂ ਨੂੰ ਸਰਕਾਰੀ ਵਕੀਲ ਦੇ ਅਹੁਦੇ ’ਤੇ ਨਿਯੁਕਤ ਕਰਨ ਤੋਂ ਇਨਕਾਰ ਕੀਤਾ ਹੈ। ਫਿਰ ਉਹਨਾਂ ਜ਼ਿਲ੍ਹਾ ਅਧਿਕਾਰੀਆਂ ਖਿਲਾਫ਼ ਕਾਰਵਾਈ ਕਿਉਂ ਨਹੀਂ ਕਰਦੇ ਜਿਹਨਾਂ ਨੇ ਪੱਖਪਾਤੀ ਚੋਣ ਕੀਤੀ ਹੈ।

19) ਕੀ ਮੁਸਲਿਮ ਰਾਹਤ ਕੈਂਪਾਂ ਨੂੰ ਬੱਚਾ ਜਨਣ ਦੇ ਕੇਂਦਰ ਤੇ ਮੁਸਲਿਮਾਂ ਦੇ 'ਹਮ ਪਾਂਚ ਹਮਾਰੇ ਪਾਂਚ' ਦਾ ਮਖੌਲ ਉਡਾਉਣ ਵਾਲੇ ਹਲਕੇ ਬਿਆਨ 'ਤੇ ਤੁਹਾਨੂੰ ਮਾਣ ਹੈ?

20) ਗੁਜਰਾਤ ਹਾਈਕੋਰਟ ਨੇ ਸੜੀਆਂ ਦੁਕਾਨਾਂ ਦੇ ਮਾਲਕਾਂ ਨੂੰ ਮੁਆਵਜਾਂ ਨਾ ਦੇਣ ਤੇ ਮਾਨਹਾਨੀ ਨੋਟਿਸ ਜਾਰੀ ਕੀਤਾ ਹੈ। ਪਿਛਲੇ 10 ਸਾਲਾਂ 'ਚ ਤੁਹਾਡੀ ਸਦਭਾਵਨਾ ਨੀਤੀ ਕਿੱਥੇ ਸੀ?

21) ਗੁਜਰਾਤ ਹਾਈਕੋਰਟ ਨੇ ਤੁਹਾਨੂੰ ਸੈਂਕੜੇ ਧਾਰਮਕ ਸਥਾਨਾਂ ਦੇ ਤੋੜੇ ਜਾਣ 'ਤੇ ਉਨ੍ਹਾਂ ਨੂੰ ਪੁਨਰ ਉਸਾਰਨ ਲਈ ਮੁਆਵਜਾ ਦੇਣ ਦਾ ਹੁਕਮ ਜਾਰੀ ਕੀਤਾ ਹੈ, ਅਜੇਹੀ ਹਾਲਾਤ ਪੈਦਾ ਹੀ ਕਿਉਂ ਹੋਈ?

22) ਦੰਗਿਆਂ ਸਬੰਧੀ ਹਾਈਕੋਰਟ ਨੇ 'ਰਾਜ ਦੀ ਲਾਪ੍ਰਵਾਹੀ' ਵਾਲੀ ਟਿੱਪਣੀ ਕੀਤੀ ਸੀ, ਆਪ ਦਾ ਇਸ ਬਾਰੇ ਕੀ ਖਿਆਲ ਹੈ?

23) ਸੰਦੇਸ਼ ਤੇ ਗੁਜਰਾਤ ਸਮਾਚਾਰ ਵਰਗੇ ਅਖਬਾਰਾਂ 'ਤੇ ਝੂਠੀਆਂ ਤੇ ਫਿਰਕੂ ਅਫ਼ਵਾਹਾਂ ਵਾਲੀਆਂ ਖ਼ਬਰਾਂ ਛਪਣ ਦਾ ਦੋਸ਼ ਲੱਗਿਆ, ਉਹਨਾਂ 'ਤੇ ਸੈਂਸਰ ਲਾਉਣ ਦੀ ਬਜਾਏ ਤੁਸੀਂ ਉਹਨਾਂ ਦੀ ਤਾਰੀਫ਼ ਦੇ ਪਤ੍ਰ ਲਿਖੇ। ਦੂਜੇ ਪਾਸੇ, ਹਿੰਸਾ 'ਚ ਤੁਸੀਂ ਪਾਬੰਦੀ ਦੀ ਗੱਲ ਕਿਉਂ ਕਹੀ?

24) ਤੁਸੀਂ ਦੰਗਿਆਂ 'ਚ ਹੋਏ ਕਤਲਾਂ ਦੀ ਨਿੰਦਾ ਕਰਦੇ ਹੋ ਪਰ ਅਲੋਚਕਾਂ ਦਾ ਕਹਿਣਾ ਹੈ ਕਿ ਮੁਸਲਿਮ ਵਿਰੋਧੀ ਝੁਕਾਅ ਦੇ ਕਾਰਨ ਇਸ 'ਤੇ ਤੁਹਾਨੂੰ ਪਛਤਾਵਾ ਨਹੀਂ। ਕੀ ਤੁਸੀਂ ਇਸ ਨਾਲ ਸਹਿਮਤ ਹੋ?

25) ਜਦੋਂ ਤੁਸੀਂ ਲੁਕਾਉਣਾ ਨਹੀਂ ਚਾਹੁੰਦੇ ਤਾਂ ਦੋਸ਼ ਲਾਉਣ ਵਾਲਿਆਂ ਨੂੰ ਨਾਲ ਰਖਣੋ ਕਿਉਂ ਕਤਰਾਉਂਦੇ ਹੋ?

# ਮਾਮਲਾ ਜ਼ਮੀਨਾਂ ਹਥਿਆਉਣ ਦਾ
# ਜ਼ਮੀਨ ਮਾਲਕ ਕਿਉਂ ਬਣਨ ਮੋਹਤਾਜ

ਗ਼ਰੀਬੀ ਦੀ ਰੇਖਾ ਤੋਂ ਹੇਠਾਂ ਮੁਸ਼ਕਲ ਨਾਲ ਗੁਜਰ ਬਸਰ ਕਰਨ ਵਾਲੇ ਰਾਏਪੁਰ ਲਾਗੇ ਅਮਨਪੁਰ ਦੇ ਪਰਸਦਾ ਪਿੰਡ 'ਚ ਬਘਾਰੂ ਰਾਮ ਦੇ ਕੋਲ ਦੋ ਏਕੜ ਜ਼ਮੀਨ ਹੈ। ਰੁਜ਼ਗਾਰ ਗਰੰਟੀ ਯੋਜਨਾ 'ਚ ਉਹ 122 ਰੁਪਏ ਦੀ ਮਜ਼ਦੂਰੀ ਕਰਦਾ ਹੈ। ਕੁਝ ਸਮਾਂ ਪਹਿਲਾਂ ਬੁਘਾਰੂ ਰਾਮ ਨੇ ਆਪਣੇ ਪਿੰਡ ਤੋਂ 250 ਕਿਲੋਮੀਅਰ ਦੂਰ ਰਾਏਗੜ੍ਹ ਦੇ ਪਸੌਰ ਇਲਾਕੇ 'ਚ ਇਕ ਕਰੋੜ 27 ਲੱਖ ਰੁਪਏ ਦੀ ਲਾਗਤ ਨਾਲ 15 ਆਦੀ ਵਾਸੀਆਂ ਦੀ ਜ਼ਮੀਨ ਖਰੀਦੀ ਹੈ। ਪਰ ਜੇ ਬਗਾਰੂ ਤੋਂ ਪੁਛੀਏ ਘੜਿਆ ਘੜਾਇਆ ਜੁਆਬ ਹੋਵੇਗਾ 'ਰੁਜ਼ਗਾਰ ਗਰੰਟੀ ਯੋਜਨਾ ਦਾ ਕੰਮ ਅਜੇ ਬੰਦ ਹੈ, ਬੀ.ਪੀ.ਐਲ ਕਾਰਡ ਦਾ ਰਾਸ਼ਣ ਨਾ ਮਿਲ ਰਿਹਾ ਹੁੰਦਾ ਤਾਂ ਭੁਖੇ ਮਰ ਗਏ ਹੁੰਦੇ।' ਫਿਰ ਇਕ ਕਰੋੜ 27 ਲੱਖ ਦੀ ਜ਼ਮੀਨ ਕਿਵੇਂ ਖਰੀਦ ਲਈ? ਬੁਗਾਰੂ ਰਾਮ ਦਸਦੇ ਹਨ 'ਸਤੀਸ਼ਗੜ੍ਹ 'ਚ ਆਦੀਵਾਸੀ ਦੀ ਜ਼ਮੀਨ ਕੋਈ ਆਦੀਵਾਸੀ ਹੀ ਖਰੀਦ ਸਕਦਾ ਹੈ ਰਾਏਗੜ੍ਹ ਜ਼ਿਲ੍ਹੇ 'ਚ ਇਕ ਕੰਪਨੀ ਨੇ ਪਾਵਰ ਪਲਾਟ ਲਾਉਣਾ ਸੀ। ਉਨ੍ਹਾਂ ਨੇ ਜ਼ਮੀਨ ਖਰੀਦਣੀ ਸੀ। ਪਿੰਡ ਦੇ ਹੀ ਇਕ ਨੇਤਾ ਸਾਨੂੰ ਨਾਲ ਲੈ ਗਏ ਤੇ ਉਥੇ ਸਾਡੇ ਨਾਂ ਹੇਠ ਜ਼ਮੀਨ ਖਰੀਦ ਲਈ। ਸਾਥੋਂ ਸਾਦੇ ਕਾਗਜ਼ ਤੇ ਦਸਖਤ ਕਰਵਾਏ ਗਏ। ਸਾਡੇ ਕੋਲ ਤਾਂ ਹਜ਼ਾਰ ਰੁਪਏ ਵੀ ਨਹੀਂ ਸਨ। ਪੈਸੇ ਦਾ ਸਾਰਾ ਲੈਣ ਦੇਣ ਕੰਪਨੀ ਨੇ ਕੀਤਾ। ਇਹ ਸਭ ਕੁਝ ਕਰਨ ਬਦਲੇ ਸਾਨੂੰ 20 ਹਜ਼ਾਰ ਰੁਪਏ ਦਿੱਤੇ ਗਏ।' ਗੌਂਡ ਆਦੀਵਾਸੀ ਬੁਘਾਰੂਰਾਮ ਨੂੰ ਨਾ ਤਾਂ ਰਾਏਗੜ੍ਹ ਜ਼ਿਲ੍ਹੇ ਦੇ ਪਸੌਰ ਤਹਿਸੀਲ ਦੇ ਉਸ ਦੇ ਪਿੰਡ ਅਮਲੀ ਭੋਨਾ ਦਾ ਨਾਂ ਯਾਦ ਹੈ ਅਤੇ ਨਾ ਹੀ ਉਹਨਾਂ ਪੰਦਰਾਂ 'ਚੋਂ ਕਿਸੇ ਵੀ ਆਦੀਵਾਸੀ ਦਾ ਨਾਂ ਜਿਹਨਾਂ ਦੀ ਜ਼ਮੀਨ ਉਸ ਦੇ ਨਾਂ ਹੇਠ ਖਰੀਦੀ ਗਈ। ਜਾਹਿਰ ਹੈ ਕਿ ਜ਼ਮੀਨ ਉਸਦੀ ਕੀਮਤ, ਉਸ ਦੇ ਦਸਤਾਵੇਜ ਇਹਨਾਂ 'ਚੋਂ ਕਿਸੇ ਨੂੰ ਵੀ ਇਸ ਦਾ ਪਤਾ ਨਹੀਂ ਬੁਘਾਰੂ ਰਾਮ ਦੇ ਨਾਂ ਹੇਠ ਲਈ ਗਈ ਜ਼ਮੀਨ 'ਤੇ ਹੁਣ ਅਵੰਤਾ ਗਰੁੱਪ ਦਾ ਕਬਜ਼ਾ ਹੈ ਤੇ ਉਸ ਉਪਰ ਕੋਬਰਾ ਵੇਸਟ ਪਾਵਰ ਕੰਪਨੀ ਲਿਮਟਿਡ ਨੇ 1200 ਮੈਗਾਵਾਟ ਪਾਵਰ ਪਲਾਟ ਦਾ ਕੰਮ ਚਲ ਰਿਹਾ ਹੈ।

ਪਰਸਦਾ ਪਿੰਡ ਦੇ ਵਿਆਸ ਨਾਰਾਇਣ ਦੇ ਵੀ ਨਾਂ ਹੇਠ ਰਾਏਗੜ੍ਹ ਜ਼ਿਲ੍ਹੇ ਦੇ ਪਸੌਰ ਇਲਾਕੇ 'ਚ 20 ਆਦੀਵਾਸੀਆਂ ਦੀ ਲਗਭਗ ਡੇਢ ਕਰੋੜ ਰੁਪਏ ਦੀ ਜ਼ਮੀਨ ਖਰੀਦੀ ਗਈ। ਪਰ ਉਹ ਜ਼ਮੀਨ ਲਈ ਪਹਿਲੀ ਤੇ ਆਖਰੀ ਵਾਰ ਉਥੇ ਪਹੁੰਚੇ ਵਿਆਸ ਨਾਰਾਇਣ ਉਸ ਪਸੌਰ ਇਲਾਕੇ ਦਾ ਨਾਂ ਤਕ ਨਹੀਂ ਯਾਦ ਕਰ ਸਕੇ। ਦੋ ਏਕੜ ਜ਼ਮੀਨ 'ਚ ਖੇਤੀ ਤੇ ਮੇਹਨਤ ਮਜ਼ਦੂਰੀ ਕਰਕੇ ਆਪਣਾ ਘਰ ਪ੍ਰੀਵਾਰ ਚਲਾਉਣ ਵਾਲੇ ਵਿਆਸ ਨਰਾਇਣ ਅੱਜ ਵੀ ਮੇਹਨਤ ਮਜ਼ਦੂਰੀ ਕਰ ਰਹੇ ਹਨ। ਪਿੰਡ ਦੇ ਦੂਜੇ ਆਦੀਵਾਸੀ ਸਾਲਕ ਰਾਮ ਦਾ ਤਾਂ ਕਹਿਣਾ ਹੈ ਕਿ ਉਸ ਤੋਂ ਪਿੰਡ ਦੇ ਇਕ ਆਗੂ ਨੇ ਦੋ ਦਿਨ ਦੀ ਮਜ਼ਦੂਰੀ ਦਾ ਵਾਅਦਾ ਕੀਤਾ। ਬਦਲੇ 'ਚ ਉਸ ਨਾਲ ਰਾਏਗੜ੍ਹ ਗਏ। ਉਥੇ ਉਹਨਾਂ ਦੇ ਨਾਂ ਹੇਠ 6 ਆਦੀਵਾਸੀਆਂ ਦੀ ਜ਼ਮੀਨ ਖਰੀਦੀ ਗਈ ਹੈ। ਸਾਲਿਕ ਰਾਮ ਦਾ

ਤਾਂ ਕਹਿਣਾ ਹੈ ਕਿ ਉਹਨਾਂ ਤੋਂ ਪਿੰਡ ਦੇ ਇਕ ਨੇਤਾ ਨੇ ਦੋ ਦਿਨ ਦੀ ਮਜ਼ਦੂਰੀ ਦਾ ਵਾਅਦਾ ਕੀਤਾ। ਦਰਅਸਲ ਇਹ ਸਾਰੀਆਂ ਜ਼ਮੀਨਾਂ ਵੀ ਕੋਬਰਾ ਵੇਸਟ ਪਾਵਰ ਕੰਪਨੀ ਲਿਮਟਿਡ ਲਈ ਖਰੀਦੀਆਂ ਗਈਆਂ। ਛਤੀਸ਼ਗੜ੍ਹ ਦੀ ਭੋਇੰਮਾਲੀਆਂ ਸੰਚਿਤਾ ਦੀ ਧਾਰਾ 170/- ਖ ਦੇ ਅਨੁਸਾਰ ਅਨੁਸੂਚਿਤ ਖੇਤਰ ਤੇ ਅਨੁਸੂਚਿਤ ਜਨ ਜਾਤੀਆਂ ਦੀ ਜ਼ਮੀਨ ਨੂੰ ਗੈਰ ਆਦੀਵਾਸੀ ਵਲੋਂ ਕਬਜ਼ੇ ਹੇਠ ਨਹੀਂ ਕੀਤਾ ਜਾ ਸਕਦਾ। ਅਜੇਹੇ 'ਚ ਸਨਅਤੀ ਘਰਾਣਿਆਂ ਨੇ ਆਦੀਵਾਸੀਆਂ ਦਾ ਜ਼ਮੀਨ ਖੋਹਣ ਦਾ ਨਵਾਂ ਤਰੀਕਾ ਅਪਣਾਇਆ। ਭਾਰਤ ਦੀ ਸਭ ਤੋਂ ਵੱਡੀ ਬਿਜਲੀ ਟ੍ਰਾਂਸਮਿਸ਼ਨ ਤੇ ਵੰਡ ਔਜਾਰ ਬਣਾਉਣ ਵਾਲੀ ਕੰਪਨੀ ਦੀ ਸਹਿਯੋਗੀ ਸੰਸਥਾ ਕੋਬਰਾ ਵੇਸਟ ਪਾਵਰ ਕੰਪਨੀ ਲਿਮਟਿਡ ਨੇ ਛਤੀਸ਼ਗੜ੍ਹ ਦੇ ਰਾਏਗੜ੍ਹ ਵਿਚ ਪਾਵਰ ਪਲਾਂਟ ਦਾ ਆਪਣਾ ਕੰਮ ਸ਼ੁਰੂ ਕੀਤਾ। ਪਸੌਰ ਬਲਾਕ ਦੇ ਗ੍ਰਾਮ ਵੱਡੇ ਭੰਡਾਰ, ਛੋਟੇ ਭੰਡਾਰ, ਸਰਵਾਨੀ ਤੇ ਅਮਲੀ ਭੌਨਾ 'ਚ ਪ੍ਰਸਤਾਵਿਤ 600-600 ਮੈਗਾਵਾਟ ਦੇ 5826 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਇਸ ਪਾਵਰ ਪਲਾਂਟ ਲਈ ਕੰਪਨੀ ਨੂੰ 885.12 ਏਕੜ ਜ਼ਮੀਨ ਦੀ ਲੋੜ ਸੀ। ਕਰੋਬਾ ਵੇਸਟ ਪਾਵਰ ਕੰਪਨੀ ਲਿਮਟਿਡ ਨੇ ਇਸ ਦੇ ਲਈ ਸਰਕਾਰੀ ਅਧਿਕਾਰੀਆਂ ਦੀ ਮਦਦ ਤੋਂ ਪਹਿਲਾਂ ਜ਼ਮੀਨ ਦੀ ਨਿਸ਼ਾਨਦੇਹੀ ਕਰਵਾਈ ਅਤੇ ਫਿਰ ਆਦੀਵਾਸੀਆਂ ਦੀ ਜ਼ਮੀਨ ਖਰੀਦਣ ਦੀ ਯੁਕਤ ਲਾਈ। ਰਾਏਗੜ੍ਹ ਜ਼ਿਲ੍ਹੇ ਦੇ ਆਦੀਵਾਸੀਆਂ ਦੀ ਜ਼ਮੀਨ ਖਰੀਦਣ ਲਈ ਕਰੋਬਾ ਵੇਸਟ ਪਾਵਰ ਕੰਪਨੀ ਲਿਮਟਿਡ ਨੇ ਰਾਏਪੁਰ ਜ਼ਿਲ੍ਹੇ ਦੇ ਅਭਨਪੁਰ ਦੇ ਪਰਸਦਾ ਪਿੰਡ ਦੇ ਆਦੀਵਾਸੀਆਂ ਨੂੰ ਮੋਹਰਾ ਬਣਾਇਆ ਗਿਆ। ਪਿੰਡ ਦੇ ਅਜੇਹੇ ਆਦੀਵਾਸੀਆਂ ਨੂੰ ਪਹਿਲਾਂ ਕੰਪਨੀ 'ਚ ਕੰਮ ਦੇਣ ਦਾ ਝਾਂਸਾ ਦਿੱਤਾ ਗਿਆ।

ਫਿਰ ਉਹਨਾਂ ਦੇ ਨਾਂ 'ਤੇ ਜ਼ਮੀਨ ਖਰੀਦਣੀ ਸ਼ੁਰੂ ਕੀਤੀ। ਜ਼ਮੀਨ ਖਰੀਦ-ਵਿਕਰੀ 'ਚ ਕਲੈਕਟਰ ਦੀ ਇਜਾਜ਼ਤ ਜਰੂਰੀ ਹੈ। ਸਰਕਾਰੀ ਅਧਿਕਾਰੀ ਤੇ ਕਰਮਚਾਰੀਆਂ ਦੀ ਸਹਿਮਤੀ ਬਿਨ੍ਹਾਂ ਏਨੀ ਵੱਡੀ ਖਰੀਦ-ਵਿਕਰੀ ਸੰਭਵ ਨਹੀਂ ਹੈ। ਇਥੋਂ ਤਕ ਵੀ ਜਾਂਚਿਆ ਨਹੀਂ ਗਿਆ ਕਿ ਜ਼ਮੀਨ ਖਰੀਦਣ ਵਾਲੇ ਰਜਿਸਟਰੀ ਦਾ ਖਰਚ ਵੀ ਦੇ ਸਕਣਗੇ ਜਾਂ ਨਹੀਂ ਦਸਤਾਵੇਜ ਦਸਦੇ ਹਨ ਕਿ ਇਸ ਪਿੰਡ ਦੇ ਅੱਠ ਆਦੀ ਵਾਸੀਆਂ ਨੇ ਆਪਣੇ ਨਾਂ ਨਾਲ 100 ਆਦੀ ਵਾਸੀਆਂ ਦੀ ਜ਼ਮੀਨ ਖਰੀਦੀ। ਦਿਲਚਸਪ ਇਹ ਹੈ ਕਿ ਇਨ੍ਹਾਂ ਆਦੀ ਵਾਸੀਆਂ 'ਚ ਸਭ ਦਾ ਨਾਂ ਰੁਜ਼ਗਾਰ ਗਰੰਟੀ ਯੋਜਨਾ 'ਚ ਦਰਜ ਹੈ ਅਤੇ ਇਹਨਾਂ ਦਾ ਪ੍ਰੀਵਾਰ ਰੁਜ਼ਗਾਰ ਗਰੰਟੀ ਯੋਜਨਾ 'ਚ ਮਜ਼ਦੂਰੀ ਵੀ ਕਰਦਾ ਹੈ। ਸਭ ਆਦੀ ਵਾਸੀ ਬੀ.ਪੀ.ਐਲ ਕਾਰਡ ਧਾਰੀ ਹਨ ਅਤੇ 122 ਰੁਪਏ ਰੋਜ਼ ਲੈਣ ਵਾਲੇ ਇਹਨਾਂ ਲੋਕਾਂ ਨੇ ਮਹੀਨੇ ਜੂਨ ਦੀ ਰੋਟੀ ਲਈ ਮਜ਼ਦੂਰੀ ਕਰਨ ਵਾਲੇ ਆਦੀ ਵਾਸੀਆਂ ਦੇ ਨਾਂ ਹੇਠ ਕੋਰਬਾ ਵੇਸਟ ਪਾਵਰ ਕੰਪਨੀ ਲਿਮਟਿਡ ਨੇ 10 ਕਰੋੜ 26 ਲੱਖ 66 ਹਜ਼ਾਰ 427 ਰੁਪਏ ਦਾ ਭੁਗਤਾਨ ਕੀਤਾ। ਸਰਕਾਰੀ ਕਾਗਜਾਂ ਅਨੁਸਾਰ ਰਾਮ ਸਿੰਘ ਪਿਤਾ ਪੰਚ ਰਾਮ ਨੇ 6.81 ਹੈਕਟੇਅਰ ਜ਼ਮੀਨ ਲਈ ਇਕ ਕਰੋੜ 47 ਲੱਖ 52 ਹਜ਼ਾਰ 800 ਰੁਪਏ ਬੁਘਾਰੂ ਰਾਮ ਪਿਤਾ ਰਮਈ ਰਾਮ ਨੇ 5422 ਹੈਕਟੇਅਰ ਜ਼ਮੀਨ ਲਈ 12736115 ਰੁਪਏ, ਭੰਵਰ ਸਿੰਘ ਪਿਤਾ ਰਾਮ ਰਤਨ ਨੇ 7309 ਹੈਕਟੇਅਰ ਜ਼ਮੀਨ ਲਈ ਇਕ ਕਰੋੜ 71 ਲੱਖ 68621 ਰੁਪਏ ਵਿਆਸ ਰਾਮ ਪਿਤਾ ਰਮਈ ਰਾਮ ਨੇ 6564 ਹੈਕਟੇਅਰ ਜ਼ਮੀਨ ਲਈ 15 ਕਰੋੜ 41 ਲੱਖ 86638 ਰੁਪਏ, ਈਗੁਲ

ਸਿੰਘ ਪੁੱਤਰ ਘਮਿਆ ਰਾਮ 6071 ਹੈਕਟੇਅਰ ਜ਼ਮੀਨ ਲਈ ਇਕ ਕਰੋੜ 42 ਲੱਖ 60596 ਰੁਪਏ ਛੇਰਹਾ ਰਾਮ ਪਿਤਾ ਝੁਮਕੂਰਾਮ ਨੇ 4989 ਹੈਕਟੇਅਰ ਜ਼ਮੀਨ ਲਈ 91 ਲੱਖ 30 ਹਜ਼ਾਰ 446 ਰੁਪਏ ਅਤੇ ਸਾਲਿਕ ਰਾਮ ਪਿਤ ਰਮਈ ਰਾਮ ਨੇ 3189 ਹੈਕਟੇਅਰ ਜ਼ਮੀਨ ਲਈ 74 ਲੱਖ 79 ਹਜ਼ਾਰ 120 ਰੁਪਏ ਦਾ ਭੁਗਤਾਨ ਕੀਤਾ। ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿਣ ਵਾਲਾ ਆਦੀ ਵਾਸੀ ਡੇਢ ਕਰੋੜ ਦੀ ਜ਼ਮੀਨ ਦੀ ਖਰੀਦੋਂ-ਫਰੋਖਤ ਕਿਵੇਂ ਸਕਦਾ ਹੈ। ਇਸ ਪੂਰੇ ਮਾਮਲੇ 'ਚ ਨੌਕਰਸ਼ਾਹ, ਸਨਅਤੀ ਘਰਾਣਿਆਂ ਨਾਲ ਮਿਲੇ ਹੋਏ ਹਨ। ਇਸ ਤੋਂ ਪਹਿਲਾਂ ਵੀ ਸੂਬੇ 'ਚ ਸਨਅਤੀ ਘਰਾਣਿਆਂ ਵਲੋਂ ਬੇਨਾਮੀ ਜ਼ਮੀਨ ਖਰੀਦਣ ਦੇ ਕੇਸ ਫੜ੍ਹੇ ਜਾਂਦੇ ਰਹੇ ਹਨ। ਪਾਵਰ ਪਲਾਂਟ ਲਾਉਣ ਲਈ ਹੀ ਵੀਡਿਓਕੋਨ ਕੰਪਨੀ ਨੇ ਜਾਂ ਜਗੀਰ ਚਾਂਪਾ ਜ਼ਿਲ੍ਹੇ 'ਚ 50 ਆਦੀ ਵਾਸੀਆਂ ਦੀ ਜ਼ਮੀਨ ਹੜੱਪਣ ਦੀ ਸਾਜਿਸ਼ ਰਚੀ ਸੀ। ਇਸ ਕੇਸ 'ਚ ਸੂਬੇ ਦੇ ਆਦੀਵਾਸੀ ਗ੍ਰਹਿ ਮੰਤਰੀ ਨਨਕੀ ਰਾਮ ਕੰਵਰ ਦੇ ਬੇਟੇ ਨੂੰ ਕੰਪਨੀ ਨੇ ਆਪਣਾ ਸਥਾਨਕ ਜਨ ਸੰਪਰਕ ਅਧਿਕਾਰੀ ਬਣਾਇਆ ਤੇ ਉਸ ਦੇ ਨਾਂ ਹੇਠ ਜ਼ਮੀਨ ਦੀ ਖਰੀਦ ਸ਼ੁਰੂ ਕਰ ਦਿਤੀ। ਮਾਮਲੇ ਸਬੰਧੀ ਵਿਰੋਧੀ ਧਿਰ ਨੇ ਹੰਗਾਮਾ ਕੀਤਾ। ਗੱਲ ਦਿੱਲੀ ਤਕ ਪੁੱਜੀ ਤਾਂ ਕਿਤੇ ਜਾ ਮਾਮਲੇ 'ਤੇ ਮਿੱਟੀ ਪਈ। ਪਿਛੋਂ ਅਨੁ ਵਿਭਾਗੀ ਅਧਿਕਾਰੀ ਜਾਂਜਗੀਰ ਨੇ ਭੋਇੰ-ਮਾਮਲਾ ਕੋਡ 1959 ਦੀ ਧਾਰਾ 172-2-1 ਦੇ ਤਹਿਤ ਪ੍ਰਕਰਣ ਦਰਜ ਕਰਕੇ ਸੁਣਵਾਈ ਕੀਤੀ ਅਤੇ ਆਦੀਵਾਸੀਆਂ ਨੂੰ ਉਹਨਾਂ ਦੀ ਜ਼ਮੀਨ ਵਾਪਸ ਕੀਤੀ ਗਈ। ਫਰਵਰੀ 2012 'ਚ ਗ਼ੈਰ ਆਦੀਵਾਸੀਆਂ ਵਲੋਂ ਬਸਤਰ 'ਚ ਜ਼ਮੀਨ ਖਰੀਦਣ ਦੇ ਕਈ ਅਮਲਾ 'ਚ ਕਲੈਕਟਰ ਦੀ ਇਜਾਜ਼ਤ ਨੂੰ ਕਮਿਸ਼ਨ ਨੇ ਰੱਦ ਕਰ ਦਿੱਤਾ ਹੈ। ਇਸ ਮਾਮਲੇ 'ਚ ਕਲੈਕਟਰ ਨੂੰ ਰਿਮਾਂਡ ਕਰਦਿਆ ਜਾਂਚ ਦੇ ਹੁਕਮ ਵੀ ਦਿਤੇ ਗਏ। ਇਸ ਤਰ੍ਹਾਂ ਦਾਤੇਵਾੜਾ 'ਚ ਜ਼ਮੀਨ ਖਰੀਦਣ ਦੇ ਹੁਕਮਾਂ ਨੂੰ ਰੱਦ ਕੀਤਾ ਗਿਆ ਹੈ। ਬਸਤਰ ਮਾਲੀਆਂ ਵਿਭਾਗ ਦੇ ਕਮਿਸ਼ਨਰ ਨੇ ਕਿਹਾ ਕਿ ਅਸੀਂ ਅਦਾਲਤ 'ਚ ਤਿੰਨ ਵੱਖ-ਵੱਖ ਹੁਕਮ ਹਾਸਲ ਕਰਕੇ ਅਜੇਹੇ 73 ਅਮਲਾਂ 'ਚ ਬਸਤਰ ਤੇ ਦਾਂਤੇਵਾੜਾ ਜ਼ਿਲ੍ਹੇ ਦੇ ਮਾਲ ਅਧਿਕਾਰੀਆਂ ਵਲੋਂ ਦਿਤੀ ਗਈ ਅਮਲ ਉਲਟ ਅਮਲ ਦੀ ਇਜਾਜ਼ਤ ਖਾਰਜ ਕਰ ਦਿਤੀ। ਜਿਸ 'ਚ ਗੜਬੜੀ ਪਾਈ ਗਈ ਸੀ। ਇਹਨਾਂ 'ਚੋਂ 10 ਅਮਲ ਦੱਖਣੀ ਬਸਤਰ ਤੇ 63 ਅਮਲ ਬਸਤਰ ਜ਼ਿਲ੍ਹੇ ਦੇ ਹਨ।

ਇਹ ਸਾਰੀ ਕਾਰਵਾਈ ਆਦੀ ਵਾਸੀਆਂ ਦੀ ਜ਼ਮੀਨ ਸਬੰਧੀ ਵੱਡੀਆਂ ਗੜਬੜਾਂ ਨੂੰ ਛੁਪਾਉਣ ਤੇ ਬਸਤਰ ਸਮੇਤ ਪੂਰੇ ਦੇਸ਼ ਦੇ ਵੱਡੇ ਭਾਜਪਾ ਨੇਤਾਵਾਂ ਨੂੰ ਬਚਾਉਣ ਦੀ ਕਸਰਤ ਹੀ ਹੈ। ਸਿਰਫ਼ ਰਜਿਸਟਰੀ ਰੱਦ ਕਰ ਦੇਣ ਨਾਲ ਭਾਜਪਾ ਸਰਕਾਰ ਦੀ ਹਕੂਮਤ ਆਦੀ ਵਾਸੀਆਂ ਦੀ ਜ਼ਮੀਨ ਦੀ ਲੁੱਟ ਤੇ ਬਾਂਦਰਵੰਡ ਦੀ ਅਪਰਾਧਿਕ ਸਾਜ਼ਿਸ਼ 'ਚ ਆਪਣੀ ਸ਼ਮੂਲੀਅਤ ਤੋਂ ਨਹੀਂ ਬਚ ਸਕਦੀ। ਸਿਰਫ ਆਪਣਿਆਂ ਨੂੰ ਬਚਾਉਣ ਤੇ ਗੜਬੜਾਂ ਨੂੰ ਦਬਾਉਣ ਲਈ ਬਸਤਰ ਸੰਭਾਗ 'ਚ ਕਾਰਵਾਈ ਕੀਤੀ ਗਈ ਹੈ। ਇਹ ਸਿਰਫ਼ ਨਾਟਕ ਹੈ।

# ਕਿਉਂ ਹੋਇਆ ਉਤਰਾਖੰਡ ਵੀ ਫਿਰਕਾਪ੍ਰਸਤੀ ਦੀ ਭੇਂਟ?

ਉਤਰਾਖੰਡ ਦੀ ਤਰਾਈ ਦਾ ਰੁਦਰਪੁਰ ਸ਼ਹਿਰ ਆਖਰ ਦੰਗਿਆਂ ਦੀ ਭੇਂਟ ਚੜ੍ਹ ਹੀ ਗਿਆ। ਇਕ ਵਿਉਂਤਬੰਦ ਸਾਜਿਸ਼ ਕਾਮਯਾਬ ਹੋਈ ਤੇ ਇਕ ਭਾਜਪਾਈ ਰਾਜ ਫਿਰਕਾਪ੍ਰਸਤੀ ਦੀ ਅੱਗ 'ਚ ਝੁਲਸ ਗਿਆ। ਗਾਂਧੀ ਦੇ ਜਨਮ ਦਿਨ 'ਤੇ 2 ਅਕਤੂਬਰ ਨੂੰ ਉਦਮ ਸਿੰਘ ਨਗਰ ਦਾ ਜ਼ਿਲ੍ਹਾ ਮੁਖ ਦਫ਼ਤਰ ਰੁਦਰਪੁਰ ਇਕ ਖੌਫ਼ਨਾਕ ਮੰਜਰ ਦਾ ਚਸ਼ਮਦੀਦ ਬਣਿਆ। ਅਗਜਨੀ ਤੋੜ ਫੋੜ, ਲੁੱਟਮਾਰ, ਤੇ ਹੱਤਿਆ ਨੇ ਦਹਿਸ਼ਤ ਤੇ ਅਫ਼ਰਾ ਤਫੜੀ ਦਾ ਇਕ ਐਸਾ ਮਾਹੌਲ ਪੈਦਾ ਕੀਤਾ ਜਿਸ ਨੇ ਇਥੋਂ ਦੇ ਅਮਨ ਪਸੰਦ ਲੋਕਾਂ ਨੂੰ ਅੰਦਰ ਤਕ ਹਿਲਾ ਕੇ ਰੱਖ ਦਿੱਤਾ। ਆਮ ਲੋਕ ਅੱਜ ਵੀ ਖੌਫ਼ ਦਾ ਸ਼ਿਕਾਰ ਹਨ ਤੇ ਸਿਆਸੀ ਆਗੂ ਆਪਣੀਆਂ ਸਿਆਸੀ ਰੋਟੀਆਂ ਸੇਕਣ ਲੱਗੇ ਹੋਏ ਹਨ। ਦਰਅਸਲ ਔਖੀਆਂ ਹਾਲਤਾਂ 'ਚ ਵੀ ਫਿਰਕੂ ਦੰਗਿਆਂ ਤੋਂ ਬਚੇ ਰਹੇ, ਮਿਸ਼ਰਤ ਅਬਾਦੀ ਵਾਲੇ ਇਸ ਤਰਾਈ ਖੇਤਰ ਦੀ ਫ਼ਿਜ਼ਾ ਵਿਗਾੜਨ ਦੀਆਂ ਵਿਆਪਕ ਕੋਸ਼ਿਸ਼ਾਂ ਲੰਮੇ ਸਮੇਂ ਤੋਂ ਜਾਰੀ ਹਨ। ਲਗਭਗ ਇਕ ਦਹਾਕੇ ਤੋਂ ਹੀ ਰੁਦਰਪੁਰ ਸਿਆਸਤਦਾਨਾਂ ਦੀ ਨਿਗਾਹ 'ਚ ਚੜ੍ਹਿਆ ਹੋਇਆ ਹੈ ਤੇ ਅਮਨ ਚੈਨ 'ਚ ਖਲਲ ਪਾਉਣ ਦੀਆਂ ਕੋਸ਼ਿਸ਼ਾਂ ਚਲਦੀਆਂ ਰਹੀਆਂ ਹਨ। 2001 'ਚ ਖੇੜਾ ਬਸਤੀ ' ਸ਼ਹੀਦ ਅਸ਼ਫ਼ਾਕ ਦੀ ਮੂਰਤੀ ਤੋੜਨ ਦਾ ਸੁਆਲ ਹੋਵੇ ਜਾਂ ਫਿਰ 2003 'ਚ ਭਦਈਪੁਰਾ 'ਚ ਮਸਜਿਦ ਬਣਾਉਣ ਦੀ ਕੋਸ਼ਿਸ਼ 'ਤੇ ਹਮਲਾ ਬੋਲਣ ਦੀ ਘਟਨਾ ਇਸ ਸਿਲਸਿਲੇ ਨੂੰ ਹੀ ਅੱਗੇ ਵਧਾ ਰਹੀ ਸੀ। ਅੱਜ ਇਕ ਸਾਲ ਵੀ ਨਹੀਂ ਲੱਗਿਆ ਜਦ ਭਦਈਪੁਰਾ 'ਚ ਉਸਾਰੀ ਅਧੀਨ ਮਸਜਿਦ/ਮਦਰਸੇ 'ਚ ਕੁਝ ਅੱਤਵਾਦੀ ਫਿਰਕੂਆਂ ਨੇ ਹਵਾਈ ਫ਼ਾਇਰਿੰਗ ਸ਼ੁਰੂ ਕਰ ਦਿੱਤੀ ਤੇ ਸੂਰ ਕੱਟ ਕੇ ਸੁੱਟ ਦਿੱਤਾ ਸੀ। ਅਮਨ ਪਸੰਦ ਤਾਕਤਾਂ ਦੀਆਂ ਕੋਸ਼ਿਸ਼ਾਂ ਨਾਲ ਤਦ ਬੜੀ ਮੁਸ਼ਕਲ ਨਾਲ ਇਹ ਸਾਜਿਸ਼ੀ ਕੋਸ਼ਿਸ਼ ਨਾਕਾਮ ਹੋਈ ਸੀ। ਮੌਜੂਦਾ ਘਟਨਾ ਦੇ ਇਕ ਪੰਦਰਵਾੜਾ ਪਹਿਲਾਂ ਵੀ ਇਹ ਤਰਾਈ ਖੇਤਰ ਉਸ ਵਕਤ ਵੀ ਖੌਫ ਦੀ ਮਾਰ ਹੇਠ ਸੀ ਜਦ ਇਸ ਜ਼ਿਲ੍ਹੇ ਦੇ ਸਰਹੱਦੀ ਪੀਲੀ ਭੀਤ (ਉਤਰਪ੍ਰਦੇਸ਼) ਦੇ ਇਕ ਗੁਰਦੁਆਰੇ 'ਚ ਪਵਿੱਤਰ ਗੁਰੂ ਗ੍ਰੰਥ ਸਾਹਿਬ ਦੀ ਬੀੜ ਨੂੰ ਸਾੜਨ ਦੀ ਕੋਸ਼ਿਸ਼ ਹੋਈ ਸੀ। 4-5 ਦਿਨਾਂ ਦੇ ਦਹਿਸ਼ਤ ਪੂਰਨ ਮਹੌਲ ਦੇ ਬਾਵਜੂਦ ਮੁਸ਼ਕਲ ਨਾਲ ਸ਼ਾਂਤੀ ਬਹਾਲ ਹੋ ਸਕੀ ਸੀ। ਪਰ ਚੁਣਾਵੀ ਮਦਾਰੀਆਂ ਦੇ ਫਾਸਿਸਟ ਮਨਸੂਬੇ ਬਲਵਾਨ ਸਨ ਤੇ ਲੋਕਾਂ ਦੀ ਕੰਮਜ਼ੋਰ ਨਬਜ਼ 'ਤੇ ਉਹਨਾਂ ਦੀ ਪਕੜ ਮਜ਼ਬੂਤ ਹੁੰਦੀ ਜਾ ਰਹੀ ਸੀ। ਉਹਨਾਂ ਦੇ ਹਮਲਾਵਰ ਪ੍ਰਚਾਰ ਅਤੇ ਰਣਨੀਤੀ ਲੋਕ ਸਮੂਹ 'ਚ ਫਿਰਕਾਪ੍ਰਸਤੀ ਦਾ ਜਹਿਰ ਭਰਦੀ ਰਹੀ ਅਤੇ ਕਾਰਵਾਈਆਂ ਜਾਰੀ ਰਹੀਆਂ ਬਸ ਹੁਣ ਤਾਂ ਇਕ ਚਿੰਗਾੜੀ ਦੀ ਹੀ ਲੋੜ ਸੀ। ਆਪਣੀ ਵਿਉਂਤੀ ਰਾਜਨੀਤੀ ਦੇ ਤਹਿਤ ਫਿਰਕੂ ਖਿਡਾਰੀਆਂ ਨੇ 29 ਸਤੰਬਰ ਨੂੰ ਖ਼ੂਨ ਨਾਲ ਲਿਬੜੇ ਕੁਰਾਨ ਨੂੰ ਭਦਈਪੁਰਾ ਮੁਹੱਲੇ ਦੇ ਸ਼ਨੀ ਮੰਦਰ 'ਚ ਸੁੱਟ ਦਿੱਤਾ। ਇਸ ਮੰਦੀ ਘਟਨਾ ਪਿਛੋਂ ਸੁਭਾਵਿਕ ਹੀ ਮੁਸਲਿਮ ਭਾਈਚਾਰੇ 'ਚ ਗੁੱਸਾ ਵਧਣਾ ਸੀ। ਫਿਰ ਵੀ ਇਸ ਨੇ ਵਿਸਫੋਟਿਕ ਰੂਪ ਨਹੀਂ ਧਾਰਿਆ। ਅਕਤੂਬਰ ਨੂੰ ਕਾਂਗ੍ਰੇਸੀ ਨਗਰ ਵਿਧਾਇਕ ਦੀ ਅਗਵਾਈ 'ਚ ਮੁਸਲਿਮ ਫਿਰਕੇ ਦੀ ਇਕ ਬੈਠਕ 'ਚ 2 ਅਕਤੂਬਰ ਨੂੰ ਵਿਰੋਧੀ ਮੁਜਾਹਰੇ ਦਾ ਪ੍ਰੋਗਰਾਮ ਤਹਿ ਹੁੰਦਾ ਹੈ। ਇਧਰ ਇਕ ਅਕਤੂਬਰ ਦੀ ਰਾਤ

ਭਦਈਪੁਰਾ ਦੇ ਸ਼ਨੀ ਮੰਦਰ ਦੇ ਨੇੜੇ ਇਕ ਮੁਸਲਿਮ ਪ੍ਰੀਵਾਰ ਦੇ ਘਰ ਮੂਹਰੇ ਸੂਰ ਵੱਢ ਕੇ ਸੁਟਿਆ ਜਾਂਦਾ ਹੈ। ਫਿਰ ਕੀ ਸੀ ਰਾਤੋ-ਰਾਤ ਮਹੌਲ ਵਿਸਫੋਟਿਕ ਹੋ ਗਿਆ ਅਤੇ ਸਵੇਰੇ ਹੁੰਦਿਆਂ ਹੀ ਮੁਸਲਿਮ ਅਬਾਦੀ ਨੇ ਨਗਰ ਦੇ ਮੁੱਖ ਇੰਦਰ ਚੌਂਕ 'ਤੇ ਖਾੜਕੂ ਮੁਜਾਹਰਾ ਸ਼ੁਰੂ ਕਰ ਦਿੱਤਾ। ਭੀੜ ਨੇ ਥਾਣਾ ਕੋਤਵਾਲੀ ਤਕ ਹੱਲਾ ਬੋਲ ਦਿੱਤਾ। ਇਥੇ ਇਹ ਧਿਆਨ ਦੇਣ ਵਾਲੀ ਗੱਲ ਹੈ ਕਿ ਲੋਕਾਂ ਦਾ ਸ਼ੁਰੂਆਤੀ ਗੁੱਸਾ ਪੁਲਸ ਤੇ ਪ੍ਰਸ਼ਾਸਨ ਵਿਰੁਧ ਸੀ। ਖਾੜਕੂ ਭੀੜ ਦੇ ਲਪੇਟ 'ਚ ਉਚ ਜ਼ਿਲ੍ਹਾ ਅਧਿਕਾਰੀ, ਪੁਲਸ, ਖੇਤਰੀ ਅਧਿਕਾਰੀ, ਅਮਰ ਉਜਾਲਾ ਦੇ ਪੱਤਰਕਾਰ ਅਰਵਿੰਦ ਸਿੰਘ ਸਮੇਤ ਕੁਝ ਪੱਤਰਕਾਰ ਵੀ ਆਏ ਅਤੇ ਜ਼ਖਮੀ ਹੋਏ। ਪਰ ਹਾਲਾਤ 'ਚ ਨਵਾਂ ਮੋੜ ਉਦੋਂ ਆਇਆ ਜਦ ਖੁਦ ਪੁਲਸ ਨੇ ਕੋਤਵਾਲੀ ਦੇ ਨੇੜੇ ਸਥਿਤ ਰਮਪੁਰਾ ਮੁਹੱਲੇ ਦੀ ਹਿੰਦੂ ਅਬਾਦੀ ਨੂੰ ਬਕਾਇਦਾ ਭੜਕਾ ਕੇ ਦੋਨੋਂ ਫਿਰਕਿਆਂ ਨੂੰ ਆਪਸ 'ਚ ਟਕਰਾ ਦਿੱਤਾ। ਭਾਜਪਾਈ ਨੇਤਾ ਤਾਂ ਸ਼ਰੇਆਮ ਲੋਕਾਂ ਦੀ ਲੁੱਟ ਤੇ ਹਿੰਸਾ ਲਈ ਸੱਦਾ ਦੇ ਰਹੇ ਸਨ। ਫਿਰ ਕੀ ਸੀ, ਅਜੇਹਾ ਮੰਜਰ ਕਾਇਮ ਹੋਇਆ ਜਿਸ ਨੇ ਸਰਕਾਰੀ ਅੰਕੜਿਆਂ ਅਨੁਸਾਰ ਚਾਰੇ ਬੇਕਸੂਰਾਂ ਦੀ ਜਾਨ ਲੈ ਲਈ ਤੇ ਕਈ ਦਰਜਨ ਜ਼ਖਮੀ ਹੋਏ। ਅੱਜ ਵੀ ਸੈਂਕੜੇ ਸੜੀਆਂ, ਲੁਟੀਆਂ ਦੁਕਾਨਾਂ ਤੇ ਵਾਹਨ ਘਟਨਾ ਦੇ ਪ੍ਰਤੱਖ ਗਵਾਹ ਵਜੋਂ ਮੌਜੂਦ ਹਨ। ਪੂਰੇ ਦਿਨ ਖੁਲ੍ਹੇਆਮ ਲੁਟ-ਘਸੁੱਟ, ਅੱਗਜ਼ਨੀ ਤੇ ਹਿੰਸਾ ਚਲਦੀ ਰਹੀ ਤੇ ਪੁਲਸ ਪ੍ਰਸ਼ਾਸਨ ਚੁਪ ਦਰਸ਼ਕ ਬਣਿਆ ਰਿਹਾ। ਹਾਲਾਤ ਇਹ ਸਨ ਕਿ ਸੰਵੇਦਨਸ਼ੀਲ ਨਾਗਰਿਕਾਂ ਵਲੋਂ ਲਗਾਤਾਰ ਫੋਨ ਕਰਨ ਦੇ ਬਾਵਜੂਦ ਅੱਗ ਬੁਝਾਉ ਅਮਲਾ ਅਗਜ਼ਨੀ ਦੇ 5-6 ਘੰਟਿਆਂ ਪਿਛੋਂ ਪਹੁੰਚਦਾ ਹੈ ਜਦ ਸਭ ਕੁਝ ਸੜ ਕੇ ਸੁਆਹ ਹੋ ਚੁਕਿਆ ਸੀ, ਚੁਣ-ਚੁਣ ਕੇ ਲੁਟੀਆਂ ਤੇ ਜਲਾਈਆਂ ਗਈਆਂ ਸਭ ਦੁਕਾਨਾਂ, ਵਰਕਸ਼ਾਪਾਂ, ਮੁਸਲਿਮ ਜਮਾਤ ਦੀਆਂ ਸਨ। ਇਸ 'ਚ ਬਹੁਤੇ ਛੋਟੇ ਕਾਰੋਬਾਰੀ ਸਨ, ਜਿਹਨਾਂ ਦਾ ਤਾਂ ਪੂਰੀ ਤਰ੍ਹਾਂ ਲੱਕ ਟੁੱਟ ਗਿਆ ਹੈ।

ਲੋਕਾਂ 'ਚ ਦਹਿਸ਼ਤ ਦਾ ਆਲਮ ਇਹ ਰਿਹਾ ਕਿ ਚਾਰ ਦਿਨ ਪਿਛੋਂ ਜਦ ਕਰਫਿਊ 'ਚ ਪਹਿਲੀ ਵਾਰ ਦੋ ਘੰਟੇ ਦੀ ਢਿੱਲ ਮਿਲੀ ਤਾਂ ਹਜ਼ਾਰਾਂ ਦੀ ਗਿਣਤੀ 'ਚ ਲੋਕ ਪ੍ਰੀਵਾਰ ਸਮੇਤ ਇਸ ਸਨਅਤੀ ਨਗਰ ਤੋਂ ਹਿਜਰਤ ਕਰ ਗਏ ਭਾਵ ਛੱਡ ਕੇ ਚਲੇ ਗਏ। ਤਬਾਹੀ ਦੇ ਇਸ ਖੌਫਨਾਕ ਮੰਜਰ ਪਿਛੋਂ ਕਰਫਿਊ ਲੱਗਿਆ ਡੀ.ਐਮ ਐਸ.ਐਸ.ਪੀ ਤੇ ਡੀ.ਆਈ.ਜੀ ਬਦਲ ਗਏ। ਗੜਵਾਲ ਡਵੀਜ਼ਨ ਦੇ ਕਮਿਸ਼ਨਰ ਨੇ ਪੜਤਾਲ ਸ਼ੁਰੂ ਕੀਤੀ ਅਤੇ ਅਮਨ ਚੈਨ ਦੇ ਕਸੀਦੇ ਪੜ੍ਹੇ ਜਾਣ ਲੱਗੇ। ਕਥਿਤ ਗ੍ਰਿਫਤਾਰੀਆਂ ਦਾ ਇਕ ਸਿਲਸਲਾ ਸ਼ੁਰੂ ਹੋਇਆ ਪਰ ਅਸਲੀ ਕਾਤਲ ਅੱਜ ਵੀ ਬੇਖੌਫ ਘੁਮ ਰਹੇ ਹਨ। ਬੇਕਸੂਰਾਂ ਦੀ ਬਰਬਾਦੀ ਤੇ ਗ੍ਰਿਫਤਾਰੀਆਂ ਪੁਲਸ ਕਾਰਜ ਪ੍ਰਣਾਲੀ ਇਕ ਹੋਰ ਕਹਾਣੀ ਲਿਖ ਰਹੀ ਹੈ। ਇਥੇ ਰਹੇ ਬਾਹਰੀ ਵਿਅਕਤੀਆਂ ਦੇ ਕਾਰਨ ਖੌਫ ਜਦ ਆਮ ਲੋਕਾਂ ਅੰਦਰ ਦਹਿਸ਼ਤ ਹੋਰ ਵੀ ਵੱਧ ਗਈ ਹੈ। ਸ਼ਾਂਤੀ ਪਸੰਦ ਰਹੇ ਇਸ ਖੇਤਰ 'ਚ ਹੁਣ ਇਕ ਸੁਆਲ ਘੁੰਮ ਰਿਹਾ ਹੈ ਕਿ ਫਿਰਕੂ ਦੰਗਿਆਂ ਦਾ ਸ਼ੁਰੂ ਹੋਇਆ ਇਹ ਸਿਲਸਿਲਾ ਅੱਗੇ ਹੋਰ ਕੀ ਗੁਲ ਖਿਲਾਵੇਗਾ? ਦੰਗਿਆਂ ਦਾ ਕੇਂਦਰ ਬਣਿਆ ਰੁਦਰਪੁਰ ਹੋਵੇ ਜਾਂ ਫਿਰ ਪਿਛੇ ਜਿਹੇ ਹੀ ਸੁਪਰੀਮ ਕੋਰਟ ਦੇ ਬੁਲਾਰੇ ਪ੍ਰਸ਼ਾਂਤ ਭੂਸ਼ਣ 'ਤੇ ਹਮਲਾ, ਇਕ ਵਾਰ ਫਿਰ ਜਨਵਾਦੀ ਤਾਕਤਾਂ ਦੇ ਸਾਹਮਣੇ ਕੁਝ ਜੀਵੰਤ ਪ੍ਰਸ਼ਨ ਛੱਡ ਗਿਆ ਹੈ। ਸਭ ਤੋਂ ਵੱਡਾ ਸੁਆਲ ਇਹ ਹੈ ਕਿ ਇਹ ਕਿਹੜੇ ਕਾਰਣ ਹਨ ਜੋ ਸਮਾਜ ਦੇ ਵੱਖ-ਵੱਖ

ਤਬਕਿਆਂ ਦੀ ਜ਼ਿੰਦਗੀ ਨਾਲ ਜੁੜੇ ਡੂੰਘੇ ਸੰਕਟਾਂ ’ਤੇ ਸੋਚਣ ਤੋਂ ਰੋਕਦੇ ਹਨ ਅਤੇ ਜਨੂੰਨੀ ਹਵਾਵਾਂ ਪਲ ਭਰ ’ਚ ਮਨੁੱਖਤਾ ਵਿਰੋਧੀ ਕਾਰਨਾਮਿਆਂ ਤਕ ਨੂੰ ਅੰਜ਼ਾਮ ਦੇਣ ਲਈ ਧੱਕ ਦਿੰਦੀਆਂ ਹਨ? ਪ੍ਰਤੱਖ ਦੰਗਾਈ ਨਾ ਬਣਨ ਦੇ ਬਾਵਜੂਦ ਇਕ ਭਾਰੀ ਅਬਾਦੀ ਇਕ ਦੌਰ ਵਿਸ਼ੇਸ਼ ਵਿਚ ਹੀ ਸਹੀ ਫਿਰਕੂ ਫਾਂਸ਼ੀਵਾਦੀ ਸੋਚ ਨਾਲ ਗੁਮਰਾਹ ਹੋ ਜਾਂਦੀ ਹੈ? ਨਿਸਚੈ ਹੀ ਇਸ ਦਾ ਸਮਾਜਕ ਆਰਥਕ ਕਾਰਨ ਹੈ ਇਕ ਤਾਂ ਅੰਗ੍ਰੇਜ਼ਾਂ ਨੇ ਫਿਰਕਾਪ੍ਰਸਤੀ ਨੂੰ ਵਧਾਇਆ ਫੁਲਾਇਆ ਸੀ, ਦੂਜਾ ਅੱਜ ਸੰਸਾਰੀਕਰਨ ਦੇ ਇਸ ਦੌਰ ਵਿਚ ਸਮਾਜ ਦਾ ਦਬਿਆ ਕੁਚਲਿਆ ਤਬਕਾ ਅਕਸਰ ਅਸੁਰਖਿਅਤ ਹੁੰਦਾ ਜਾ ਰਿਹਾ ਹੈ। ਬੇਰੁਜ਼ਗਾਰੀ ਦੇ ਕਾਲੇ ਬਦਲ ਨੌਜਵਾਨਾਂ ਨੂੰ ਜਕੜਦੇ ਜਾ ਰਹੇ ਹਨ। ਕਿਸੇ ਸਮਾਜਕ ਅੰਦੋਲਨ ਦੀ ਘਾਟ ਕਰਕੇ ਨਿਰਾਸਤਾ ਵਧਦੀ ਜਾ ਰਹੀ ਹੈ। ਸਭ ਤੋਂ ਅਹਿਮ ਗੱਲ ਇਹ ਹੈ ਕਿ ਵਿਸ਼ਵੀ ਲੁਟੇਰਿਆਂ ਸ਼ਕਤੀਆਂ ਨੇ ਲੋਕਾਂ ਦੀ ਸੋਚ ਨੂੰ ਖੁੰਢਾ ਕਰਕੇ ਆਪਣੇ ਮੁਤਾਬਕ ਢਾਲਣ ਦਾ ਕੰਮ ਕੀਤਾ ਹੈ। ਹਥਿਆਰ ਵਜੋਂ ਉਸ ਨੇ ਮੀਡੀਆ ਤੇ ਪੂਰੀ ਸਿਖਿਆ ਪ੍ਰਣਾਲੀ ਨੂੰ ਅਜਮਾਇਆ ਹੈ। ਇਹ ਇਕ ਵੱਡਾ ਵਿਸ਼ਾ ਹੈ ਤੇ ਨਿਸਚੈ ਹੀ ਇਸ ’ਤੇ ਗਹਿਰਾਈ ਨਾਲ ਸੋਚਣਾ ਹੋਵੇਗਾ ਤਾਂ ਹੀ ਬੁਨਿਆਦੀ ਤਬਦੀਲੀ ਦੇ ਕਿਸੇ ਕਾਰਗਰ ਹਥਿਆਰ ਨੂੰ ਤਲਾਸ ਸਕਦੇ ਹਾਂ।

# ਭਾਰਤ 'ਚ ਮੁਸਲਮਾਨ ਦਾ ਹੈ ਕੋਈ ਬੇਲੀ?

## *ਭਰਤਪੁਰ ਕਤਲੇਆਮ ਦੀ ਮੁਢਲੀ ਰੀਪੋਟ ਇਹੋ ਸੁਆਲ ਕਰਦੀ ਹੈ*

ਗੋਪਾਲਗੜ੍ਹ ਲਈ ਜਾਣ ਤੋਂ ਪਹਿਲਾਂ ਇਸ ਹਤਿਆਕਾਂਡ ਨਾਲ ਜੁੜੀਆਂ ਜਾਣਕਾਰੀਆਂ ਸੀਮਤ ਸਨ। ਜੇ.ਐਨ.ਯੂ ਤੇ ਦਿੱਲੀ ਯੂਨੀਵਰਸਿਟੀ ਦੇ 11 ਵਿਦਿਆਰਥੀਆਂ ਦੀ ਇਕ ਤੱਥ ਖੋਜ ਕਮੇਟੀ ਨੇ ਭਰਤਪੁਰ ਜ਼ਿਲ੍ਹੇ 'ਚ ਹੋਏ ਗੋਪਾਲਗੜ੍ਹ ਹੱਤਿਆਕਾਂਡ ਦੇ ਕਾਰਨਾਂ ਤੇ ਘਟਨਾਕ੍ਰਮ ਤੇ ਇਕ ਰੀਪੋਟ ਜਾਰੀ ਕੀਤੀ ਹੈ। ਇਸ ਕਤਲੇਆਮ ਦੀਆਂ ਖ਼ਬਰਾਂ ਨੂੰ ਜਾਣ ਬੁਝ ਕੇ ਛੁਪਾਇਆ ਜਾ ਰਿਹਾ ਹੈ। ਅਖ਼ਬਾਰਾਂ ਨੇ ਖ਼ਬਰਾਂ ਨੂੰ ਸਰਕਾਰ ਤੇ ਪੁਲਸ ਦੇ ਨਜ਼ਰੀਏ ਤੋਂ ਪੇਸ਼ ਕੀਤਾ। ਇਕ ਅਗ੍ਰੇਜੀ ਅਖ਼ਬਾਰ ਨੇ ਕੁਝ ਖ਼ਬਰਾਂ ਛਾਪ ਕੇ ਪੀੜਤ ਮੁਸਲਿਮ ਫਿਰਕੇ ਦਾ ਪੱਖ ਜਾਨਣ ਦੀ ਕੋਸ਼ਿਸ਼ ਕੀਤੀ ਗਈ ਸੀ ਅਤੇ ਇਸ ਹੱਤਿਆ ਕਾਂਡ ਪਿਛੇ ਅਸਲੀ ਤਾਕਤਾਂ ਦੇ ਸੰਕੇਤ ਦਿਤੇ ਗਏ ਸਨ। ਇਹ ਸੰਕੇਤ ਤਦ ਨਾਵਾਂ ਅਤੇ ਚਿਹਰਿਆਂ 'ਚ ਬਦਲ ਗਏ ਜਦ ਭਰਤਪੁਰ ਜ਼ਿਲ੍ਹੇ ਦੇ ਤੱਥ ਆਏ। ਜ਼ਿਲ੍ਹੇ ਦੇ ਪਾਪਰਾ, ਜੋਤਰੂ ਹੱਲਾ (ਅੰਧਵਾੜੀ), ਠੇਕਰੀ, ਹੂਜਰਾ, ਪਿਪਰੌਲੀ ਆਦਿ ਪਿੰਡਾਂ ਅਤੇ ਗੋਪਾਲਗੜ੍ਹ ਕਸਬੇ ਦੇ ਪੀੜਤ ਮੁਸਲਿਮ ਭਾਈਚਾਰੇ ਦੇ ਲੋਕਾਂ ਨੇ ਜੋ ਕਹਾਣੀਆਂ ਦੱਸੀਆਂ ਉਹ ਇਕ ਵਾਰ ਫਿਰ ਭਾਰਤੀ ਰਾਜ ਦੇ ਫ਼ਾਂਸੀਵਾਦੀ ਕਿਰਦਾਰ ਨੂੰ ਸਾਹਮਣੇ ਲਿਆਉਂਦੀਆਂ ਹਨ ਅਤੇ ਰਾਜ ਦੇ ਨਾਲ ਗੁਰਜਰ ਤਬਕੇ ਦੀਆਂ ਜਾਗੀਰੂ ਤਾਕਤਾਂ ਤੇ ਆਰ.ਐਸ.ਐਸ ਵਿਸ਼ਵ ਹਿੰਦੂ ਪ੍ਰੀਸ਼ਦ ਤੇ ਬਜਰੰਗ ਦਲ ਦੇ ਤਾਲਮੇਲ ਨੂੰ ਸਾਬਤ ਕਰਦੀਆਂ ਹਨ।

ਘਟਨਾਕ੍ਰਮ ਦੀ ਸ਼ੁਰੂਆਤ 13 ਸਤੰਬਰ ਤੋਂ ਹੋਈ। ਗੋਪਾਲਗੜ੍ਹ ਕਸਬੇ 'ਚ ਕਰੀਬ 15 ਘਰ ਮੁਸਲਿਮ ਪ੍ਰੀਵਾਰਾਂ ਦੇ ਹਨ ਜਿਹਨਾਂ 'ਚੋਂ ਬਹੁਤ ਮੇਵ ਹਨ। ਇਸ ਫਿਰਕੇ ਦੀ ਲਗਭਗ ਸਾਢੇ ਗਿਆਰਾਂ ਵਿਘੇ ਜ਼ਮੀਨ ਦੇ ਇਕ ਟੁਕੜੇ 'ਤੇ ਆਪਸ 'ਚ ਲੱਗੀ ਹੋਈ ਇਕ ਮਸਜਿਦ ਹੈ, ਈਦਗਾਹ ਹੈ ਅਤੇ ਕਬਰਿਸਤਾਨ ਦੀ ਜ਼ਮੀਨ ਹੈ। ਮਸਜਿਦ ਤੇ ਈਦਗਾਹ ਦੀ ਪੱਕੀ ਉਸਾਰੀ ਹੈ। ਜਦਕਿ ਕਬਰਸਤਾਨ ਦੀ ਜ਼ਮੀਨ 'ਤੇ ਫ਼ਿਲਹਾਲ ਕੋਈ ਉਸਾਰੀ ਨਹੀਂ ਹੈ। 1928 ਤੋਂ ਇਹ ਵਕਫ਼ ਬੋਰਡ ਦੀ ਜਾਇਦਾਦ ਹੈ ਅਤੇ ਘਟੋ-ਘੱਟ 40 ਸਾਲ ਪਹਿਲਾਂ ਇਸ ਜ਼ਮੀਨ ਦੇ ਇਕ ਟੁਕੜੇ ਨੂੰ ਕਬਰਸਤਾਨ ਐਲਾਨਿਆ ਗਿਆ ਸੀ ਪਰ ਇਸ ਜ਼ਮੀਨ 'ਤੇ ਸਥਾਨਕ ਗੁਜਰ ਫਿਰਕੇ ਦੇ ਇਕ ਮੈਂਬਰ ਤੇ ਗੋਪਾਲਗੜ੍ਹ ਦੇ ਸਰਪੰਚ ਨੇ ਵਾਰ-ਵਾਰ ਗੈਰ ਕਾਨੂੰਨੀ ਤੌਰ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਮੇਵ ਮੁਸਲਮਾਨਾਂ ਵਲੋਂ ਇਹ ਮਾਮਲਾ ਦੋ ਵਾਰ ਸਥਾਨਕ ਐਸ.ਡੀ.ਐਮ ਅਦਾਲਤ 'ਚ ਲਿਜਾਇਆ ਗਿਆ। ਜਿਥੋਂ ਦੋਨੋਂ ਵਾਰੀ ਫੈਸਲਾ ਮੁਸਲਿਮ ਫਿਰਕੇ ਦੇ ਪੱਖ 'ਚ ਆਇਆ ਹੈ। 12 ਸਤੰਬਰ ਨੂੰ ਐਸ.ਡੀ.ਐਮ ਅਦਾਲਤ ਨੇ ਸਰਪੰਚ ਨੂੰ ਇਹ ਜ਼ਮੀਨ ਖਾਲੀ ਕਰਨ ਦਾ ਨੋਟਿਸ ਦਿੱਤਾ ਸੀ। ਜਿਸ ਪਿਛੋਂ ਮਸਜਿਦ ਦੇ ਇਮਾਮ ਹਾਫ਼ਿਜ਼ ਅਬਦੁਲ ਰਸ਼ੀਦ ਤੇ ਮਸਜਿਦ ਕਮੇਟੀ ਦੇ ਦੋ ਹੋਰ ਮੈਂਬਰ ਸਰਪੰਚ ਕੋਲ ਇਸ ਜ਼ਮੀਨ ਨੂੰ ਖਾਲੀ ਕਰਨ ਲਈ ਕਹਿਣ ਗਏ ਇਸ 'ਤੇ ਸਰਪੰਚ ਤੇ ਦੂਜੇ ਸਥਾਨਕ ਗੁਜਰਾਂ ਨੇ ਮਿਲ ਕੇ ਤਿੰਨਾਂ ਨੂੰ ਬੁਰੀ ਤਰ੍ਹਾਂ ਕੁਟਿਆ। ਇਮਾਮ ਅਤੇ ਕਮੇਟੀ 'ਤੇ ਹਮਲੇ ਦੀ ਇਸ ਖ਼ਬਰ ਨਾਲ ਮੁਸਲਿਮ ਫਿਰਕੇ 'ਚ ਰੋਹ ਤੇ ਗੁੱਸੇ ਦੀ ਲਹਿਰ ਦੌੜ ਗਈ। ਉਸ

ਰਾਤ ਜਦ ਮੇਵ ਮੁਸਲਿਮ ਇਸ ਝਗੜੇ ਨੂੰ ਅਗਲੇ ਦਿਨ ਦੀ ਪੰਚਾਇਤ ’ਚ ਗੱਲਬਾਤ ਰਾਹੀਂ ਸੁਲਝਾਉਣ ਦੀਆਂ ਤਿਆਰੀਆਂ ਕਰ ਰਹੇ ਸਨ, ਉਸ ਰਾਤ ਗੋਪਾਲਗੜ੍ਹ ’ਚ ਭਰਤਪੁਰ ਤੋਂ ਘੱਟੋਂ-ਘੱਟ ਦੋ ਸੌ ਆਰ.ਐਸ.ਐਸ ਵਿਸ਼ਵ ਹਿੰਦੂ ਪ੍ਰੀਸ਼ਦ ਤੇ ਬਜਰੰਗ ਦਲ ਦੇ ਕਾਰਕੁੰਨ ਗੁਜਰਾਂ ਦੇ ਜਮ੍ਹਾ ਹੋ ਰਹੇ ਸਨ। ਉਹਨਾਂ ਨੇ ਆਸ-ਪਾਸ ਦੇ ਅਨੇਕਾਂ ਪਿੰਡਾਂ ਤੋਂ ਗੁੱਜਰਾਂ ਨੂੰ ਅਗਲੇ ਦਿਨ ਗੋਪਾਲਗੜ੍ਹ ਆਉਣ ਦੇ ਹੁਕਮ ਦਿੱਤੇ। ਅਗਲੇ ਦਿਨ 14 ਸਤੰਬਰ ਨੂੰ ਜਦ ਇਸ ਮਾਮਲੇ ਨੂੰ ਨਬੇੜਨ ਲਈ ਸਥਾਨਕ ਥਾਣੇ ’ਚ ਦੋ ਵਿਧਾਇਕ ਤੇ ਦੋਨੋਂ ਫਿਰਕਿਆਂ ਦੇ ਲੋਕਾਂ ਜਮ੍ਹਾਂ ਹੋਏ ਤਾਂ ਕੇਰਵਾ, ਭੈਂਸੋੜਾ, ਬੁਰਾਨਾ, ਬੁਰਾਨੀ, ਪਹਾੜੀ, ਪਾਂਡੇ ਦਾ ਬਿਆਨਾ, ਬਰਖੇੜਾ, ਬੌਂਡੋਲੀ ਅਤੇ ਨਾਵਦਾ ਦੇ ਗੁੱਜਰ ਆਰ.ਐਸ.ਐਸ, ਕਾਰਕੁੰਨਾਂ ਦੀ ਅਗਵਾਈ ’ਚ ਗੋਪਾਲਗੜ੍ਹ ਨੂੰ ਇਕ ਤਰ੍ਹਾਂ ਨਾਲ ਆਪਣੇ ਕਬਜ਼ੇ ’ਚ ਕਰ ਚੁੱਕੇ ਸਨ, ਉਹਨਾਂ ਨੇ ਸੜਕਾਂ ’ਤੇ ਪਹਿਰੇ ਲਾ ਦਿੱਤੇ ਸਨ ਅਤੇ ਲੋਕਾਂ ਦਾ ਕਸਬੇ ’ਚ ਆਉਣਾ-ਜਾਣਾ ਰੋਕਣ ਲੱਗੇ ਸਨ। ਉਧਰ ਬੈਠਕ ’ਚ ਦੋਨੋਂ ਫਿਰਕਿਆਂ ਦੇ ਜਿਹਨਾਂ ਦੇ ਉਪਰ ਫੈਸਲਾ ਲੈਣ ਦੀ ਜਿੰਮੇਵਾਰੀ ਦਿੱਤੀ ਗਈ ਸੀ, ਉਹਨਾਂ ਨੇ ਫੈਸਲਾ ਕੀਤਾ ਕਿ ਜ਼ਮੀਨ ’ਤੇ ਉਸੇ ਫਿਰਕੇ ਦਾ ਅਧਿਕਾਰ ਹੈ, ਜਿਸ ਦਾ ਨਾਂ ਰਿਕਾਰਡ ’ਚ ਇਹ ਜ਼ਮੀਨ ਦਰਜ ਹੈ। ਇਸ ’ਤੇ ਸਹਿਮਤੀ ਬਣਦੀ ਦਿਸੀ ਕਿ ਕਬਰਸਤਾਨ ਦੀ ਜ਼ਮੀਨ ’ਤੇ ਕਬਜ਼ੇ ਲਈ ਦੋਸ਼ੀ ਵਿਅਕਤੀ ਮੇਵਾ ਤੋਂ ਮੁਆਫ਼ੀ ਮੰਗਣ।

ਪਰ ਇਥੇ ਕੁਝ ਗੁਜਰਾਂ ਤੇ ਆਰ.ਐਸ.ਐਸ ਦੇ ਲੋਕਾਂ ਨੇ ਇਸ ਫੈਸਲੇ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ। ਉਹਨਾਂ ਨੇ ਥਾਣੇ ਦੀਆਂ ਕੁਰਸੀਆਂ ਤੇ ਦੂਜੇ ਸਮਾਨ ਦੀ ਤੋੜ ਭੰਨ ਸ਼ੁਰੂ ਕਰ ਦਿੱਤੀ। ਮੀਟਿੰਗ ’ਚ ਮੌਜੂਦ ਅਨੇਕਾਂ ਚਸ਼ਮਦੀਦ ਗਵਾਹਾਂ ਨੇ ਦਸਿਆ ਕਿ ਆਰ.ਐਸ.ਐਸ ਦੇ ਲੋਕਾਂ ਤੇ ਗੁਜਰਾਂ ਨੇ ਮੀਟਿੰਗ ’ਚ ਮੌਜੂਦ ਭਰਤਪੁਰ ਦੇ ਡੀ.ਐਮ ਅਤੇ ਐਸ.ਪੀ ਦੇ ਨਾਲ ਧੱਕਾ ਮੁੱਕੀ ਕੀਤੀ ਅਤੇ ਕਾਲਰ ਫੜ੍ਹ ਕੇ ਪੁਲਸ ਨੂੰ ਮੁਸਲਮਾਨਾਂ ਉਤੇ ਫਾਇਰਿੰਗ ਦੇ ਹੁਕਮ ਜਾਰੀ ਕਰਵਾਏ। ਮੀਟਿੰਗ ਆਖਰੀ ਦੌਰ ਵਿਚ ਸੀ। ਜਦ ਪੂਰੇ ਗੋਪਾਲਗੜ੍ਹ ਕਸਬੇ ’ਚ ਫੈਲੇ ਆਰ.ਐਸ.ਐਸ, ਵਿਰਧ, ਬਜਰੰਗ ਦਲ ਤੇ ਗੁਜਰ ਫਿਰਕੇ ਦੇ ਹਥਿਆਰਬੰਦ ਲੋਕ ਮੁਸਲਿਮ ਮੁਹੱਲੇ ’ਤੇ ਹਮਲਾ ਕਰ ਰਹੇ ਸਨ। ਚੁਣ-ਚੁਣ ਕੇ ਮੁਸਲਮਾਨਾਂ ਦੀਆਂ ਦੁਕਾਨਾਂ ਨੂੰ ਲੁਟ ਕੇ ਅੱਗ ਲਾ ਰਹੇ ਸਨ। ਉਹਨਾਂ ਦੇ ਘਰਾਂ ਦੇ ਤਾਲੇ ਤੋੜ ਕੇ ਸਮਾਨ ਲੁਟ ਲਿਆ ਗਿਆ। ਇਸ ਵਕਤ ਸਾਰੇ ਮਰਦ ਜਾਂ ਤਾਂ ਥਾਣੇ ’ਚ ਚਲ ਰਹੀ ਮੀਟਿੰਗ ’ਚ ਸਨ ਜਾਂ ਮਸਜਿਦ ਵਿਚ ਇਸ ਲਈ ਔਰਤਾਂ ਅੰਦਰ ਦੇ ਘਰਾਂ ’ਚ ਇਕ ਥਾਂ ਜਮ੍ਹਾਂ ਹੋ ਗਈਆਂ ਸਨ। ਇਸ ਘਰ ਨਾਲ ਲਗਦੀ ਛੱਤ ’ਤੇ ਚੜ੍ਹ ਕੇ ਹਮਲਾਵਰਾਂ ਨੇ ਔਰਤਾਂ ਉਪਰ ਭਾਰੀ ਪਥਰਾ ਕੀਤਾ। ਇਸ ਘਰ ’ਚ 11 ਦਿਨ ਪਿਛੋਂ ਵੀ ਖਿੰਡੇ ਹੋਏ ਪੱਥਰ ਪਏ ਸਨ ਅਤੇ ਪਥਰਾ ਦੇ ਨਿਸ਼ਾਨ ਮੌਜੂਦ ਸਨ। ਹਮਲਾਵਰ ਭੀੜ ਇਕ-ਇਕ ਕਰਕੇ ਮੁਸਲਿਮ ਘਰਾਂ ਤੋਂ ਸਮਾਨ ਲੁਟਦੀ ਰਹੀ ਅਤੇ ਉਹਨਾਂ ਦੀ ਜਾਇਦਾਦ ਬਰਬਾਦ ਕਰਦੀ ਰਹੀ। ਇਹ ਲੁਟ ਅਜੇ ਤਿੰਨ ਦਿਨ ਤਕ ਚਲਣ ਵਾਲੀ ਸੀ ਅਤੇ ਇਸ ’ਚ ਇਮਾਮ ਅਬਦੁਲ ਰਸ਼ੀਦ, ਅਲੀਸ਼ੇਰ, ਅਲੀ ਹੁਸੈਮ, ਡਾ. ਖੁਰਸ਼ਿਦ, ਨੂਰ ਮੁਹੰਮਦ, ਇਸਹਾਕ ਅਤੇ ਉਮੀ ਸਮੇਤ ਸਾਰੇ ਮੁਸਲਿਮ ਘਰਾਂ ਨੂੰ ਤਬਾਹ ਕਰ ਦਿੱਤਾ ਜਾਣ ਵਾਲਾ ਸੀ। ਦੁਪਹਿਰ ਢਲ ਰਹੀ ਸੀ ਅਤੇ ਅਸਰ ਦੀ ਨਮਾਜ ਦਾ ਵਕਤ ਹੋ ਰਿਹਾ ਸੀ। ਆਸ-ਪਾਸ ਦੇ ਪਿੰਡਾਂ ਦੇ ਲੋਕ ਗੋਪਾਲਗੜ੍ਹ ’ਚ

ਸਮਾਨ ਖਰੀਦਣ ਲਈ ਆਉਂਦੇ ਸਨ। ਨਮਾਜ਼ ਦਾ ਵਕਤ ਹੁੰਦਿਆ ਹੀ ਸਥਾਨਕ ਮੁਸਲਿਮ ਬਸਿੰਦੇ ਅਤੇ ਖਰੀਦਦਾਰੀ ਕਰਨ ਆਏ ਲੋਕ ਮਸਜਿਦ 'ਚ ਜਮ੍ਹਾ ਹੋਏ। ਪਿਛਲੇ ਦੋ ਦਿਨਾਂ ਦੀਆਂ ਘਟਨਾਵਾਂ ਦੀ ਵਜ੍ਹਾਂ ਕਰਕੇ ਮਸਜਿਦ 'ਚ ਭੀੜ ਥੋੜੀ ਵੱਧ ਸੀ। ਪਿਪਰੌਲੀ ਪਿੰਡ ਦੇ ਇਲਆਸ ਇਸ ਦੀ ਇਕ ਹੋਰ ਵਜ੍ਹਾ ਦਸਦੇ ਹਨ। ਉਹਨਾਂ ਮੁਤਾਬਕ ਕਸਬੇ 'ਚ ਤਦ ਇਹ ਖ਼ਬਰ ਵੀ ਸੀ ਕਿ ਗੁਜਰ ਤੇ ਆਰ.ਐਸ.ਐਸ ਵਿਹਿਪ, ਬਜਰੰਗ ਦਲ ਦੇ ਲੋਕ ਪੁਲਸ ਨਾਲ ਮਿਲ ਕੇ ਮਸਜਿਦ ਤੋੜਨ ਆਉਣ ਵਾਲੇ ਸਨ। ਮਸਜਿਦ 'ਚ ਉਸ ਵਕਤ ਘਟੋ-ਘੱਟ 500 ਲੋਕ ਹਾਜ਼ਰ ਸਨ। ਜੋਤਰੂ ਹੱਲ ਦੇ 35 ਸਾਲਾ ਸਪਾਤ ਖਾਨ ਉਹਨਾਂ 'ਚੋਂ ਇਕ ਸੀ। ਉਹਨਾਂ ਨੂੰ ਯਾਦ ਹੈ ਕਿ ਉਹਨਾਂ ਨੇ ਨਮਾਜ ਪੜਨੀ ਸ਼ੁਰੂ ਕੀਤੀ ਹੀ ਸੀ ਕਿ ਮਸਜਿਦ 'ਚ ਫਾਇਰਿੰਗ ਸ਼ੁਰੂ ਹੋਈ। ਪੁਲਸ ਦੀ ਦੰਗਾ ਕੰਟਰੋਲ ਗੱਡੀ ਮਸਜਿਦ ਦੇ ਠੀਕ ਸਾਹਮਣੇ ਖੜੀ ਹੋਈ ਤੇ ਉਸ ਨੇ ਹੀ ਮਸਜਿਦ 'ਤੇ ਫਾਇਰਿੰਗ ਸ਼ੁਰੂ ਕੀਤੀ।

ਮਸਜਿਦ 'ਚੋਂ ਬਾਹਰ ਨਿਕਲਣ ਦੇ ਦੋਨੋ ਦਰਵਾਜਿਆਂ ਤੇ ਗੁਜਰ ਤੇ ਆਰ.ਐਸ.ਐਸ ਦੇ ਲੋਕ ਹਥਿਆਰ ਲੈ ਕੇ ਖੜ੍ਹੇ ਹੋਏ ਸਨ। ਇਸ ਲਈ ਮਸਜਿਦ 'ਚ ਘਿਰੇ ਲੋਕ ਪਿਛਲੇ ਪਾਸਿਉਂ ਇਕ ਪਤਲੀ ਕੰਧ ਤੋੜ ਕੇ ਭੱਜਣ ਲੱਗੇ। ਸਪਾਤ ਖਾਨ ਨੂੰ ਭਜਦੇ ਸਮੇਂ ਪੈਰ 'ਚ ਗੋਲੀ ਲੱਗੀ ਅਤੇ ਉਹ ਡਿੱਗ ਪਏ। ਉਹਨਾਂ ਨੇ ਕਰੀਬ ਦਸ ਲੋਕਾਂ ਨੂੰ ਗੋਲੀਆਂ ਨਾਲ ਜ਼ਖਮੀ ਹੋ ਕੇ ਦਮ ਤੋੜਦੇ ਦੇਖਿਆ। ਫ਼ਰਸ਼ 'ਤੇ ਪਏ ਹੋਏ ਉਹਨਾਂ ਦੇਖਿਆ ਕਿ ਗੁਜਰ ਤੇ ਆਰ.ਐਸ.ਐਸ ਦੇ ਲੋਕ ਪੁਲਸ ਦੀਆਂ ਗੋਲੀਆਂ ਨਾਲ ਜ਼ਖਮੀ ਲੋਕਾਂ ਦੇ ਪੇਟ 'ਚ ਸੋਟੀਆਂ ਤੇ ਬਰਛੇ ਮਾਰ ਰਹੇ ਸਨ ਤੇ ਉਹਨਾਂ ਦੀ ਜਾਨ ਕੱਢ ਰਹੇ ਸਨ। ਗੋਲੀ ਚਲਣੀ ਬੰਦ ਹੋਣ ਪਿਛੋਂ ਜਦ ਦਰਜਨਾਂ ਲੋਕ ਮਸਜਿਦ ਦੀ ਫ਼ਰਸ਼ 'ਤੇ ਜ਼ਖਮੀ ਹੋਏ ਤੇ ਮਰੇ ਪਏ ਸਨ ਤਾਂ ਉਹਨਾਂ ਦੇ ਸਰੀਰ ਤੋਂ ਗੋਲੀਆਂ ਦੇ ਨਿਸ਼ਾਨ ਹਟਾਉਣ ਲਈ ਉਹਨਾਂ ਦੇ ਹੱਥ ਪੈਰ ਕੱਟੇ ਗਏ। ਜ਼ਖਮੀਆਂ ਨੂੰ ਅਤੇ ਲਾਸ਼ਾਂ ਨੂੰ ਗੁਜਰ ਤੇ ਆਰ.ਐਸ.ਐਸ ਦੇ ਲੋਕ ਪੁਲਸ ਦੀ ਗੱਡੀ 'ਚ ਲੱਦ ਰਹੇ ਸਨ। ਸਪਾਤ ਖਾਨ ਵੀ ਉਹਨਾਂ 'ਚੋਂ ਇਕ ਸੀ। ਗੱਡੀ 'ਚ ਲੱਦੇ ਜਾਣ ਪਿਛੋਂ ਉਹ ਬੇਹੋਸ਼ ਹੋ ਗਏ, ਪੰਜਵੇਂ ਦਿਨ ਜਦ ਉਹਨਾਂ ਨੂੰ ਹੋਸ਼ ਆਇਆ ਤਾਂ ਉਹਨਾਂ ਨੇ ਖੁਦ ਨੂੰ ਭਰਤਪੁਰ ਹੋਸਟਲ 'ਚ ਪਾਇਆ। ਉਹ ਜਿੰਦਾ ਸਾੜੇ ਜਾਣ ਤੋਂ ਤਾਂ ਬਚ ਗਏ। ਪਰ ਪਪਰੌਲੀ ਦੇ ਸਬੀਰ, ਲਿਵਸਨੇ ਦੇ ਇਸਮਾਇਲ, ਪਿਲਸੂ ਦੇ ਹਮੀਦ, ਠੇਕਰੀ ਦੇ ਉਮਰ, ਖਟਕਰਾ ਦੇ ਕਾਲੂ ਖਾਂ, ਜੇਤਰੂ ਹੱਲਾ ਦੇ ਈਸਾ ਖਾਂ ਖੁਸਕਿਸਮਤ ਨਹੀਂ ਸਨ। ਉਹਨਾਂ 'ਚੋਂ ਕਈਆਂ ਨੂੰ ਤੇਲ ਛਿੜਕ ਕੇ ਸਾੜਿਆ ਗਿਆ। ਇਹ ਸਾਰੇ ਲੋਕ ਪਿਛੇ ਸਵਾਈ ਮਾਨ ਸਿੰਘ ਹਸਪਤਾਲ 'ਚ ਭਰਤੀ ਰਹੇ। ਪਰ ਮਸਜਿਦ 'ਚ ਜ਼ਖਮੀ ਹੋਏ ਤੇ ਮਾਰੇ ਗਏ ਅਨੇਕਾਂ ਲੋਕਾਂ ਨੂੰ ਸਾੜ ਦਿੱਤਾ ਗਿਆ ਪਰ ਮਸਜਿਦ ਦੀਆਂ ਪੌੜੀਆਂ ਤੋਂ ਸਿਰਫ ਦਸ ਕਦਮ ਦੂਰ ਸਰੋਂ ਦੀਆਂ ਸੁਕੀਆਂ ਲਕੜਾਂ 'ਤੇ ਰੱਖ ਕੇ ਸਾੜਿਆ ਗਿਆ। ਉਥੇ ਅੱਧਜਲੀਆਂ ਹੱਡੀਆਂ ਜੁਤੇ ਤੇ ਕਪੜਿਆਂ ਦੇ ਟੋਟੇ ਪਏ ਸਨ। ਉਥੋਂ ਇਕ ਡੇਢ ਕਿਲੋਮੀਟਰ ਦੂਰ ਜੰਗਲ 'ਚ ਵੀ ਅੱਧ ਜਲੀਆਂ ਹੱਡੀਆਂ ਮਿਲੀਆਂ ਹਨ। ਮਸਜਿਦ ਨਾਲ ਲਗਦੀ ਈਦਗਾਹ 'ਚ ਇਕ ਖੂਹ ਹੈ, ਜਿਸ ਵਿਚੋਂ ਘਟਨਾ ਤੋਂ ਤਿੰਨ ਦਿਨਾ ਪਿਛੋਂ ਅੱਧ ਜਲੀਆਂ ਲਾਸ਼ਾਂ ਮਿਲੀਆਂ ਸਨ। ਖੂਹ ਦੇ ਪੱਥਰ 'ਤੇ ਅੱਧ ਜਲੀਆਂ ਲਾਸ਼ਾਂ ਨੂੰ ਘੜੀਸਣ ਦੇ ਨਿਸ਼ਾਨ ਬਾਰਸ਼ ਅਤੇ 11 ਦਿਨ ਲੰਘ ਜਾਣ ਦੇ ਬਾਵਜੂਦ ਜਿਉਂ ਦੇ ਤਿਉਂ ਹਨ।

ਈਦਗਾਹ 'ਚ ਲਾਸ਼ ਸਾੜਣ ਲਈ ਲਿਆਂਦੇ ਗਏ ਡੀਜ਼ਲ ਨਾਲ ਭਰਿਆ ਇਕ ਟੀਨ ਰਖਿਆ ਹੋਇਆ ਮਿਲਿਆ। ਆਸ-ਪਾਸ ਦੇ ਇਲਾਕੇ 'ਚ ਪੁਲਸ ਨੇ ਕਿਸੇ ਨੂੰ ਜਾਣ ਦੀ ਇਜਾਜਤ ਦਿਤੀ ਹੀ ਨਹੀਂ ਪਰ ਬਾਹਰੋਂ ਵੀ ਸਾਫ ਨਜ਼ਰ ਆਇਆ ਕਿ ਮਸਜਿਦ 'ਚ ਕਿੰਨੀ ਤਬਾਹੀ ਹੋਈ ਹੈ। ਸਾਰੀਆਂ ਚੀਜ਼ਾਂ ਟੁਟੀਆਂ ਹੋਈਆਂ ਹਨ ਤੇ ਏਧਰ ਉਧਰ ਖਿੰਡੀਆਂ ਪਈਆਂ ਹਨ। ਖ਼ੂਨ ਦੇ ਨਿਸ਼ਾਨਾ ਨੂੰ ਮਿਟਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ। ਕੰਧ 'ਤੇ ਲਗਭਗ 50 ਨਿਸ਼ਾਨ ਮੌਜੂਦ ਹਨ ਜਿਹਨਾਂ ਨੂੰ ਸੀਮਿੰਟ ਨਾਲ ਭਰਿਆ ਗਿਆ ਹੈ। ਜਾਹਿਰ ਹੈ ਕਿ ਇਹ ਕੰਮ ਪੁਲਸ ਦੀ ਮਰਜੀ ਨਾਲ ਕਿਸੇ ਆਦਮੀ ਨੇ ਕੀਤਾ। ਗੌਰ ਕਰਨ ਵਾਲੀ ਗੱਲ ਇਹ ਵੀ ਹੈ ਕਿ ਘਟਨਾ ਪਿਛੋਂ ਮਸਜਿਦ 'ਚ ਮੁਸਲਮਾਨਾਂ ਨੂੰ ਵੜਣ ਨਹੀਂ ਦਿੱਤਾ ਗਿਆ। ਜਿਹਨਾਂ ਪੂਰੀ ਘਟਨਾਂ ਅੱਖੀ ਦੇਖੀ ਤੇ ਮਾਰੇ ਜਾਣ ਤੋਂ ਬਚ ਗਏ, ਉਹਨਾਂ ਮੁਤਾਬਕ ਹਮਲੇ ਦੀ ਸਾਰੀ ਹੀ ਕਾਰਵਾਈ ਇਨੀ ਵਿਉਂਤਬੱਧ ਸੀ ਕਿ ਇਸ ਤੋਂ ਸਾਬਤ ਹੁੰਦਾ ਹੈ ਕਿ ਇਸ ਦੀ ਸਕੀਮ ਪਹਿਲਾਂ ਤੋਂ ਘੜੀ ਹੋਈ ਸੀ।

ਗੁਜਰਾਂ ਤੇ ਆਰ.ਐਸ.ਐਸ ਦੀ ਹਤਿਆਰੀ ਭੀੜ ਦੀ ਅਗਵਾਈ ਗੋਪਾਲਗੜ੍ਹ ਦੇ ਆਰ.ਐਸ.ਐਸ ਦੇ ਨੇਤਾ ਕੇਸ਼ਕਸ਼ ਤਿਰੀ ਮਾਸਟਰ, ਜਵਾਹਰ ਸਿੰਘ (ਬੇਡਮ) ਤੇ ਭੋਲਾ ਗੁਜਰ (ਪਹਾੜੀ) ਕਰਦੇ ਦੱਸੇ ਗਏ। ਇਸ 'ਚ ਆਰ.ਐਸ.ਐਸ ਵਲੋਂ ਚਲਾਇਆ ਜਾਂਦਾ ਇਕ ਆਦਰਸ਼ ਕਾਲਜ ਦੇ ਅਧਿਆਪਕ ਵੀ ਲੁਟੇਰਿਆਂ ਨਾਲ ਸ਼ਾਮਲ ਸਨ। ਜਿਹਨਾਂ ਦੀ ਪਹਿਚਾਣ ਉਸੇ ਕਾਲਜ 'ਚ ਪੜ੍ਹਦੇ ਇਕ ਮੁਸਲਿਮ ਵਿਦਿਆਰਥੀ ਨੇ ਕੀਤੀ। ਛੇਵੀਂ ਜਮਾਤ 'ਚ ਪੜ੍ਹਦੇ ਸਖਾਵਤ ਦਾ ਨਵਾਂ ਸਾਈਕਲ ਇਸ ਭੀੜ ਨੇ ਖੋਹ ਲਿਆ। ਉਹ ਇਸ ਅਧਿਆਪਕ ਨੂੰ ਗੁਰੂ ਜੀ ਦੇ ਨਾਂ ਨਾਲ ਜਾਣਦਾ ਹੈ। ਘਟਨਾ ਪਿੱਛੋਂ ਗੋਪਾਲਗੜ੍ਹ ਦੇ ਮੁਸਲਿਮ ਪ੍ਰੀਵਾਰ ਘਰ ਛੱਡ ਕੇ ਆਪਣੇ ਰਿਸ਼ਤੇਦਾਰਾਂ ਦੇ ਰਹਿ ਰਹੇ ਹਨ। ਬਹੁਤੇ ਘਰਾਂ 'ਚ ਕੋਈ ਨਹੀਂ ਹੈ। ਕਈਆਂ ਦੇ ਤਾਲੇ ਲੱਗੇ ਹਨ ਪਰ ਬਾਕੀ ਘਰਾਂ ਦੇ ਦਰਵਾਜੇ ਤੇ ਕੁੰਡੀਆਂ ਗੁਜਰ ਸੰਘੀ ਲੁਟੇਰਿਆਂ ਨੇ ਪੁੱਟ ਲਈਆਂ ਹਨ। ਕਰਫਿਊ ਤਾਂ ਹੈ ਪਰ ਇਹ ਸਿਰਫ ਮੁਸਲਮਾਨਾਂ 'ਤੇ ਹੀ ਲਾਗੂ ਹੈ, ਜਦ ਕਿ ਗੁਜਰ ਤੇ ਆਰ.ਐਸ.ਐਸ ਦੇ ਲੋਕ ਖੁੱਲੇਆਮ ਕਸਬੇ 'ਚ ਘੁੰਮਦੇ ਹਨ। ਲੋਕਾਂ ਵਲੋਂ ਆਮ ਹੀ ਇਹ ਸੁਆਲ ਪੁਛਿਆ ਜਾਂਦਾ ਹੈ ਕਿ 'ਹਿੰਦੁਸਤਾਨ 'ਚ ਹਿੰਦੂਆਂ ਦਾ ਤਾਂ ਰਾਜ ਹੈ ਪਰ ਮੁਸਲਮਾਨ ਦਾ ਕੌਣ ਬੇਲੀ ਹੈ' ਸਰਕਾਰ ਅਨੁਸਾਰ ਇਸ ਘਟਨਾ 'ਚ ਸਿਰਫ 3 ਲੋਕ ਮਰੇ ਹਨ ਪਰ ਲੋਕਾਂ ਅਨੁਸਾਰ ਇਸ ਹਮਲੇ 'ਚ ਮਰਨ ਵਾਲਿਆਂ ਦੀ ਗਿਣਤੀ 20 ਹੈ ਤੇ ਇਹ ਸਾਰੇ ਮੁਸਲਮਾਨ ਹੀ ਹਨ ਜ਼ਖਮੀਆਂ ਦੀ ਗਿਣਤੀ ਵੀ ਏਨੀ ਹੀ ਹੈ ਤੇ ਇਹ ਸਾਰੇ ਵੀ ਮੁਸਲਿਮ ਹੀ ਹਨ। ਤਿੰਨ ਲੋਕ ਲਾਪਤਾ ਹਨ ਇਹਨਾਂ 'ਚੋਂ ਦੋ ਹਨ ਢੌਂਡ ਕਲਾਂ (ਫ਼ਿਰੋਜ਼ਪੁਰ ਝਿਰਕਾਂ) ਦੇ ਮੁਹੰਮਦ ਸੌਕੀਨ ਤੇ ਚੁਲੈਹਰਾ ਦੇ ਅਜੂ 1 ਏਨੇ ਵੱਡੇ ਕਤਲੇਆਮ ਨੂੰ ਦੋ ਫਿਰਕਿਆਂ ਦਾ ਝਗੜਾ ਕਹਿ ਕੇ ਸ਼ਰੇਆਮ ਅਸਲੀ ਅਪਰਾਧੀਆਂ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਲੋਕ ਪੁਛਦੇ ਹਨ ਕਿ ਜੇ ਇਹ ਦੰਗਾ ਸੀ ਤਾਂ ਗੁਜਰਾਂ ਤੇ ਪੁਲਸ ਦੀ ਤਰਫੋਂ ਕੋਈ ਵੀ ਜ਼ਖਮੀ ਕਿਉਂ ਨਹੀਂ ਹੋਇਆ? ਕਿਸੇ ਹਮਲਾਵਰ ਖਿਲਾਫ਼ ਐਫ.ਆਈ.ਆਰ ਦਰਜ ਕਿਉਂ ਨਹੀਂ ਹੋਈ। ਲੋਕ ਦਸਦੇ ਹਨ ਕਿ 600 ਮੁਸਲਮਾਨਾਂ ਖਿਲਾਫ਼ ਪੁਲਸ ਨੇ ਕੇਸ ਦਰਜ ਕਰ ਲਿਆ ਹੈ ਜਦਕਿ ਡੀ.ਐਮ ਤੇ ਐਸ.ਪੀ ਤਬਦੀਲ ਹੋ ਗਏ ਹਨ। ਲੋਕਾਂ ਦੀ ਮੰਗ ਹੈ ਕਿ ਫਾਇਰਿੰਗ ਕਰਨ ਵਾਲਿਆਂ 'ਤੇ ਪਰਚੇ ਦਰਜ ਹੋਣ। ਮੁਸਲਮਾਨਾਂ

’ਤੇ ਗੁਜਰਾਂ ਦਾ ਇਹ ਹਮਲਾ ਕੋਈ ਨਵੀਂ ਗੱਲ ਨਹੀਂ ਹੈ। ਛੋਟੇ-ਮੋਟੇ ਹਮਲੇ ਲਗਾਤਾਰ ਹੀ ਹੁੰਦੇ ਰਹਿੰਦੇ ਹਨ। ਇਥੇ ਖੇਤੀਬਾੜੀ ਹੀ ਰੋਟੀ ਰੋਜ਼ੀ ਦਾ ਮੁੱਖ ਸਾਧਨ ਹੈ। ਮੇਵ ਮੁਸਲਮਾਨਾਂ ਦੀ ਅਬਾਦੀ ਇਥੇ ਕਾਫੀ ਹੈ ਪਰ ਇਹਨਾਂ ’ਚੋਂ ਅੱਧਿਆਂ ਕੋਲ ਹੀ ਜ਼ਮੀਨ ਹੈ ਤੇ ਉਹ ਵੀ ਪ੍ਰਤੀ ਪ੍ਰੀਵਾਰ 2 ਜਾਂ ਤਿੰਨ ਵਿੱਘੇ। ਇਥੇ ਨਹਿਰੀ ਪਾਣੀ ਆਉਂਦਾ ਨਹੀਂ ਬਾਕੀ ਦੇ ਮੇਵ ਛੋਟੇ-ਮੋਟੇ ਧੰਦੇ ਕਰਦੇ ਹਨ। ਦੁਕਾਨਾਂ ਚਲਾਉਂਦੇ ਤੇ ਪਹਾੜਾਂ ਤੇ ਪੱਥਰ ਕਟਦੇ ਹਨ। ਗੁਜਰ ਇਥੇ ਰਵਾਇਤੀ ਜ਼ਮੀਨ ਦੇ ਮਾਲਕ ਰਹੇ ਹਨ। ਉਹਨਾਂ ਕੋਲ ਨਾ ਸਿਰਫ ਵੱਡੀਆਂ ਜੋਤਾਂ ਹਨ ਬਲਕਿ ਦੂਜੇ ਕਾਰੋਬਾਰਾਂ ’ਤੇ ਵੀ ਉਹਨਾਂ ਦਾ ਹੀ ਦਬਦਬਾ ਹੈ। ਖੇਤੀ, ਇਲਾਜ ਤੇ ਸ਼ਾਦੀ ਵਗੈਰਾ ਦੇ ਖਰਚਿਆਂ ਲਈ ਮੇਵ ਗੁਜਰਾਂ ਤੇ ਕਰਜੇ ਲੈਂਦੇ ਹਨ। ਜਿਹਨਾਂ ’ਤੇ ਭਾਰੀ ਵਿਆਜ ਦਿੰਦੇ ਹਨ। ਕਰਜ਼ਾ ਨਾ ਮੁੜੇ ਤਾਂ ਗੁਜਰ ਮੇਵ ਮੁਸਲਮਾਨ ਤੇ ਹਮਲੇ ਕਰਦੇ ਹਨ ਧਮਕਾਉਦੇ, ਗਾਲ੍ਹਾਂ ਕੱਢਦੇ ਤੇ ਮਾਰਦੇ ਕੁਟਦੇ ਹਨ। ਜ਼ਮੀਨ ਦਾ ਸੁਆਲ ਹੀ ਇਥੇ ਅਹਿਮ ਮੁੱਦਾ ਹੈ। ਗੋਪਾਲਗੜ੍ਹ ਤੋਂ ਪਹਿਲਾਂ ਵੀ ਕਾਨਪੁਰ, ਮੇਰਠ, ਮੁੰਬਈ, ਸੂਰਤ, ਹਰ ਥਾਂ ਘੱਟ ਗਿਣਤੀਆਂ, ਮੁਸਲਮਾਨਾਂ ਨੂੰ ਉਹਨਾਂ ਦੇ ਨਾਮਾਤਰ ਦੇ ਸਾਧਨਾਂ ਤੋਂ ਵੀ ਉਜਾੜਣ ਤੇ ਉਹਨਾਂ ਦੀਆਂ ਜਾਇਦਾਦਾਂ ’ਤੇ ਕਬਜ਼ੇ ਕਰਨ ਲਈ ਪ੍ਰਸ਼ਾਸਨ, ਪੁਲਸ ਤੇ ਸੰਘ ਗ੍ਰੋਹ ਵਲੋਂ ਮਿਲੇ ਜੁਲੇ ਹਮਲੇ ਕੀਤੇ ਜਾਂਦੇ ਰਹੇ ਹਨ। ਗੋਪਾਲਗੜ੍ਹ ਸਭ ਤੋਂ ਤਾਜ਼ਾ ਕਤਲੇਆਮ ਹੈ। ਜੂਨ ਮਹੀਨੇ ਬਿਹਾਰ ਦੇ ਫਾਰਬਿਸਗੰਜ ’ਚ ਆਪਣੀ ਜਮੀਨ ਤੇ ਇਕ ਕੰਪਨੀ ਦੇ ਕਬਜ਼ੇ ਦਾ ਵਿਰੋਧ ਕਰ ਰਹੇ ਮੁਸਲਮਾਨਾਂ ਤੇ ਗੋਲੀ ਚਲਾ ਕੇ ਪੁਲਸ ਨੇ, ਚਾਰ ਮੁਸਲਮਾਨਾਂ ਦੀ ਹੱਤਿਆ ਕਰ ਦਿੱਤੀ ਤੇ ਨਿਤੀਸ਼ ਸਰਕਾਰ ਦੀ ਹੱਲਾਸ਼ੇਰੀ ’ਤੇ ਕਾਰਪੋਰੇਟ ਮੀਡੀਆ ਨੇ ਇਸ ਖ਼ਬਰ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ। ਗੋਪਾਲਗੜ੍ਹ ’ਚ ਕਾਰਪੋਰੇਟ ਮੀਡੀਆ ਤੇ ਸਰਕਾਰ ਨੇ ਤੱਥਾਂ ’ਤੇ ਮਿੱਟੀ ਪਾਉਣ ਦੀ ਕੋਸ਼ਿਸ਼ ਕੀਤੀ ਹੈ। ਮਿਸਾਲ ਵਜੋਂ ਇਹ ਤੱਥ ਦਾ ਜ਼ਿਕਰ ਹੀ ਨਹੀਂ ਕਿ ਡੀ.ਐਮ ਤੇ ਦੂਜੇ ਅਫ਼ਸਰਾਂ ਵਲੋਂ ਆਰ.ਐਸ.ਐਸ ਨੇਤਾਵਾਂ ਦੇ ਕਹਿਣ ’ਤੇ ਗੋਲੀ ਚਲਾਉਣ ਦੇ ਹੁਕਮ ਦਿਤੇ ਜਾਣ ਪਿਛੋਂ ਪੁਲਸ ਨੇ ਅਸਲੇ ਖਾਨੇ ਨੂੰ ਖੋਹਲ ਦਿਤਾ ਅਤੇ ਗੁਜਰਾਂ ਤੇ ਆਰ.ਐਸ.ਐਸ ਕਾਰਕੁੰਨ ਨੇ ਇਥੋਂ ਹਥਿਆਰ ਲੈ ਕੇ ਵਰਤੇ। ਪੁਲਸ ਹਥਿਆਰਾਂ ਦੀ ਵਰਤੋਂ ਕਰਨ ਵਾਲੇ ਗੁੱਜਰ ਤੇ ਆਰ.ਐਸ.ਐਸ ਸੀ। ਇਹਨਾਂ ਤਿੰਨਾਂ ਤਾਕਤਾਂ ਦੀ ਆਪਸ ’ਚ ਕਿੰਨੀ ਮਿਲੀ ਭੁਗਤ ਸੀ, ਇਥੋਂ ਇਹ ਜਾਹਰ ਹੁੰਦਾ ਹੈ। ਮੇਵ ਸਿਖਿਆ ਤੇ ਰੁਜ਼ਗਾਰ ’ਚ ਪਿਛੜੇ ਹੋਏ ਹਨ। ਨੌਕਰੀ ’ਚ ਉਹਨਾਂ ਦਾ ਹਿਸਾ ਨਿਗੂਨਾ ਹੈ। ਗੁਜਰ ਬਹੁਗਿਣਤੀ ਨੌਕਰੀ ’ਚ ਹਨ। ਪੁਲਸ ਮੁਲਾਜਮ ਵੀ ਬਹੁਤੇ ਗੁਜਰ ਸਨ ਜਿਨਾਂ ਮੁਸਲਮਾਨਾਂ ਤੇ ਹਮਲਾ ਕੀਤਾ। ਇਕ ਵੀ ਪੁਲਸੀਆ ਮੁਸਲਮਾਨ ਨਹੀਂ ਸੀ ਗੁਜਰਾਂ ’ਚ ਆਰ.ਐਸ.ਐਸ ਵਰਗੇ ਸੰਗਠਨਾਂ ਦਾ ਕਾਫੀ ਕੰਮ ਹੈ ਤੇ ਇਸ ਦਾ ਅਸਰ ਪੁਲਸ ਫੋਰਸ ਵੀ ਮੰਨਦੀ ਹੈ। ਪੁਲਸ ਜਦ ਮਸਜਿਦ ਤੇ ਫਾਇਰਿੰਗ ਕਰਨ ਪੁੱਜੀ ਤਾਂ ਉਹਨਾਂ ਕਤਾਰਾਂ ’ਚ ਗੁਜਰ ਤੇ ਆਰ.ਐਸ.ਐਸ ਕਾਰਕੁੰਨ ਵੀ ਸ਼ਾਮਲ ਸਨ। ਗੋਪਾਲਗੜ੍ਹ ਕਤਲੇਆਮ ਨਿਜੀ ਦੋ ਫਿਰਕਿਆਂ ਦਾ ਝਗੜਾ ਨਹੀਂ ਬਲਕਿ ਵਿਉਂਤਬੱਧ ਹੱਤਿਆ ਕਾਂਡ ਹੈ।

# ਭਾਰਤੀ ਅਰਥਚਾਰੇ ਦਾ ਸੰਕਟ ਕਿੰਨਾ ਡੂੰਘਾ?

2007 ਦੇ ਅਮਰੀਕਾ ਸਬ ਪ੍ਰਾਇਮ ਸੰਕਟ ਦੇ ਸ਼ੁਰੂ ਹੋਇਆ ਆਰਥਕ ਸੰਕਟ ਦੇ ਸੰਘਣੇ ਬਦਲ ਅੱਜ ਸੰਸਾਰ ਦੀਆਂ ਲਗਭਗ ਸਾਰੀਆਂ ਪੂੰਜੀਵਾਦੀ ਅਰਥ-ਵਿਵਸਥਾਵਾਂ ’ਤੇ ਛਾਏ ਹੋਏ ਹਨ। ਜੋ ਆਉਣ ਵਾਲੇ ਭਿਅੰਕਰ ਭੁਚਾਲ ਦਾ ਸੰਕੇਤ ਦੇ ਰਹੇ ਹਨ। ਵਿਤੀ ਸਾਲ 2012-13 ’ਚ ਵਿਸ਼ਵ ਅਰਥਚਾਰੇ ਦਾ ਸੰਕਟ ਹੋਰ ਵੀ ਡੂੰਘਾ ਹੋ ਗਿਆ। ਵਿਸ਼ਵ ਪੂੰਜੀਵਾਦ ਦਾ ਚਾਕਰ ਸਭ ਏਜੰਸੀਆਂ ਕੌਮਾਂਤਰੀ ਮੁਦਰਾ ਕੋਸ਼, ਸੰਸਾਰ ਬੈਂਕ, ਸੰਯੁਕਤ ਰਾਸ਼ਟਰ ਤੇ ਤਮਾਮ ਬੁਰਜੂਆ ਅਰਥ ਸਾਸ਼ਤਰੀ ਇਕ ਆਵਾਜ਼ ’ਚ ਇਹ ਗੱਲ ਕਹਿ ਰਹੇ ਹਨ। ਪਿਛਲੇ ਦਿਨੀਂ ਸੰਯੁਕਤ ਰਾਸ਼ਟਰ ਵਲੋਂ ਜਾਰੀ ਰੀਪੋਟ ‘ਵਿਸ਼ਵੀ ਆਰਥਕ ਸਥਿਤੀ ਤੇ ਸੰਭਾਵਨਾਵਾਂ 2012’ ’ਚ ਕਿਹਾ ਗਿਆ ਹੈ ਕਿ ਵਿਸ਼ਵ ਪੂੰਜੀ ਅਰਥਚਾਰੇ ਦੇ ਡੂੰਘੇ ਹੁੰਦੇ ਜਾ ਰਹੇ ਆਰਥਕ ਸੰਕਟ ਦੀ ਲਪੇਟ ’ਚ ਇਸ ਵਾਰੀ ਉਭਰ ਰਹੇ ਅਰਥਚਾਰਿਆਂ ’ਚ ਏਸ਼ੀਆ ਦੀ ਤੀਜੀ ਸਭ ਤੋਂ ਵੱਡੀ ਤੇ ਚੀਨ ਪਿਛੋਂ ਤੇਜ਼ ਆਰਥਕ ਵਾਧੇ ਵਾਲੀ ਦੁਨੀਆਂ ਦੂਜ ਅਰਥਵਿਵਸਥਾ ਭਾਰਤ ਵੀ ਸ਼ਾਮਲ ਹੈ। ਭਾਰਤ ਦੀ ਹਾਕਮ ਜਮਾਤ ਪੂੰਜੀਵਾਦੀ ਆਰਥਕ ਸੰਕਟ ਦੇ ਭਾਰਤ ਤੇ ਪੈਣ ਵਾਲੇ ਮਾੜੇ ਅਸਰਾ ਤੋਂ ਇਨਕਾਰ ਕਰ ਰਹੇ ਹਨ। ਪਿਛਲੇ ਸਾਲ ਜਦ ਅਮਰੀਕੀ ਏਜੰਸੀ ਸਟੈਂਡਰਡ ਐਂਡ ਪੁਆਰ ਨੇ ਭਾਰਤ ਦੀ ਕਰਜ਼ ਰੇਟਿੰਗ ਘਟਾ ਦਿਤੀ ਸੀ ਜਦ ਵਿੱਤ ਮੰਤਰੀ ਪ੍ਰਣਾਬ ਮੁਕਰਜ਼ੀ ਦਾ ਕਹਿਣਾ ਸੀ ਕਿ ਇਸ ਦਾ ਭਾਰਤ ਤੇ ਕੋਈ ਪ੍ਰਭਾਵ ਨਹੀਂ ਪਵੇਗਾ। ਉਹਨਾਂ ਕਿਹਾ ਸੀ ‘ਸਾਡੀਆਂ ਸੰਸਥਾਵਾਂ ਏਨੀਆਂ ਮਜਬੂਤ ਹਨ ਕਿ ਅਸੀਂ ਮੌਜੂਦਾ ਹਾਲਤ ’ਚ ਪੈਦਾ ਹੋਣ ਵਾਲੇ ਕਿਸੇ ਵੀ ਚਣੌਤੀ ਨਾਲ ਨਿਪਟਣ ਲਈ ਤਿਆਰ ਹਾਂ’ ਨਾਲ ਹੀ ਉਹਨਾਂ ਇਹ ਵੀ ਕਿਹਾ ਸੀ ਕਿ ‘ਅਸੀਂ ਬਾਕੀ ਬਚੇ ਸੁਧਾਰਾਂ ਨੂੰ ਅਮਲ ’ਚ ਲਿਆਉਣ ਦੀ ਰਫ਼ਤਾਰ ਨੂੰ ਤੇਜ਼ ਕਰਾਂਗੇ’ ਪਰ ਪਿਛਲੇ ਦਿਨੀਂ ਰੁਪਏ ਦੇ ਮੁਲ ’ਚ ਆਈ ਗਿਰਾਵਟ ਤੇ ਆਰਥਕ ਵਾਧਾ ਕਰਦੇ ਹੇਠਾਂ ਜਾਣ ਨਾਲ ਇਹ ਸੰਕੇਤ ਦੇ ਦਿਤੇ ਹਨ ਕਿ ਭਾਰਤ ਵੀ ਹੁਣ ਪੂੰਜੀਵਾਦੀ ਆਰਥਕ ਸੰਕਟ ਦੀ ਲਪੇਟ ’ਚ ਆ ਰਿਹਾ ਹੈ। ਇਹ ਸੰਕੇਤ ਏਨੇ ਸਪੱਸ਼ਟ ਹਨ ਕਿ ਅੱਜ ਭਾਰਤ ਦੇ ਹਾਕਮ ਵੀ ਇਸ ਨੂੰ ਮੰਨਣ ਲੱਗੇ ਹਨ। 6 ਜੂਨ ਨੂੰ ਜਾਰੀ ਇਕ ਬਿਆਨ ’ਚ ਅਰਥ ਸਾਸ਼ਤਰੀ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਮੰਨਿਆ ਕਿ ‘ਦੇਸ਼ ਇਕ ਕਠਿਨ ਦੌਰ ’ਚੋਂ ਗੁਜ਼ਰ ਰਿਹਾ ਹੈ’ ਨਾਲ ਹੀ ਉਨਾਂ ਕਿਹਾ ਕਿ “ਇਸ ਸਥਿਤੀ ’ਚ ਬਦਲਾਅ ਕਰਨ ਅਤੇ ਫਿਰ ਤੋਂ ਉਚ ਆਰਥਕ ਵਾਧਾ ਦਰ ਦੇ ਰਾਹ ’ਤੇ ਵਾਪਸ ਮੁੜਨ ਲਈ ਰੁਕਾਵਟਾਂ ਤੇ ਅੜਕਿਆਂ ਨੂੰ ਦੂਰ ਕਰਨ ਦੀ ਲੋੜ ਹੈ।” ਇਹ ਰੁਕਾਵਟਾਂ ਤੇ ਅੜਿਕੇ ਨੂੰ ਦੂਰ ਕਰਨ ਦੀ ਜ਼ਰੂਰਤ ਹੈ” ਇਹ ਰੁਕਾਵਟਾਂ ਤੇ ਅੜਿਕੇ ਆਰਥਕ ਸੁਧਾਰਾਂ ਦੇ ਰਾਹ ਦੀਆਂ ਰੁਕਾਵਟਾਂ-ਅੜਿਕੇ ਵੀ ਹਨ। ਪ੍ਰਧਾਨ ਮੰਤਰੀ ਤੇ ਵਿੱਤ ਮੰਤਰੀ ਯੋਜਨਾ ਕਮਿਸ਼ਨ ਦੇ ਉਪ ਚੇਅਰਮੇਨ ਮੌਨਟੇਕ ਸਿੰਘ ਆਹਲੂਵਾਲੀਆ, ਪ੍ਰਧਾਨ ਮੰਤਰੀ ਦੇ ਆਰਥਕ ਸਲਾਹਕਾਰ ਸੀ.ਰੰਗਾ ਰਾਜਨ ਤੇ ਹੋਰ ਲਗਭਗ ਸਾਰੇ ਬੁਰਜੂਆ ਅਰਥਸਾਸ਼ਤਰੀ, ਸਭ ਅਖ਼ਬਾਰ ਆਰਥਕ ਸੁਧਾਰ ਦੀ ਰਫ਼ਤਾਰ ਤੇਜ਼ ਕੀਤੇ ਜਾਣ ਦੀ ਜ਼ੋਰ-ਸ਼ੋਰ ਨਾਲ ਵਕਾਲਤ ਕਰ ਰਹੇ ਹਨ। ਇਹਨਾਂ ਆਰਥਕ ਸੁਧਾਰਾਂ ਵਿਚ ਪਬਲਿਕ ਸੈਕਟਰ ਦਾ ਤੇਜ਼ੀ ਨਾਲ

ਨਿਜੀਕਰਨ, ਕਿਰਤ ਕਾਨੂੰਨਾਂ ’ਚ ਬਦਲਾਅ, ਹਰ ਤਰ੍ਹਾਂ ਦੀਆਂ ਸਬਸਿਡੀਆਂ ਦਾ ਖਾਤਮਾ ਤੇ ਦੇਸ਼ ਦੇ ਅਰਥਚਾਰੇ ਨੂੰ ਵਿਦੇਸ਼ੀ ਪੂੰਜੀ ਲਈ ਹੋਰ ਖੋਹਲਣਾ ਸ਼ਾਮਲ ਹੈ। ਸਪੱਸ਼ਟ ਹੈ ਕਿ ਦੇਸ਼ ਦੇ ਹਾਕਮ ਇਕ ਤਾਂ ਮੌਜੂਦਾ ਆਰਥਕ ਸੰਕਟ ਦਾ ਬੋਝ ਦੇਸ਼ ਦੀ ਮੇਹਨਤਕਸ਼ ਅਬਾਦੀ ’ਤੇ ਲਦਣਾ ਚਾਹੁੰਦੇ ਹਨ। ਦੂਜੇ ਉਹ ਦੇਸ਼ ਦੇ ਅਰਥਚਾਰੇ ਨੂੰ ਵਿਸ਼ਵ ਪੂੰਜੀਵਾਦੀ ਅਰਥਚਾਰੇ ਦੇ ਨਾਲ ਹੋਰ ਵੱਧ ਜੋੜਨਾ ਚਾਹੁੰਦੇ ਹਨ। ਜਿਹਨਾਂ ਸੁਧਾਰਾਂ ਦੀ ਬਦੌਲਤ ਭਾਰਤੀ ਅਰਥਚਾਰਾ ਵਿਸ਼ਵ ਪੂੰਜੀਵਾਦੀ ਅਰਥਚਾਰੇ ਨਾਲ ਇਸ ਕਦਰ ਜੁੜਿਆ ਹੈ ਕਿ ਉਸ ਦੇ ਹਰ ਉਤਰਾਅ-ਚੜ੍ਹਾਅ ਦਾ ਅਸਰ ਇਥੇ ਪੈਣ ਲਗਿਆ ਹੈ। ਪ੍ਰਣਾਬ ਮੁਖਰਜੀ ਤੇ ਮਨਮੋਹਨ ਸਿੰਘ ਉਹਨਾਂ ਆਰਥਕ ਸੁਧਾਰਾਂ ਦੀ ਗਤੀ ਹੋਰ ਤੇਜ਼ ਕਰਨਾ ਚਾਹੁੰਦੇ ਹਨ। ਖੈਰ ਮੌਜੂਦਾ ਪੂੰਜੀਵਾਦੀ ਅਰਥਚਾਰੇ ’ਚ ਇਸ ਆਤਮ ਘਾਤੀ ਰਾਹ ਤੋਂ ਇਲਾਵਾ ਭਾਰਤੀ ਹੁਕਮਰਾਨਾ ਪਾਸ ਹੋਰ ਕੋਈ ਰਾਹ ਨਹੀਂ ਹੈ।

ਭਾਰਤ ਅਰਥਚਾਰੇ ’ਚ ਆਰਥਕ ਸੰਕਟ ਦੀ ਦਸਤਕ:- ਇਕ ਗੰਭੀਰ ਸੰਕਟ ਭਾਰਤ ਅਰਥਚਾਰੇ ਦੇ ਦਰਵਾਜੇ ’ਤੇ ਦਸਤਕ ਦੇ ਰਿਹਾ ਹੈ। ਕੇਂਦਰੀ ਅੰਕੜਾ ਸੰਗਠਨ (ਸੀ.ਐਸ.ਡੀ) ਵਲੋਂ ਜਾਰੀ ਕੀਤੇ ਗਏ ਅੰਕੜੇ ਇਸ ਗੱਲ ਦਾ ਪ੍ਰਤੱਖ ਸਬੂਤ ਹਨ। ਕਿਸੇ ਵੀ ਪੂੰਜੀਵਾਦੀ ਅਰਥਚਾਰੇ ਦੀ ਸਿਹਤ ਆਮ ਤੌਰ ’ਤੇ ਉਸ ਦੀ ਕੁਲ ਘਰੇਲੂ ਪੈਦਾਵਾਰ ਦੀ ਵਾਧਾ ਦਰ ਨਾਲ ਜਾਣੀ ਜਾਂਦੀ ਹੈ। ਪਿਛਲੇ 9 ਸਾਲਾਂ ਤੋਂ ਭਾਰਤ ਦੇ ਕੁਲ ਘਰੇਲੂ ਉਤਪਾਦ ਦੀ ਵਾਧਾ ਦਰ ਕਾਫੀ ਉਚੀ ਰਹੀ ਹੈ। 2003-04 ’ਚ ਇਹ ਸਲਾਨਾ 8.1 ਫੀ ਸਦੀ ਸੀ, 2004-05 ’ਚ ਇਹ 9.5 ਫੀ ਸਦੀ 2006-07 ’ਚ 9.6 ਸੀ ਜੋ ਕਿ 2011-12 ’ਚ ਡਿੱਗਕੇ 6.5 ਫੀ ਸਦੀ ਰਹਿ ਗਈ। 2011-12 ਦੀ ਆਖਰੀ ਤਿਮਾਹੀ ’ਚ ਇਹ ਸਿਰਫ 5.3 ਫੀ ਸਦੀ ਸੀ ਜੋ ਕਿ ਪਿਛਲੇ 9 ਸਾਲਾਂ ’ਚ ਸਭ ਤੋਂ ਘੱਟ ਸੀ। ਕੁਲ ਘਰੇਲੂ ਉਤਪਾਦ ’ਚ ਵੀ ਵੱਖ-ਵੱਖ ਸੈਕਟਰਾਂ ਦੀ ਵਾਧਾ ਦਰ ਜੋ 2010-11 ਦੇ ਵਿਤੀ ਸਾਲ ’ਚ 7.6 ਫੀ ਸਦੀ ਸੀ ਉਹ 2011-12 ਦੀ ਅੰਤਿਮ ਤਿਮਾਹੀ (ਜਨਵਰੀ-ਮਾਰਚ 2011) ’ਚ ਤਾਂ ਇਹ ਸਿਰਫ 0.3 ਫੀ ਸਦੀ ਸੀ ਸੇਵਾ ਖੇਤਰ ਦੀ ਵਾਧਾ ਦਰ ਜੋ ਕਿ 2010-11 ’ਚ 9.3 ਫੀ ਸਦੀ ਸੀ 2011-12 ’ਚ ਘਟ ਕੇ 8.9 ਫੀ ਸਦੀ ਰਹਿ ਗਈ। ਖੇਤੀ ਖੇਤਰ ’ਚ ਵੀ ਵਾਧਾ ਦਰ ’ਚ ਤਿੱਖੀ ਗਿਰਾਵਟ ਵੇਖੀ ਜਾ ਸਕਦੀ ਹੈ। 2010-11 ਇਹ ਵਾਧਾ ਦਰ 7 ਫੀ ਸਦੀ ਸੀ ਜੋ 2010-11 ’ਚ ਘਟ ਕੇ 2.8 ਫੀ ਸਦੀ ਰਹਿ ਗਈ 2011-12 ਦੀ ਆਖਰੀ ਤਿਮਾਹੀ ’ਚ ਇਹ ਮਹਿਜ 1.7 ਫੀ ਸਦੀ ਸੀ। ਭਾਰਤ ਦਾ ਬਜ਼ਟ ਤੇ ਵਪਾਰ ਘਾਟਾ ਕੁਲ ਘਰੇਲੂ ਪੈਦਾਵਾਰ ਦੇ 5.8 ਫੀ ਸਦੀ ਤਕ ਪਹੁੰਚ ਚੁਕਿਆ ਹੈ। ਘਰੇਲੂ ਖਾਤੇ ਦਾ ਘਾਟਾ 4 ਫੀ ਸਦੀ ਪਾਰ ਕਰਨ ਜਾ ਰਿਹਾ ਹੈ ਜਦਕਿ ਸਭ ਪੂੰਜੀਵਾਦੀ ਅਰਥ ਸਾਸ਼ਤਰੀ ਇਸ ਗੱਲ ’ਤੇ ਸਹਿਮਤ ਹਨ ਕਿ ਚਾਲੂ ਖਾਤੇ ਦਾ ਘਾਟਾ ਕੁਲ ਘਰੇਲੂ ਪੈਦਾਵਾਰ ਦੇ 2.5-3 ਫੀ ਸਦੀ ਤੋਂ ਜ਼ਿਆਦਾ ਨਹੀਂ ਹੋਣਾ ਚਾਹੀਦਾ। ਭਾਰਤੀ ਰੁਪਏ ਦਾ ਮੁੱਲ ਅਮਰੀਕੀ ਡਾਲਰ ਦੇ ਮੁਕਾਬਲੇ ਲਗਾਤਾਰ ਡਿਗਦਾ ਜਾਣਾ ਹਾਕਮਾਂ ਦੀ ਇਕ ਵੱਡੀ ਸਿਰ ਦਰਦੀ ਹੈ। ਪਿਛਲੀ 31 ਮਈ ਨੂੰ ਰੁਪਏ ਦੇ ਮੁੱਲ ’ਚ ਰਿਕਾਰਡ ਗਿਰਾਵਟ ਦਰਜ ਕੀਤੀ ਗਈ ਹੁਣ ਇਸ ਦਾ ਮੁੱਲ 56.52 ਰੁਪਏ ਪ੍ਰਤੀ ਅਮਰੀਕੀ ਡਾਲਰ ਰਹਿ ਗਿਆ। ਅਜੇ ਵੀ ਇਹ ਇਸ ਦੇ ਆਸ-ਪਾਸ ਡੋਲ ਰਿਹਾ ਹੈ। ਰੁਪਏ ਦੀ ਲੜ ਖੜਾਂਦੀ ਹਾਲਤ ਦਾ ਇਕ ਕਾਰਨ ਤਾਂ ਇਹ ਹੈ ਕਿ ਹੁਣ ਵਿਦੇਸ਼ੀ ਸੰਸਥਾਗਤ

ਨਿਵੇਸ਼ ਭਾਰਤ 'ਚ ਨਿਵੇਸ਼ ਨੂੰ ਸੁਰਖਿਅਤ ਨਹੀਂ ਮੰਨਦੇ। ਪਿਛਲੇ ਮਹੀਨੇ ਵਿਸ਼ਵੀ ਫਰਮਾ ਸਟੈਂਡਰਡ ਐਂਡ ਪੁਆਰ, ਮੂਡੀ ਤੇ ਵਿਚ ਨੇ ਭਾਰਤ ਨੂੰ ਨੀਚੀ ਨਿਵੇਸ਼ ਗ੍ਰੇਡ ਰੇਟਿੰਗ (ਬੀ.ਬੀ.ਬੀ) ਦਿਤੀ। ਇਸ ਤਰ੍ਹਾਂ ਮਾਰਗਨ ਸਟੇਨਲੇ, ਗੋਲਡਮੈਨ ਸਾਕਸ ਤੇ ਮੇਰਿਲ ਲਿੰਚ ਨੇ ਭਾਰਤ ਦੀ ਆਰਥਕ ਵਾਧਾ ਦਰ ਘਟ ਕੇ ਕ੍ਰਮਵਾਰ 6.3, 6.6 ਤੇ 6.5 ਫੀ ਸਦੀ ਹੋਣ ਦੀ ਭਵਿੱਖਬਾਣੀ ਕੀਤੀ ਸੀ। ਇਸ ਦੀ ਵਜਾਹ ਨਾਲ ਵਿਦੇਸ਼ੀ ਨਿਵੇਸ਼ਕ ਭਾਰਤ ਤੋਂ ਭੱਜਣ ਲੱਗੇ ਹਨ। ਭਲੇ ਹੀ ਭਾਰਤ 'ਚ ਵਿਦੇਸ਼ੀ ਪੂੰਜੀ ਲਗਾਤਾਰ ਆ ਰਹੀ ਹੈ। ਪਰ ਪਹਿਲਾਂ ਤੋਂ ਇਥੇ ਜੋ ਵਿਦੇਸ਼ੀ ਪੂੰਜੀ ਲੱਗੀ ਹੈ, ਉਹ ਭੱਜਣ ਲੱਗੀ ਹੈ। 2012 ਦੀ ਪਹਿਲੀ ਤਿਮਾਹੀ 'ਚ ਹੀ ਵਿਦੇਸ਼ੀ ਨਿਵੇਸ਼ਕਾਂ ਨੇ ਇਥੋਂ 1000.7 ਕਰੋੜ ਡਾਲਰ ਦੀ ਪੂੰਜੀ ਕੱਢ ਲਈ ਜੋ ਕਿ ਇਸ ਸਾਲ ਭਾਰਤ 'ਚ ਆਈ ਵਿਦੇਸ਼ੀ ਪੂੰਜੀ ਦਾ ਲਗਭਗ 43 ਫੀ ਸਦੀ ਸੀ। ਇਸ ਕਲੈਂਡਰ ਸਾਲ ਵਿਚ ਅਪ੍ਰੈਲ ਤਕ ਵਿਦੇਸ਼ੀ ਫੰਡਾਂ ਨੇ ਭਾਰਤ 'ਚ 43833 ਕਰੋੜ ਰੁਪਏ ਦਾ ਪੂੰਜੀ ਨਿਵੇਸ਼ ਕੀਤਾ ਸੀ, ਜਿਸ ਵਿਚ 23 ਮਈ 2012 ਤਕ 927 ਕਰੋੜ ਕੱਢਿਆ ਜਾ ਚੁੱਕਿਆ ਹੈ। ਅਜੇ ਪਿਛੇ ਜਿਹੇ ਦੀ ਹੀ ਇਕ ਰੀਪੋਟ ਅਨੁਸਾਰ ਪੀ-ਨੋਟਿਸ ਦੇ ਜ਼ਰੀਏ ਨਿਵੇਸ਼ ਕਰਨ ਵਾਲੀਆਂ ਵਿਦੇਸ਼ੀ ਇਕਾਈਆਂ ਨੇ ਪਿਛਲੇ ਤਿੰਨ ਮਹੀਨਿਆਂ 'ਚ 1 ਲੱਖ ਕਰੋੜ ਰੁਪਏ ਤੋਂ ਵੱਧ ਦੀ ਪੂੰਜੀ ਭਾਰਤੀ ਬਾਜ਼ਾਰ 'ਚੋਂ ਕੱਢੀ।

ਭਾਰਤੀ ਮੁਦਰਾ ਮੁੱਲ 'ਚ ਗਿਰਾਵਟ ਦੀ ਦੂਜੀ ਵਜਾਹ ਇਹ ਹੈ ਕਿ ਇਸ ਸਮੇਂ ਅਮਰੀਕਾ ਤੇ ਯੂਰਪੀ ਯੂਨੀਅਨ ਦੇ ਦੇਸ਼ ਭਿਅੰਕਰ ਮੰਦੀ ਨਾਲ ਜੂਝ ਰਹੇ ਹਨ। ਭਾਰਤ 'ਚ ਜ਼ਿਆਦਾਤਰ ਵਿਦੇਸ਼ੀ ਨਿਵੇਸ਼ ਇਹਨਾਂ ਦੇਸ਼ਾਂ ਤੋਂ ਹੋ ਰਿਹਾ ਹੈ। ਇਹਨਾਂ ਦੇਸ਼ਾਂ 'ਚ ਮੰਦੀ ਦੇ ਚਲਦਿਆਂ ਉਥੋਂ ਦੇ ਨਿਵੇਸ਼ਕਾਂ ਨੂੰ ਆਪਣੇ ਦੇਸ਼ 'ਚ ਆਪਣੀਆਂ ਦੇਣ-ਦਾਰੀਆਂ ਪੂਰੀ ਕਰਨ ਲਈ ਵੀ ਪੂੰਜੀ ਦੀ ਲੋੜ ਪੈਂਦੀ ਹੈ। ਇਸ ਲਈ ਉਹ ਭਾਰਤ ਵਰਗੇ ਦੇਸ਼ ਤੋਂ ਆਪਣੀ ਪੂੰਜੀ ਕੱਢ ਰਹੇ ਹਨ। ਜਦ ਵਿਦੇਸ਼ੀ ਨਿਵੇਸ਼ਕ ਭੱਜਣ ਲਗਣ ਤਾਂ ਵਿਦੇਸ਼ੀ ਮੁਦਰਾ (ਭਾਰਤ ਸਬੰਧੀ ਡਾਲਰ) ਦੀ ਮੰਗ ਵਧਦੀ ਹੈ ਅਤੇ ਇਸ ਨਾਲ ਡਾਲਰ ਦੇ ਮੁਕਾਬਲੇ ਸਥਾਨਕ ਮੁਦਰਾ (ਰੁਪਈਆ) ਦਾ ਮੁੱਲ ਡਿਗਦਾ ਹੈ। ਸਥਾਨਕ ਮੁਦਰਾ ਦਾ ਮੁੱਲ ਡਿਗਣ ਨਾਲ ਹੋਰ ਵਿਦੇਸ਼ੀ ਨਿਵੇਸ਼ਕ ਵੀ ਡਰਨ ਲਗਦੇ ਹਨ ਕਿ ਉਹਨਾਂ ਦੀ ਜੋ ਪੂੰਜੀ ਇਥੇ ਲੱਗੀ ਹੋਈ ਹੈ ਉਹ ਕਿਤੇ ਡੁੱਬ ਨਾ ਜਾਵੇ। ਉਹ ਵੀ ਆਪਣੀ ਪੂੰਜੀ (ਡਾਲਰ 'ਚ) ਕੱਢਣ ਲਗਦੇ ਹਨ। ਇਹ ਇਕ ਦੁਸ਼ ਚੱਕਰ ਬਣ ਜਾਂਦਾ ਹੈ ਕਿ ਵਿਦੇਸ਼ੀ ਮੁਦਰਾ ਦੀ ਮੰਗ ਵਧਣ ਨਾਲ ਸਥਾਨਕ ਮੁਦਰਾ ਦੇ ਮੁੱਲ ਵਿਚ ਗਿਰਾਵਟ ਆਉਂਦੀ ਹੈ ਅਤੇ ਫਿਰ ਉਹ ਗਿਰਾਵਟ ਵਿਦੇਸ਼ੀ ਮੁਦਰਾ ਦੀ ਮੰਗ ਵਧਾਉਂਦੀ ਹੈ। 1997 'ਚ ਇਹ ਤਮਾਸ਼ਾ ਦੱਖਣੀ-ਪੂਰਬੀ ਏਸ਼ੀਆ ਦੇ ਦੇਸ਼ਾਂ 'ਚ ਵੇਖਿਆ ਜਾ ਚੁਕਿਆ ਹੈ। ਰੁਪਏ ਦੇ ਮੁੱਲਾਂ 'ਚ ਗਿਰਾਵਟ ਨਾਲ ਭਾਰਤ 'ਚ ਦਰਾਮਦ ਹੋਰ ਵੱਧ ਮਹਿੰਗੀ ਹੋ ਗਈ ਹੈ। ਇਸ ਨਾਲ ਭਾਰਤ ਦਾ ਵਪਾਰ ਘਾਟਾ ਹੋਰ ਵੱਧ ਤੇਜ਼ੀ ਨਾਲ ਵਧੇਗਾ। ਰੁਪਏ ਦੇ ਮੁੱਲ 'ਚ ਗਿਰਾਵਟ ਨਾਲ ਭਾਰਤ ਦੀ ਬਰਾਮਦ ਜਰੂਰ ਵਧੇਗਾ ਪਰ ਬਰਾਮਦ ਨਾਲ ਹੋਣ ਵਾਲੀ ਆਮਦਨ ਘੱਟ ਹੋ ਜਾਵੇਗੀ। ਪਿਛਲੇ ਚਾਰ-ਪੰਜ ਸਾਲਾਂ ਤੋਂ ਭਾਰਤ ਦੀ ਮੇਹਨਤਕਸ਼ ਜਨਤਾ ਮਹਿੰਗਾਈ ਨਾਲ ਬੁਰੀ ਤਰ੍ਹਾਂ ਝੰਜੋੜੀ ਹੋਈ ਹੈ। ਅਰਥਸਾਸ਼ਤਰ ਦੀ ਭਾਸ਼ਾ 'ਚ ਇਸ ਨੂੰ ਸਿਕੇ ਦਾ ਫੈਲਾਅ ਕਹਿੰਦੇ ਹਨ। ਰੁਪਏ ਦੀ ਲਗਾਤਾਰ ਕਦਰ ਘਟਾਈ ਕਾਰਨ ਆਉਣ ਵਾਲੇ ਦਿਨਾਂ 'ਚ ਮਹਿੰਗਾਈ ਬੇਤਹਾਸ਼ਾ ਵਧਣ ਦੀ ਉਮੀਦ

ਹੈ। ਰੁਪਏ ਦੀ ਕਦਰ ਘਟਾਈ ਨਾਲ ਭਾਰਤ ਦੀ ਬਰਾਮਦ ਸਸਤੀ ਹੋ ਜਾਵੇਗੀ। ਜਿਨਾਂ ਚੀਜ਼ਾਂ ਦੀ ਭਾਰਤ ਦੇ ਲੋਕਾਂ ਨੂੰ ਲੋੜ ਹੈ ਉਹ ਵਿਦੇਸ਼ੀ ਬਾਜ਼ਾਰ 'ਚ ਸਸਤੇ ਭਾਅ ਵਿਕਣਗੀਆਂ। ਭਾਰਤੀ ਬਾਜ਼ਾਰ 'ਚ ਇਹਨਾਂ ਦੀ ਕਮੀ ਹੋਣ ਕਰਕੇ ਇਥੇ ਇਹਨਾਂ ਦੀਆਂ ਕੀਮਤਾਂ ਤੇਜ਼ੀ ਨਾਲ ਵਧਣਗੀਆਂ। ਪਹਿਲਾਂ ਹੀ ਇਥੋਂ ਲੱਖਾਂ ਟਨ ਖੁਰਾਕੀ ਪਦਾਰਥਾਂ ਦੀ ਬਰਾਮਦ ਹੁੰਦੀ ਹੈ। ਆਉਣ ਵਾਲੇ ਦਿਨਾਂ 'ਚ ਇਹਨਾਂ 'ਚ ਹੋਰ ਵਾਧਾ ਹੋਵੇਗਾ। ਜਿਸ ਦੇਸ਼ 'ਚ 32 ਕਰੋੜ ਲੋਕ ਭੁੱਖੇ ਸੌਂਦੇ ਹੋਣ ਉਥੋਂ ਖੁਰਾਕੀ ਵਸਤਾਂ ਦੀ ਬਰਾਮਦ ਵਿਵਸਥਾ ਦਾ ਇਕ ਘਿਨੌਣਾ ਅਪਰਾਧ ਹੈ। ਰੁਪਏ ਦੀ ਕਦਰ ਘਟਾਈ ਨਾਲ ਭਾਰਤ ਦੀ ਦਰਾਮਦ ਮਹਿੰਗੀ ਹੋਵੇਗੀ। ਭਾਰਤ ਦੀ ਦਰਾਮਦ ਦਾ ਵੱਡਾ ਹਿੱਸਾ ਪੈਟਰੋਲੀਅਮ ਪਦਾਰਥ ਹਨ। ਪੈਟਰੋਲ ਦੀਆਂ ਕੀਮਤਾਂ 'ਚ ਪਹਿਲਾਂ ਹੀ ਭਾਰਤ ਸਰਕਾਰ ਰਿਕਾਰਡ ਵਾਧਾ ਕਰ ਚੁੱਕੀ ਹੈ। ਹੁਣ ਡੀਜ਼ਲ, ਮਿੱਟੀ ਦਾ ਤੇਲ ਤੇ ਰਸੋਈ ਗੈਸ ਦੀ ਵਾਰੀ ਹੈ। ਡੀਜ਼ਲ ਦੀਆਂ ਕੀਮਤਾਂ ਦੇ ਵਧਣ ਨਾਲ ਸਫ਼ਰ ਤੇ ਮਾਲ ਦੀ ਢੋਹਾ-ਢੁਹਾਈ ਮਹਿੰਗੀ ਹੋਵੇਗੀ ਜਿਸ ਨਾਲ ਸਭ ਚੀਜ਼ਾਂ ਦੀਆਂ ਕੀਮਤਾਂ ਆਕਾਸ਼ ਛੂਹਣ ਲਗਣਗੀਆਂ। ਇਸ ਦੀ ਸ਼ੁਰੂਆਤ ਤਾਂ ਹੋ ਹੀ ਚੁਕੀ ਹੈ। ਸਿੱਕੇ ਦੇ ਫੈਲਾਅ ਨੂੰ ਕਾਬੂ 'ਚ ਰਖਣ ਲਈ ਰਿਜ਼ਰਵ ਬੈਂਕ ਨੇ ਪਹਿਲਾਂ ਕਈ ਸਾਲਾਂ ਤੋਂ ਵਿਆਜ ਦਰਾਂ ਕਾਫੀ ਉਚੀਆਂ ਰਖੀਆਂ ਹੋਈਆਂ ਸਨ। ਇਸ ਨਾਲ ਵੀ ਮਹਿੰਗਾਈ ਨੂੰ ਕਾਬੂ ਕਰਨ 'ਚ ਕੋਈ ਮਦਦ ਨਹੀਂ ਮਿਲੀ। ਅਨੇਕਾਂ ਪੂੰਜੀਵਾਦੀ ਅਰਥ ਸਾਸ਼ਤਰੀ ਤੇ ਸਨਅਤੀ ਸਮੂਹ ਉਚੀਆਂ ਵਿਆਜ ਦਰਾਂ ਨੂੰ ਵੀ ਅਰਥਚਾਰੇ ਦੀ ਮੌਜੂਦਾ ਹਾਲਤ ਲਈ ਜਿੰਮੇਵਾਰ ਠਹਿਰਾ ਰਹੇ ਹਨ। ਹੁਣ ਰਿਜ਼ਰਵ ਬੈਂਕ 'ਤੇ ਵਿਆਜ ਦਰਾਂ ਘੱਟ ਕਰਨ ਦਾ ਦਬਾਅ ਪਾਇਆ ਜਾ ਰਿਹਾ ਹੈ। ਜੇ ਅਜਿਹਾ ਹੁੰਦਾ ਹੈ ਤਾਂ ਇਸ ਨਾਲ ਸਿੱਕੇ ਦਾ ਫੈਲਾ ਹੋਰ ਵਧੇਗਾ। ਆਉਣ ਵਾਲੇ ਦਿਨਾਂ 'ਚ ਭਾਰਤ 'ਚ ਮੇਹਨਤਕਸ਼ ਅਵਾਮ ਨੂੰ ਮਹਿੰਗਾਈ ਤੋਂ ਰਾਹਤ ਨਹੀਂ ਮਿਲਣੀ। ਅਨੇਕਾਂ ਬੁਰਜੂਆਂ ਅਰਥਸਾਸ਼ਤਰੀ ਤੇ ਪੂੰਜੀਪਤੀ ਦੇ ਸੰਗਠਨ (ਸੀ.ਆਈ.ਆਈ, ਏਸੋਚਿਮ ਤੇ ਪਿੱਕੀ ਆਦਿ) ਭਾਰਤੀ ਅਰਥਚਾਰੇ ਦੇ ਮੌਜੂਦਾ ਸੰਕਟ ਲਈ ਸਰਕਾਰੀ ਨੀਤੀਆਂ, ਮੱਠੇ ਆਰਥਕ ਸੁਧਾਰਾਂ, ਸਬਸਿਡੀਆਂ, ਉਚੀਆਂ ਵਿਆਜ ਦਰਾਂ ਆਦਿ ਨੂੰ ਦੋਸ਼ੀ ਠਹਿਰਾ ਰਹੇ ਹਨ। ਦਰਅਸਲ ਭਾਰਤੀ ਅਰਥਚਾਰੇ ਦਾ ਇਹ ਸੰਕਟ ਵਿਸ਼ਵੀ ਸੰਕਟ ਦਾ ਹੀ ਇਕ ਅੰਗ ਹੈ। ਇਹ ਸੰਕਟ ਕਿਸੇ ਸਰਕਾਰੀ ਨੀਤੀਆਂ ਦੀ ਨਾਕਾਮੀ ਕਾਰਨ ਪੈਦਾ ਨਹੀਂ ਹੁੰਦੇ। ਇਹ ਅਤੀ ਪੈਦਾਵਾਰ ਦਾ ਸੰਕਟ ਹੈ। ਸੰਕਟ ਦੇ ਕਾਰਨ ਢਾਂਚਾਗਤ ਹਨ। ਪੈਦਾਵਾਰ ਵਧਣੀ ਤੇ ਮੰਗ ਘਟਣੀ ਇਹ ਹੈ ਕਾਰਨ। ਇਹ ਅਤਿ ਪੈਦਾਵਾਰ ਲੋਕਾਂ ਦੀਆਂ ਲੋੜਾਂ ਤੋਂ ਵੱਧ ਨਹੀਂ ਬਲਕਿ ਬਾਜ਼ਾਰ ਦੀ ਮੰਗ ਤੋਂ ਵੱਧ ਹੈ। ਪੂੰਜੀਵਾਦੀ ਅਰਥਚਾਰੇ ਦਾ ਸਰੋਕਾਰ ਮੁਨਾਫ਼ੇ ਨਾਲ ਹੁੰਦਾ ਹੈ। ਪੈਦਾਵਾਰ ਦੇ ਸਾਧਨਾਂ 'ਤੇ ਤਾਂ ਨਿਜੀ ਮਾਲਕੀ ਹੁੰਦੀ ਹੈ ਜਦ ਕਿ ਪੈਦਾਵਾਰੀ ਸਮਾਜੀ ਕ੍ਰਿਤ ਹੁੰਦੀ ਹੈ। ਪੈਦਾਵਾਰ 'ਚੋਂ ਮਜ਼ਦੂਰਾਂ ਨੂੰ ਉਨ੍ਹਾਂ ਨਹੀਂ ਮਿਲਦਾ ਜਿਸ ਨਾਲ ਉਹ ਲੋੜਾਂ ਪੂਰੀਆਂ ਕਰਨ ਬਲਕਿ ਸਿਰਫ ਉਹਨਾਂ ਜਿਸ ਨਾਲ ਉਹ ਜਿਉਂਦੇ ਰਹਿ ਕੇ ਪੁਰਜਿਆਂ ਵਾਗੂੰ ਕੰਮ ਕਰਨ। ਪੈਦਾਵਾਰ ਦੇ ਵੱਡੇ ਹਿੱਸੇ ਤਕ ਸਰਮਾਏਦਾਰਾਂ ਦਾ ਕਬਜ਼ਾ ਹੁੰਦਾ ਹੈ। ਇਸ ਨਾਲ ਮੇਹਨਤਕਸ਼ਾਂ ਦੀ ਕਾਰਜ ਸ਼ਕਤੀ ਸੀਮਤ ਹੁੰਦੀ ਹੈ। ਦੂਜੇ ਪਾਸੇ ਪੈਦਾਵਾਰ ਦੇ ਸਾਧਨਾਂ ਤੇ ਨਿਜੀ ਮਾਲਕੀ ਕਾਰਨ ਸਰਮਾਏਦਾਰਾਂ 'ਚ ਹੋੜ ਹੁੰਦੀ ਹੈ। ਜਿਸ ਨਾਲ ਵਾਰ-ਵਾਰ ਅਤੀ ਪੈਦਾਵਾਰ ਦੇ ਸੰਕਟ ਆਉਂਦੇ ਹਨ। ਵਿਸ਼ਵ ਪੂੰਜੀਵਾਦ ਦਾ ਮੌਜੂਦਾ ਸੰਕਟ ਵੀ ਅਤਿ ਪੈਦਾਵਾਰ ਦਾ ਹੀ

ਸੰਕਟ ਹੈ ਜਿਸ ਨੂੰ ਵੱਖ-ਵੱਖ ਨਾਂ ਦਿੱਤੇ ਜਾਂਦੇ ਹਨ, ਕਦੀ ਸਬਪ੍ਰਾਈਮ ਸੰਕਟ, ਕਦੀ ਵਿਤੀ ਸੰਕਟ ਤਾਂ ਕਦੀ ਕਰਜਾ ਸੰਕਟ।

ਭਾਰਤੀ ਅਰਥਚਾਰਾ ਅੱਜ ਵਿਸ਼ਵ ਪੂੰਜੀਵਾਦ (ਸਾਮਰਾਜ) ਦਾ ਅੰਗ ਬਣ ਚੁਕਿਐ ਤੇ ਮੌਜੂਦਾ ਸੰਕਟ ਵੀ ਇਸ ਅੰਗ ਦੀ ਹੀ ਦੇਣ ਹੈ। ਉਂਜ ਤਾਂ ਭਾਰਤੀ ਅਰਥਚਾਰਾ ਪਹਿਲਾਂ ਤੋਂ ਹੀ ਭਾਰਤ ਦੇ ਹਾਕਮ ਜਮਾਤ ਦਲਾਲ ਨੌਕਰਸ਼ਾਹ ਸ਼ਰਮਾਏਦਾਰੀ (ਸਾਮਰਾਜ ਦੀ ਦਲਾਲ) ਚਲੀ ਆ ਰਹੀ ਹੈ ਪਰ 1991 'ਚ ਹੁਕਮਰਾਨਾਂ ਵਲੋਂ ਆਪਣੀਆਂ ਉਦਾਰੀਕਰਣ-ਨਿਜੀਕਰਨ-ਵਿਸ਼ਵੀਕਰਨ ਦੀਆਂ ਨੀਤੀਆਂ ਨੇ ਭਾਰਤੀ ਅਰਥਚਾਰੇ ਨੂੰ ਵਿਸ਼ਵੀ ਪੂੰਜੀਵਾਦੀ ਅਰਥਚਾਰੇ ਦਾ ਅੰਗ ਬਣਾ ਦੇਣ ਦੇ ਰੁਝਾਣ ਨੂੰ ਖ਼ੂਬ ਵਧਾਇਆ ਹੈ। ਹੁਣ ਵਿਸ਼ਵੀ ਪੂੰਜੀਵਾਦੀ ਅਰਥਚਾਰੇ 'ਚ ਹੋਣ ਵਾਲੀ ਹਰ ਹਲਚਲ ਸਭ ਤੋਂ ਪਹਿਲਾਂ ਬੰਬੇ ਸਟਾਕ ਐਕਸਚੇਂਜ ਦੇ ਉਤਰਾਅ-ਚੜ੍ਹਾਅ 'ਚ ਦਿਸਦੀ ਹੈ ਤੇ ਪਿਛੋਂ ਅਰਥਚਾਰੇ ਦੇ ਵੱਖ-ਵੱਖ ਅੰਗਾਂ 'ਚ ਆਪਣਾ ਅਸਰ ਵਿਖਾਉਂਦੀ ਹੈ। ਵਿਸ਼ਵ ਪੂੰਜੀਵਾਦ ਅਰਥਚਾਰੇ ਦੇ 2007 ਤੋਂ ਸ਼ੁਰੂ ਹੋਏ ਅਰਥਕ ਸੰਕਟ ਦਾ ਅਜੇ ਤਕ ਭਾਰਤੀ ਅਰਥਚਾਰੇ 'ਤੇ ਘੱਟ ਹੀ ਅਸਰ ਪਿਆ ਸੀ। ਇਸ ਦਾ ਇਕ ਕਾਰਨ ਇਹ ਸੀ ਕਿ ਭਾਰਤ 'ਚ ਬੁਨਿਆਦੀ ਢਾਂਚੇ ਤੇ ਹੋਰ ਸਨਅਤਾਂ 'ਚ ਨਿਵੇਸ਼ ਦੀਆਂ ਕਾਫੀ ਸੰਭਾਵਨਾਵਾਂ ਸਨ ਤੇ ਇੱਥੇ ਵੱਡੀ ਪੱਧਰ 'ਤੇ ਪੂੰਜੀ ਨਿਵੇਸ਼ ਹੋ ਰਿਹਾ ਸੀ। ਦੂਜੀ ਵਜ੍ਹਾ ਇਹ ਸੀ ਕਿ ਸੰਕਟ ਦੀ ਮਾਰ ਝੱਲ ਰਹੇ ਵਿਕਸਤ ਪੂੰਜੀਵਾਦੀ ਦੇਸ਼ਾਂ ਨੇ ਆਪਣੇ ਇਥੇ ਅਰਥਚਾਰੇ 'ਚ ਵੱਡੀ ਪੱਧਰ 'ਤੇ ਪੂੰਜੀ ਝੋਕ ਕੇ ਉਥੇ ਮੰਗ ਤੇ ਆਰਥਕ ਵਾਧਾ ਦਰ ਨੂੰ ਬਣਾਈ ਰਖਿਆ ਸੀ। ਇਸ ਨਾਲ ਭਾਰਤ ਵਰਗੇ ਦੇਸ਼ ਤੋਂ ਇਨਾਂ ਦੇਸ਼ਾਂ ਨੂੰ ਵਸਤਾਂ ਦੀ ਬਰਾਮਦ ਮਜ਼ਬੂਰੀ ਨਹੀਂ ਬਣਿਆ ਸੀ। 'ਉਭਰ ਰਹੀਆਂ' ਅਰਥ-ਵਿਵਸਥਾਵਾਂ ਭਾਰਤ 'ਚ ਵੀ ਮੋਹਰਲੀ ਕਤਾਰ 'ਚ ਹਨ ਆਪਣੀ ਬਰਾਮਦ ਲਈ ਕਾਫੀ ਹੱਦ ਤਕ ਵਿਸ਼ਵ ਪੂੰਜੀਵਾਦੀ ਦੇਸ਼ਾਂ 'ਤੇ ਨਿਰਭਰ ਹਨ। ਇਸ ਲਈ ਉਨ੍ਹਾਂ ਦੇਸ਼ਾਂ ਦੇ ਆਰਥਕ ਸੰਕਟ ਨਾਲ ਸਭ ਤੋਂ ਪਹਿਲਾਂ ਇਨ੍ਹਾਂ ਦੇਸ਼ਾਂ ਦੀ ਬਰਾਮਦ ਪ੍ਰਭਾਵਿਤ ਹੁੰਦੀ ਹੈ। ਅਮਰੀਕਾ ਤੇ ਯੂਰਪੀ ਯੂਨੀਅਨ 'ਤੇ ਭਾਰਤ ਲਗਭਗ ਆਪਣੀ ਇਕ ਤਿਹਾਈ ਬਰਾਮਦ ਲਈ ਨਿਰਭਰ ਹੈ। ਇਹ ਦੇਸ਼ ਇਸ ਸਮੇਂ ਭਿਅੰਕਰ ਮੰਦੀ 'ਚੋਂ ਗੁਜ਼ਰ ਰਹੇ ਹਨ ਜਿਸ ਕਾਰਨ ਇਹਨਾਂ ਦੇਸ਼ਾਂ 'ਚ ਦਰਾਮਦ ਦੀ ਮੰਗ ਕਾਫੀ ਘਟੀ ਹੈ। ਭੁਗਤਾਨ ਸੰਤੁਲਨ ਦੇ ਅੰਕੜਿਆਂ ਮੁਤਾਬਕ 2010-11 'ਚ ਸਾਫ਼ਟਵੇਅਰ ਸੇਵਾਵਾਂ ਦੀ ਬਰਾਮਦ ਨਾਲ ਭਾਰਤ ਦੀ ਕੁਲ ਆਮਦਨੀ ਕੁਲ ਵਪਾਰਕ ਬਰਾਮਦ ਦੀ ਆਮਦਨੀ ਦਾ 24 ਫੀ ਸਦੀ ਸੀ 2009-10 'ਚ ਭਾਰਤ ਦੀ ਕੁਲ ਸਾਫਟ ਵੇਅਰ ਬਰਾਮਦ 'ਚ ਅਮਰੀਕਾ ਦਾ ਹਿਸਾ 61 ਫੀ ਸਦੀ ਸੀ, ਜਦਕਿ ਯੂਰਪੀ ਯੂਨੀਅਨ ਦੇ ਦੇਸ਼ਾਂ ਦਾ ਹਿੱਸਾ 26 ਫੀ ਸਦੀ ਸੀ। 2004-05 ਤੋਂ 2009-10 ਤਕ ਦੇ ਅਰਸੇ 'ਚ ਭਾਰਤ ਦੀ ਕੁਲ ਪੈਦਾਵਾਰ ਦੇ ਵਾਧੇ 'ਚ ਸੇਵਾਵਾਂ ਦਾ ਹਿਸਾ 66 ਫੀ ਸਦੀ ਸੀ ਤੇ ਸਾਫਟ ਵੇਅਰ ਸੇਵਾਵਾਂ ਤੋਂ ਆਮਦਨੀ ਸੇਵਾਵਾਂ ਦਾ (ਜਨ ਪ੍ਰਸ਼ਾਸਨ ਤੇ ਰਖਿਆ ਨੂੰ ਛੱਡ ਕੇ) ਤੋਂ ਹਾਸ਼ਲ ਕੁਲ ਘਰੇਲੂ ਪੈਦਾਵਾਰ ਦੀ 9.4 ਫੀ ਸਦੀ ਸੀ। ਸਾਫਟ ਵੇਅਰ ਬਰਾਮਦ 'ਚ ਗਿਰਾਵਟ ਭਾਰਤ ਦੀ ਕੁਲ ਘਰੇਲੂ ਪੈਦਾਵਾਰ ਦੀ ਵਾਧਾ ਦਰ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਰਹੀ ਹੈ।

ਭਾਰਤੀ ਅਰਥਚਾਰੇ ਦੀ ਮੌਜੂਦਾ ਚਾਲ-ਢਾਲ ਦਸ ਰਹੀ ਹੈ ਕਿ ਆਉਣ ਵਾਲੇ ਦਿਨਾਂ 'ਚ ਇਸ ਦਾ ਸੰਕਟ ਹੋਰ ਡੂੰਘਾ ਹੋਵੇਗਾ। ਇਹ ਸੰਕਟ ਭਾਰਤੀ ਮੇਹਨਤਕਸ਼

ਲੋਕਾਂ ਲਈ ਢੇਰਾਂ ਮੁਸੀਬਤਾਂ ਲੈ ਕੇ ਆਵੇਗਾ। ਹਾਕਮ ਜਮਾਤ ਆਪਣੇ ਸੰਕਟ ਦਾ ਬੋਝ ਮੇਹਨਤਕਸ਼ ਦੀ ਪਿੱਠ 'ਤੇ ਲੱਦਦੇ ਹਨ। ਉਹਨਾਂ ਨੂੰ ਗਰੀਬੀ, ਬੇਰੁਜ਼ਗਾਰੀ, ਮਹਿੰਗਾਈ 'ਚ ਅਤੇ ਵੱਧ ਵਾਧੇ ਨਾਲ ਇਹਨਾ ਦੀ ਕੀਮਤ ਚੁਕਾਉਣੀ ਪਵੇਗੀ। ਭਾਰਤ ਦੇ ਮੇਹਨਤਕਸ਼ਾਂ ਨੂੰ ਵੀ ਇਸ ਹਾਲਤ ਦਾ ਮੁਕਾਬਲਾ ਕਰਨ ਤੇ ਸੰਕਟ ਦਾ ਬੋਝ ਜਨਤਾ 'ਤੇ ਠੋਸਣ ਦੀਆਂ ਕੋਸ਼ਿਸ਼ਾਂ ਵਿਰੁੱਧ ਲੜਨ ਲਈ ਹੁਣ ਤੋਂ ਹੀ ਤਿਆਰੀ ਕਰਨੀ ਚਾਹੀਦੀ ਹੈ।

# ਕੀ ਲੋਕਾਂ ਦੀ ਜੇਬ ’ਤੇ ਸਰਕਾਰੀ ਡਾਕਾ ਹੈ ਪੈਟਰੋਲ ਦੇ ਮੁੱਲ ’ਚ ਵਾਧਾ?

22 ਮਈ ਨੂੰ ਯੂ.ਪੀ.ਏ ਸਰਕਾਰ ਦੇ ਤਿੰਨ ਸਾਲ ਪੂਰੇ ਹੋਣ ’ਤੇ ਇਕ ਜਸ਼ਨ ਮਨਾਇਆ ਗਿਆ। ਇਸ ’ਚ ਯੂ.ਪੀ.ਏ ਦੀਆਂ ਪ੍ਰਾਪਤੀਆਂ ਦੇ ਕਸੀਦੇ ਪੜ੍ਹੇ ਗਏ। ਇਸ ਮੌਕੇ ’ਤੇ ਯੂ.ਪੀ.ਏ ਮੁਖੀ ਸੋਨੀਆ ਗਾਂਧੀ ਨੇ ਕਾਂਗਰਸੀਆਂ ਨੂੰ ਭਾਸ਼ਣ ਪਿਲਾਉਂਦਿਆ ਕਿਹਾ ਕਿ ਸਾਨੂੰ ਵਿਰੋਧੀਆਂ ’ਤੇ ਹਮਲਾਵਰ ਤੇਵਰ ਅਪਣਾਉਂਦਿਆਂ ਆਪਣੀਆਂ ਪ੍ਰਾਪਤੀਆਂ ਦੀ ਚਰਚਾ ਕਰਨੀ ਚਾਹੀਦੀ ਹੈ। ਪਰ ਕਾਂਗਰਸੀਆਂ ਦੇ ਹਮਲਾਵਰ ਤੇਵਰ ਅਪਣਾਉਣ ਤੋਂ ਪਹਿਲਾਂ ਹੀ ਉਹਨਾਂ ਨੂੰ ਬਚਾਅ ਦੀ ਮੁਦਰਾ ’ਚ ਆਉਣਾ ਪਿਆ ਕਿਉਂਕਿ ਤੇਲ ਕੰਪਨੀਆਂ ਨੇ ਪੈਟਰੋਲ ਦੇ ਭਾਅ ਵਧਾ ਕੇ ਮਹਿੰਗਾਈ ਨਾਲ ਪਹਿਲਾਂ ਤੋਂ ਹੀ ਮੰਦੇ ਹਾਲ ਜਨਤਾ ਤੇ ਬੋਝ ਹੋਰ ਵਧਾ ਦਿੱਤਾ। ਯੂ.ਪੀ.ਏ-2 ਦੇ ਰਾਜ ਪੈਟਰੋਲ ਦੀ ਕੀਮਤ 40 ਰੁਪਏ ਤੋਂ 78 ਰੁਪਏ ਤਕ ਪਹੁੰਚ ਗਈ ਹੈ ਯਾਨੀ ਲਗਭਗ ਦੁਗਣੀ। ਵੈਸੇ ਸਰਕਾਰ ਇਸ ਮੁੱਲ ਵਾਧੇ ਤੋਂ ਪੱਲਾ ਝਾੜਦਿਆਂ ਤਰਕ ਦੇ ਰਹੀ ਹੈ ਕਿ 26 ਜੂਨ 2011 (ਪੈਟਰੋਲ ਦੇ ਕੰਟਰੋਲ ਮੁਕਤ ਹੋਣ ਪਿਛੋਂ) ਤੋਂ ਤੇਲ ਕੰਪਨੀਆਂ ਖੁਦ ਹੀ ਪੈਟਰੋਲ ਦੀ ਕੀਮਤ ਤਹਿ ਕਰਦੀਆਂ ਹਨ। ਤਕਨੀਕੀ ਤੌਰ ’ਤੇ ਇਹ ਫਰਕ ਚਲ ਸਕਦਾ ਹੈ ਪਰ ਅੱਜ ਤੋਂ ਪੰਜ ਮਹੀਨੇ ਪਹਿਲਾਂ ਕੌਮਾਂਤਰੀ ਬਾਜ਼ਾਰ ’ਚ ਤੇਲ ਦੇ ਭਾਅ ਵਧ ਗਏ ਸਨ ਤੇ ਕੰਪਨੀਆਂ ਨੇ ਤੇਲ ਦੇ ਭਾਅ ਨਹੀਂ ਵਧਾਏ। ਕਾਰਨ ਸਾਫ਼ ਸੀ-ਤਦ ਪੰਜ ਰਾਜਾਂ ’ਚ ਵਿਧਾਨ ਸਭਾ ਚੋਣਾਂ ਸਨ ਤੇ ਹੁਣ ਵੀ ਮੁੱਲ ਵਾਧੇ ਦਾ ਐਲਾਨ ਉਦੋਂ ਕੀਤਾ ਗਿਆ ਜਦ ਸੰਸਦ ਦਾ ਸੈਸ਼ਨ ਖਤਮ ਹੋ ਗਿਆ। ਹੁਣ ਰਾਸ਼ਟਰਪਤੀ ਦੀ ਚੋਣ ਨੂੰ ਵੇਖਦਿਆਂ ਤੇਲ ਦਾ ਭਾਅ 2 ਰੁਪਏ ਘੱਟ ਵੀ ਕਰ ਦਿੱਤਾ ਹੈ। ਯੂ.ਪੀ.ਏ ਤਿੰਨ ਸਾਲ ਪੂਰੇ ਹੋਣ ਦਾ ਜਸ਼ਨ ਮਨਾ ਚੁੱਕੀ ਤੇ ਪਿਛੋਂ ਪੈਟਰੋਲ ਦੇ ਭਾਅ ਵਧਾ ਦਿੱਤੇ। ਤੇਲ ਦੀ ਇਹ ਰਾਜਨੀਤੀ ਸਾਫ-ਸਾਫ ਦਰਸਾਉਂਦੀ ਹੈ ਕਿ ਸਰਕਾਰ ਨੇ ਆਪਣੇ ਰਾਜਸੀ ਫਾਇਦੇ-ਨੁਕਸਾਨ ਦੇ ਹਿਸਾਬ ਨਾਲ ਤੇਲ ਕੰਪਨੀਆਂ ਨੂੰ ਹਰੀ ਝੰਡੀ ਦਿੰਦੀ ਹੈ। ਸਰਕਾਰ ਤੇ ਤੇਲ ਕੰਪਨੀਆਂ ਪੈਟਰੋਲ ਦੀਆਂ ਕੀਮਤਾਂ ਵਧਾਉਣ ਲਈ ਹਮੇਸ਼ਾ ਝੂਠ ਦੇ ਪਹਾੜ ਖੜ੍ਹੇ ਕਰਦੀਆਂ ਹਨ। ਇਸ ਵਾਰ ਵੀ ਪੈਟਰੋਲ ਦੇ ਭਾਵਾਂ ’ਚ ਰਿਕਾਰਡ ਵਾਧੇ ਪਿਛੋਂ ਕੰਪਨੀਆਂ ਮੁੱਖ ਤੌਰ ’ਤੇ ਦੋ ਤਰਕ ਦੇ ਰਹੀਆਂ ਹਨ।

ਪਹਿਲਾ ਤਰਕ ਹੈ ਕਿ ਤੇਲ ਕੰਪਨੀਆਂ ਨੂੰ ਡੀਜ਼ਲ, ਗੈਸ ਤੇ ਕੈਰੋਸਿਨ ਤੇ ਸਰਕਾਰੀ ਕੰਟਰੋਲ ਹੋਣ ਕਰਕੇ ਘਾਟਾ ਪੈ ਰਿਹਾ ਹੈ ਜੋ ਕਰੀਬ 1.86 ਲੱਖ ਕਰੋੜ ਦਾ ਹੈ ਅਤੇ ਦੂਜਾ ਤਰਕ ਹੈ ਡਾਲਰ ਦੇ ਮੁਕਾਬਲੇ ਰੁਪਏ ਦੇ ਮੁੱਲ ’ਚ ਆਈ ਗਿਰਾਵਟ ਨਾਲ ਤੇਲ ਦੀ ਦਰਾਮਦ ਮਹਿੰਗੀ ਹੋ ਗਈ ਹੈ। ਪਰ ਇਹਨਾਂ ਦੋਹਾਂ ਹੀ ਤਰਕਾਂ ਦਾ ਗਣਿਤ ਬੜਾ ਪੇਚੀਦਾ ਤੇ ਅਣਪਟਾ ਹੈ। ਪਹਿਲੇ ਤਰਕ ਨੂੰ ਵੇਖੀਏ ਤਾਂ ਸਰਕਾਰ ਤੇ ਤੇਲ ਕੰਪਨੀਆਂ ਜਿਸ ਘਾਟੇ ਦਾ ਰੋਣਾ ਰੋ ਰਹੀਆਂ ਹਨ ਉਹ ਘਾਟਾ ਤੇਲ ਕੰਪਨੀਆਂ ਦਾ ਬੈਲੈਂਸ ਸੀਟ ਵਿਚ ਕਿਧਰੇ ਨਹੀਂ ਦਿਸਦਾ। ਤੇਲ ਕੰਪਨੀਆਂ ਦੇ ਸ਼ੁੱਧ ਮੁਨਾਫ਼ੇ ਦੀ ਗੱਲ ਕੀਤੀ ਜਾਵੇ ਤਾਂ 2011 ਦੀ ਸਲਾਨਾ ਰਿਪੋਰਟ ਮੁਤਾਬਕ ਇੰਡੀਅਨ ਆਇਲ

ਨੂੰ 7445 ਕਰੋੜ, ਹਿੰਦੁਸਤਾਨ ਪੈਟਰੋਲੀਅਮ ਨੂੰ 1539 ਕਰੋੜ ਰੁਪਏ ਤੇ ਭਾਰਤ ਪੈਟਰੋਲੀਅਮ ਨੂੰ 1547 ਕਰੋੜ ਰੁਪਏ ਦਾ ਮੁਨਾਫ਼ਾ ਹੋਇਆ। ਪ੍ਰਸਿੱਧ ਫਾਰਚੂਨ ਪਤ੍ਰਿਕਾ ਦੇ ਅਨੁਸਾਰ ਦੁਨੀਆਂ ਦੀਆਂ ਆਲਾ 500 ਕੰਪਨੀਆਂ ਦੀ ਸੂਚੀ 'ਚ ਭਾਰਤ ਦੀਆਂ ਤਿੰਨ ਸਰਕਾਰੀ ਤੇਲ ਕੰਪਨੀਆਂ ਇੰਡੀਅਨ ਆਇਲ (98 ਸਥਾਨ 'ਤੇ), ਭਾਰਤ ਪੈਟਰੋਲੀਅਮ (271 'ਤੇ) ਤੇ ਹਿੰਦੁਸਤਾਨ ਪੈਟਰੋਲੀਅਮ (335ਵੇਂ ਸਥਾਨ 'ਤੇ) ਸ਼ਾਮਲ ਹਨ। ਇਸ ਤੋਂ ਪਿਛੋਂ ਵੀ ਜੇ ਤੇਲ ਕੰਪਨੀਆਂ ਘਾਟੇ ਦੀ ਦੁਹਾਈ ਦਿੰਦੀਆਂ ਹਨ ਤਾਂ ਉਹ ਹਵਾਈ ਜਹਾਜਾਂ 'ਚ ਵਰਤੇ ਜਾਣ ਵਾਲੇ ਟਰਬਾਇਨ ਫਿਊਅਲ ਯਾਨੀ ਏ.ਟੀ.ਐਫ ਦੀਆਂ ਕੀਮਤਾਂ 'ਚ ਵਾਧਾ ਕਿਉਂ ਨਹੀਂ ਕਰਦੀਆਂ ਜਦਕਿ ਕਈ ਰਾਜਾਂ ਵਿਚ ਤਾਂ ਏ.ਟੀ.ਐਫ ਪੈਟਰੋਲ ਤੋਂ ਵੀ ਸਸਤਾ ਹੈ। ਦਸਣ ਦੀ ਲੋੜ ਨਹੀਂ ਹੈ ਕਿ ਜਹਾਜੀ ਤੇਲ ਦੀਆਂ ਘੱਟ ਕੀਮਤਾਂ ਦਾ ਲਾਭ ਦੇਸ਼ ਦੇ ਖਾਂਦੇ ਪੀਂਦੇ 10 ਫੀ ਸਦੀ ਉਚ ਵਰਗ ਨੂੰ ਮਿਲਦਾ ਹੈ। ਤੇਲ ਕੰਪਨੀਆਂ ਦੇ ਦੂਜੇ ਤਰਕ 'ਤੇ ਗੌਰ ਕਰੀਏ ਤਾਂ ਇਹ ਵੀ ਅੰਕੜਿਆਂ ਦੀ ਬਾਜਗਿਰੀ ਤੋਂ ਵੱਧ ਕੁਝ ਨਹੀਂ ਹੈ। ਤੇਲ ਕੰਪਨੀਆਂ ਦਾ ਕਹਿਣਾ ਹੈ ਕਿ ਭਾਰਤ 'ਚ 80 ਫੀ ਸਦੀ ਤੇਲ ਵਿਦੇਸ਼ਾਂ ਤੋਂ ਦਰਾਮਦ ਕਰਨਾ ਪੈਂਦਾ ਹੈ। ਜਿਸ ਦਾ ਭੁਗਤਾਨ ਡਾਲਰਾਂ 'ਚ ਕੀਤਾ ਜਾਂਦਾ ਹੈ।

ਇਸ ਲਈ ਅੱਜ ਜਦ ਇਕ ਡਾਲਰ ਦੀ ਕੀਮਤ 56 ਰੁਪਏ ਤਕ ਹੋ ਗਈ ਹੈ ਤਾਂ ਉਹਨਾਂ ਨੂੰ ਕੱਚੇ ਤੇਲ ਲਈ ਵੱਧ ਕੀਮਤ ਦੇਣੀ ਪੈ ਰਹੀ ਹੈ। ਇਹ ਤੇਲ ਕੰਪਨੀਆਂ ਡਾਲਰ ਦੇ ਮੁਕਾਬਲੇ ਰੁਪਏ 'ਚ ਆਈ ਗਿਰਾਵਟ 'ਤੇ ਤਾਂ ਹੋ-ਹੱਲਾ ਮਚਾ ਰਹੀਆਂ ਹਨ ਪਰ ਕੌਮਾਂਤਰੀ ਤੇਲ ਦੀ ਪ੍ਰਤੀ ਬੈਰਲ ਕੀਮਤਾਂ ਸਸਤੀਆਂ ਹੋਣ ਦੀ ਗੱਲ ਛੁਪਾ ਰਹੀਆਂ ਹਨ ਕਿਉਂਕਿ ਸੱਚ ਇਹ ਹੈ ਕਿ ਪਿਛਲੇ ਸਾਲ ਜਦ ਕੌਮਾਂਤਰੀ ਬਾਜ਼ਾਰ 'ਚ ਕੱਚੇ ਤੇਲ ਦੇ ਭਾਅ 114 ਡਾਲਰ ਪ੍ਰਤੀ ਬੈਰਲ ਸਨ ਤਦ ਵੀ ਤੇਲ ਕੰਪਨੀਆਂ ਘਾਟਾ ਦਸ ਰਹੀਆਂ ਸਨ। ਅੱਜ ਜਦ ਕੱਚਾ ਤੇਲ 91.47 ਡਾਲਰ ਪ੍ਰਤੀ ਬੈਰਲ ਹੋ ਗਿਆ ਹੈ ਤਾਂ ਵੀ ਕੰਪਨੀਆਂ ਘਾਟਾ ਦਸ ਰਹੀਆਂ ਹਨ ਤੇ ਪੈਟਰੋਲ ਦੇ ਭਾਅ ਵਧਣ ਪਿਛੇ ਰੁਪਏ 'ਚ ਆਈ ਗਿਰਾਵਟ ਨੂੰ ਜੁੰਮੇਵਾਰ ਦਸ ਰਹੀਆਂ ਹਨ। ਪਰ ਜੇ ਡਾਲਰ 10 ਰੁਪਏ ਮਹਿੰਗਾ ਹੋਇਆ ਹੈ ਤਾਂ ਕੱਚਾ ਤੇਲ ਵੀ ਤਾਂ 22 ਡਾਲਰ ਸਸਤਾ ਹੋਇਆ ਹੈ। ਯਾਨੀ ਅੱਜ ਤੇਲ ਕੰਪਨੀਆਂ ਰੁਪਏ ਦੀ ਗਿਰਾਵਟ ਦੇ ਬਾਵਜੂਦ ਪਹਿਲਾਂ ਤੋਂ ਸਸਤਾ ਕੱਚਾ ਤੇਲ ਖਰੀਦ ਰਹੀਆਂ ਹਨ। ਦੂਜੇ ਪਾਸੇ ਸਰਕਾਰ ਅੱਜ ਇਕ ਲਿਟਰ ਪੈਟਰੋਲ ਦੀ ਕੀਮਤ 73.14 ਪੈਸੇ ਵਿਚੋਂ 32 ਰੁਪਏ ਟੈਕਸ ਵਜੋਂ ਵਸੂਲਦੀ ਹੈ। ਮਤਲਬ ਸਾਫ ਹੈ ਇਸ ਮੁੱਲ ਵਾਧੇ ਨਾਲ ਸਭ ਤੋਂ ਵੱਧ ਲਾਭ ਸਰਕਾਰ ਨੂੰ ਹੀ ਹੁੰਦਾ ਹੈ ਜੋ ਬਜ਼ਟ ਘਾਟੇ ਦਾ ਰੋਣਾ ਰੋਂਦੀ ਰਹਿੰਦੀ ਹੈ। ਇਹ ਬਜ਼ਟ ਘਾਟਾ ਇਸ ਲਈ ਨਹੀਂ ਪੈਦਾ ਹੋਇਆ ਕਿ ਸਰਕਾਰ ਭਾਰਤ ਦੇ ਮੇਹਨਤਕਸ਼ ਤੇ ਮਜ਼ਦੂਰਾਂ 'ਤੇ ਵੱਧ ਖਰਚ ਕਰ ਰਹੀ ਹੈ। ਇਹ ਬਜ਼ਟ ਘਾਟਾ ਇਸ ਲਈ ਪੈਦਾ ਹੋਇਆ ਹੈ ਕਿਉਂਕਿ ਸਰਕਾਰ ਬੈਂਕਾਂ ਦੇ ਅਰਬਾਂ ਰੁਪਏ ਦੇ ਬੇਲ ਆਊਟ ਪੈਕੇਜ਼ ਦਿੰਦੀ ਹੈ। ਕਾਰਪੋਰੇਟ ਘਰਾਣਿਆਂ ਦੇ ਹਜ਼ਾਰਾਂ ਕਰੋੜ ਦੇ ਕਰਜੇ ਨੂੰ ਮੁਆਫ ਕਰਦੀ ਹੈ ਅਤੇ ਉਹਨਾਂ ਨੂੰ ਟੈਕਸਾਂ 'ਚ ਭਾਰੀ ਛੋਟ ਦਿੰਦੀ ਹੈ। ਧਨੀ ਕਿਸਾਨਾਂ ਦੇ ਕਰਜੇ ਮੁਆਫ ਕਰਦੀ ਹੈ ਤੇ ਦੇਸ਼ ਦੀ ਧਨਾਢ ਜਮਾਤ ਦੇ ਕਰਾਂ ਦਾ ਬੋਝ ਘਟਾਉਂਦੀ ਹੈ। ਇਸ ਤੋਂ ਇਲਾਵਾ ਖੁਦ ਸਰਕਾਰ ਤੇ ਉਹਨਾਂ ਦੇ ਮੰਤਰੀਆਂ-ਅਫ਼ਸਰਾਂ ਦੇ ਭਾਰੀ ਐਸੋ ਇਸ਼ਰਤ 'ਤੇ ਹਜ਼ਾਰਾਂ ਕਰੋੜ ਰੁਪਏ ਦੀ ਫਜ਼ੂਲ ਖਰਚੀ ਹੁੰਦੀ ਹੈ। ਜ਼ਾਹਿਰ ਹੈ ਕਿ

ਅਮੀਰਾਂ ਨੂੰ ਸਰਕਾਰੀ ਖਜਾਨੇ ਤੋਂ ਸਾਰੇ ਤੋਹਫੇ ਦੇਣ ਪਿਛੋਂ ਇਹ ਜਦ ਖਜਾਨਾ ਖਾਲੀ ਹੋਣ ਲਗਦਾ ਹੈ ਤਾਂ ਉਸ ਦੀ ਪੂਰਤੀ ਗਰੀਬ ਮੇਹਨਤਕਸ਼, ਜਨਤਾ ਨੂੰ ਲੁੱਟ ਕੇ ਕੀਤੀ ਜਾਂਦੀ ਹੈ। ਪੈਟਰੋਲ ਦੀਆਂ ਕੀਮਤਾਂ ’ਚ ਵਾਧਾ ਤੇ ਉਸ ਉਪਰ ਵਸੂਲ ਜਾਣ ਵਾਲੇ ਭਾਰੀ ਟੈਕਸ ਪਿਛੇ ਵੀ ਇਹੀ ਕਾਰਣ ਹੈ। ਪੈਟਰੋਲੀਅਮ ਪਦਾਰਥ (ਪੈਟਰੋਲ, ਡੀਜ਼ਲ ਤੇ ਹੋਰ) ਐਸੀਆਂ ਚੀਜ਼ਾਂ ਨਾਲ ਜਿਹਨਾਂ ਦੇ ਮੁੱਲਾਂ ’ਚ ਵਾਧੇ ਨਾਲ ਹੋਰ ਚੀਜ਼ਾਂ ਦੇ ਭਾਅ ਵੀ ਵੱਧ ਜਾਂਦੇ ਹਨ। ਸਰਕਾਰ ਕਹਿੰਦੀ ਹੈ ਕਿ ਪੈਟਰੋਲੀਅਮ ਪਦਾਰਥਾਂ ’ਤੇ ਛੋਟ ਦੇਣ ਨਾਲ ਕੰਪਨੀਆਂ ਨੂੰ 1.86 ਲੱਖ ਕਰੋੜ ਰੁਪਏ ਦਾ ਘਾਟਾ ਪੈਂਦਾ ਹੈ ਪਰ ਇਹ ਭੁੱਲ ਜਾਂਦੀ ਹੈ ਕਿ ਪੈਟਰੋਲੀਅਮ ਦੇ ਸਭ ਤੋਂ ਵੱਧ ਟੈਕਸ ਵੀ ਉਹੀ ਲੈਂਦੀ ਹੈ। ਸਰਕਾਰ ਕਹਿੰਦੀ ਹੈ ਕਿ ਜੇ ਉਹ ਪੈਟਰੋਲ, ਡੀਜ਼ਲ ਤੇ ਰਸੋਈ ਗੈਸ ’ਤੇ ਛੋਟ ਦਿੰਦੀ ਹੈ ਤਾਂ ਉਸ ਦਾ ਬਜ਼ਟ ਘਾਟੇ ’ਚ ਚਲਾ ਜਾਂਦਾ ਹੈ। ਅਸਲ ’ਚ ਸਰਕਾਰ ਇਸ ਵਿਤੀ ਘਾਟੇ ਦੀ ਆੜ ’ਚ ਗੈਸ, ਕੈਰੋਸਿਨ ਤੇ ਡੀਜ਼ਲ ਤੋਂ ਵੀ ਸਬਸਿਡੀ ਤੇ ਸਰਕਾਰੀ ਕੰਟਰੋਲ ਨੂੰ ਖਤਮ ਕਰਕੇ ਇਸ ਨੂੰ ਸਿੱਧਾ ਬਾਜ਼ਾਰ ਦੇ ਹਵਾਲੇ ਕਰਨਾ ਚਾਹੁੰਦੀ ਹੈ। ਇਸ ਸਰਕਾਰੀ ਘਾਟੇ ਦੇ ਅਸੀਂ ਤਾਂ ਜੁੰਮੇਵਾਰ ਨਹੀਂ। ਅੱਜ ਵਿੱਤ ਮੰਤਰੀ ਤੋਂ ਲੈ ਕੇ ਪ੍ਰਧਾਨ ਮੰਤਰੀ ਤਕ ਸਰਕਾਰੀ ਘਾਟੇ ਨੂੰ ਘੱਟ ਕਰਨ ਲਈ ਸਖਤ ਫੈਸਲੇ ਲੈਣ ਦੀ ਗੱਲ ਕਰਦੇ ਹਨ। ਸਰਕਾਰ ਦੇ ਸਾਰੇ ਸਖਤ ਫੈਸਲਿਆਂ ਦਾ ਨਿਸ਼ਾਨਾ ਲੋਕਾਂ ਨੂੰ ਮਿਲਦੀਆਂ ਕੁਝ ਰਿਆਇਤਾਂ ਹੀ ਹੁੰਦੀਆਂ ਹਨ। ਇਸ ਕਰਕੇ ਸਰਕਾਰ ਲੋਕਾਂ ਨੂੰ ਦਿੱਤੀ ਜਾਂਦੀ ਸਬਸਿਡੀ ਤੇ ਛੋਟ ਅਤੇ ਟੈਕਸ ਮੁਆਫੀ ਬਾਰੇ ਸਰਕਾਰ ਰੋਣਾ ਸ਼ੁਰੂ ਕਰ ਦਿੰਦੀ ਹੈ ਪਰ ਜਦ ਸ਼ਰਮਾਏਦਾਰਾਂ ਨੂੰ ਛੋਟ ਤੇ ਟੈਕਸ ਮੁਆਫੀ ਦੀ ਗੱਲ ਆਉਂਦੀ ਹੈ ਤਾਂ ਸਰਕਾਰ ਦਿਲ ਖੋਹਲ ਕੇ ਸਰਕਾਰੀ ਖਜ਼ਾਨਾ ਲੁਟਾਉਂਦੀ ਹੈ। ਇਸ ਸਾਲ ਕਾਰਪੋਰੇਟ ਸੈਕਟਰ ਵਿਚ ਲਗਭਗ 80,000 ਕਰੋੜ ਰੁਪਏ ਦੀ ਛੋਟ ਦਿੱਤੀ ਗਈ ਹੈ। ਰੋਜ਼ਾਨਾ 240 ਕਰੋੜ ਰੁਪਏ ਕਾਰਪੋਰੇਟ ਘਰਾਣਿਆਂ ਨੂੰ ਛੋਟ ਦਿੱਤੀ ਜਾ ਰਹੀ ਹੈ।

ਸਾਲ 2010-11 ਦੇ ਬਜ਼ਟ ’ਚ ਸ਼ਰਮਾਏਦਾਰ ਜਮਾਤ ਨੂੰ 5-11 ਲੱਖ ਰੁਪਏ ਦੀ ਸਹਾਇਤਾ ਤੇ ਛੋਟ ਦਿਤੀ ਗਈ। ਭਾਵ ਬਜ਼ਟ ਦਾ ਕਰੀਬ 50 ਫੀ ਸਦੀ ਹਿਸਾ ਸਰਕਾਰ ਸਿੱਧੇ ਤੌਰ ’ਤੇ ਸ਼ਰਮਾਏਦਾਰਾਂ ਨੂੰ ਛੋਟਾਂ ਵਜੋਂ ਦਿੰਦੀ ਹੈ। ਅਮੀਰਜਾਂਦਿਆਂ ਨੂੰ ਸਿੱਧੇ ਕਰਾਂ ’ਚ 4500 ਕਰੋੜ ਰੁਪਏ ਦੀ ਛੋਟ ਦਿਤੀ ਜਾਂਦੀ ਹੈ। ਅਕਤੂਬਰ 2010 ਤਕ ਦੇਸ਼ ’ਚ 578 ਵਿਸ਼ੇਸ਼ ਆਰਥਕ ਖੇਤਰ (ਐਸ.ਈ.ਜੈਡ) ਮੰਜੂਰ ਕੀਤੇ ਜਿਥੇ ਬਿਜਲੀ, ਪਾਣੀ ਮੁਫ਼ਤ, ਜ਼ਮੀਨ ਤੇ ਟੈਕਸਾਂ ’ਚ ਛੋਟ ਦਿੱਤੀ ਜਾਂਦੀ ਹੈ। ਉਦੋਂ ਸਰਕਾਰ ਨੂੰ ਕੋਈ ਘਾਟਾ ਨਹੀਂ ਹੋਇਆ। ਅੱਜ ਮਹਿੰਗਾਈ ਨਾਲ ਲੋਕ ਤਬਾਹ ਹਨ ਤਾਂ ਅਜੇਹੇ ’ਚ ਪੈਟਰੋਲ, ਡੀਜ਼ਲ ਤੇ ਰਸੋਈ ਗੈਸ ਦੀਆਂ ਕੀਮਤਾਂ ’ਚ ਵਾਧਾ ਮਹਿੰਗਾਈ ਹੋਰ ਵਧਾਏਗਾ। ਸਾਰੀਆਂ ਪਾਰਟੀਆਂ ਵਿਰੋਧ ਕਰ ਰਹੀਆਂ ਹਨ ਪਰ ਇਹ ਸਭ ਵੋਟ ਦੀ ਰਾਜਨੀਤੀ ਹੈ ਤੇ ਆਪਣਾ ਉਲੂ ਸਿੱਧਾ ਕਰਨਾ ਹੈ। ਇਹ ਮਗਰਮੱਛ ਦੇ ਹੰਝੂ ਸਿਰਫ ਲੋਕਾਂ ਨੂੰ ਵਰਗਲਾਉਣ ਲਈ ਹਨ। ਵੈਸੇ ਅੱਜ ਉਦਾਰੀਕਰਨ, ਨਿੱਜੀਕਰਨ ਦੀਆਂ ਨੀਤੀਆਂ ’ਤੇ ਸਭ ਮਦਾਰੀ ਸਹਿਮਤ ਹਨ।

# ਕੀ ਹਨ ਕਿਸਾਨਾਂ ਹਿਤੇਸ਼ੀ ਸਿਫ਼ਾਰਸ਼ਾਂ ਤੇ ਹਾਕਮਾਂ ਦੀ ਮੌਕਾਪ੍ਰਸਤੀ?

ਗੁਲਾਮ ਭਾਰਤ 'ਚ ਸਾਮਰਾਜੀ ਹਾਕਮ ਅੰਗਰੇਜਾਂ ਤੋਂ ਨਿਆਂ ਤੇ ਸਭਿਅਤਾ ਦੀ ਉਮੀਦ ਪਾਲੀ ਉਸ ਦੌਰ ਦੇ ਕੁਝ ਭਾਰਤੀ ਵਿਦਵਾਨ ਅੰਗਰੇਜਾਂ ਨੂੰ ਬੇਨਤੀ ਵਜੋਂ ਲੁੱਟ ਤੇ ਜ਼ਬਰ ਘੱਟ ਕਰਨ ਦੀ ਸਲਾਹ ਦਿੰਦੇ ਰਹਿੰਦੇ ਸਨ, ਆਪਣੀ ਅੰਗਰੇਜ ਪ੍ਰਸਤੀ ਕਾਰਨ ਗੋਰਿਆਂ ਦੀ ਜਿੰਮੇਵਾਰੀ (ਹਵਾਈਟ ਮੇਨਸ ਬਰਡਨ) 'ਚ ਯਕੀਨ ਕਰਨ ਵਾਲੇ ਵਿਦਵਾਨ, ਇਹ ਨਹੀਂ ਸਮਝਦੇ ਸਨ ਕਿ ਅੰਗਰੇਜ ਭਾਰਤ 'ਚ ਲੋਕਾਂ ਨੂੰ ਖੁਸ਼ਹਾਲ ਬਣਾਉਣ ਲਈ ਉਹਨਾਂ ਦੀ ਲੁਟ ਕਰਨ ਆਏ ਹਨ। ਇਹ ਵਿਡੰਬਨਾਂ ਹੀ ਹੈ ਕਿ ਅੱਜ ਵੀ ਲਗਾਤਾਰ ਡੂੰਘੇ ਹੋਏ ਖੇਤੀ ਸੰਕਟ ਦੇ ਹੱਲ ਲਈ ਕੁਝ ਵਿਦਵਾਨਾਂ ਕਮਿਸ਼ਨਾਂ ਦੇ ਪ੍ਰਧਾਨ, ਖੇਤੀ ਮਾਹਰ ਤੇ ਅਰਥਸਾਸ਼ਤਰੀ ਸਰਕਾਰ ਨੂੰ ਸਿਫ਼ਾਰਸ਼ਾਂ ਕਰ ਰਹੇ ਹਨ ਕਿ ਕਿਸਾਨਾਂ ਨੂੰ ਨਿਸ਼ਚਤ ਤਨਖਾਹ ਦੇ ਕੇ ਜਿਉਂਦੇ ਰਖਿਆ ਜਾਵੇ, ਬਹੁਕੌਮੀ ਕੰਪਨੀਆਂ ਤੋਂ ਬਚਾਉਣ ਲਈ ਵਿਸ਼ੇਸ਼ ਖੇਤੀ ਖੇਤਰ (SAZ) ਬਣਾਏ ਜਾਣ ਤੇ ਸਿੰਚਾਈ ਦੀ ਸਸਤੀ ਪ੍ਰਣਾਲੀ ਆਦਿ। ਕੁਝ ਵਿਦਵਾਨ ਭੂਮੀ ਸੁਧਾਰਾਂ ਦੀਆਂ ਵੀ ਸਿਫ਼ਾਰਸਾਂ ਕਰਦੇ ਹਨ, ਜਦਕਿ ਇਹ ਕੰਮ ਕਰਨ 'ਚ ਸਰਕਾਰ ਵੀ ਸਮਰੱਥ ਨਹੀਂ ਹੈ। ਕੁਲ ਮਿਲਾ ਕੇ ਇਹ ਵਿਦਵਾਨ ਉਹਨਾਂ ਨੀਤੀਆਂ ਨੂੰ ਵਾਪਸ ਲਿਆਉਣ ਦੀ ਕੋਸ਼ਿਸ਼ ਕਰ ਰਹੇ ਹਨ ਜਿਹਨਾਂ ਨੂੰ ਸਰਕਾਰ ਸੋਚੀ ਸਮਝ ਸਕੀਮ ਤਹਿਤ ਤਿਲਾਂਜਲੀ ਦੇ ਚੁਕੀ ਹੈ। ਕਹਿਣਾ ਮੁਸ਼ਕਲ ਹੈ ਕਿ ਖੇਤੀ ਢਾਂਚੇ ਦੀਆਂ ਬਰੀਕੀਆਂ ਨੂੰ ਬਾਖੂਬੀ ਸਮਝਣ ਵਾਲੇ ਇਹ ਵਿਦਵਾਨ ਸਰਕਾਰ ਦੀ ਨੀਅਤ ਸਬੰਧੀ ਭਰਮ 'ਚ ਹਨ ਜਾਂ ਲੋਕਾਂ ਨੂੰ ਭਰਮਾਉਣ ਵਾਲੇ ਸੁਝਾਅ ਪੇਸ਼ ਕਰ ਰਹੇ ਹਨ। ਇਹ ਸਹੀ ਹੈ ਕਿ ਜੇ ਸਰਕਾਰ ਇਹਨਾਂ ਮਾਹਰਾਂ ਦੀਆਂ ਸਿਫ਼ਾਰਸ਼ਾਂ 'ਤੇ ਅਮਲ ਕਰੇ ਤਾਂ ਕਿਸਾਨਾਂ ਨੂੰ ਕੁਝ ਹੱਦ ਤਕ ਇਹਨਾਂ ਨਾਲ ਰਾਹਤ ਮਿਲ ਸਕਦੀ ਹੈ। ਇਸ ਲਈ ਆਪਣੀ ਸ਼ੁਭ ਇੱਛਾ ਲਈ ਇਹ ਵਿਦਵਾਨ ਧੰਨਵਾਦ ਦੇ ਪਾਤਰ ਹਨ ਪਰ ਕੀ ਇਹਨਾਂ ਨੀਤੀਆਂ ਨੂੰ ਲਾਗੂ ਕਰਨ 'ਚ ਮੁੱਖ ਭੂਮਿਕਾ ਨਿਭਾਉਣ ਵਾਲੇ ਦੇਸ਼ ਦੇ ਪ੍ਰਧਾਨ ਮੰਤਰੀ ਤੇ ਵਿਤ ਮੰਤਰੀ ਜੋ ਖੁਦ ਵਿਦਵਾਨ ਅਰਥਸਾਸ਼ਤਰੀ ਹਨ ਤੇ ਕਿਸਾਨਾਂ ਦੇ ਨੇਤਾ ਮੰਨੇ ਜਾਣ ਵਾਲੇ ਖੇਤੀ ਮੰਤਰੀ ਇਹਨਾਂ ਗੱਲਾਂ ਨੂੰ ਨਹੀਂ ਸਮਝਦੇ? ਫਿਰ ਕਿਸਾਨਾਂ ਦੀ ਚਿੰਤਾ 'ਚ ਡੁੱਬੇ, ਇਹਨਾਂ ਵਿਦਵਾਨਾਂ ਦੀਆਂ ਸਿਫ਼ਾਰਸ਼ਾਂ ਤੇ ਚੇਤਾਵਨੀਆਂ ਨੂੰ ਦੇਸ਼ ਦੇ ਇਹ ਨਹਿਨੁਮਾ ਲਗਾਤਾਰ ਅਣਸੁਣੀ ਕਿਉਂ ਕਰਦੇ ਆ ਰਹੇ ਹਨ? ਖੁਦ ਨੂੰ ਸੱਤਾ 'ਚ ਬਣਾਈ ਰੱਖਣ ਦੇ ਭਰਮ ਲਈ ਜਿੰਨਾਂ ਰਾਹਤ ਕਾਰਜ਼ ਜ਼ਰੂਰੀ ਹੈ। ਉਹਨਾਂ ਕਰਨ ਨੂੰ ਵੀ ਤਿਆਰ ਨਹੀਂ ਹਨ ਅਤੇ ਉਹਨਾਂ ਦੀਆਂ ਸਿਫ਼ਾਰਸ਼ਾਂ ਦੇ ਉਲਟ ਕਿਸਾਨ ਵਿਰੋਧੀ ਫੈਸਲੇ ਲਏ ਜਾ ਰਹੇ ਹਨ ਕਿਉਂਕਿ ਆਜ਼ਾਦੀ ਪਿਛੋਂ ਭਾਰਤੀ ਖੇਤੀ ਦੀ ਸੁਰਖਿਆ ਲਈ ਬਣੀਆਂ ਯੋਜਨਾਵਾਂ, ਘੱਟੋਂ-ਘੱਟ ਸਹਾਇਕ ਮੁਲ, ਸਸਤੀ ਖਾਦ ਤੇ ਖੇਤੀ ਉਪਕਰਨ, ਖੇਤੀ ਖੋਜ਼, ਭਾਰੀ ਸਬਸਿਡੀ, ਯੁਕਤੀ ਸਸਤੇ ਵਿਦੇਸ਼ੀ ਖੇਤੀ ਉਤਪਾਦਾਂ ਦੀ ਦਰਾਮਦ ਨਾਲ ਕਿਸਾਨਾਂ ਦੀ ਰਾਖੀ ਦੀਆਂ ਪੁਰਾਣੀਆਂ ਨੀਤੀਆਂ 'ਚ ਇਹਨਾਂ ਨੂੰ ਖੋਟ ਦਿਸਣ ਲੱਗ ਪਿਆ ਹੈ?

ਦਰਅਸਲ ਨਵੀਂ ਖੇਤੀ ਨੀਤੀ ਉਸ ਲੋਕ ਵਿਰੋਧੀ ਨਵੀਆਂ ਆਰਥਕ ਨੀਤੀਆਂ ਦਾ ਲਾਜ਼ਮੀ ਹਿੱਸਾ ਹੈ ਜੋ ਉਦਾਰੀਕਰਨ, ਵਿਸ਼ਵੀਕਰਨ ਤੇ ਨਿੱਜੀਕਰਨ ਦੇ ਨਾਂ ਹੇਠ ਭਾਰਤੀ ਹਾਕਮਾਂ ਨੇ ਦੇਸ਼ ਦੇ ਲੋਕਾਂ 'ਤੇ ਠੋਸ ਦਿਤੀਆਂ ਹਨ। ਉਹਨਾਂ 'ਚ ਦੇਸ਼ੀ-ਵਿਦੇਸ਼ੀ ਕੰਪਨੀਆਂ ਦੀ ਲੁਟ ਦੇ ਰਾਹ ਨਾਲ ਹਰ ਤਰ੍ਹਾਂ ਦੇ ਕੰਟਰੋਲ ਖਤਮ ਕਰਨਾ, ਲੋਕਾਂ ਦੇ ਪੈਸੇ ਨਾਲ ਉਸਰੇ ਜਨਤਕ ਖੇਤਰ ਨੂੰ ਕੌਡੀਆਂ ਦੇ ਭਾਅ ਪੂੰਜੀਪਤੀਆਂ ਨੂੰ ਸੌਂਪਣਾ, ਸ਼ੇਅਰ ਬਾਜ਼ਾਰ ਤੇ ਵਾਅਦਾ ਕਾਰੋਬਾਰ ਦੇ ਨਾਂ 'ਤੇ ਸੱਟੇਬਾਜ਼ੀ ਦੇ ਜ਼ਰੀਏ ਲੁੱਟ ਦੀ ਛੋਟ ਦੇਣਾ ਸ਼ਾਮਲ ਹੈ। ਇਹਨਾਂ ਨੀਤੀਆਂ ਕਾਰਨ ਰਾਜ ਦੀ ਮੁਢਲੀ ਜਿੰਮੇਵਾਰੀ ਸਮਝੇ ਜਾਣ ਵਾਲੇ ਸਿਖਿਆ, ਇਲਾਜ ਤੇ ਅਨਾਜ ਸੁਰਖਿਆ ਵਰਗੇ ਬੁਨਿਆਦੀ ਕੰਮਾਂ ਨੂੰ ਵੀ ਸਰਕਾਰ ਤਿਲਾਂਜਲੀ ਦੇ ਚੁੱਕੀ ਹੈ। ਪੂੰਜੀ ਨਿਵੇਸ਼ ਦੇ ਨਵੇਂ ਖੇਤਰ 'ਚ ਬਦਲ ਕੇ ਇਹਨਾਂ ਨੂੰ ਮੁਨਾਫ਼ਾ ਨਿਚੋੜਨ ਦਾ ਸਾਧਨ ਬਣਾ ਦਿੱਤਾ ਹੈ। ਲੋਕ ਭੁੱਖੇ ਮਰ ਰਹੇ ਹਨ ਤੇ ਕੰਪਨੀ ਕਣਕ ਦੇ ਵਪਾਰ ਨਾਲ ਮੁਨਾਫ਼ਾ ਕਮਾ ਰਹੀ ਹੈ। ਲੋਕ ਪ੍ਰਦੂਸ਼ਣ ਤੇ ਕੁਪੋਸ਼ਣ ਕਾਰਨ ਨਵੀਆਂ-ਨਵੀਆਂ ਬੀਮਾਰੀਆਂ ਦਾ ਸ਼ਿਕਾਰ ਹੋ ਕੇ ਇਲਾਜ ਦੀ ਘਾਟ ਕਾਰਨ ਮਰ ਰਹੇ ਹਨ ਅਤੇ ਦੇਸ਼ੀ-ਵਿਦੇਸ਼ੀ ਥੈਲੀਸ਼ਾਹਾਂ ਦੇ ਇਲਾਜ ਲਈ ਹੈਲਥ ਸਿਟੀ ਵਰਗੇ ਕਰੋੜਾਂ ਰੁਪਏ ਦੇ ਮਸੌਦੇ ਨੂੰ ਪ੍ਰਵਾਨ ਕੀਤਾ ਜਾ ਰਿਹਾ ਹੈ। ਜਦ 'ਲਘੂ ਉਦਯੋਗਾਂ ਤੋਂ ਲੈ ਕੇ ਛੋਟੇ ਦੁਕਾਨਦਾਰ' ਵਪਾਰ ਤੇ ਰੇੜ੍ਹੀਆਂ ਵਾਲੇ ਤਕ ਇਹਨਾਂ ਨੀਤੀਆਂ ਕਾਰਨ ਉਜੜ ਰਹੇ ਹਨ ਤਦ ਦੀ ਖੇਤੀ ਖੇਤਰ ਦੁਆਲੇ ਕੋਈ ਅਜੇਹੀ ਲਛਮਣ ਰੇਖਾ ਖਿਚੀ ਜਾ ਸਕਦੀ ਹੈ ਜਿਸ ਨਾਲ ਇਸ ਨੂੰ ਦੇਸ਼ੀ-ਵਿਦੇਸ਼ੀ ਸ਼ਰਮਾਏਦਾਰਾਂ ਦੇ ਮੁਨਾਫ਼ੇ ਤੇ ਲੁੱਟ ਦੀ ਹਵਸ਼ ਤੋਂ ਬਚਾਇਆ ਜਾ ਸਕੇ। ਦੁਨੀਆਂ ਦੇ 80 ਫੀ ਸਦੀ ਅਨਾਜ ਤੇ ਕੰਟਰੋਲ ਰਖਣ ਵਾਲੀ, ਅਨਾਜ ਦੇ ਬੀਜ ਤੇ ਖੇਤੀ ਰਸਾਇਣਾਂ ਦੇ ਵਪਾਰ ਤੋਂ ਅਰਬਾਂ ਰੁਪਏ ਕਮਾਉਣ ਵਾਲੀ ਠੇਕਾ ਖੇਤੀ ਤੇ ਕਾਰਪੋਰੇਟ ਖੇਤੀ ਰਾਹੀਂ ਖੇਤੀ 'ਚ ਪੂੰਜੀ ਨਿਵੇਸ਼ ਕਰਕੇ ਕਿਸਾਨਾਂ ਨੂੰ ਲੁੱਟ-ਲੁੱਟ ਕੇ ਜਿੰਦਾ ਰਹਿਣ ਵਾਲੀਆਂ ਇਹ ਕੰਪਨੀਆਂ ਆਪਣਾ ਕਾਰੋਬਾਰ ਬੰਦ ਕਰਕੇ ਹੋਮ-ਹਵਨ ਦੇ ਕੰਮ 'ਚ ਨਹੀਂ ਲਗ ਜਾਵੇਗੀ ਤਾਂ ਕਿ ਭਾਰਤੀ ਕਿਸਾਨਾਂ ਨੂੰ ਉਜੜਣ ਤੋਂ ਬਚਾਇਆ ਜਾ ਸਕੇ? ਆਪਣੇ ਦੇਸ਼ ਦੇ ਕਿਸਾਨਾਂ ਨੂੰ ਭਾਰੀ ਸਬਸਿਡੀ 'ਤੇ ਜਿਉਂਦਾ ਰਖਣ ਵਾਲੇ ਵਿਕਸ਼ਤ ਦੇਸ਼ ਆਪਣੀ ਖੇਤੀ ਪੈਦਾਵਾਰ ਸਿਰਫ ਇਸ ਲਈ ਭਾਰਤੀ ਮੰਡੀਆਂ 'ਚ ਵੇਚਣਾ ਬੰਦ ਨਹੀਂ ਕਰਨਗੇ ਕਿ ਇਸ ਨਾਲ ਭਾਰਤੀ ਕਿਸਾਨਾਂ ਨੂੰ ਘਾਟਾ ਹੋ ਰਿਹਾ ਹੈ ਅਤੇ ਉਹ ਆਤਮ ਹੱਤਿਆ ਲਈ ਮਜ਼ਬੂਰ ਹੋ ਰਹੇ ਹਨ। ਖੇਤੀ ਉਪਕਰਣ ਵੇਚ ਕੇ ਮੁਨਾਫ਼ਾ ਕਮਾਉਣ ਵਾਲੀਆਂ ਕੰਪਨੀਆਂ ਇਸ ਲਈ ਟ੍ਰੈਕਟਰ ਤੇ ਦੂਜੇ ਉਪਕਰਣ ਮੁਫ਼ਤ 'ਚ ਨਹੀਂ ਵੰਡਣ ਲੱਗਣਗੇ ਕਿਉਂਕਿ ਸਾਡੇ ਦੇਸ਼ ਦਾ ਕਿਸਾਨ ਇਹਨਾਂ ਨੂੰ ਮਹਿੰਗੇ ਭਾਅਵਾਂ 'ਤੇ ਖਰੀਦਣ ਦੀ ਹਾਲਤ 'ਚ ਨਹੀਂ ਹਨ। ਪੰਜ ਤਾਰਾ ਹੋਟਲਾਂ ਵਰਗੇ ਨਿਜੀ ਹਸਪਤਾਲ ਕਿਸਾਨਾਂ ਦਾ ਸਿਰਫ ਇਸ ਲਈ ਮੁਫ਼ਤ ਇਲਾਜ ਨਹੀਂ ਕਰਨਗੇ ਕਿ ਕੌਮਾਂਤਰੀ ਬਾਜ਼ਾਰ 'ਚ ਉਹਨਾਂ ਦੀਆਂ ਫ਼ਸਲਾਂ ਦੇ ਭਾਅ ਡਿੱਗ ਪਏ ਹਨ ਅਤੇ ਉਹਨਾਂ ਦੀ ਆਮਦਨ ਦਿਨੋਂ-ਦਿਨ ਘੱਟ ਹੁੰਦੀ ਜਾ ਰਹੀ ਹੈ।

ਇਹ ਨਿਜੀ ਕੰਪਨੀਆਂ ਕਿਸਾਨਾਂ ਦੇ ਬੇਟੇ, ਬੇਟੀਆਂ ਦਾ ਇਸ ਲਈ ਅੱਛੇ ਸਕੂਲਾਂ, ਕਾਲਜਾਂ 'ਚ ਦਾਖਲ ਨਹੀਂ ਕਰਵਾਉਂਣਗੀਆਂ ਕਿਉਂਕਿ ਉਹਨਾਂ ਦੇ ਕੋਲ ਇਹਨਾਂ ਦੇ ਮਹਿੰਗੇ ਸਕੂਲਾਂ-ਕਾਲਜਾਂ ਤੋਂ ਡਿਗਰੀ ਖਰੀਦਣ ਲਈ ਪੈਸੇ ਨਹੀਂ ਹੈ। 'ਅਜਾਦੀ' ਤੋਂ ਪਿਛੋਂ ਦੇ 60 ਸਾਲਾਂ 'ਚ ਦੇਸ਼ ਦੇ ਲੋਕਾਂ ਦੀ ਖੂਨ ਪਸੀਨੇ ਦੀ ਕਮਾਈ

ਚੂਸ ਕੇ ਦੁਨੀਆਂ ਦੇ ਧਨ-ਕੁਬੇਰਾਂ ਦੀ ਹੈਸ਼ੀਅਤ ’ਚ ਉਚੇ ਪਾਇਦਾਨ ’ਤੇ ਪਹੁੰਚੇ ਦੇਸ਼ ਭਗਤ ਸ਼ਰਮਾਏਦਾਰ ਆਪਣੇ 60 ਸਾਲਾਂ ਦੇ ਮੁਨਾਫ਼ੇ ਦਾ 10 ਫੀ ਸਦੀ ਹਿੱਸਾ ਵੀ ਕਿਸਾਨਾਂ ਨੂੰ ਉਜੜਣ ਤੋਂ ਬਚਾਉਣ ’ਤੇ ਖਰਚ ਕਰਨ ਲਈ ਤਿਆਰ ਨਹੀਂ ਹੋ ਸਕਦੇ। ਕੀ ਸਾਡੇ ਇਹ ਨਿਰਮਲ ਦਿੱਲ, ਭਲੇ ਵਿਦਵਾਨ ਇਹਨਾਂ ਸਿਧੀਆਂ ਸਾਦੀਆਂ ਗੱਲਾਂ ਨੂੰ ਨਹੀਂ ਜਾਣਦੇ? ਕੀ ਆਪ ਨਹੀਂ ਜਾਣਦੇ ਸਾਡੀਆਂ ਸਰਕਾਰਾਂ ਦੇਸ਼ ਦੇ ਲੋਕਾਂ ਨੂੰ ਦੇਸ਼ੀ-ਵਿਦੇਸ਼ੀ ਸ਼ਰਮਾਏਦਾਰਾਂ ਦੀ ਲੁੱਟ ਤੋਂ ਬਚਾਉਣ ਦੀ ਕਲਿਆਣਕਾਰੀ ਰਾਜ ਦੇ ਭੂਮਿਕਾ ਨੂੰ ਪੂਰੇ ਤੌਰ ’ਤੇ ਤਿਆਗ ਕੇ ਪੂੰਜੀ ਤੇ ਮੁਨਾਫ਼ੇ ’ਚ ਆਉਣ ਵਾਲੇ ਅੜਕਿਆਂ ਨੂੰ ਦੂਰ ਕਰਨ ਅਤੇ ਪੂੰਜੀ ਦੀ ਰਖਿਆ ਕਰਨ ਦੀ ਭੂਮਿਕਾ ਨੂੰ ਖੁੱਲ੍ਹੇ ਤੌਰ ’ਤੇ ਅਪਣਾ ਚੁੱਕੀ ਹੈ ਅਤੇ ਆਪ ਇਹਨਾਂ ਨੂੰ ਇਸ ਭੂਮਿਕਾ ਨੂੰ ਬਦਲਣ ਦੀ ਸਲਾਹ ਦੇ ਰਹੇ ਹਨ। ਕੀ ਆਪ ਨਹੀਂ ਜਾਣਦੇ ਕਿ ਬਾਜ਼ਾਰ ਦੀਆਂ ਤਾਕਤਾਂ ਦੇ ਨਿਯਮ ਨਾਲ ਚਲਣ ਵਾਲੀ ਲੁੱਟ ਤੇ ਮੁਨਾਫ਼ੇ ’ਤੇ ਅਧਾਰਿਤ ਇਹ ਵਿਵਸਥਾ ਤੇ ਕਿਸਾਨਾਂ ਦੀ ਹੋਂਦ ਇਕ ਵੇਲੇ ਕਾਇਮ ਰਹਿਣੀ ਸੰਭਵ ਨਹੀਂ ਹੈ।

# ਕਿਉਂ ਹੈ ਹੋਇਆ ਪੁਲਸ ਦਾ ਅਪਰਾਧੀ ਕਰਨ?

ਬੀਤੇ 2010 ਦੇ ਮਾਰਚ ਮਹੀਨੇ ’ਚ ਸਪੈਸ਼ਲ ਟਾਸਕਫੋਰਸ (STF) ਦੇ ਪੁਲਸ ਅਧਿਕਾਰੀ ਤੇ ਸੱਤ ਹੋਰ ਪੁਲਸਸ ਕਰਮੀਆਂ ਖਿਲਾਫ ‘ਧਮਕਾਉਣ ਤੇ ਲੁੱਟਣ’ ਦਾ ਮੁਕੱਦਮਾ ਦਰਜ ਹੋਇਆ। ਉਹਨਾਂ ’ਤੇ ਦੋਸ਼ ਹੈ ਕਿ ਉਹਨਾਂ ਨੇ ਇਕ ਸੋਨਾ ਵਪਾਰੀ ਨੂੰ ਡਰਾ ਧਮਕਾ ਕੇ ਉਸ ਤੋਂ 10 ਲੱਖ ਰੁਪਏ ਮੰਗੇ ਸਨ। ਉਸ ਨੇ ਇਕ ਲੱਖ ਰੁਪਏ ਫੌਰਨ ਦੇ ਕੇ ਬਾਕੀ 9 ਲੱਖ ਰੁਪਏ ਬਾਅਦ ’ਚ ਦੇਣ ਦਾ ਵਾਅਦਾ ਕੀਤਾ। ਇਹਨਾਂ ਸਾਰੀਆਂ ਕਾਰਵਾਈਆਂ ਨੂੰ ਉਸ ਨੇ ਸੀ.ਸੀ. ਟੀ.ਵੀ. ਕੈਮਰੇ ’ਚ ਕੈਦ ਕਰ ਲਿਆ ਸੀ। ਇਸ ਤੋਂ ਪਹਿਲਾਂ ਵੀ ਕਿਸੇ ਸ਼ੇਅਰ ਦਲਾਲ ਨੇ ਸ਼ਕਾਇਤ ਕੀਤੀ ਸੀ ਕਿ ਐਸਟੀ ਐਫ ਦੀ ਟੀਮ ਨੇ ਉਸ ਤੋਂ 10 ਲੱਖ ਰੁਪਏ ਵਸੂਲ ਕੀਤੇ ਹਨ। 12 ਅਪ੍ਰੈਲ ਨੂੰ ਉਤਰ ਪ੍ਰਦੇਸ਼ ਦੇ ਥਾਣਾ ਬਹਾਦਰਗੜ੍ਹ ’ਚ ਧਿਰੇਂਦਰ ਨਾਮਕ ਨੌਜਵਾਨ ਦੀ ਪੁਲਸ ਹਿਰਾਸਤ ’ਚ ਮੌਤ ਹੋ ਗਈ ਸੀ। ਧਿਰੇਂਦਰ ਨੂੰ ਪੁਲਸ ਨੇ ਗ੍ਰਿਫ਼ਤਾਰ ਕਰਕੇ ਮਾਰਿਆ ਕੁਟਿਆ ਜਿਸ ਕਾਰਨ ਉਸ ਨੇ ਦਮ ਤੋੜ ਦਿੱਤਾ। ਥਾਣਾ ਮੁਖੀ ਨੇ ਦਸਿਆ ਕਿ ਉਸ ਨੇ ਆਤਮ ਹੱਤਿਆ ਕੀਤੀ ਹੈ ਅਤੇ ਖੁਦ ਲਾਕ ਅੱਪ ਦੀ ਚਾਬੀ ਲੈ ਕੇ ਫ਼ਰਾਰ ਹੋ ਗਿਆ। ਪੋਸਟ ਮਾਰਟਮ ਦੀ ਰੀਪੋਟ ਤੋਂ ਪਤਾ ਲੱਗਿਆ ਕਿ ਉਸ ਦੀ ਮੌਤ ਤਸੀਹੇ ਦੇਣ ਤੇ ਦਮ ਘੁਟਣ ਕਾਰਨ ਹੋਈ ਹੈ।

ਉਸ ਦੇ ਸਰੀਰ ’ਤੇ ਸੱਟਾਂ ਦੇ ਨਿਸ਼ਾਨ ਵੀ ਪਾਏ ਗਏ। 1947 ਦੀ ਸੱਤਾ ਦੀ ਸੱਤਾ ਤਬਦੀਲੀ ਤੋਂ ਛੇ ਦਹਾਕਿਆਂ ਪਿਛੋਂ ਵੀ ਸਾਡੇ ਦੇਸ਼ ਦੀ ਪੁਲਸ ਪ੍ਰਣਾਲੀ ਅੰਗਰੇਜੀ ਹਕੂਮਤ ਵਰਗੀ ਹੀ ਜਾਲਮ ਤੇ ਅਤਿਆਚਾਰੀ ਹੈ। ਆਮ ਆਦਮੀ ਨੂੰ ਰੋਜ਼ਾਨਾ ਆਪਣੇ ਜੀਵਨ ’ਚ ਇਸ ਦਾ ਸਾਹਮਣਾ ਕਰਨਾ ਪੈਂਦਾ ਹੈ। ਪੁਲਸ ਜੁਲਮ ਦੀਆਂ ਕਈ ਘਟਨਾਵਾਂ ਨੂੰ ਤਾਂ ਸਾਡੇ ਦੇਸ਼ ਦੀ ਪੁਲਸ ਅੰਗਰੇਜੀ ਰਾਜ ਦੀ ਪੁਲਸ ਨੂੰ ਪਿਛੇ ਛਡਦੀ ਦਿਖਾਈ ਦਿੰਦੀ ਹੈ ਇਕ ਵਾਰੀ ਅਖਬਾਰਾਂ ਤੇ ਟੀ.ਵੀ ਚੈਨਲਾਂ ਉਪਰ ਬਿਹਾਰ ਪੁਲਸ ਦੀ ਇਕ ਅਜੇਹੀ ਕਰਤੂਤ ਵਿਖਾਈ ਗਈ ਸੀ ਜਿਸ ’ਚ ਪੁਲਸ ਵਾਲੇ ਇਕ ਨੌਜਵਾਨਾ ਨੂੰ ਮੋਟਰ ਸਾਈਕਲ ਦੇ ਪਿਛੇ ਬੰਨ ਕੇ ਘਸੀਟ ਰਹੇ ਸਨ। ਆਏ ਦਿਨ ਹੱਤਿਆ, ਲੁੱਟ, ਡਕੈਤੀ ਅਗਵਾ ਤੇ ਬਲਾਤਕਾਰ ਵਰਗੇ ਗੰਭੀਰ ਅਪਰਾਧਾਂ ’ਚ ਪੁਲਸ ਦੀ ਸਮੂਲੀਅਤ ਦੀਆਂ ਖ਼ਬਰਾਂ ਆਉਂਦੀਆਂ ਰਹਿੰਦੀਆਂ ਹਨ ਇਥੋਂ ਤਕ ਕਿ ਆਮ ਆਦਮੀ ਅੱਜ ਅਪਰਾਧੀਆਂ ਦੀ ਬਜਾਏ ਪੁਲਸ ਤੋਂ ਵੱਧ ਭੈਭੀਤ ਹੈ। ਕਹਾਵਤ ਹੈ ਕਿ ਪੁਲਸ ਨਾਲ “ਦੋਸਤੀ ਤੇ ਦੁਸ਼ਮਣੀ” ਦੋਨੋਂ ਹੀ ਮਹਿੰਗੀਆਂ ਪੈਂਦੀਆਂ ਹਨ ਅਤੇ ਇਹ ਕਾਫੀ ਹੱਦ ਤਕ ਸਹੀ ਵੀ ਹੈ। ਪੁਲਸ ਮੁਕਾਬਲੇ, ਥਰਡ ਡਿਗਰੀ ਤਸੀਹੇ ਤੇ ਹਿਰਾਸਤ ’ਚ ਮੌਤ ਤਾਂ ਜਿਵੇਂ ਪੁਲਸ ਦੀ ਕਾਰਜ ਪ੍ਰਣਾਲੀ ਦਾ ਜ਼ਰੂਰੀ ਹਿੱਸਾ ਹੋ ਗਿਆ ਹੈ। ਸਮਾਜ ਨੇ ਵੀ ਇਸ ਨੂੰ ਹੁਣ ਲਗਭਗ ਮੰਨਜੂਰ ਕਰ ਲਿਆ ਹੈ। ਅਜੇਹੀਆਂ ਖ਼ਬਰਾਂ ਕਿਸੇ ਨੂੰ ਬੇਚੈਨ ਨਹੀਂ ਕਰਦੀਆਂ, ਬਹੁਤੇ ਕੇਸਾਂ ’ਚ ਕੋਈ ਹੋ-ਹੱਲਾ ਨਹੀਂ ਮਚਾਉਂਦਾ, ਸਿਵਾਏ ਉਸ ਜੁਲਮ ਦੇ ਸ਼ਿਕਾਰ ਵਿਅਕਤੀ ਦੇ ਕਰੀਬੀ ਰਿਸ਼ਤੇਦਾਰਾਂ ਨੇ ਜਿਹਨਾਂ ਨੂੰ ਡਰਾ ਧਮਕਾ ਦੇ ਚੁਪ ਕਰਾ ਦਿਤਾ ਜਾਂਦਾ ਹੈ। ਭਾਰਤ ਸਰਕਾਰ ਨੇ 1997 ’ਚ ਅਤਿਆਚਾਰ ਤੇ ਹੋਰ ਬੇਰਹਿਮ ਗੈਰ ਮਨੁੱਖੀ ਜਾਂ ਅਪਮਾਨ ਜਨਕ ਵਿਹਾਰ ਤੇ ਸਜ਼ਾ

ਦੇ ਖਿਲਾਫ ਸੰਯੁਕਤ ਰਾਸ਼ਟਰ ਸੰਘ ਸੰਮੇਲਨ ’ਤੇ ਦਸਤਖ਼ਤ ਕੀਤੇ ਸਨ, ਪਰ ਅੱਜ ਤਕ ਇਸ ਨੂੰ ਕਾਨੂੰਨੀ ਰੂਪ ਦੇਣ ਲਈ ਕੋਈ ਕਦਮ ਅੱਗੇ ਨਹੀਂ ਵਧਾਇਆ ਹੈ। ਇਸ ਦੌਰਾਨ ਪੁਲਸ ਦਾ ਗੈਰ ਮਨੁੱਖੀ ਪੁਣਾ ਤੇ ਜ਼ਬਰ ਬੇਲਗਾਮ ਅੱਗੇ ਵਧਦੇ ਗਏ। 1994 ਤੋਂ 2008 ਵਿਚਕਾਰ ਦੇਸ਼ ਭਰ ’ਚ ਪੁਲਸ ਹਿਰਾਸਤ ’ਚ 16836 ਮੌਤਾਂ ਹੋਈਆਂ ਭਾਵ ਔਸਤਾਨ ਹਰ ਸਾਲ 1203 ਤੇ ਹਰ ਮਹੀਨੇ 100 ਆਦਮੀ ਪੁਲਸ ਹਿਰਾਸਤ ’ਚ ਮਾਰੇ ਗਏ। 2000-01 ’ਚ 1037 ਲੋਕਾਂ ਦੀ ਪੁਲਸ ਹਿਰਾਸਤ ’ਚ ਮੌਤ ਹੋਈ ਸੀ ਜਦ ਕਿ 2007-08 ’ਚ ਵਧ ਕੇ 1977 ਹੋ ਗਈ ਪਰ ਅਪ੍ਰੈਲ 2007 ਤੋਂ ਮਾਰਚ 2009 ਯਾਨੀ ਦੋ ਸਾਲਾਂ ਅੰਦਰ ਸਭ ਤੋਂ ਵੱਧ ਮਹਾਂਰਾਸ਼ਟਰ ’ਚ 192, ਉਤਰ ਪ੍ਰਦੇਸ਼ ’ਚ 128, ਗੁਜਰਾਤ ’ਚ 113, ਆਂਧਰਾ ’ਚ 85, ਝਾਰਖੰਡ ’ਚ 29, ਸਤੀਸਗੜ੍ਹ ’ਚ 23, ਅਸਾਮ ’ਚ 74, ਪੱਛਮੀ ਬੰਗਾਲ ’ਚ 83, ਮੇਘਾਲਿਆ ’ਚ 16, ਅਰੁਣਾਚਲ ’ਚ 11, ਤ੍ਰਿਪੁਰਾ ’ਚ 9, ਉਤਰਾਖੰਡ ’ਚ 10, ਹਿਮਾਂਚਲ ਪ੍ਰਦੇਸ਼ ’ਚ 2 ਅਤੇ ਜੰਮੂ ਕਸਮੀਰ ’ਚ 9 ਲੋਕਾਂ ਦੀ ਪੁਲਸ ਹਿਰਾਸਤ ’ਚ ਮੌਤ ਹੋ ਗਈ। ਉਤਰ ਪ੍ਰਦੇਸ਼ ’ਚ 2009 ’ਚ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਪਾਸ ਜਿੰਨੀਆਂ ਸ਼ਕਾਇਤਾਂ ਆਈਆਂ, ਉਹਨਾਂ ’ਚੋਂ ਅੱਧੇ ਤੋਂ ਵੱਧ ਮਾਮਲੇ ਪੁਲਸ ਜ਼ਬਰ ਦੇ ਸਨ। ਇਹ ਸਭ ਅੰਕੜੇ ਸਰਕਾਰੀ ਹਨ। ਅਸਲੀਅਤ ਇਸ ਤੋਂ ਕਿਤੇ ਵੱਧ ਭਿਆਨਕ ਹੈ। ਅਜੇਹੇ ਲੋਕਾਂ ਦੀ ਤਾਂ ਕੋਈ ਗਿਣਤੀ ਹੀ ਨਹੀਂ ਜੋ ਪੁਲਸ ਦੀ ਥਰਡ ਡਿਗਰੀ ਤਸੀਹਿਆਂ ਨਾਲ ਮਰਦੇ ਤਾਂ ਨਹੀਂ ਬਲਕਿ ਜਿੰਦਾ ਲਾਸ਼ ’ਚ ਬਦਲ ਜਾਂਦੇ ਹਨ।

ਪਿਛਲੇ 20-25 ਸਾਲਾਂ ਦੌਰਾਨ ਅਜੇਹੀਆਂ ਘਟਨਾਵਾਂ ਬਹੁਤ ਤੇਜ਼ੀ ਨਾਲ ਵਧੀਆਂ ਹਨ। ਅਪਰਾਧੀਆਂ ਨਾਲ ਹੀ ਨਹੀਂ ਬਣੇ ਜਮਹੂਰੀ ਤਰੀਕੇ ਨਾਲ ਆਪਣੀਆਂ ਜਾਇਜ਼ ਮੰਗਾਂ ਲਈ ਅਵਾਜ਼ ਬੁਲੰਦ ਕਰਨ ਵਾਲਿਆਂ ਨੂੰ ਵੀ ਬੇਕਿਰਕੀ ਨਾਲ ਕੁਚਲ ਦਿੱਤਾ ਜਾਂਦਾ ਹੈ। ਅੰਗਰੇਜ ਮਾਨਸ਼ਿਕਤਾ ਵਾਲੀ ਹਕੂਮਤ ਲੋਕਾਂ ਖਿਲਾਫ ਪੁਲਸ-ਫੋਰਸ ਨੂੰ ਉਸੇ ਤਰ੍ਹਾਂ ਆਪਣੇ ਹੱਕ ’ਚ ਵਰਤਦੀ ਹੈ ਅਤੇ ਉਸੇ ਤਰ੍ਹਾਂ ਉਸੇ ਅਧਿਕਾਰ ਅਤੇ ਛੋਟ ਦਿੰਦੀ ਹੈ ਜਿਵੇਂ ਅੰਗਰੇਜਾਂ ਦੇ ਰਾਜ ’ਚ ਜਨਰਲ ਡਾਇਰ। ‘ਆਜ਼ਾਦ’ ਭਾਰਤ ’ਚ ਕਿੰਨੀ ਹੀ ਵਾਰੀ “ਜਲਿਆਂਵਾਲੇ ਬਾਗ ਕਾਂਡ” ਦੀ ਮੁੜ ਸੁਰਜੀਤੀ ਹੋਈ ਹੈ। ਬੇਲਾਡੀਲਾ, ਪੰਤ ਨਗਰ, ਮਾਲਿਆਨਾ ਵਰਗੇ ਕਤਲੇਆਮ ਦੀਆਂ ਅਨੇਕਾਂ ਉਦਾਹਰਣਾਂ ਮੌਜੂਦ ਹਨ। ਕਿਸੇ ਨੇ ਕਿਹਾ ਹੈ ਕਿ ‘ਅਧਿਕਾਰ ਆਦਮੀ ਨੂੰ ਭ੍ਰਿਸ਼ਟ ਕਰਦਾ ਹੈ ਅਤੇ ਪੂਰਨ ਅਧਿਕਾਰ ਪੂਰੀ ਤਰ੍ਹਾਂ ਭ੍ਰਿਸ਼ਟ ਕਰਦਾ ਹੈ’ ਪੁਲਸ ਢਾਂਚੇ ਦੇ ਜਮਹੂਰੀ ਕਰਨ ਤਾਂ ਉਸ ’ਚ ਸੁਧਾਰ ਦੀ ਚਰਚਾ ਅਕਸਰ ਹੁੰਦੀ ਰਹਿੰਦੀ ਹੈ। ਉਤਰਪ੍ਰਦੇਸ਼ ਦੇ ਸਾਬਕਾ ਡੀ.ਜੀ.ਪੀ ਪ੍ਰਕਾਸ਼ ਸਿੰਘ ਦੀ ਜਨਹਿਤ ਪਟੀਸ਼ਨ ’ਤੇ ਸੁਣਵਾਈ ਸਮੇਂ 2006 ’ਚ ਸੁਪਰੀਮ ਕੋਰਟ ਨੇ ਹੁਕਮ ਦਿਤਾ ਸੀ ਕਿ ਪੁਲਸ ਕਾਰਜ ਪ੍ਰਣਾਲੀ ’ਚ ਸੁਧਾਰ ਕੀਤੇ ਜਾਣ ਪਰ ਸਰਕਾਰ ’ਤੇ ਉਸ ਦਾ ਵੀ ਕੋਈ ਅਸਰ ਨਹੀਂ ਹੋਇਆ। ਇਸ ਤੋਂ ਪਹਿਲਾਂ ਹੀ ਜਸਟਿਸ ਮੁਤਲਾ ਕਮੇਟੀ, ਰਿਵੇਕਿਓ ਕਮੇਟੀ, ਪਦਮਨ ਭੈਆ ਕਮੇਟੀ, ਮਲਿਮਥ ਕਮੇਟੀ ਤੇ ਕੌਮੀ ਮਨੁਖੀ ਅਧਿਕਾਰ ਕਮਿਸ਼ਨ ਵਲੋਂ ਸਮੇਂ-ਸਮੇਂ ’ਤੇ ਪੁਲਸ ਪ੍ਰਣਾਲੀ ’ਚ ਸੁਧਾਰ ਦੇ ਸੁਝਾਅ ਦਿੱਤੇ ਜਾਂਦੇ ਰਹੇ ਹਨ। ਸਿਧਾਂਤਿਕ ਤੌਰ ’ਤੇ ਤਾਂ ਸਰਕਾਰ ਉਹਨਾਂ ਨੂੰ ਮੰਨਦੀ ਹੈ, ਮੀਡੀਆ ’ਚ ਕੁਝ ਦਿਨ ਚਰਚਾ ਵੀ ਹੁੰਦੀ ਹੈ ਪਰ ਅਮਲ ’ਚ ਇਹ ਸੁਝਾਅ ਗ੍ਰਹਿ ਮੰਤਰਾਲੇ ਦੇ ਮਾਲੇ-ਖਾਨੇ ’ਚ ਪਏ-ਪਏ ਸੜਦੇ ਰਹਿੰਦੇ ਹਨ। ਪਿਛਲੇ

ਕੁਝ ਸਾਲਾਂ ਤੋਂ ਪੁਲਸ ਮੁਕਾਬਲੇ ਯਾਨੀ 'ਫਰਜੀ ਮੁਠਭੇੜ' ਵਰਗੇ ਪੁਲਸ ਵਲੋਂ ਹੱਤਿਆ ਕੀਤੇ ਜਾਣ ਦਾ ਰਿਵਾਜ ਹੀ ਬਣ ਗਿਆ ਹੈ। 31 ਮਾਰਚ 1977 ਨੂੰ ਦਿੱਲੀ ਪੁਲਸ ਦੇ ਐਸ.ਪੀ ਨੇ ਕਨਾਟ ਪਲੇਸ 'ਚ ਸ਼ਰੇਆਮ ਦੋ ਵਪਾਰੀਆਂ ਨੂੰ ਅਪਰਾਧੀ ਦੱਸ ਕੇ ਮਾਰ ਸੁਟਿਆ ਸੀ। ਦੋ ਸਤੰਬਰ 2003 ਨੂੰ ਉਤਰ ਪ੍ਰਦੇਸ਼ ਪੁਲਸ ਨੇ ਸੋਨਭੱਦਰ ਜ਼ਿਲ੍ਹੇ 'ਚ ਫਰਜੀ ਮੁਕਾਬਲੇ 'ਚ ਕਈ ਲੋਕਾਂ ਨੂੰ ਮਾਰ ਦਿੱਤਾ ਸੀ। 15 ਜਨਵਰੀ 2004 ਨੂੰ ਅਹਿਮਦਾਬਾਦ ਦੇ ਇਸ਼ਰਤ ਜਹਾਂ ਤੇ ਤਿੰਨ ਹੋਰ ਲੋਕਾਂ ਦੀ ਪੁਲਸ ਨੇ ਮੁਕਾਬਲੇ ਦੇ ਨਾਂ ਹੇਠ ਹੱਤਿਆ ਕਰ ਦਿੱਤੀ ਸੀ। ਮਹਾਂਰਾਸ਼ਟਰ 'ਚ ਬਿਹਾਰ ਦੇ ਵਿਦਿਆਰਥੀ ਰਾਹੁਲ ਰਾਜ ਨੂੰ ਮੁੰਬਈ ਪੁਲਸ ਨੇ ਸ਼ਰੇਆਮ ਦਿਨ-ਦਿਹਾੜੇ ਘੇਰ ਕੇ ਮਾਰ ਸੁਟਿਆ ਸੀ। ਅਜੇ ਕੁਝ ਸਮਾਂ ਪਹਿਲਾਂ ਉਤਰਾਖੰਡ ਦੀ ਰਾਜਧਾਨੀ ਦੇਹਰਾਦੂਨ 'ਚ ਸਥਾਨਕ ਪੁਲਸ ਨੇ ਰਾਜ ਦੇ ਇਕ ਨੌਜਵਾਨ ਨੂੰ ਫਰਜੀ ਮੁਕਾਬਲੇ 'ਚ ਮੌਤ ਦੇ ਘਾਟ ਉਤਾਰ ਦਿੱਤਾ ਸੀ। ਉਤਰ ਪੂਰਬ ਦੇ ਰਾਜਾਂ 'ਚ ਤਾਂ ਹਾਲਾਤ ਇਹ ਹੈ ਕਿ ਪੁਲਸ ਜਦ ਤੇ ਜਿਸ ਨੂੰ ਚਾਹੇ ਦਹਿਸ਼ਤਗਰਦ ਦਸ ਕੇ ਮਾਰ ਦਿੰਦੀ ਹੈ। ਕਿੰਨੇ ਅਜੇਹੇ ਪੁਲਸ ਅਧਿਕਾਰੀ ਹਨ ਜੋ 'ਇਨਕਾਊਂਟਰ ਸਪੈਸ਼ਲਿਸਟ' ਦੇ ਨਾਂ ਨਾਲ ਜਾਣੇ ਜਾਂਦੇ ਹਨ।

ਫਰਜ਼ੀ ਮੁਕਾਬਲੇ 'ਚ ਅਪਰਾਧੀ ਤੇ ਗੈਰ ਅਪਰਾਧੀ ਲੋਕਾਂ ਨੂੰ ਮਾਰ ਕੇ ਤਰੱਕੀ ਹਾਸ਼ਲ ਕਰਨਾ ਇਹਨਾਂ ਦੀ ਵਿਸੇਸ਼ਤਾ ਹੈ। ਇਥੋਂ ਤਕ ਕਿ ਇਹਨਾਂ ਦੀ ਬੱਲੇ-ਬੱਲੇ ਕਰਾਉਣ ਲਈ 'ਹੁਣ ਤਕ ਛਪਨ' ਵਰਗੀਆਂ ਦਰਜ ਨਾ ਫਿਲਮਾਂ ਬਣ ਚੁਕੀਆਂ ਹਨ। ਇਹਨਾਂ ਮੁਕਾਬਲੇ ਦੇ ਮਾਹਰ ਦਰਮਿਆਨ ਆਪਸ 'ਚ ਦੌੜ ਹੈ ਕਿ ਕੌਣ ਕਿੰਨੇ ਆਦਮੀ ਮਾਰ ਸਕਦਾ ਹੈ। ਇਕ ਦੂਜੇ ਤੋਂ ਅੱਗੇ ਨਿਕਲਣ ਦੀ ਦੌੜ 'ਚ ਇਹ ਮਾਸੂਮ ਲੋਕਾਂ ਨੂੰ ਵੀ ਮਾਰ ਸੁਟਦੇ ਹਨ ਅਤੇ ਅੰਤ 'ਚ ਇਕ ਦੂਜੇ ਨੂੰ ਮਾਰਨ ਤੋਂ ਵੀ ਬਾਜ ਨਹੀਂ ਆਉਂਦੇ। ਪੰਜਾਬ 'ਚ ਜਦ ਮਾਸੂਮ ਨੌਜਵਾਨਾਂ ਦੀ ਜਾਨ ਲੈਣ ਦੇ ਕਿੱਸੇ ਇਕ-ਇਕ ਕਰਕੇ ਖੁਲਣ ਲੱਗੇ ਤਾਂ ਇਹਨਾਂ 'ਚੋਂ ਕੁਝ ਨੇ ਆਤਮ ਹੱਤਿਆ ਕਰ ਲਈ। ਆਪਣੀ ਜ਼ਿੰਦਗੀ 'ਚ ਸੈਂਕੜੇ ਆਦਮੀ ਮਾਰਨ ਵਾਲੇ ਇਹਨਾਂ ਜਲਾਦਾਂ ਨੂੰ ਕੀ ਮਨੁੱਖ ਕਹਿਣਾ ਵਾਜਬ ਹੈ? ਅੱਤਵਾਦ ਦੇ ਬਹਾਨੇ ਪੰਜਾਬ, ਕਸਮੀਰ, ਉਤਰਪੂਰਬੀ ਰਾਜਾਂ ਤੇ ਪ੍ਰਭਾਵਿਤ ਦੂਜੇ ਇਲਾਕਿਆਂ 'ਚ ਫਰਜੀ ਮੁਠਭੇੜ ਦੀ ਕੋਈ ਹੱਦ ਨਹੀਂ। ਕੁਝ 'ਡੇਅਰ ਡੇਵਿਲ' ਲੋਕ ਇਹਨਾਂ ਜਾਲਮਾਨਾਂ ਕਾਰਵਾਈਆਂ ਨੂੰ ਸਫਲਤਾ ਦੀ ਪੌੜੀ ਵਾਂਗੂੰ ਵਰਤੋਂ ਕਰਦੇ ਹਨ।

ਫਰਜ਼ੀ ਮੁਕਾਬਲੇ ਦੇ ਆਪਣੇ ਤਰਕ ਵੀ ਹਨ। ਗੁਜਰਾਤ ਦੇ ਸਾਬਕਾ ਵਧੀਕ ਪੁਲਸ ਡਾਇਰੈਕਟਰ ਜਨਰਲ ਆਰ.ਬੀ. ਸ੍ਰੀ ਕੁਮਾਰ ਨੇ ਕਿਹਾ ਸੀ ਪੁਲਸ ਮੁਕਾਬਲਾ ਰਾਜਨੀਤੀ ਦਾ ਇਕ ਰਣਨੀਤਕ ਹਿੱਸਾ ਹੈ 'ਫ਼ਰਜੀ ਮੁਕਾਬਲਾ ਇਕ ਸੋਚੇ ਸਮਝੇ ਕਤਲ ਤੋਂ ਵੱਧ ਕੁਝ ਨਹੀਂ ਹੈ' 2002 ਦੇ ਦੰਗਿਆਂ ਦੌਰਾਨ ਗੁਜਰਾਤ ਸਰਕਾਰ ਦੇ ਮੁੱਖ ਸਕੱਤਰ ਜੀ.ਐਸ ਸੁਬਾ ਰਾਓ ਨੇ ਕਿਹਾ ਸੀ ਕਿ 'ਸਾਨੂੰ ਕੁਝ ਲੋਕਾਂ ਨੂੰ ਇਸ ਲਈ ਮਾਰ ਦੇਣਾ ਚਾਹੀਦਾ ਹੈ ਤਾਂ ਕਿ ਲੋਕਾਂ ਨੂੰ ਇਹ ਸਿੱਧ ਕਰ ਸਕੀਏ ਕਿ ਪੁਲਸ ਮਜ਼ਬੂਤੀ ਨਾਲ ਕੰਮ ਕਰ ਰਹੀ ਹੈ' ਇਸ ਦੌਰਾਨ ਸਿੱਧੇ ਸਾਧੇ ਫਰਜ਼ ਦੇ ਪੱਕੇ ਪੁਲਸ ਕਰਮੀ ਵੀ ਹਨ ਜਿਹਨਾਂ ਨੂੰ ਪੂਰੀ ਨੌਕਰੀ ਦੌਰਾਨ ਇਕ-ਦੋ ਤਰੱਕੀਆਂ ਵੀ ਨਹੀਂ ਮਿਲ ਸਕੀਆਂ ਹਨ। 1960-70 ਤਕ ਜੇ ਦੇਸ਼ ਦੇ ਕਿਸੇ ਕੋਨੇ ਤੋਂ ਪੁਲਸ-ਅਪਰਾਧੀਆਂ ਦੇ ਗਠਜੋੜ ਦੀ ਖਬਰ ਆਉਂਦੀ ਸੀ ਤਾਂ ਉਹ ਬਹੁਤ ਵੱਡੀ ਤੇ ਬੇਯਕੀਨੀ ਗਠਜੋੜ ਦੀ ਖਬਰ ਆਉਂਦੀ

ਸੀ ਤਾਂ ਉਹ ਬਹੁਤ ਹੀ ਵੱਡੀ ਤੇ ਨਾ ਮੰਨਣਯੋਗ ਘਟਨਾ ਮੰਨੀ ਜਾਂਦੀ ਸੀ ਪਰ ਅੱਜ ਸਥਿਤੀ ਗੰਭੀਰ ਤੇ ਭਿਆਨਕ ਹੈ। ਜੇ ਐਸ.ਟੀ.ਐਫ (ਵਿਸ਼ੇਸ਼ ਕਾਰਜਭਾਰ ਫੋਰਸ) ਦਾ ਇੰਚਾਰਜ ਗਰੋਹ ਬਣਾ ਕੇ ਲੁੱਟ ਮਚਾਉਣ ਲੱਗੇ ਤਾਂ ਸੋਚੋ ਹਾਲਾਤ ਕਿੰਨੀ ਭਿਆਨਕ ਹੈ। ਲਗਦਾ ਹੈ ਕਿ ਜਿੰਨ ਦਾਊਦ ਇਬਰਾਹਿਮ ਤੇ ਬਖਿਆ ਅਤੇ ਗਾਵਲੀ ਦਾ ਧੰਦਾ ਇਹਨਾਂ ਕਾਨੂੰਨ ਦੇ ਰਖਵਾਲਿਆਂ ਨੇ ਆਪਣੇ ਹੱਥਾਂ 'ਚ ਲੈ ਲਿਆ ਹੈ। ਹੁਣ ਤੋਂ ਲਗਭਗ ਅੱਧੀ ਸਦੀ ਪਹਿਲਾਂ ਜਸਟਿਸ ਤੇਜ ਨਾਰਾਇਣ ਮੁੱਲਾਂ ਨੇ ਕਿਹਾ ਸੀ ਕਿ 'ਪੁਲਸ ਇਕ ਜਥੇਬੰਦ ਗੁੰਡਾ ਗਰੋਹ ਹੈ'। ਉਸ ਦਾ ਇਹ ਕਥਨ ਉਸ ਦੌਰ 'ਚ ਭਾਵੇਂ ਹੀ ਲੋਕਾਂ ਦੇ ਗਲੇ ਨਹੀਂ ਉਤਰ ਰਿਹਾ ਸੀ ਹੋਵੇ ਅੱਜ ਦੀ ਪੁਲਸ ਪ੍ਰਣਾਲੀ ਲਈ ਇਹ ਬਿਲਕੁਲ ਠੀਕ ਹੈ।

ਜਦ ਕੋਈ ਅਪਰਾਧੀ, ਹੱਤਿਆ, ਲੁੱਟ, ਡਕੈਤੀ ਕਰਦਾ ਹੈ ਤਾਂ ਸਮਝ ਆ ਜਾਂਦਾ ਹੈ ਕਿ ਉਸ ਦਾ ਅਪਰਾਧਿਕ ਮਨੋਵਿਰਤੀ, ਲੋਭ-ਲਾਲਚ, ਗੁੱਸਾ, ਨਫ਼ਰਤ ਜਾਂ ਆਪਣੇ ਬਚਾਅ ਦਾ ਭੈਅ ਫੌਰਨ ਉਸ ਨੂੰ ਮਰਨ-ਮਾਰਨ ਲਈ ਉਕਸਾਉਂਦਾ ਹੈ। ਪਰ ਪੁਲਿਸ ਕਿਸੇ ਨੂੰ ਉਠਾ ਕੇ ਦੋ-ਤਿੰਨ ਦਿਨ ਆਪਣੇ ਨਾਲ ਰਖ ਕੇ ਬਗੈਰ ਕਿਸੇ ਗੁਸੇ ਜਾਂ ਬਦਲੇ ਦੀ ਭਾਵਨਾ ਦੇ, ਠੰਡੇ ਦਿਮਾਗ ਨਾਲ ਉਸ ਨੂੰ ਮਾਰ ਦਿੰਦੀ ਹੈ ਜੋ ਨਿਸਚੈ ਹੀ ਗੈਰ-ਮਨੁੱਖੀ ਤੇ ਵਹਿਸ਼ੀਪੁਣੇ ਦੀ ਹੱਦ ਹੈ। ਕੋਈ ਜਲਾਦ ਆਪਣੀ ਜ਼ਿੰਦਗੀ 'ਚ ਮੁਸ਼ਕਲ ਨਾਲ ਇਕ ਦੋ ਸਜ਼ਾ-ਯਾਫ਼ਤਾ ਨੂੰ ਫ਼ਾਂਸੀ ਦੇ ਸਕਦਾ ਹੈ, ਇਸ ਲਈ ਉਹ ਆਪਣੇ ਨੂੰ ਕਈ ਦਿਨ ਪਹਿਲਾਂ ਤੋਂ ਮਾਨਸਕ ਤੇ ਨੈਤਿਕ ਤੌਰ 'ਤੇ ਤਿਆਰ ਕਰਦਾ ਹੈ ਤੇ ਇਸ ਨੂੰ ਇਕ ਪਵਿੱਤਰ ਕਾਰਜ ਵਜੋਂ ਨੇਪਰੇ ਚਾੜ੍ਹਦਾ ਹੈ। ਪਰ ਇਨਕਾਊਂਟਰ ਐਕਸਪਰਟ? ਸੁਆਲ ਇਹ ਹੈ ਕਿ ਅਜੇਹਾ ਕਿਉਂ? ਇਸ ਦੀ ਇਕ ਵੱਡੀ ਵਜ੍ਹਾ ਹੈ ਮੌਜੂਦਾ ਸਮਾਜ 'ਚ ਵਿਆਪਕ ਲੋਕਾਂ ਦੀ ਗੈਰ ਲੋਕ ਰਾਜੀ ਗੈਰ-ਸਿਆਸੀ ਤੇ ਜਿਉਂ ਦਾ ਤਿਉਂ ਵਾਲੀ ਮਾਨਸਿਕਤਾ ਕਾਰਨ ਉਹ ਇਨਾ ਕੁਕਰਮਾ ਦੀ ਚੁਪ ਚਮਾਇਤ ਬਣ ਜਾਂਦੀ ਹੈ। ਅੱਤਵਾਦੀ-ਦਹਿਸ਼ਤਗਰਦ ਜਦ ਨਿਰਦੋਸ਼ ਤੇ ਬੇਕਸੂਰ ਲੋਕਾਂ ਦੀ ਜਾਨ ਲੈਂਦੇ ਹਨ ਤਾਂ ਉਹਨਾਂ ਖਿਲਾਫ ਲੋਕ ਆਪਣੇ ਵਿਰੋਧ ਦਾ ਇਜਹਾਰ ਖੁਲ੍ਹ ਕੇ ਕਰਦੇ ਹਨ ਪਰ ਰਾਜ ਸੱਤਾ ਦੇ ਮਜ਼ਬੂਤ ਥੰਮ ਪੁਲਸ ਵਲੋਂ ਹਰ ਸਾਲ ਹਜ਼ਾਰਾਂ ਬੇਗੁਨਾਹ ਦੇਸ਼ ਵਾਸੀਆਂ ਦੀ ਹੱਤਿਆ ਤੇ ਲੁਟ-ਘਸੁੱਟ ਦੀਆਂ ਘਟਨਾਵਾਂ 'ਤੇ ਅਸੀਂ ਚੁੱਪ ਧਾਰ ਲੈਂਦੇ ਹਾਂ। ਉਲਟਾ ਉਹਨਾਂ ਦੀਆਂ ਜਾਲਮਾਨਾਂ ਤੇ ਗੈਰ ਕਾਨੂੰਨੀ ਕਾਰਵਾਈਆਂ ਨੂੰ ਹੱਲਾਸ਼ੇਰੀ ਦਿੰਦੇ ਹਾਂ। ਇਸ ਅੱਤਵਾਦੀ ਮਾਹੌਲ 'ਚ ਸੰਵੇਦੀ ਪੁਲਸ, ਮਿਤਰ ਪੁਲਸ, ਜਨਤਾ ਪੁਲਸ ਦੀ ਅੱਖ ਕੰਨ ਤੇ ਸਦਭਾਵਨਾ ਤੁਹਾਡੇ ਨਾਲ, ਵਰਗੇ ਨਾਹਰੇ ਹਾਸੋਹੀਣੇ ਹਨ। ਪੁਲਸ ਜਨਤਾ ਦੇ ਸਬੰਧਾਂ 'ਚ ਪਿਆਰ ਦਾ ਢੌਂਕਚ ਭਰ ਕੇ ਲੋਕਾਂ 'ਚ ਦਹਿਸ਼ਤ ਬਣਾਉਣ ਦਾ ਕੰਮ ਕਰਦੇ ਹਾਂ।

ਦਰਅਸਲ ਅੱਜ ਪ੍ਰੀਵਾਰ ਤੇ ਸਮਾਜ 'ਚ ਹੀ ਲੋਕ ਰਾਜੀ ਮੁੱਲਾਂ ਦੀ ਘਾਟ ਹੈ ਤਾਂ ਭਲਾਂ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਵਰਗੀਆਂ ਸੰਸਥਾਵਾਂ ਕੀ ਕਰਨਗੀਆਂ? ਜੇ ਸਮਾਜ 'ਚ ਘਰੇਲੂ ਹਿੰਸਾ, ਪਿਆਰ ਦੀ ਸਜ਼ਾ ਮੌਤ ਆਪਣੇ ਤੋਂ ਕੰਮਜ਼ੋਰ ਨੂੰ ਸਤਾਉਣ, ਛੋਟੇ-ਛੋਟੇ ਅਪਰਾਧਾਂ ਲਈ ਲੋਕਾਂ ਪ੍ਰਤੀ ਮਾੜਾ ਵਰਤਾਅ ਜੇ ਹੋਰ ਹਿੰਸਾਤਮਕ ਰਵੱਈਏ ਨੂੰ ਵਧਾਇਆ ਜਾ ਰਿਹਾ ਹੈ ਤਾਂ ਪੁਲਸ ਦੀ ਜਾਬਰ ਕਾਰਵਾਈ ਦਾ ਸਹਿਜ 'ਚ ਮੰਜੂਰ ਹੋਣਾ ਸੁਭਾਵਕ ਹੈ। ਦੂਜੇ ਪਾਸੇ ਤਾਕਤਵਰ ਲੋਕ ਤੇ ਉਹਨਾਂ ਕੀ ਸਰਕਾਰ ਆਪਣੇ

ਖਿਲਾਫ ਉਠਣ ਵਾਲੀ ਹਰ ਆਵਾਜ਼ ਨੂੰ ਦਬਾਉਣ 'ਚ ਜਿਸ ਤਰ੍ਹਾਂ ਪੁਲਸ ਤਾਕਤ ਦੀ ਵਰਤੋਂ ਕਰਦੀ ਹੈ। ਉਹ ਪੁਲਸ ਦੇ ਅਤਿਆਚਾਰੀ ਕਿਰਦਾਰ ਨੂੰ ਮਜ਼ਬੂਰੀ ਤੇ ਵਾਜਬੀਅਤ ਮੁਹੱਈਆ ਕਰਦੀ ਹੈ। ਇਸ ਸਥਿਤੀ ਨੂੰ ਬਦਲਣ ਲਈ ਵਿਆਪਕ ਜਨਤਾ ਦੀ ਚੇਤੰਨਤਾ ਜਥੇਬੰਦੀ ਤੇ ਸੰਘਰਸ਼ ਜ਼ਰੂਰੀ ਹੈ। ਲੋਕ ਅਧਿਕਾਰ ਤੇ ਮਨੁੱਖੀ ਅਧਿਕਾਰ ਦੀ ਹਿਫ਼ਾਜਤ ਲਈ ਜਾਂਚ ਰੀਪੋਟ, ਜੁਆਬੀ ਵਿਰੋਧ ਹੁਣ ਤਕ ਕਾਰਗਰ ਨਹੀਂ ਹੋ ਸਕੇ ਹਨ। ਲੋਕਾਂ 'ਚ ਜਮਹੂਰੀ ਅਧਿਕਾਰਾਂ ਦੀ ਚੇਤਨਾ ਪੈਦਾ ਕਰਕੇ ਤੇ ਉਹਨਾਂ ਅਧਿਕਾਰਾਂ ਦੀ ਰਾਖੀ ਲਈ ਨਿਰੰਤਰ ਸੰਘਰਸ਼ ਕਰਕੇ ਹੀ ਇਸ ਜ਼ੁਲਮ ਦਾ ਮੁਕਾਬਲਾ ਕੀਤਾ ਜਾ ਸਕਦਾ ਹੈ। ਇਹ ਸੁਆਲ ਭਾਰਤੀ ਸਮਾਜ ਨੂੰ ਸਹੀ ਅਰਥਾਂ 'ਚ ਜਮਹੂਰੀ ਬਣਾਉਣ ਦੇ ਗੰਭੀਰ ਸੁਆਲ ਦਾ ਹੀ ਲਾਜ਼ਮੀ ਅੰਗ ਹੈ।

# ਕੀ ਹੈ ਯੂ.ਪੀ.ਏ ਸਰਕਾਰ ਦੇ ਅੱਠ ਸਾਲਾਂ ਦਾ ਲੇਖਾ-ਜੋਖਾ?

ਦੂਜੀ ਵਾਰੀ ਕੇਂਦਰ ਦੀ ਹਕੂਮਤ ਸੰਭਾਲਣ ਵਾਲੀ ਕਾਂਗਰਸ ਦੀ ਅਗਵਾਈ ਵਾਲੀ ਯੂ.ਪੀ.ਏ ਸਰਕਾਰ ਨੇ ਆਪਣੇ ਤਿੰਨ ਸਾਲ ਪੂਰੇ ਕਰ ਲਏ ਹਨ ਜਿਸ ਦੀ ਸਰਪ੍ਰਸਤੀ ਆਈ.ਐਮ.ਐਫ ਸੰਸਾਰ ਬੈਂਕ ਵਲੋਂ ਮਸ਼ਹੂਰ ਅਰਥ ਸਾਸ਼ਤਰੀ ਮਨਮੋਹਨ ਸਿੰਘ ਕਰ ਰਹੇ ਹਨ। ਇਸ ਸਮੇਂ ਜਦ ਯੂ.ਪੀ.ਏ ਦੇ ਦੂਜੇ ਅਰਸੇ ਦੀ ਹਕੂਮਤੀ ਦਾ ਤਿੰਨ ਸਾਲਾਂ ਜਸ਼ਨ ਮਨਾਇਆ ਜਾ ਰਿਹਾ ਹੈ ਤਾਂ ਡਾਲਰ ਦੇ ਮੁਕਾਬਲੇ ਰੁਪਏ ਦੀ ਕੀਮਤ ਡਿੱਗ ਕੇ ਰਿਕਾਰਡ ਹੇਠਲੇ ਪੱਧਰ ਤਕ ਪਹੁੰਚ ਗਈ ਹੈ। 22 ਮਈ ਨੂੰ ਇਕ ਡਾਲਰ ਦੀ ਕੀਮਤ 55.35 ਰੁਪਏ ਹੋ ਗਈ ਸੀ। ਸਿੱਕੇ ਦਾ ਫੈਲਾਅ ਦਹਾਈ ਦੇ ਅੰਕ ਨੂੰ ਛੂਹਣ ਲੱਗਿਆ ਹੈ ਤੇ ਸਭ ਜੀਵਨ ਉਪਯੋਗੀ ਵਸਤੂਆਂ ਦੇ ਭਾਅ ਸੱਤ ਅਸਮਾਨੀ ਚੜ੍ਹ ਗਏ ਹਨ। ਪੈਟਰੋਲ, ਡੀਜ਼ਲ ਤੇ ਰਸੋਈ ਗੈਸ ਦੇ ਭਾਅ ਇਕ ਵਾਰ ਫਿਰ ਤੋਂ ਭਾਰੀ ਵਾਧੇ ਦਾ ਐਲਾਨ ਕਿਸੇ ਵੀ ਸਮੇਂ ਹੋ ਸਕਦਾ ਹੈ। ਪੈਟਰੋਲ 8 ਰੁਪਏ ਪ੍ਰਤੀ ਲਿਟਰ ਵਧਾਇਆ ਵੀ ਜਾ ਚੁਕਿਆ ਹੈ। ਇਸ ਨਾਲ ਮਹਿੰਗਾਈ ਦਾ ਹੋਰ ਵਧਣਾ ਤਹਿ ਹੈ। ਪਿਛਲੇ ਕਈ ਸਾਲਾਂ ਤੋਂ ਅਸੀਂ ਦੋ ਅੰਕਾਂ ਦੀ ਵਿਕਾਸ ਦਰ ਦੀਆਂ ਗੱਲਾਂ ਸੁਣਦੇ ਆ ਰਹੇ ਸੀ ਤੇ ਇਸ ਲਈ ਸਰਕਾਰ ਆਪਣੀ ਤਾਰੀਫ ਆਪ ਹੀ ਕਰ ਰਹੀ ਸੀ। ਪਰ ਅੱਜਕਲ੍ਹ ਇਹ ਦਾਅਵੇ ਸੁਣੇ ਨਹੀਂ ਜਾਂਦੇ ਹਨ। ਅੱਜ ਸਰਕਾਰੀ ਵਿਕਾਸ ਦਰ 7 ਫੀ ਸਦੀ ਤੋਂ ਵੀ ਘੱਟ ਰਹਿ ਗਈ ਹੈ। ਇਸ ਤਰ੍ਹਾਂ ਅੱਜ ਅਰਥਚਾਰਾ ਪੈਦਾਵਾਰ 'ਚ ਸਿਥਰਤਾ 'ਤੇ ਉਚੇ ਸਿਕੇ ਦੇ ਫੈਲਾਅ ਦੇ ਭੰਵਰਜਾਲ 'ਚ ਫਸ ਗਈ ਹੈ। ਜਿਸ ਨਾਲ ਭਾਰੀ ਉਥਲ-ਪੁਥਲ ਦਾ ਖਤਰਾ ਪੈਦਾ ਹੋ ਗਿਆ ਹੈ। ਜੋ ਕਦੋਂ ਵੀ ਵਿਸਫੋਟਕ ਰੂਪ ਧਾਰਨ ਕਰ ਸਕਦਾ ਹੈ। ਪਰ ਵਿਸ਼ਵੀਕਰਣ-ਨਿਜੀਕਰਣ-ਉਦਾਰੀਕਰਣ ਰਾਜ ਤੇ ਨਵ-ਉਦਾਰਵਾਦੀ ਨੀਤੀਆਂ ਦਾ ਗੁਣ-ਗਾਉਣ ਵਾਲੇ ਰਾਜਨੇਤਾ ਜਾਂ ਪੂੰਜੀਵਾਦੀ ਮੰਡੀਆਂ ਵਲੋਂ ਇਹ ਨਹੀਂ ਦਸਿਆ ਜਾ ਰਿਹਾ ਹੈ। 1991 'ਚ ਇਹਨਾਂ ਨੀਤੀਆਂ ਨੂੰ ਲੱਦੇ ਜਾਣ ਪਿਛੋਂ ਵਿਆਪਕ ਲੋਕਾਂ ਦਾ ਜੀਵਨ ਪੱਧਰ ਪਹਿਲਾਂ ਦੇ ਮੁਕਾਬਲਤਨ ਬੇਹਤਰ ਹੋਇਆ ਹੈ ਜਾਂ ਨਹੀਂ ਜਾਂ ਫਿਰ ਬਦਤਰ ਹੋਇਆ ਹੈ। ਖੁਦ ਸਰਕਾਰ ਵਲੋਂ ਨਿਯੁਕਤ ਅਰਜਨ ਸੇਨ ਗੁਪਤ ਕਮਿਸ਼ਨ ਦੀ ਰੀਪੋਟ ਅਨੁਸਾਰ ਅੱਜ ਲਗਭਗ 80 ਫੀ ਸਦੀ ਲੋਕਾਂ ਦੀ ਰੋਜ਼ਾਨਾ ਆਮਦਨ ਸਿਰਫ 20 ਰੁਪਏ ਹੈ। ਜਦਕਿ ਪਿਛਲੇ 20 ਸਾਲਾਂ ਦੌਰਾਨ 5 ਫੀ ਸਦੀ ਅਮੀਰਾਂ ਦੀ ਦੌਲਤ ਬੇਹਿਸਾਬ ਵੱਧ ਹੈ। ਕੁਝ ਲੋਕਾਂ ਦੀ ਗਿਣਤੀ ਤਾਂ ਦੁਨੀਆਂ ਦੇ ਸਭ ਤੋਂ ਅਮੀਰ ਲੋਕਾਂ 'ਚ ਹੋਣ ਲੱਗੀ ਹੈ। ਏਨੇ 'ਤੇ ਹੀ ਇਹ ਲੋਕ ਆਈ.ਐਮ.ਐਫ ਸੰਸਾਰ ਬੈਂਕ ਦੇ ਮਾਹਰਾਂ ਤੇ ਕਾਰਪੋਰੇਟ ਘਰਾਣਿਆਂ ਦੀ ਸ਼ਹਿ 'ਤੇ ਹੋਰ ਵੱਧ ਉਦਾਰੀਕਰਣ-ਬਜ਼ਾਰੀਕਰਣ ਦੀ ਮੰਗ ਕਰ ਰਹੇ ਹਨ ਤੇ ਵਿਤ ਪੂੰਜੀ ਕਾਰਪੋਰੇਟ ਲੁੱਟ ਲਈ ਦੇਸ਼ ਦੇ ਦਰਵਾਜੇ ਨੂੰ ਪੂਰੀ ਤਰ੍ਹਾਂ ਖੋਹਲਣ ਲਈ ਕਹਿ ਰਹੇ ਹਨ। ਵਿਤ ਮੰਤਰੀ, ਯੋਜਨਾ ਕਮਿਸ਼ਨ, ਸਰਕਾਰ ਦੇ ਹੋਰ ਆਰਥਕ ਤੇ ਵਪਾਰਕ ਵਿਭਾਗ ਅਤੇ ਨੌਕਰਸ਼ਾਹ ਜੋ ਉਦਾਰੀਕਰਣ ਨੂੰ ਰਾਮਬਾਣ ਦਵਾਈ ਦਸਦੇ ਹਨ। ਅਰਥਚਾਰੇ ਦੀ ਮੌਜੂਦਾ ਦੁਰਦਸ਼ਾ 'ਤੇ ਚੁਪਧਾਰੀ ਬੈਠੇ ਹਨ। ਵੀਹ ਸਾਲਾਂ ਦੇ ਨਵੇ-ਉਦਾਰਵਾਦੀ ਰਾਜ ਨੇ ਜਿਥੇ ਜਨ ਸਮੂਹ ਨੂੰ ਕੰਗਾਲੀ ਦੇ ਕੰਢੇ ਪਹੁੰਚਾ ਦਿਤਾ ਹੈ, ਉਥੇ ਭ੍ਰਿਸ਼ਟਾਚਾਰ ਆਪਣੀ ਸਿਖਰ 'ਤੇ ਹੈ। ਸਿਵਸ ਬੈਂਕ ਜਿਸ ਨੂੰ ਵਿਦੇਸ਼ੀ ਬੈਂਕ

ਤੇ ਟੈਕਸ ਛੋਟ ਦੇ ਸਵਰਗਾਂ 'ਚ ਲੱਖਾਂ-ਕਰੋੜਾਂ ਰੁਪੈ ਛੁਪਾ ਰਖੇ ਹਨ। ਕਾਲੇ ਧਨ ਸਬੰਧੀ ਦੇਸ਼ 'ਚ ਬਹੁਤ ਬਹਿਸ ਚਲ ਰਹੀ ਹੈ ਪਰ ਸਰਕਾਰ ਵਲੋਂ ਇਹਨਾਂ ਗਦਾਰਾਂ ਨੂੰ ਗ੍ਰਿਫ਼ਤਾਰ ਕਰਨ ਜਾਂ ਇਸ ਧਨ ਨੂੰ ਵਾਪਸ ਲਿਆਉਣ ਲਈ ਕੋਈ ਕਾਰਗਰ ਕਦਮ ਨਹੀਂ ਉਠਾਇਆ ਜਾ ਰਿਹਾ। ਇਸ ਦੌਰਾਨ ਰਖਿਆ ਵਿਭਾਗ 'ਚ ਭ੍ਰਿਸ਼ਟਾਚਾਰ ਅੰਦਰ ਤਕ ਆਪਣੀ ਜੜ੍ਹ ਜਮਾ ਚੁਕਿਆ ਹੈ। ਜਿਸ ਦੇ ਸਾਹਮਣੇ ਬੋਫਰਜ਼ ਕਾਂਡ ਛੋਟਾ ਨਜ਼ਰ ਆਉਂਦਾ ਹੈ। ਜਿਸ ਤਰ੍ਹਾਂ ਔਰਤ ਰਾਖਵਾਂਕਰਣ ਬਿੱਲ ਸਾਲਾਂ ਤੋਂ ਮੁਲਤਵੀ ਪਿਆ ਹੈ, ਲੋਕਪਾਲ ਬਿੱਲ ਦਾ ਵੀ ਇਹ ਹਸ਼ਰ ਹੁੰਦਾ ਨਜ਼ਰ ਆ ਰਿਹਾ ਹੈ। ਸਾਂਸਦਾਂ ਦੀ ਐਲਾਨ ਕੁਲ ਦੌਲਤ 50,000 ਕਰੋੜ ਰੁਪਏ ਤੋਂ ਵੱਧ ਹੈ। ਸਰਕਾਰ ਤੇ ਇਹ ਸਾਂਸਦ ਨਹੀਂ ਚਾਹੁੰਦੇ ਕਿ ਕੇਂਦਰ 'ਚ ਲੋਕਪਾਲ ਜਾਂ ਰਾਜਾਂ 'ਚ ਲੋਕ ਯੁਕਤਾ ਦਾ ਗਠਨ ਹੋਵੇ, ਭਾਵੇਂ ਇਹ ਕਿੰਨਾ ਵੀ ਅਰਥਹੀਣ ਹੋਵੇ। ਸੀ.ਬੀ.ਆਈ ਦੀ ਵਰਤੋਂ ਵਿਰੋਧੀ ਪਾਰਟੀਆਂ 'ਤੇ ਦਬਾਅ ਪਾਉਣ ਲਈ ਇਕ ਸੰਦ ਵਜੋਂ ਕੀਤੀ ਜਾ ਰਹੀ ਹੈ ਤਾਂ ਕਿ ਉਸ ਹਾਕਮ ਧਿਰ ਦੀਆਂ ਇਛਾਵਾਂ ਅਨੁਸਾਰ ਵਰਤਾਅ ਕਰਨ ਲਈ ਮਜ਼ਬੂਰ ਕੀਤਾ ਜਾ ਸਕੇ। ਇਸ ਦੌਰਾਨ ਕਾਮਨਵੈਲਥ ਗੇਮ ਅਤੇ 2-ਜੀ ਸਪੈਕਟਰਮ ਵਰਗੇ ਮਹਾਂਘਪਲੇ ਸਾਹਮਣੇ ਆਏ ਹਨ ਜਿਸ 'ਚ ਲੱਖਾਂ ਕਰੋੜਾਂ ਦੀ ਲੁੱਟ ਹੋਈ ਹੈ। ਇਹਨਾਂ ਘਪਲਿਆਂ 'ਚ ਮੰਤਰੀਆਂ, ਨੌਕਰਸ਼ਾਹਾਂ, ਸਨਅਤਕਾਰਾਂ ਤੇ ਰਾਜਸੀ ਨੇਤਾਵਾਂ ਉਪਰ ਦੋਸ਼ ਲੱਗੇ ਹਨ। ਇਹ ਘਪਲਿਆਂ 'ਚ ਪੈਦਾ ਹੋਏ ਲੋਕ ਰੋਹ ਕਰਕੇ ਕੁਝ ਗ੍ਰਿਫ਼ਤਾਰੀਆਂ ਕੀਤੀਆਂ ਗਈਆਂ ਹਨ। ਸਾਰੇ ਨਾਟਕਾਂ ਪਿਛੋਂ ਅੱਜ ਇਹ ਸ਼ਰੇਆਮ ਘੁੰਮ ਰਹੇ ਹਨ। ਦੁਨੀਆਂ ਦੇ ਮਹਾਂ ਭ੍ਰਿਸ਼ਟ ਦੇਸ਼ਾਂ ਦੀ ਸੂਚੀ 'ਚ ਭਾਰਤ ਦੀ ਪੰਜਵੀਂ ਥਾਂ ਹੈ। ਜਨਤਕ ਫੰਡ ਪ੍ਰਣਾਲੀ (ਪੀ.ਡੀ.ਐਸ) ਨੂੰ ਤਰ੍ਹਾਂ-ਤਰ੍ਹਾਂ ਦੇ ਹੱਥ ਕੰਡੇ ਆਪਣਾ ਢਹਿ-ਢੇਰੀ ਕਰ ਦਿੱਤਾ ਗਿਆ ਹੈ। ਹਾਲਾਂਕਿ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਪ੍ਰਚੂਨ ਵਪਾਰ ਦੇ ਖੇਤਰ ਨੂੰ ਹੁਣ ਤਕ ਸਿਧੇ ਵਿਦੇਸ਼ੀ ਪੂੰਜੀ ਨਿਵੇਸ਼ (ਐਫ.ਡੀ.ਆਈ) ਲਈ ਕਾਨੂੰਨੀ ਤੌਰ 'ਤੇ ਪੂਰੀ ਤਰ੍ਹਾਂ ਖੋਹਲਿਆ ਨਹੀਂ ਜਾ ਸਕਿਆ ਹੈ, ਪਰ ਮਾਲ ਸਭਿਆਚਾਰ ਦਾ ਤੇਜ਼ੀ ਨਾਲ ਪਸਾਰ ਹੋ ਰਿਹਾ ਹੈ ਅਤੇ ਪ੍ਰਚੂਨ ਵਪਾਰ 'ਤੇ ਕਾਰਪੋਰੇਟ ਘਰਾਣਿਆਂ ਦਾ ਕੰਟਰੋਲ ਖਤਮ ਹੁੰਦਿਆ ਜਾ ਰਿਹਾ ਹੈ। ਉਚ ਸਿਖਿਆ ਤੇ ਇਲਾਜ ਦਾ ਬਾਜ਼ਾਰੀਕਰਣ ਹੋ ਗਿਆ ਹੈ ਅਤੇ ਇਸ 'ਤੇ ਸਿਰਫ ਖੁਸ਼ਹਾਲ ਲੋਕਾਂ ਦੀ ਹੀ ਪਹੁੰਚ ਰਹਿ ਗਈ ਹੈ। ਪਿੰਡ ਤੋਂ ਸ਼ਹਿਰਾਂ ਵੱਲ ਤੇਜ਼ੀ ਨਾਲ ਪਲਾਇਨ ਹੋ ਰਿਹਾ ਹੈ ਅਤੇ ਕਰੋੜਾਂ ਲੋਕ ਝੁੱਗੀਆਂ ਝੌਂਪੜੀਆਂ 'ਚ ਰਹਿਣ ਲਈ ਮਜ਼ਬੂਰ ਹਨ ਕਿਉਂਕਿ ਇਹ ਬਸਤੀਆਂ ਜਿਸ ਜ਼ਮੀਨ 'ਤੇ ਵਸੀਆਂ ਹੋਈਆਂ ਹਨ, ਉਹ ਕਾਰਪੋਰੇਟ ਘਰਾਣਿਆਂ, ਭਵਨ ਨਿਰਮਾਣ ਲਾਬੀ ਤੇ ਭੂ-ਮਾਫੀਆਂ ਦੀ ਨਿਗਾਹ ਗੱਡੀ ਹੋਈ ਹੈ ਇਸ ਲਈ ਸਭ ਸ਼ਹਿਰਾਂ 'ਚ ਇਹਨਾਂ ਬਸਤੀਆਂ ਨੂੰ ਉਜਾੜਣ ਦੀ ਮੁਹਿੰਮ ਚਲਾਈ ਜਾ ਰਹੀ ਹੈ। ਇਸ ਦੇ ਲਈ ਬਾਲਮੀਕੀ-ਅੰਬੇਡਕਰ ਰਿਹਾਇਸੀ ਯੋਜਨਾ, ਰਾਜੀਵ ਰਿਹਾਇਸੀ ਯੋਜਨਾ, ਝੁਗੀ ਮੁਕਤੀ, ਭਾਰਤ ਵਰਗੇ ਨਾਹਰੇ ਦਿਤੇ ਜਾ ਰਹੇ ਹਨ। ਅਸਲ 'ਚ ਬੁਨਿਆਦੀ ਢਾਂਚਾ ਤੇ ਇਮਾਰਤ ਉਸਾਰੀ ਦਾ ਖੇਤਰ ਪੈਸਾ ਕਮਾਉਣ ਦਾ ਖੇਤਰ ਬਣ ਗਿਆ ਹੈ। ਪਹਿਲਾਂ ਵਿਸ਼ੇਸ਼ ਆਰਥਕ ਖੇਤਰ (ਸੇਜ) ਕਾਨੂੰਨ ਬਣਾਇਆ ਗਿਆ ਸੀ। ਜਦ ਇਸ ਦਾ ਪੂਰੇ ਦੇਸ਼ 'ਚ ਜਨਤਾ ਨੇ ਵਿਰੋਧ ਕੀਤਾ ਤਾਂ ਹੁਣ ਕੌਮੀ ਸਨਅਤੀ ਨਿਰਮਾਣ ਖੇਤਰ (National Industrial Manufacturing Zone) ਦੀ ਨੀਤੀ ਠੋਸੀ ਜਾ ਰਹੀ ਹੈ, ਇਥੇ ਸੇਜ ਵਾਗੂੰ ਹੀ ਕਿਰਤ ਕਾਨੂੰਨ ਲਾਗੂ ਨਹੀਂ ਹੋਣਗੇ ਤੇ ਸਨਅਤਕਾਰਾਂ

ਨੂੰ ਸਾਰੀ ਤਰ੍ਹਾਂ ਦੀ ਛੋਟ ਦਿਤੀ ਜਾਵੇਗੀ। ਸਰਕਾਰ ਨੂੰ ਆਮ ਆਦਮੀ ਲਈ ਦਿਤੀ ਜਾਣ ਵਾਲੀ ਗ੍ਰਾਂਟ ਭਾਰੀ ਬੋਝ ਲੱਗਦਾ ਹੈ, ਪਰ ਕਾਰਪੋਰੇਟ ਘਰਾਣਿਆਂ ਨੂੰ ਵੱਖ-ਵੱਖ ਨਾਵਾਂ ਹੇਠ ਲੱਖਾਂ ਕਰੋੜਾਂ ਰੁਪਏ ਦੀ ਛੋਟ ਜਾਂ ਗ੍ਰਾਂਟ ਦੇਣ 'ਚ ਕੋਈ ਹਿਚਕਚਾਹਟ ਨਹੀਂ ਹੁੰਦੀ। ਇਹ ਕਹਿੰਦੇ ਹੋਏ ਕਿ ਬਾਜ਼ਾਰ ਆਪਣਾ ਕੰਮ ਕਰੇਗਾ, ਸਭ ਸਰਕਾਰੀ ਕੰਟਰੋਲ ਹਟਾ ਦਿਤੇ ਗਏ ਹਨ ਅਤੇ ਅਮੀਰਾਂ ਨੂੰ ਲੁੱਟ ਦੀ ਛੋਟ ਦੇ ਦਿੱਤੀ ਗਈ ਹੈ। ਬਹੁਕੌਮੀ ਕੰਪਨੀਆਂ ਤੇ ਕਾਰਪੋਰੇਟ ਘਰਾਣਿਆਂ ਵਲੋਂ ਕੁਦਰਤ ਦਾ ਵਿਨਾਸ਼ ਹੋ ਰਿਹਾ ਹੈ, ਵਾਤਾਵਰਣ ਦੀ ਸੰਤੁਲਨ ਵਿਗੜ ਰਿਹਾ ਹੈ ਤੇ ਧਰਤੀ ਦਾ ਤਾਪਮਾਨ ਵੱਧ ਰਿਹਾ ਹੈ। ਕੁਲ ਮਿਲਾ ਕੇ ਆਰਥਕ ਖੇਤਰ 'ਚ ਅਤੇ ਆਮ ਲੋਕਾਂ ਦੇ ਜੀਵਨ 'ਚ ਨਵ-ਉਦਾਰਵਾਦੀ ਨੀਤੀਆਂ ਨੇ ਤਬਾਹੀ ਦਾ ਆਲਮ ਪੈਦਾ ਕਰ ਦਿੱਤਾ ਹੈ। ਦੂਜੇ ਪਾਸੇ ਅਮਰੀਕੀ ਸਾਮਰਾਜਵਾਦ ਦੇ ਨਾਲ ਰਾਜਸੀ ਰਿਸ਼ਤੇ ਮਜ਼ਬੂਤ ਬਣਾਉਣ ਦੇ ਨਾਂ ਹੇਠ ਸਭ ਖੇਤਰਾਂ ਨੂੰ ਨਵ-ਬਸਤੀਵਾਦੀ ਗੁਲਾਮੀ 'ਚ ਜਕੜਿਆ ਜਾ ਰਿਹਾ ਹੈ। ਅਮਰੀਕਾ ਨੂੰ ਖੁਸ਼ ਕਰਨ ਲਈ ਉਸ ਦੇ ਨਾਲ ਪ੍ਰਮਾਣੂ ਸੰਧੀ 'ਤੇ ਦਸਤਖ਼ਤ ਕੀਤੇ ਗਏ ਹਨ ਤਾਂ ਕਿ ਉਹਨਾਂ ਦੇ ਪੁਰਾਣੇ ਪ੍ਰਮਾਣੂ ਕਾਰਖਾਨਿਆਂ ਦਾ ਭਾਰਤ ਦਰਾਮਦ ਕੀਤਾ ਜਾ ਸਕੇ, ਜਦਕਿ ਦੁਨੀਆਂ ਦੇ ਫੁਕੂਸ਼ਿਮਾ ਹਾਦਸੇ ਪਿਛੋਂ ਖੁਦ ਸਾਮਰਾਜੀ ਦੇਸ਼ਾਂ 'ਚ ਪ੍ਰਮਾਣੂ ਬਿਜਲੀ ਘਰਾਂ ਨੂੰ ਬੰਦ ਕੀਤਾ ਜਾ ਰਿਹਾ ਹੈ ਅਤੇ ਸੂਰਜੀ ਊਰਜਾ ਸਰੋਤਾਂ ਦੇ ਵਿਕਾਸ 'ਤੇ ਜ਼ੋਰ ਦਿਤਾ ਜਾ ਰਿਹਾ ਹੈ। ਰਣਨੀਤਕ ਰਖਿਆ ਸਮਝੌਤੇ ਦੇ ਨਾਂ ਹੇਠ ਭਾਰਤ ਦੀਆਂ ਹਥਿਆਰਬੰਦ ਫੌਜਾਂ ਨੂੰ ਅਮਰੀਕੀ ਫੌਜ ਦੇ ਮਤਾਹਿਤ ਕਰ ਦਿੱਤਾ ਗਿਆ ਹੈ ਜੋ ਦੁਨੀਆਂ 'ਤੇ ਕਬਜ਼ੇ ਦੀ ਆਪਣੀ ਸਕੀਮ ਲਈ ਇਸ ਦੀ ਵਰਤੋਂ ਕਰ ਰਿਹਾ ਹੈ। ਅਮਰੀਕੀ ਸਾਮਰਾਜ ਦੇ ਦਲਾਲ ਦੀ ਇਸ ਭੂਮਿਕਾ ਕਾਰਨ ਗੁਆਂਢੀ ਦੇਸ਼ਾਂ ਨਾਲ ਸਬੰਧ ਖਰਾਬ ਹੋਏ ਹਨ। ਯੂ.ਪੀ.ਏ ਇਕ ਤੇ ਯੂ.ਪੀ.ਏ-2 ਇਸ ਤਰ੍ਹਾਂ ਕੇਂਦਰ 'ਚ ਅੱਠ ਸਾਲਾਂ ਤੋਂ ਯੂ.ਪੀ.ਏ ਦੀ ਹਕੂਮਤ ਹੈ। ਇਸ ਦੌਰਾਨ ਲੋਕਾਂ ਦਾ ਹਾਲ ਬਦਹਾਲ ਹੋਇਆ ਹੈ, ਕੁਦਰਤ ਦਾ ਵਿਨਾਸ਼ ਹੋਇਆ ਹੈ। ਮੁਠੀ ਭਰ ਲੋਕ ਅਥਾਹ-ਦੌਲਤ ਦੇ ਮਾਲਕ ਬਣ ਬੈਠੇ ਹਨ। ਬ੍ਰਿਟਿਸ਼ ਸਾਮਰਾਜਵਾਦ ਦੇ ਖਿਲਾਫ ਸੰਘਰਸ਼ ਸਮੇਂ ਜਿਹਨਾਂ ਅਗਾਂਹਵਧੂ ਮੁੱਲਾਂ ਦੀ ਉਸਾਰੀ ਹੋਈ ਸੀ, ਉਹ ਤਹਿਸ-ਨਹਿਸ ਹੋ ਗਈ ਹੈ। ਸਿੱਟੇ ਵਜੋਂ ਸਾਮਰਾਜਵਾਦ ਤੇ ਉਸ ਦੇ ਹਿੱਤਾਂ ਦੀ ਰਾਖੀ ਕਰਨ ਵਾਲੀ ਦਲਾਲ ਨੌਕਰਸ਼ਾਹੀ ਸ਼ਰਮਾਏਦਾਰੀ ਹਕੂਮਤ ਨਾਲ ਲੋਕ-ਸਮੂਹ ਦੀ ਵਿਰੋਧ ਤਾਈ ਤਿਖੀ ਹੋ ਗਈ ਹੈ। 1947 'ਚ ਸਤਾ ਤਬਦੀਲੀ ਪਿਛੋਂ ਯੂ.ਪੀ.ਏ ਸਰਕਾਰ ਹੁਣ ਤਕ ਦੀ ਸਭ ਤੋਂ ਬਦਤਰ ਸਰਕਾਰ ਸਾਬਤ ਹੋਈ ਹੈ। ਰਾਜਸੀ ਪਾਰਟੀਆਂ ਦਾ ਸੰਕਟ ਵੀ ਜਾਰੀ ਹੈ। ਕੇਂਦਰ 'ਚ ਪਿਛਲੇ 8 ਸਾਲਾਂ ਤੋਂ ਕਾਂਗਰਸ ਦੀ ਅਗਵਾਈ ਵਾਲੀ ਸਰਕਾਰ ਸੱਤਾ 'ਚ ਹੈ ਜੋ ਇਕ ਤੋਂ ਇਕ ਨਵ-ਉਦਾਰਵਾਦੀ ਨੀਤੀਆਂ ਲਾਗੂ ਕਰਦੀ ਆ ਰਹੀ ਹੈ। ਨਾਲ ਹੀ ਇਸ ਦੌਰਾਨ ਪੈਦਾਵਾਰ 'ਚ ਸਥਿਰਤਾ ਤੇ ਸਿੱਕੇ ਦੇ ਫੈਲਾਅ ਦੀ ਸਥਿਤੀ ਲਗਾਤਾਰ ਬਦਤਰ ਹੁੰਦੀ ਗਈ ਹੈ। ਜਿਹਨਾਂ ਰਾਜਾਂ 'ਚ ਕਾਂਗਰਸ ਦੀਆਂ ਸਰਕਾਰਾਂ ਹਨ ਉਹਨਾਂ ਦਾ ਟ੍ਰੈਕ-ਰਿਕਾਰਡ ਵੀ ਲੋਕ ਵਿਰੋਧੀ ਹੈ। ਇਹਨਾਂ ਸਾਰਿਆਂ ਦੀ ਵਜਾਹ ਕਰਕੇ ਕਾਂਗਰਸ ਦੀ ਲੋਕਾਂ ਤੋਂ ਦੂਰੀ ਲਗਾਤਾਰ ਵਧਦੀ ਜਾ ਰਹੀ ਹੈ। ਸਭ ਤੋਂ ਵੱਧ ਅਬਾਦੀ ਵਾਲੇ ਸੂਬੇ ਉਤਰ ਪ੍ਰਦੇਸ਼ ਸਮੇਤ ਜਿਹੜੇ ਪੰਜ ਰਾਜਾਂ 'ਚ ਇਸ ਸਾਲ ਹੋਈਆਂ ਵਿਧਾਨ ਸਭਾ ਚੋਣਾਂ ਨੇ ਇਹ ਸਾਫ ਕਰ ਦਿੱਤਾ ਹੈ। ਪਿਛਲੇ ਸਾਲ ਜਦ ਬੰਗਾਲ ਤੇ ਕੇਰਲਾ 'ਚ ਵਿਧਾਨ ਸਭਾ ਦੀਆਂ ਚੋਣਾਂ ਹੋਈਆਂ ਸਨ ਤਾਂ

ਕਾਂਗਰਸ ਤੇ ਉਸ ਦੀਆਂ ਮਿੱਤਰ ਪਾਰਟੀਆਂ ਦੀ ਸਥਿਤੀ ਬੇਹਤਰ ਨਜ਼ਰ ਆਈ ਸੀ। ਇਸ ਦਾ ਕਾਰਨ ਇਹ ਸੀ ਕਿ ਮਾਕਾਪਾ ਦੀ ਅਗਵਾਈ ਵਾਲੇ ਪੱਛਮੀ ਬੰਗਾਲ ਦੇ ਖੱਬੇ ਮੋਰਚੇ ਦੀ ਸਰਕਾਰ ’ਤੇ ਕੇਰਲਾ ’ਚ ਖੱਬੇ ਜਨਵਾਦੀ ਮੋਰਚੇ ਦੀ ਸਰਕਾਰ ਖਿਲਾਫ ਜਨਤਾ ਨੇ ਵੋਟ ਦਿੱਤਾ ਸੀ ਜਿਸ ਨੇ ਕਾਂਗਰਸ ਦੀ ਨੀਤੀਆਂ ਦੀ ਨਕਲ ਕਰਨ ਦੀ ਕੋਸ਼ਿਸ਼ ਕੀਤੀ ਸੀ ਅਤੇ ਇਸ ਵਜਾਹ ਕਰਕੇ ਲੋਕਾਂ ਤੋਂ ਕੱਟੇ ਗਏ ਸਨ। ਜੇ ਵੱਖ-ਵੱਖ ਰਾਜਾਂ ’ਚ ਕਾਂਗਰਸ ਦੀ ਦਸ਼ਾ ਇਕ ਨਜ਼ਰ ਮਾਰੀ ਜਾਵੇ ਤਾਂ ਸਾਫ ਹੋ ਜਾਵੇਗਾ ਕਿ ਇਹ ਲਗਾਤਾਰ ਲੋਕਾਂ ਤੋਂ ਦੂਰ ਹੁੰਦੀ ਜਾ ਰਹੀ ਹੈ ਅਤੇ ਉਸ ਦਾ ਸੰਗਠਨ ਅੰਦੂਰਨੀ ਕਲੇਸ਼ ਵਾਲਾ ਹੈ। ਆਂਧਰਾ ਤੇ ਮਹਾਂਰਾਸ਼ਟਰ ਵਰਗੇ ਸੂਬਿਆਂ ’ਚ ਵੀ ਉਸ ਨੂੰ ਧੱਕਾ ਲਗਣਾ ਤਹਿ ਹੈ ਜਿਥੇ ਇਹ ਮੁਕਾਬਲਤਨ ਮਜ਼ਬੂਤ ਮੰਨੀ ਜਾਂਦੀ ਹੈ। ਦਲਾਲ ਹਾਕਮ ਜਮਾਤਾਂ ਦੀ ਨੰਬਰ ਇਕ ਪਾਰਟੀ ਹੋਣ ਦੇ ਨਾਤੇ, ਇਸ ਦਾ ਲੋਕਾਂ ਤੋਂ ਤੇਜ਼ੀ ਨਾਲ ਮੋਹ ਭੰਗ ਹੋ ਰਿਹਾ ਹੈ। ਇਸ ਦਾ ਕਾਰਨ ਕੌਮਾਂਤਰੀ ਪੱਧਰ ’ਤੇ ਨਵ-ਉਦਾਰਵਾਦੀ ਨੀਤੀਆਂ ਦੀ ਨਾਕਾਮੀ ਸਾਬਤ ਹੋ ਜਾਣ ਦੇ ਬਾਵਜੂਦ, ਉਹ ਸਾਡੇ ਦੇਸ਼ ’ਚ ਜ਼ੋਰ-ਸ਼ੋਰ ਨਾਲ ਠੋਸਣ ਦੀ ਕੋਸ਼ਿਸ਼ ਕਰ ਰਹੀ ਹੈ। ਜਿਸ ਦੇ ਸਿਟੇ ਵਜੋਂ ਮਹਿੰਗਾਈ, ਭ੍ਰਿਸ਼ਟਾਚਾਰ, ਬੇਰੁਜ਼ਗਾਰੀ ਬੇਲਗਾਮ ਵਧ ਰਹੀ ਹੈ ਤੇ ਲੱਖਾਂ ਪ੍ਰੀਵਾਰਾਂ ਦਾ ਖੇਤੀ ਭੋਇੰ ਤੋਂ ਉਜਾੜਾ ਹੋ ਰਿਹਾ ਹੈ। ਕਾਂਗਰਸ ਦੇ ਨੇਤਾ ਅੰਨੇ ਭ੍ਰਿਸ਼ਟਾਚਾਰ, ਵਿਲਾਸਤਾਪੂਰਨ ਜੀਵਨ ਸ਼ੈਲੀ ਤੇ ਨੌਕਰਸ਼ਾਹੀ ਆਚਰਣ ਕਰਕੇ ਲੋਕਾਂ ਤੋਂ ਲਗਾਤਾਰ ਦੂਰ ਹੁੰਦੇ ਜਾ ਰਹੇ ਹਨ। ਰਾਹੁਲ ਗਾਂਧੀ ਨੂੰ ਮਨਮੋਹਨ ਸਿੰਘ ਦੇ ਬਦਲ ਵਜੋਂ ਪੇਸ਼ ਕਰਨ ਦੇ ਬਾਵਜੂਦ ਕਾਂਗਰਸ ਪਾਰਟੀ ਗੁੱਟਬੰਦੀ ਦਾ ਸ਼ਿਕਾਰ ਹੈ। ਇਹ ਤਹਿ ਹੈ ਕਿ ਅਗਾਮੀ ਲੋਕ ਸਭਾ ਤੇ ਵਿਧਾਨ ਸਭਾਵਾਂ ਚੋਣਾਂ ’ਚ ਉਸ ਨੂੰ ਜਰੂਰ ਧੱਕਾ ਲਗੇਗਾ। ਜਿਹਨਾਂ ਰਾਜਾਂ ’ਚ ਭਾਜਪਾ ਦੀ ਹਕੂਮਤ ਹੈ ਉਥੇ ਕਿਸੇ ਹੋਰ ਬਦਲ ਦੀ ਘਾਟ ਕਰਕੇ ਕੁਝ ਫਾਇਦਾ ਹੋ ਸਕਦਾ ਹੈ ਪਰ ਲੋਕ ਸਭਾ ’ਚ ਅੱਜ ਇਹਨਾਂ ਦੀਆਂ ਜਿੰਨੀਆਂ ਸੀਟਾਂ ਹਨ ਅਗਲੇ ਚੁਣਾਅ ’ਚ ਉਹ ਘਟਣਗੀਆਂ। ਭਾਜਪਾ ਨੇ ਇਹ ਦਾਅਵਾ ਕਰਦਿਆ ਪਾਰੀ ਦੀ ਸ਼ੁਰੂਆਤ ਕੀਤੀ ਸੀ ਕਿ ਉਹ ‘ਇਕ ਵੱਖਰੀ ਕਿਸਮ ਦੀ ਪਾਰਟੀ’ ਹੈ। ਪਰ ਜਿਥੇ ਵੀ ਭਾਜਪਾ ਸਤਾ ’ਚ ਆਈ ਉਥੇ ਉਹ ਕਾਂਗਰਸ ਦਾ ਹੀ ਦੂਸਰਾ ਰੂਪ ਨਜ਼ਰ ਆਈ। ਸਿਰਫ ਇਕ ਫਰਕ ਇਹ ਸੀ ਕਿ ਉਸ ਨੇ ਦੇਸ਼ ’ਚ ਫਿਰਕਾਪ੍ਰਸ਼ਤ ਵੰਡ ਦੀ ਖਾਈ ਚੌੜੀ ਕਰਨ ਵਾਲੇ ਹਿੰਦੂ ਤਵ ਕਾਰਡ ਨੂੰ ਖੁਲ੍ਹ ਕੇ ਖੇਡਿਆ। ਸਾਮਰਾਜ ਵਲੋਂ ਨਿਰਦੇਸ਼ਿਤ ਨਵ-ਉਦਾਰਵਾਦੀ ਨੀਤੀਆਂ ਲਾਗੂ ਕਰਨ, ਮਹਿੰਗਾਈ ਵਧਾਉਣ, ਬਹੁਕੌਮੀ ਕੰਪਨੀਆਂ ਤੇ ਕਾਰਪੋਰੇਟ ਘਰਾਣਿਆਂ ਲਈ ਦੇਸ਼ ਦੇ ਬੂਹੇ ਖੋਹਲਣੇ, ਭੂ ਮਾਫੀਆਂ ਨੂੰ ਸ਼ਹਿ ਦੇਣੀ ਅਮਰੀਕੀ ਸਾਮਰਾਜ ਦੀ ਗੁਲਾਮੀ ਕਰਨ ਤੇ ਭ੍ਰਿਸ਼ਟਾਚਾਰ ’ਚ ਲਿਬੜੇ ਰਹਿਣ, ਇਹਨਾਂ ਸਾਰੇ ਮਾਮਲਿਆਂ ’ਚ ਭਾਜਪਾ ਦੀ ਅਗਵਾਈ ਵਾਲੇ ਰਾਜਗ ਦੇ ਛੇ ਵਰ੍ਹੇ ਦੇ ਹਕੂਮਤੀ ਅਰਸੇ ’ਚ ਜਾਂ ਜਿਨ੍ਹਾਂ ਰਾਜਾਂ ’ਚ ਭਾਜਪਾ ਦੀ ਹਕੂਮਤ ਹੈ, ਉਹ ਕਾਂਗਰਸ ਨਾਲ ਮੁਕਾਬਲਾ ਕਰਦੀ ਦਿਸੀ। ਸਥਿਤੀ ਇਹ ਹੈ ਕਿ ਜੇ ਭਾਜਪਾ ਵਲੋਂ ਕਾਂਗਰਸ ’ਤੇ ਕੋਈ ਦੋਸ਼ ਲਾਇਆ ਜਾਂਦਾ ਹੈ ਤਾਂ ਉਸ ਦਾ ਜੁਆਬ ਹੁੰਦਾ ਹੈ ਕਿ ਉਹ ਆਪਣੀ ਪੀੜ੍ਹੀ ਹੇਠ ਸੋਟਾ ਫੇਰ ਕੇ ਦੇਖੇ। ਮੈਂ ਡਾਲ-ਡਾਲ ਤੂੰ ਪਾਤ-ਪਾਤ ਦੀ ਸਥਿਤੀ ਹੈ। ਸਿੱਟੇ ਵਜੋਂ ਜਿਹਨਾਂ ਰਾਜਾਂ ’ਚ ਭਾਜਪਾ ਦੀ ਹਕੂਮਤ ਉਥੇ ਲੋਕਾਂ ਦਾ ਸਰਕਾਰ ਤੋਂ ਮੋਹ ਭੰਗ ਹੁੰਦਾ ਜਾ ਰਿਹਾ ਹੈ। ਨਾਲ ਹੀ ਭਾਜਪਾ ’ਚ ਅੰਦਰੂਨੀ ਖਹਿਬਾਜ਼ੀ ਸਿਖ਼ਰ ’ਤੇ ਹੈ। ਨਰੇਂਦਰ ਮੋਦੀ ਨੂੰ

ਵਿਕਾਸ ਪੁਰਸ਼ ਕਹਿ ਕੇ ਪੇਸ਼ ਕਰਨ ਦੇ ਬਾਵਜੂਦ ਸਾਲ 2002 ਦੇ ਗੁਜਰਾਤ ਕਤਲੇਆਮ ਤੇ ਰਾਜ 'ਚ ਭਿਆਨਕ ਫਿਰਕੂ ਮਾਹੌਲ ਭਾਜਪਾ ਦਾ ਪਿੱਛਾ ਨਹੀਂ ਛੱਡ ਰਿਹਾ ਹੈ। ਭਾਜਪਾ ਨੇ ਕਰਨਾਟਕ 'ਚ ਸਤਾ ਹਾਸਲ ਕਰਕੇ ਦੱਖਣੀ ਭਾਰਤ 'ਚ ਕਦਮ ਰੱਖਿਆ ਸੀ। ਪਰ ਖਾਣ ਮਾਫੀਆਂ ਰੈਡੀ ਭਰਾਵਾਂ ਨੂੰ ਸੁਰਖਿਆ ਯੈਦਉਰੱਪਾ ਦੇ ਭ੍ਰਿਸ਼ਟਾਚਾਰ ਇਸ ਦਾ ਵਿਧਾਇਕਾਂ ਵਲੋਂ ਵਿਧਾਨ ਸਭਾ 'ਚ ਅਸ਼ਲੀਲ ਫੋਟੋ ਦੇਖਣੀਆਂ, ਭ੍ਰਿਸ਼ਟਾਚਾਰ ਉਜਾਗਰ ਕਰਨ ਵਾਲਿਆਂ ਦੀ ਹੱਤਿਆ, ਦੰਗਾ ਭੜਕਾਉਣ ਦੀ ਨੀਅਤ ਨਾਲ ਬਜ਼ਰੰਗ ਦਲ ਦੇ ਵਰਕਰਾਂ ਵਲੋਂ ਰਾਤ ਦੇ ਹਨੇਰੇ 'ਚ ਤਹਿਸੀਲ ਦਫਤਰ 'ਤੇ ਪਾਕਿਸਤਾਨ ਦਾ ਝੰਡਾ ਲਹਿਰਾਉਣ ਦੇ ਦੋਸ਼ 'ਚ ਗ੍ਰਿਫ਼ਤਾਰੀ ਵਰਗੀਆਂ ਹਰਕਤਾਂ ਨਾਲ ਲੋਕਾਂ 'ਚ ਇਹਨਾਂ ਦੀ ਛਵੀ ਢਹਿ ਢੇਰੀ ਹੋ ਚੁੱਕੀ ਹੈ। ਹਾਲ ਦੀ ਘੜੀ ਜਿਹਨਾਂ ਰਾਜਾਂ 'ਚ ਭਾਜਪਾ ਦੀ ਹਕੂਮਤ ਹੈ ਉਥੇ ਮੌਜੂਦਾ ਸਮੇਂ 'ਚ ਸਿਰਫ ਕਾਂਗਰਸ ਹੀ ਬਦਲ ਹੈ ਪਰ ਇਹ ਵਿਰੋਧੀ ਧਿਰ ਦੀ ਭੂਮਿਕਾ ਨਿਭਾਉਣ 'ਚ ਅਸਮਰਥ ਹੈ। ਇਸ ਲਈ ਭਾਜਪਾ ਨੂੰ ਇਸ ਦਾ ਥੋੜਾ ਫਾਇਦਾ ਹੋ ਸਕਦਾ ਹੈ। ਪਰ ਜਿਥੋਂ ਤਕ ਅਗਾਮੀ ਲੋਕ ਸਭਾ ਚੋਣਾਂ ਦਾ ਸਬੰਧ ਹੈ। ਅਜੇਹੀ ਮਹਿਸੂਸ ਹੁੰਦਾ ਹੈ ਕਿ ਕਾਂਗਰਸ ਤੇ ਭਾਜਪਾ ਦੀ ਹਾਲਤ ਕੁਝ ਅਜੇਹੀ ਹੀ ਹੋਵੇਗੀ ਜਿਹੋ ਜਿਹੀ ਯੂਨਾਨ (ਗਰੀਸ਼) 'ਚ ਹੋਇਆ ਹੈ। ਯੂਨਾਨ 'ਚ ਹਾਲ ਦੀਆਂ ਚੋਣਾਂ 'ਚ ਹਾਕਮ ਜਮਾਤ ਦੀਆਂ ਦੋ ਪ੍ਰਮੁਖ ਪਾਰਟੀਆਂ ਨੂੰ ਮਿਲਾ ਕੇ ਵੀ ਕੁਲ ਵੋਟਾਂ ਦਾ 30 ਫੀ ਸਦੀ ਹੀ ਮਿਲਿਆ ਹੈ ਕਿਉਂਕਿ ਸਾਡੇ ਦੇਸ਼ 'ਚ ਸੁਚੱਜੀ ਲੀਡਰਸ਼ਿਪ ਵੋਟ ਪ੍ਰਣਾਲੀ ਨਹੀਂ ਹੈ ਜਿਸ ਕਾਰਨ ਵੱਡੀ ਪਾਰਟੀ ਵਜੋਂ ਕਾਂਗਰਸ ਤੇ ਭਾਜਪਾ ਨੂੰ ਲਾਭ ਹੋ ਸਕਦਾ ਹੈ ਪਰ ਇਸ ਗੱਲ ਦੀ ਪੂਰੀ ਸੰਭਾਵਨਾ ਹੈ ਕਿ ਲੋਕ ਸਭਾ 'ਚ ਇਹਨਾਂ ਦੋਨਾਂ ਪਾਰਟੀਆਂ ਦੀ ਸੀਟਾਂ ਦੀ ਮੌਜੂਦ ਗਿਣਤੀ 'ਚ ਕਮੀ ਆਵੇਗੀ। ਭਾਕਪਾ ਤੇ ਖੱਬੇ ਮੋਰਚੇ 'ਚ ਸ਼ਾਮਲ ਪਾਰਟੀਆਂ ਵਲੋਂ ਪਿਛਲੇ ਦੋ ਦਹਾਕਿਆਂ 'ਚ ਤੀਜੇ ਬਦਲ ਦੀ ਗੱਲ ਕੀਤੀ ਜਾ ਰਹੀ ਹੈ। ਹੁਣ ਇਸ ਬਾਰੇ ਕੀ ਕਹੀਏ? ਮਾਕਪਾ ਬੰਗਾਲ, ਕੇਰਲਾ ਤੇ ਤ੍ਰਿਪੁਰਾ 'ਚ ਪਹਿਲਾ ਦੇ ਮੁਕਾਬਲੇ ਕਾਫੀ ਕੰਮਜ਼ੋਰ ਹੋ ਚੁੱਕੀ ਹੈ। ਹੋਰਨਾਂ ਰਾਜਾਂ ਵਿਚ ਤਾਂ ਅਵਸਥਾ ਹੋਰ ਵੀ ਖਰਾਬ ਹੈ। ਹੁਣ ਉਸ ਨੇ ਤੀਜੇ ਮੋਰਚੇ ਦੀ ਗੱਲ ਕਰਨੀ ਛੱਡ ਦਿੱਤੀ ਹੈ। ਇਸ ਸਾਲ ਮਾਕਪਾ ਦੀ ਵੀਹਵੀਂ ਕਾਂਗਰਸ ਹੋਈ ਇਸ 'ਚ ਪਾਸ ਰਾਜ ਪ੍ਰਸਤਾਅ 'ਚ ਇਸ ਦਾ ਜ਼ਿਕਰ ਤਕ ਨਹੀਂ ਕੀਤਾ ਗਿਆ। ਤੀਜਾ ਮੋਰਚਾ ਠੰਡੇ ਬਸਤੇ 'ਚ ਬੰਦ ਹੋ ਗਿਆ ਹੈ। ਖੈਰ ਮਾਰਕਸਵਾਦੀ ਪਾਰਟੀ ਦੇ ਦਾਅਵੇ ਮਹਾਂ ਸੰਮੇਲਨ ਤੇ ਭਾਕਪਾ ਦੇ ਵੀਹਵੇਂ ਸੰਮੇਲਨ ਦੇ ਦਸਤਾਵੇਜਾਂ ਤੋਂ ਸਾਫ ਹੈ ਕਿ ਦੋਨੋਂ ਪਾਰਟੀਆਂ ਨਵ-ਉਦਾਰਵਾਦੀ ਨੀਤੀਆਂ ਖਿਲਾਫ ਲੜਨ ਲਈ ਤਿਆਰ ਨਹੀਂ ਹਨ ਅਤੇ ਨਾ ਹੀ ਇਹਨਾਂ ਕੋਲ ਬਦਲਵੀਂ ਵਿਕਾਸ ਨੀਤੀ ਹੈ। ਇਸ ਲਈ ਐਸਾ ਨਹੀਂ ਲਗਦਾ ਕਿ ਆਉਂਦੀਆਂ ਲੋਕ ਸਭਾ ਚੋਣਾਂ 'ਚ ਇਹਨਾਂ ਦੀ ਸੀਟਾਂ 'ਚ ਕੋਈ ਖਾਸ ਵਾਧਾ ਹੋਵੇਗਾ। ਖੱਬਾ ਮੋਰਚਾ ਦੇਸ਼ ਦੀ ਰਾਜਨੀਤੀ 'ਚ ਕੋਈ ਖਾਸ ਭੂਮਿਕਾ ਨਿਭਾਏਗਾ। ਇਸ ਦੀ ਸੰਭਾਵਨਾ ਦਿਨ-ਬ-ਦਿਨ ਘੱਟ ਹੁੰਦੀ ਜਾ ਰਹੀ ਹੈ। ਅਜੇਹੇ ਮਾਹੌਲ 'ਚ ਜੁਲਾਈ 'ਚ ਰਾਸ਼ਟਰਪਤੀ ਦੀ ਚੋਣ ਵੀ ਵਰਤੋਂ ਕਰਕੇ ਖੇਤੀ ਪਾਰਟੀਆਂ ਵਲੋਂ ਕੌਮੀ ਰਾਜਨੀਤੀ 'ਚ ਦਬਾਅ ਪਾਇਆ ਜਾ ਰਿਹਾ। ਤ੍ਰਿਣਮੂਲ ਕਾਂਗਰਸ ਤੇ ਡੀ.ਐਮ.ਕੇ ਵਰਗੇ ਯੂ.ਪੀ.ਏ ਦੇ ਅੰਗ ਅਜ਼ਾਦ ਚਲਦੇ ਦਿਸ ਰਹੇ ਹਨ ਪਰ ਉਹ ਕਾਂਗਰਸ ਨਾਲ ਆਰਥਕ ਨੀਤੀਆਂ ਅਤੇ ਹੋਰ ਮੁੱਦਿਆਂ 'ਤੇ ਇਕਮਤ ਹਨ। ਇਸ ਜਦ (ਯੂ) ਸ਼ਿਵਸੈਨਾ ਤੇ ਅਕਾਲੀ ਦਲ

ਵਰਗੇ ਜਦ ਦੇ ਅੰਗਾਂ ਵਲੋਂ ਭਾਜਪਾ ਤੋਂ ਦੂਰੀ ਬਣਾਈ ਜਾ ਰਹੀ ਹੈ। ਭਾਵੇਂ ਇਹਨਾਂ ਦਾ ਕਾਂਗਰਸ ਤੇ ਭਾਜਪਾ ਨਾਲ ਨੀਤੀਗਤ ਮਸਲਿਆਂ ’ਤੇ ਕੋਈ ਵੱਡਾ ਫਰਕ ਨਹੀਂ ਹੈ। ਭਾਕਾਪਾ ਤੇ ਇਹ ਸਭ ਖੇਤਰੀ ਪਾਰਟੀਆਂ ਸਰਕਾਰੀ ਜਬਰ ਤੇ ਕਾਲੇ ਕਾਨੂੰਨਾਂ ਦੇ ਪੱਖ ਵਿਚ ਹਨ, ਫਿਰ ਵੀ ਰਾਜ ਦੇ ਅਧਿਕਾਰਾਂ ਦੀ ਦਾਅਵੇਦਾਰੀ ਕਰਦਿਆ ਇਹਨਾਂ ਪਾਰਟੀਆਂ ਨੇ ਕੌਮੀ ਅੱਤਵਾਦ ਵਿਰੋਧੀ ਕਾਨੂੰਨ (ਐਨ.ਸੀ.ਟੀ.ਸੀ) ਦੀ ਉਸਾਰੀ ਦੇ ਯੂ.ਪੀ.ਏ ਦੇ ਪ੍ਰਸ਼ਤਾਵ ਨੂੰ ਡੇਗ ਦਿੱਤਾ ਕਿਉਂਕਿ ਸਾਰੀਆਂ ਖੇਤਰੀ ਪਾਰਟੀਆਂ ਵੀ ਦਲਾਲ ਹਾਕਮ ਜਮਾਤਾਂ ਦੇ ਹਿੱਤਾਂ ਦੀ ਨੁਮਾਇੰਦਗੀ ਕਰਦੀਆਂ ਹਨ। ਇਹਨਾਂ ਦਾ ਬਹੁਕੌਮੀ ਕੰਪਨੀਆਂ ਦੇਸ਼ ਦੀ ਦਲਾਲ ਸ਼ਰਮਾਏਦਾਰੀ ਨਾਲ ਨੇੜਲਾ ਰਿਸ਼ਤਾ ਹੈ। ਇਸ ਦਾ ਸਬੂਤ ਹੈ ਤਾਮਿਲਨਾਡੂ ’ਚ ADMK ਸਰਕਾਰ ਵਲੋਂ ਉਠਾਏ ਜਾ ਰਹੇ ਕਦਮ ਤੇ ਹਿਲੇਰੀ ਕਲਿਟਨ ਦਾ ਕਲਕੱਤਾ ’ਚ ਤ੍ਰਿਣਮੂਲ ਕਾਂਗਰਸ ਦੀ ਨੇਤਾ ਮਮਤਾ ਬੈਨਰਜੀ ਨਾਲ ਮੁਲਾਕਾਤ। ਇਹ ਪਾਰਟੀਆਂ ਤਾਂ ਜੰਮੂ ਕਸ਼ਮੀਰ ਤੇ ਉਤਰ-ਪੂਰਬੀ ਰਾਜਾਂ ਦੀ 60 ਸਾਲਾਂ ਤੋਂ ਚਲੀ ਆ ਰਹੀ ਸਮੱਸਿਆ ਦਾ ਰਾਜਸੀ ਹੱਲ ਕਰਨ ਲਈ ਤਿਆਰ ਨਹੀਂ ਹੈ। ਜੇ ਇਹ ਪਾਰਟੀਆਂ ਮਿਲ ਕੇ ਕੇਂਦਰ ’ਚ ਸਰਕਾਰ ਬਣਾ ਵੀ ਲੈਣ ਤਾਂ ਵੀ ਮੌਜੂਦਾ ਨੀਤੀਆਂ ’ਚ ਕੋਈ ਫਰਕ ਨਹੀਂ ਪੈਣ ਵਾਲਾ। ਲੋਕਾਂ ’ਤੇ ਹੱਲਾ ਤੇਜ਼ ਹੋਵੇਗਾ ਇਨਕਲਾਬੀ ਤਾਕਤਾਂ ਲਈ ਮੌਜੂਦਾ ਸਥਿਤੀ ਇਹ ਚੁਣੌਤੀ ਹੈ।

# ਕੀ ਹੈ ਜਨਗਣਨਾ ਕੋਡ ਦੀ ਮੰਗ ਤੇ ਸਰਨਾ ਬਰਾਦਰੀ?

ਭਾਰਤ ਦੀ ਕੁਲ ਅਬਾਦੀ ’ਚੋਂ ਤਕਰੀਬਨ 9 ਫੀ ਸਦੀ ਅਨਸੂਚਿਤ ਜਾਤੀਆਂ ਦੀ ਪਹਿਚਾਣ, ਉਹਨਾਂ ਦੀ ਸਮਾਜਕ ਵਿਰਾਸਤ, ਸਭਿਆਚਾਰਕ ਵਿਭਿੰਨਤਾ, ਰੀਤੀ-ਰਿਵਾਜ, ਰਵਾਇਤਾਂ, ਧਾਰਮਿਕ ਆਸਥਾ ਤੇ ਕਿਸੇ ਵੀ ਸਮੱਸਿਆ ਦੇ ਹੱਲ ਦੀ ਰਵਾਇਤੀ ਪ੍ਰਣਾਲੀ ਦੇ ਰਾਹੀਂ ਹੁੰਦੀ ਹੈ। ਪਾਸ਼ਾਣ ਕਾਲ ਤੋਂ ਹੀ ਆਦੀਵਾਸੀ ਕੁਦਰਤ ਦੇ ਦੀਵਾਨੇ ਰਹੇ ਹਨ ਜਿਹਨਾਂ ਨੂੰ ਭਾਰਤੀ ਸੰਵਿਧਾਨ ’ਚ ਵਿਸ਼ੇਸ਼ ਦਰਜਾ ਹਾਸਲ ਹੈ। ਇਹਨਾਂ ਸਭ ਦੇ ਬਾਵਜੂਦ ਅਫਸੋਸ ਦੀ ਗੱਲ ਇਹ ਹੈ ਕਿ ਦੇਸ਼ ਭਰ ਦੇ ਆਦੀਵਾਸੀ ਜਿਹਨਾਂ ਨੂੰ ਧਰਮਾਵ ਲੰਬੀ ਮੰਨਿਆ ਜਾਂਦਾ ਹੈ ਅੱਜ ਆਪਣੀ ਗਿਣਤੀ ਦੇ ਅਸਲੀ ਅੰਕੜੇ ਦੀ ਜਾਣਕਾਰੀ ਤੋਂ ਵੀ ਵਾਂਝੇ ਹਨ। ਇਸ ਦੀ ਮੂਲ ਵਜਾਹ ਇਹ ਹੈ ਕਿ ਦਸ ਸਾਲਾਂ ਤੋਂ ਇਕ ਵਾਰ ਹੋਣ ਵਾਲੀ ਜਨਗਣਨਾ ’ਚ ਸਰਨਾ ਆਦੀਵਾਸੀਆਂ ਲਈ ਵੱਖਰਾ ਕਾਲਮ ਦਾ ਨਾਂ ਹੋਣਾ ਹੈ। ‘ਅਜ਼ਾਦੀ’ ਦੇ 65 ਸਾਲਾਂ ਪਿਛੋਂ ਸਰਨਾ ਧਰਮ ਵਾਲਿਆਂ ਨੇ ਆਪਣੇ ਲਈ ਵਖਰੇ ਕੋਡ ਦੀ ਮੰਗ ਸਬੰਧੀ ਆਵਾਜ਼ ਬੁਲੰਦ ਕੀਤੀ ਹੈ। ਝਾਰਖੰਡ ’ਚ ਉਠੀ ਇਹ ਆਵਾਜ਼ ਦਿੱਲੀ ਦਰਬਾਰ ਤਕ ਪਹੁੰਚ ਚੁੱਕੀ ਹੈ ਪਰ ਇਹ ਮੰਗ ਕਦੋਂ ਤਕ ਪੂਰੀ ਹੋਵੇਗੀ ਇਸ ਦੀ ਗਾਰੰਟੀ ਕੋਈ ਨਹੀਂ ਦੇ ਰਿਹਾ। ਦੇਸ਼ ਭਰ ਦੇ ਆਦੀਵਾਸੀ ਫਿਰਕੇ ਤੋਂ ਆਉਣ ਵਾਲੇ ਲੋਕ ਅੱਜ ਸਿਖਿਆ ਸੰਸਥਾਵਾਂ ’ਚ ਦਾਖਲੇ, ਨੌਕਰੀਆਂ ਤੇ ਕੰਮਕਾਜ਼ ਸਬੰਧੀ ਕਈ ਤਰ੍ਹਾਂ ਦੀਆਂ ਪ੍ਰੇਸ਼ਾਨੀ ਦਾ ਸਾਹਮਣਾ ਕਰ ਰਹੇ ਹਨ। ਅਜੇਹਾ ਆਦੀਵਾਸੀ ਸਮੂਹ ਤੇ ਧਰਮ ਦੀਆਂ ਵੱਖਰੀਆਂ ਵਿਆਖਿਆਵਾਂ ਕਾਰਨ ਹੋ ਰਿਹਾ ਹੈ। ਜਨਸੰਖਿਆ ’ਚ ਆਦੀਵਾਸੀ ਸਮੂਹ ਦੇ ਘਟਦੇ ਹਿੱਸੇ ਦਾ ਸਿੱਧਾ ਅਸਰ ਅਨੁਪਾਤਿਕ ਨਜ਼ਰੀਏ ਨਾਲ ਸੰਵਿਧਾਨ ’ਚ ਕੀਤੀ ਗਈ ਗਈ ਰਾਖਵੇਂਕਰਨ ਦੀ ਵਿਵਸਥਾ ’ਤੇ ਪੈ ਰਿਹਾ ਹੈ। ਜਨਗਣਨਾ ਦੇ ਕਾਲਮ ’ਚ ਫਿਲਹਾਲ ਅੱਠ ਕੋਡ ਅੰਕਿਤ ਹਨ, ਜਿਹਨਾਂ ’ਚ ਹਿੰਦੂ, ਮੁਸਲਿਮ, ਇਸਾਈ, ਸਿੱਖ, ਬੌਧੀ, ਜੈਨ, ਹੋਰ ਧਰਮ ਤੇ ਮਾਨਤਾਵਾਂ ਅਤੇ ਧਰਮ ਦਾ ਵਰਨਣ ਕ੍ਰਮਵਾਰ ਇਕ ਤੋਂ ਲੈ ਕੇ ਅੱਠੇ ਤਕ ਆਉਂਦੇ ਹਨ। ਇਸ ’ਚ ਆਦੀਵਾਸੀਆਂ ਲਈ ਵੱਖਰੇ ਤੌਰ ’ਤੇ ਕੋਈ ਕਾਲਮ ਨਾ ਹੋਣ ਕਰਕੇ ਉਹਨਾਂ ਨੂੰ ਹੁਣ ਤਕ ਜਾਂ ਤਾਂ ਹਿੰਦੂ ਦਸਣਾ ਪਿਆ ਸੀ ਜਾਂ ਫਿਰ ਇਸਾਈ।

ਸੰਨ 2011 ਦੀ ਜਨਗਣਨਾ ਅਨੁਸਾਰ ਦੇਸ਼ ਭਰ ’ਚ 9 ਕਰੋੜ ਆਦੀਵਾਸੀਆਂ ’ਚੋਂ ਛੇ ਕਰੋੜ 88 ਲੱਖ ਨੇ ਆਪਣਾ ਧਰਮ ਹਿੰਦੂ ਹੀ ਲਿਖਵਾਇਆ ਸੀ। ਇਸ ਤੋਂ ਇਲਾਵਾ ਕਰੀਬ 12 ਲੱਖ ਨੇ ਖੁਦ ਨੂੰ ਮੁਸਲਿਮ ਤੇ ਕਰੀਬ 80 ਲੱਖ ਨੇ ਖੁਦ ਨੂੰ ਇਸਾਈ ਧਰਮ ਮੰਨਣ ਵਾਲਿਆਂ ਵਜੋਂ ਦਰਜ ਕਰਵਾਇਆ ਸੀ। ਸਿਰਫ 56 ਲੱਖ ਆਦੀਵਾਸੀ ਸਨ ਜਿਹਨਾਂ ਨੇ ਧਰਮ ਦੇ ਕਾਲਮ ’ਚ ਕੋਡ ’7’ ਨੂੰ ਚੁਣਿਆ ਸੀ। ਇਸ ਕੋਡ ’ਚ ਹੋਰ ਧਰਮ ਤੇ ਮਾਨਤਾਵਾਂ ਅੰਕਿਤ ਹਨ। ਆਦੀਵਾਸੀਆਂ ਦੀ 80 ਫੀ ਸਦੀ ਤੋਂ ਵੀ ਵੱਧ ਅਬਾਦੀ ਪੇਂਡੂ ਇਲਾਕਿਆਂ ’ਚ ਰਹਿੰਦੀ ਹੈ। ਪਿੰਡ ਦੀ ਅਨੁਸੂਚਿਤ ਜਨਜਾਤੀਆਂ ਤੋਂ ਜਨਗਣਨਾ ਕਰਮੀ ਜਦ ਉਹਨਾਂ ਦਾ ਧਰਮ ਪੁਛਦੇ ਹਨ ਤਾਂ ਸਰਨਾ ਆਦੀਵਾਸੀ ਹੀ ਦਸਦੇ ਹਨ ਪਰ ਕਿਉਂਕਿ ਸਰਨਾ ਧਰਮ ਲਈ ਵੱਖਰਾ ਕੋਈ ਕੋਡ ਨਹੀਂ ਬਣਿਆ ਹੈ, ਇਸ ਲਈ ਉਹਨਾਂ ਨੂੰ ਕੋਡ-1 ਯਾਨੀ ਹਿੰਦੂ ਵਜੋਂ

ਦਰਜ ਕੀਤਾ ਜਾਂਦਾ ਰਿਹਾ ਹੈ। ਇਸ ਲਈ ਹਿੰਦੂਆਂ ਦੀ ਅਬਾਦੀ ਤਾਂ ਐਵੇਂ ਹੀ ਵੱਧ ਜਾਂਦੀ ਹੈ ਪਰ ਸਰਨਾ ਆਦੀਵਾਸੀਆਂ ਦੀ ਅਸਲੀ ਗਿਣਤੀ ਦਾ ਪਤਾ ਨਹੀਂ ਲੱਗਦਾ। ਪ੍ਰਸਿੱਧ ਜਨਗਣਨਾ ਵਿਸਲੇਸ਼ਕ ਜੇ.ਐਚ ਹਟੱਨ ਨੇ 1921-31 ਦੀ ਜਨਗਣਨਾ ਦੇ ਤੁਲਨਾਤਮਕ ਅਧਿਐਨ ਪਿਛੋਂ ਇਸ ਤੱਥ ’ਤੇ ਰੌਸ਼ਨੀ ਪਾਈ ਹੈ ਕਿ ਆਦੀਵਾਸੀਆਂ ਦੀ ਗਿਣਤੀ ’ਚ 33 ਫੀ ਸਦੀ ਕਮੀ ਉਸ ਦੌਰ ਆਦੀਵਾਸੀਆਂ ਨੂੰ ਹਿੰਦੂ ਧਰਮ ਵਜੋਂ ਦਰਜ ਕਰਨ ਕਰਕੇ ਆਈ ਸੀ। ਇਹ ਉਹ ਦੌਰ ਸੀ ਜਦ ਹਿੰਦੂ ਮਹਾਂ ਸਭਾ ਨੇ ਆਪਣੀਆਂ ਸਰਗਰਮੀਆਂ ’ਚ ਜਨਜਾਤੀਆਂ ਨੂੰ ਹਿੰਦੂ ਧਰਮ ਦੇ ਘੇਰੇ ’ਚ ਲਿਆਉਣਾ ਸ਼ੁਰੂਆਤ ਕੀਤੀ ਸੀ। ਹਟੱਨ ਦੇ ਦਸਤਾਵੇਜ ਕਹਿੰਦੇ ਹਨ ਕਿ ‘ਹਿੰਦੂ ਮਹਾਂ ਸਭਾ ਨੇ ਇਸਾਈ, ਮੁਸਲਿਮ, ਯਹੂਦੀ ਤੇ ਪਾਰਸੀ ਫਿਰਕੇ ਤੋਂ ਇਧਰ ਦੇਸ਼ਾਂ ’ਚ ਰਹਿਣ ਵਾਲੀਆਂ ਸਭ ਜਾਤੀਆਂ, ਜਨਜਾਤੀਆਂ ਦੀ ਘਰ ਵਾਸੀ ਯਾਨੀ ਹਿੰਦੂ ਧਰਮ ’ਚ ਸ਼ਾਮਲ ਕਰਨ ਦੀ ਮੁਹਿੰਮ ਚਲਾ ਰਖੀ ਸੀ, ਜਿਸ ਕਾਰਨ ਭਾਰੀ ਗਿਣਤੀ ਵਿਚ ਆਦੀਵਾਸੀਆਂ ਨੂੰ ਹਿੰਦੂ ਧਰਮ ’ਚ ਸ਼ਾਮਲ ਕਰਵਾਇਆ ਗਿਆ। ਇਸ ਦਾ ਇਸਾਈ ਮਿਸ਼ਨਰੀਆਂ ਨੇ ਵਿਰੋਧ ਕੀਤਾ ਤੇ ਜੋ ਲੋਕ ਹਿੰਦੂ ਬਣ ਚੁਕੇ ਸਨ, ਉਨ੍ਹਾਂ ਨੇ ਇਸਾਈ ਧਰਮ ’ਚ ਵਾਪਸ ਆਉਣ ਲਈ ਕਿਹਾ ਸੀ। ਇਸ ਦੋਹਰੀ ਵਿਡੰਬਨਾ ਨੇ ਆਦੀਵਾਸੀਆਂ ਦੇ ਧਰਮ ਸਬੰਧੀ ਦੁਵਿਧਾ ਦੇ ਜੋ ਬੀਜ ਬੀਜੇ ਉਹ ਅੱਜ ਵਿਸ਼ਾਲ ਬੋਹੜ ਬਣ ਚੁਕਿਆ ਹੈ। ਗੁਲਾਮ ਭਾਰਤ ’ਚ ਅੰਗਰੇਜਾਂ ਨੇ ਆਦੀਵਾਸੀਆਂ ਦੀ ਧਰਮ ਦੇ ਅਧਾਰ ’ਤੇ ਗਿਣਤੀ ਦੀ ਪ੍ਰੀਕ੍ਰਿਆ ਸ਼ੁਰੂ ਕੀਤੀ ਸੀ।

1891 ਦੀ ਜਨਗਣਨਾ ਰੀਪੋਟ ’ਚ ਜਨਸੰਖਿਆ ਕਮਿਸ਼ਨਰ ਜੇ.ਏ. ਬੈਂਸੀ ਨੇ ਜਨਜਾਤੀਆਂ ਦੀ ਸ਼੍ਰੇਣੀ ਵਿਚ ਇਕ ਉਪ ਸਿਰਲੇਖ ‘ਪ੍ਰਕਿਰਤੀਵਾਦੀ’ ਜੋੜ ਕੇ ਆਦੀਵਾਸੀਆਂ ਦੀ ਗਿਣਤੀ ਕਰਨ ਦੀ ਵਿਵਸਥਾ ਕੀਤੀ ਸੀ। ਸੰਨ 1941 ਤਕ ਦੇ ਜਨਗਣਨਾ ਫਾਰਮ ’ਚ ਹੋਰ ਧਰਮ ਦੇ ਨਾਲ ਪ੍ਰਕਿਰਤੀਵਾਦੀ ਕੋਡ ਸੀ ਜਿਸ ਤੋਂ ਪਤਾ ਲੱਗਿਆ ਕਿ ਭਾਰਤ ’ਚ 2.47 ਕਰੋੜ ਆਦੀਵਾਸੀ ਹਨ। ਸੰਨ 1950 ’ਚ ਸੰਵਿਧਾਨ ਤੇ ਜਨਗਣਨਾ ਕਨੂੰਨ ਸੰਨ 1948 ’ਚ ਆਦੀਵਾਸੀਆਂ ਦੀ ਵੱਖਰੀ ਗਿਣਤੀ ਦੀ ਵਿਵਸਥਾ ਹੀ ਖਤਮ ਕਰ ਦਿਤੀ ਗਈ। 1957 ’ਚ ਪਹਿਲੀ ਜਨਗਣਨਾ ਅੰਗਰੇਜਾਂ ਦੇ ਭਾਰਤ ਛੱਡਣ ਪਿਛੋਂ ਹੋਈ ਤਾਂ ਉਸ ’ਚ ਕੁਦਰਿਤ ਵਾਦੀ ਜਾਂ ਸਰਨਾ ਆਦੀਵਾਸੀਆਂ ਦੀ ਗਿਣਤੀ ਦਾ ਪਤਾ ਹੀ ਨਹੀਂ ਲੱਗ ਸਕਿਆ। ਸਰਨਾ ਧਰਮ ਲਈ ਵੱਖਰੇ ਕੋਡ ਦੀ ਮੰਗ ਨੂੰ ਲੈ ਕੇ ਬੀਤੀ 14 ਅਪ੍ਰੈਲ ਨੂੰ ਰਾਂਚੀ ’ਚ ਕੁਲ ਹਿੰਦ ਭਾਰਤੀ ਸਰਨਾ ਧਾਰਮਿਕ ਤੇ ਸਮਾਜਕ ਸੰਮਤੀ ਦੀ ਅਗਵਾਈ ’ਚ ਮਹਿਰੌਲੀ ਦਾ ਆਯੋਜਨ ਕੀਤਾ ਗਿਆ ਸੀ ਜਿਸ ’ਚ ਦੇਸ਼ ਭਰਤ ’ਚੋਂ ਹਜ਼ਾਰਾਂ ਦੀ ਗਿਣਤੀ ’ਚ ਸਰਨਾ ਆਦੀਵਾਸੀ ਜੁਟੇ ਤੇ ਆਪਣੀ ਮੰਗ ਸਬੰਧੀ ਸਰਕਾਰ ਨੂੰ ਚੇਤਾਵਨੀ ਦਿਤੀ।

ਰਾਜ ਪੜਿਹਾ ਸਰਨਾ ਪ੍ਰਾਰਥਨਾ ਸਭਾ ਦੇ ਪ੍ਰਧਾਨ ਬੰਘਨ ਤਿੱਗਾ ਕਹਿੰਦੇ ਹਨ ਕਿ ‘ਸਰਨਾ ਧਰਮ ਕੋਡ ਦੇ ਨਾਲ-ਨਾਲ ਝਾਰਖੰਡ ’ਚ ਪੰਜਵੀਂ ਅਨਸੂਚੀ ਦੇ ਪਾਲਣ ਤੇ ਸਮਤਾ ਜਜਮੈਂਟ ਲਾਗੂ ਕਰਨ ਦੀ ਮੰਗ ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ’। ਬਿਹਾਰ ਰਾਜ ਅਨੁਸੂਚਿਤ ਜਨਜਾਤੀ ਕਮਿਸ਼ਨ ਦੇ ਮੀਤ ਪ੍ਰਧਾਨ ਲਲਿਤ ਭਗਤ ਨੂੰ ਵਿਸ਼ਵਾਸ ਹੈ ਕਿ ਸੰਨ 2021 ਦੀ ਜਨਗਣਨਾ ’ਚ ਆਦੀਵਾਸੀਆਂ ਲਈ ਸਰਨਾ ਕੋਡ ਦੀ ਵਿਵਸਥਾ ਹੋਵੇਗੀ। ਰੈਲੀਆਂ ਤੇ ਸੰਮੇਲਨਾਂ ਤੋਂ ਹਟ ਕੇ ਸਰਨਾ ਧਰਮ

ਲਈ ਕੋਡ ਦੇ ਨਿਰਧਾਰਣ ਦੀ ਗੱਲ ਦਿੱਲੀ ਦਰਬਾਰ ’ਚ ਪਹੁੰਚ ਚੁੱਕੀ ਹੈ। ਪਿਛਲੀ ਤਿੰਨ ਮਈ ਨੂੰ ਰਾਜ ਸਭਾ ਚੋਣਾਂ ’ਚ ਕਾਂਗਰਸ ਦੇ ਉਮੀਦਵਾਰ ਤੇ ਝਾਰਖੰਡ ਸੂਬਾਈ ਪ੍ਰਧਾਨ ਪ੍ਰਦੀਪ ਕੁਮਾਰ ਬਲਮੁਚੂ ਨੂੰ ਸਰਨਾ ਆਦੀਵਾਸੀ ਵਿਧਾਇਕ ਚਮਰਾ ਲਿੰਡਾ ਤੇ ਬੰਧੂ ਤਿਰਕੀ ਨੇ ਇਸ ਸੂਰਤ ’ਤੇ ਵੋਟ ਦਿਤੀ ਸੀ ਕਿ ਉਹਨਾਂ ਦੀ ਮੰਗ ਕੇਂਦਰ ਸਰਕਾਰ ਪੂਰੀ ਕਰੇਗੀ। ਇਸ ਤੋਂ ਪਹਿਲਾਂ ਦੋਨੋਂ ਵਿਧਾਇਕਾਂ ਨੂੰ ਕੇਂਦਰ ਸੈਰ ਸਪਾਟਾ ਮੰਤਰੀ ਸੁਬੋਧਕਾਂਤ ਸਹਾਏ ਆਪਣੇ ਨਾਲ ਦਿੱਲੀ ਲੈ ਗਏ ਤੇ ਪ੍ਰਧਾਨ ਮੰਤਰੀ ਨਾਲ ਉਨ੍ਹਾਂ ਨੂੰ ਮਿਲਾਇਆ। ਸੋਨੀਆ ਗਾਂਧੀ ਤਕ ਵੀ ਸਰਨਾ ਆਦੀਵਾਸੀਆਂ ਦੀਆਂ ਮੰਗਾਂ ਨਾਲ ਸਬੰਧਤ ਮੈਮੋਰੰਡਮ ਪਹੁੰਚਾਇਆ ਗਿਆ। ਇਨੀ ਮੁਸ਼ਕਤ ਪਿਛੋਂ ਕਾਂਗਰਸ ਦੇ ਉਮੀਦਵਾਰ ਦੀ ਵੋਟਾਂ ’ਚ ਜਿੱਤ ਹੋਈ। ਭਾਜਪਾ ਵੀ ਸਰਨਾ ਧਰਮ ਕੋਡ ਦੇ ਮੁਦੇ ਦੀ ਵਿਆਪਕਤਾ ਨੂੰ ਭਾਂਪਣ ’ਚ ਕਾਮਯਾਬ ਨਹੀਂ ਹੋ ਸਕੀ। ਜਿਸ ਕਾਰਨ ਉਸ ਨੂੰ ਹਾਰ ਹੋਈ। ਇਸ ਅਮਲ ਪਿਛੋਂ ਸੂਬੇ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਸਰਨਾ ਆਦੀਵਾਸੀ ਸਮਾਜ ਦੀ ਤਾਕਤ ਨੂੰ ਘਟਾ ਕੇ ਦੇਖਣ ਦੀ ਭੁਲ ਨਹੀਂ ਕਰਨਗੀਆਂ। ਹੁਣ ਦੇਖਣਾ ਇਹ ਹੈ ਕਿ ਕੇਂਦਰ ਤੋਂ ਕੀਤੀ ਗਈ ਮੰਗ ਤੇ ਕਈ ਪਧਰਾਂ ਦੀ ਸਮਾਜਕ ਰਾਜੀ ਕਸਰਤ ਸਰਨਾ ਧਰਮ ਕੋਡ ਨੂੰ 2021 ਦੀ ਜਨਗਣਨਾ ਫਾਰਮ ’ਚ ਥਾਂ ਮਿਲਦੀ ਹੈ ਜਾਂ ਨਹੀਂ। ਪਰ ਇਹ ਜਰੂਰ ਹੈ ਕਿ ਇਸ ਮੁੱਦੇ ਨੇ ਦੇਸ਼ ਦੀ ਮੁੱਖ ਧਾਰਾ ਦੀ ਰਾਜਨੀਤੀ ਦਾ ਧਿਆਨ ਆਪਣੇ ਵੱਲ ਖਿੱਚਣ ’ਚ ਸਫਲਤਾ ਹਾਸਲ ਕਰ ਲਈ ਹੈ।

# ਭਾਰਤੀ ਫੌਜ ਅੰਦਰਲਾ ਭ੍ਰਿਸ਼ਟਾਚਾਰ ਕੀ ਗੁੱਲ ਖਿਲਾਵੇਗੀ?

ਭਾਰਤੀ ਫੌਜ ਲਗਾਤਾਰ ਬਹਿਸਾਂ ਦਾ ਵਿਸ਼ਾ ਬਣੀ ਹੋਈ ਹੈ। ਕਦੀ ਲੇਹ 'ਚ ਅਫਸਰਾਂ ਤੇ ਜਵਾਨਾਂ ਵਿਚਾਰ ਹਿੰਸਕ ਟਕਰਾਅ ਦੇ ਨਾਲ ਸਖ਼ਤ ਕਦਮ ਉਠਾਉਣੇ ਪੈਂਦੇ ਹਨ ਤਾਂ ਕਦੀ ਦੱਖਣੀ ਅਫਰੀਕਾ ਦੇ ਕਾਂਗੋ ਰੀਪਬਲਿਕ 'ਚ 2007-08 'ਚ ਭਾਰਤੀ ਫੌਜ ਵਲੋਂ ਉਥੋਂ ਦੀਆਂ ਔਰਤਾਂ ਦੇ ਯੌਨ-ਸੋਸ਼ਣ ਦੀਆਂ ਸ਼ਰਮਨਾਕ ਘਟਨਾਵਾਂ ਦੀ ਆਂਚ ਨਵੇਂ ਫੌਜ ਮੁਖੀ ਵਿਕਰਮ ਸਿੰਘ ਤਕ ਪੁਜਦੀ ਹੈ। ਫੌਜ ਦੇ ਅੰਦਰ ਵੀ ਰੱਸਾ ਕਸ਼ੀ ਜਲਦੀ ਰੁਕਣ ਵਾਲੀ ਨਹੀਂ ਲਗਦੀ। ਸੇਵਾ ਮੁਕਤ ਹੋਣ ਤੋਂ ਕੁਝ ਹੀ ਸਮਾਂ ਪਹਿਲਾਂ ਫੌਜ ਮੁਖੀ ਵੀ.ਕੇ ਸਿੰਘ ਨੇ ਲੈਫਟੀਨੈਂਟ ਜਨਰਲ ਦਲਬੀਰ ਸਿੰਘ ਸੁਹਾਗ (ਜਿਹਨਾਂ ਦੇ ਭਵਿੱਖ 'ਚ ਫੌਜ ਮੁਖੀ ਬਣਨ ਦੇ ਆਸਾਰ ਹਨ) ਨੂੰ ਕਾਰਨ ਦੱਸੋ ਨੋਟਿਸ ਭੇਜਿਆ ਹੈ। ਉਸ 'ਚ ਲਗਦਾ ਹੈ ਕਿ ਫੌਜ ਦੇ ਪ੍ਰਸੰਗ 'ਚ ਅੰਦਰਲੀ ਤੇ ਬਾਹਰਲੀ ਉਥਲ-ਪੁਥਲ ਅਜੇ ਚਲੇਗੀ। ਫੌਜ ਜਿਥੇ ਹਥਿਆਰਾਂ ਦੀ ਜ਼ਬਰਦਸਤ ਕਮੀ ਨਾਲ ਜੂਝ ਰਹੀ ਹੈ ਕਿ ਫੌਜ ਮੁਖੀ ਤੋਂ ਲੈ ਕੇ ਮਹਾਂ ਲੇਖਾਕਾਰ ਤਕ ਨੂੰ ਜਵਾਨਾ ਲਈ ਹਥਿਆਰਾਂ ਦਾ ਇੰਤਜਾਮ ਜੰਗੀ ਪੱਧਰ ਤੇ ਕਰਨ ਦੀ ਗੱਲ ਕਹਿਣਾ ਪੈ ਰਹੀ ਹੈ। ਉਥੇ। ਹਥਿਆਰਾਂ ਦੀ ਖਰੀਦ ਵਿਚ ਰਿਸ਼ਵਤ-ਧਾਂਦਲੀਆਂ ਰੁਕਣ ਦਾ ਨਾਂ ਨਹੀਂ ਲੈ ਰਹੀਆਂ ਹਨ ਅਤੇ ਰਖਿਆ ਮੰਤਰੀ ਏ.ਕੇ. ਐਂਟੋਨੀ ਇਕ ਤੋਂ ਪਿਛੋਂ ਇਕ ਹਥਿਆਰ ਕੰਪਨੀਆਂ ਨੂੰ ਬਲੈਕ ਲਿਸਟ ਕਰ ਰਹੇ ਹਨ। ਅਜੇਹੇ 'ਚ ਨਵੇਂ ਫੌਜ ਮੁਖੀ ਦੇ ਸਾਹਮਣੇ ਜਿਥੇ ਸਾਖ ਦੀ ਵਿਸਵਾਸ਼ਹੀਣਤਾ 'ਤੇ ਮੰਡਰਾ ਰਹੇ ਸੰਕਟ ਨਾਲ ਨਿਪਟਣਾ ਇਕ ਵੱਡੀ ਚੁਣੌਤੀ ਹੋਵੇਗੀ ਉਥੇ ਹਥਿਆਰਾਂ ਦੀ ਖਰੀਦ ਨੂੰ ਪਾਰਦਰਸ਼ੀ ਕਰਨ ਤੇ ਵਿਵਾਦਾਂ ਦੀ ਖਰੀਦ 'ਚ ਵਿਆਪਕ ਘਪਲਿਆਂ ਦੇ ਜਿਸ ਸੰਵੇਦਨਸ਼ੀਲ ਵਿਸ਼ੇ ਨੂੰ ਸਿਖਰਲੇ ਪੱਧਰ 'ਤੇ ਉਠਾਇਆ ਗਿਆ। ਉਸ ਨਾਲ ਇਕ ਆਸ ਬੱਝੀ ਹੈ। ਜਨਰਲ ਵੀ.ਕੇ ਸਿੰਘ ਨੇ ਕਿਹਾ ਹੈ ਕਿ ਸੀ.ਬੀ.ਆਈ ਨੇ ਜਿਸ ਤਰ੍ਹਾਂ ਨਾਲ ਰਖਿਆ ਸੌਦਿਆਂ 'ਚ ਘਪਲਿਆਂ ਦੀ ਜਾਂਚ ਸ਼ੁਰੂ ਕੀਤੀ ਹੈ। ਉਸ ਨਾਲ ਇਸ 'ਚ ਕਮੀ ਤਾਂ ਆਏਗੀ ਹੀ। ਹਾਲਾਂਕਿ ਉਹ ਮੰਨਦੇ ਹਨ ਕਿ ਹਥਿਆਰਾਂ ਦੀ ਖਰੀਦ 'ਚ ਭ੍ਰਿਸ਼ਟਾਚਾਰ ਨੂੰ ਦੇਸ਼ ਦੀ ਫੌਜ ਦੀ ਤਿਆਰੀ 'ਤੇ ਨੁਕਸਾਨ (ਠੇਸ) ਸਮਝਿਆ ਜਾਣਾ ਚਾਹੀਦਾ ਹੈ। ਜਦ ਇਸ ਸਖਤ ਨਜ਼ਰੀਏ ਨਾਲ ਇਹਨਾਂ ਘਪਲਿਆਂ ਨੂੰ ਵੇਖਿਆ ਜਾਵੇਗਾ ਤਾਂ ਰੋਕ ਲੱਗੇਗੀ। ਇਕ ਪਾਸੇ ਜਿਥੇ ਪੁਰਾਣੇ ਮਾਮਲੇ ਸੁਰਜੀਤ ਹੋ ਰਹੇ ਹਨ, ਉਥੇ ਨਵੇਂ ਸੌਦਿਆਂ 'ਤੇ ਵੀ ਸਤਰਕ ਸੁਆਲ ਉਠਣ ਲੱਗੇ ਹਨ। ਇਹਨਾਂ 'ਚੋਂ ਇਕ ਜੁੜਿਆ ਹੋਇਆ ਹੈ, ਅਮਰੀਕਾ ਤੋਂ ਖਰੀਦੀ ਜਾ ਰਹੀ ਐਮ-777-ਹਾਉਟਜਰ ਤੋਪ ਨਾਲ। ਇਸ ਸੌਦੇ 'ਤੇ ਚੌਕਸੀ, ਨਿਗਾਹ ਰਖ ਰਹੇ ਦੇਸ਼ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਇਨ੍ਹਾਂ ਤੋਪਾਂ ਤੇ ਉਹਨਾਂ ਦੇ ਗੋਲਾ ਬਰੂਦ ਦੀ ਤਕਨੀਕ ਵੀ ਤਬਦੀਲ ਹੋ ਰਹੀ ਹੈ ਜਾਂ ਨਹੀਂ। ਜੇ ਨਹੀਂ ਤਾਂ ਕਿੰਨੇ ਸਾਲਾਂ ਤਕ ਗੋਲਾ ਬਰੂਦ ਦੀ ਸਟੋਰ ਸਪਲਾਈ ਲਈ ਸਾਡਾ ਉਹਨਾਂ ਨਾਲ ਸਮਝੌਤਾ ਹੋਇਆ ਹੈ। ਇਸ ਤੋਂ ਇਲਾਵਾ ਕੀ ਅਸੀਂ ਉਹੀ ਤੋਪ ਖਰੀਦ ਰਹੇ ਹਾਂ ਜੋ 40 ਕਿਲੋਮੀਟਰ ਤਕ ਮਾਰ ਕਰ ਸਕਦੀ ਹੈ ਤੇ ਜਿਸ 'ਚ ਡਿਜੀਟਲ ਗਨ ਮੈਨੇਜਮੈਂਟ ਸਿਸਟਮ (DGMS) ਲਗਿਆ ਹੋਇਆ ਹੈ। ਇਸ ਤੋਪ ਦੇ ਗੋਲਾ ਬਰੂਦ ਦੀ ਸਟੋਰ ਦੀ ਸਮਾਂ ਸੀਮਾ ਕਿੰਨੀ ਹੋਵੇ? ਸੈਨ ਸੁਰਖਿਆ ਦੇ ਮੁਖ ਅਧਿਕਾਰੀ

ਰਹਿ ਚੁਕੇ ਲੈਫਟੀਨੈਂਟ ਜਨਰਲ ਪੀ.ਸੀ. ਕਟੋਚ ਕਹਿੰਦੇ ਹਨ ਕਿ ਇਹਨਾਂ ਸਾਰੇ ਸੁਆਲਾਂ ’ਤੇ ਖੁਲ੍ਹ ਕੇ ਗੱਲ ਹੋਣੀ ਚਾਹੀਦੀ ਹੈ। ਇਸ ਤਰ੍ਹਾਂ ਦੇ ਕਈ ਛੋਟੇ ਵੱਡੇ ਮਾਮਲਿਆਂ ’ਤੇ ਸੁਆਲ ਉਠ ਰਹੇ ਹਨ। ਜਿਹਨਾਂ ’ਤੇ ਖੁਲ੍ਹ ਕੇ ਗੱਲ ਨਹੀਂ ਹੋ ਰਹੀ ਜਾਂ ਸ਼ੱਕ ਦੂਰ ਨਹੀਂ ਕੀਤੇ ਜਾ ਰਹੇ। ਇਸ ਦੇ ਨਾਲ ਹੀ ਅੱਜ ਇਸ ਤਰ੍ਹਾਂ ਨਾਲ ਰਖਿਆ ਮੰਤਰਾਲੇ ਤੇ ਸਰਕਾਰ ਵਿਚ ਕਾਂਗੋ ਸੈਕਸ ਮਾਮਲੇ ਦੇ ਜੰਮੂ ਕਸ਼ਮੀਰ ਮੁਠਭੇੜ ਮੁਕਦਿਆਂ ’ਚ ਤੱਥਾ ਦੇ ਨਾਲ ਖਿਲਵਾੜ ਹੋ ਰਿਹਾ ਹੈ ਉਸ ਤੋਂ ਲਗਦਾ ਹੈ ਕਿ ਸਰਕਾਰ ਸਾਫਗੋਈ ਹੈ। ਜੂਨ ’ਚ ਅਹੁਦਾ ਸੰਭਾਲਣ ਵਾਲੇ ਬਿਕਰਮ ਸਿੰਘ ਫੌਜ ਮੁਖੀ ਖਿਲਾਫ ਸੁਪਰੀਮ ਕੋਰਟ ’ਚ ਜਨਹਿਤ ਪਟੀਸ਼ਨ ਦਾਖਲ ਕਰਨ ਵਾਲੇ ਜਾਣੇ-ਪਹਿਚਾਣੇ ਲੋਕਾਂ ਦੀ ਟੀਮ ਦੇ ਮੈਂਬਰ ਸਾਬਕਾ ਉਚ ਸਰਕਾਰੀ ਅਧਿਕਾਰੀ ਐਮ.ਜ਼ੀ. ਦੇਵ ਸਹਾਇਮ ਖੁਲ੍ਹ ਕੇ ਕਹਿੰਦੇ ਹਨ ਕਿ ਸਰਕਾਰ ਸੋਚ ਸਮਝ ਕੇ ਅਜੇਹੇ ਫੌਜ ਮੁਖੀ ਨੂੰ ਲਾ ਰਹੀ ਹੈ। ਜਿਹਨਾਂ ਵਿਰੁਧ ਦੋ ਕੇਸ ਕੋਰਟ ’ਚ ਚਲ ਰਹੇ ਹਨ ਤਾਂ ਕਿ ਉਹਨਾਂ ਉਪਰ ਮਨਮਰਜ਼ੀ ਦਾ ਕੰਮ ਕਰਵਾਉਣ ਲਈ ਦਬਾਅ ਪਾਇਆ ਜਾ ਸਕੇ ਅਜੇਹਾ ਵੀ.ਕੇ ਸਿੰਘ ਨਾਲ ਸੰਭਵ ਨਹੀਂ ਸੀ। ਲਿਹਾਜ਼ਾ ਉਹ ਹਥਿਆਰਾਂ ਦੀ ਲਾਬੀ ਤੇ ਸਰਕਾਰ ਪੱਖੀ ਤਬਕੇ ਦੇ ਨਿਸ਼ਾਨੇ ਉਪਰ ਆਏ ਸਨ। ਇਸ ਲੜੀ ’ਚ ਹੋਰ ਦਿਲਚਸਪ ਗੱਲ ਜੁੜਦੀ ਹੈ ਕਿਉਂਕਿ ਫੌਜ ਮੁਖੀ ਵੀ.ਕੇ. ਸਿੰਘ ਨੇ ਗ੍ਰਹਿ ਮੰਤਰਾਲੇ ਦੀ ਦੰਡ ਕਾਰਨੀਆਂ ਜੰਗਲਾਂ ’ਚ ਮਾਓਵਾਦੀਆਂ ਨਾਲ ਨਿਪਟਣ ਲਈ ਫੌਜ ਦੀ ਵਰਤੋਂ ਦੀ ਯੋਜਨਾ ਨੂੰ ਮੰਨਣ ਤੋਂ ਨਾਂਹ ਕਰ ਦਿੱਤੀ ਸੀ ਇਸ ਲਈ ਸਾਬਕਾ ਸਮੁੰਦਰੀ ਫੌਜ ਮੁਖੀ ਅਡਮਿਰਲ ਵਿਸ਼ਣੂ ਭਾਗਵਤ ਦਾ ਮੰਨਣਾ ਹੈ ਕਿ ਇਹਨਾਂ ਆਦੀਵਾਸੀਆਂ ਇਲਾਕਿਆਂ ਦੀ ਲੁੱਟ-ਘਸੁੱਟ ਲਈ ਖੁਦਾਈ ਲਾਬੀ ਤੇ ਹਥਿਆਰ ਲਾਬੀ ਨੇ ਮਿਲ ਜੁਲ ਕੇ ਜਨਰਲ ਵੀ.ਕੇ. ਸਿੰਘ ਦੀ ਜਨਮ ਮਿਤੀ ਦੇ ਨਾਲ ਛੇੜਛਾੜ ਕੀਤੀ ਤਾਂ ਕਿ ਉਹ ਉਚਿਤ ਅਰਸੇ ਤੋਂ ਪਹਿਲਾਂ ਹੀ ਰਿਟਾਇਰ ਹੋ ਜਾਣ। ਫੌਜ ’ਚ ਉਚ ਅਹੁਦਿਆਂ ’ਤੇ ਕੰਮ ਕਰਦੇ ਇਕ ਲੈਫਟੀਨੈਂਟ ਜਨਰਲ ਸਮੇਤ ਜੂਨੀਅਰ ਅਹੁਦਿਆਂ ਤੇ ਸਰਗਰਮ ਕਈ ਅਧਿਕਾਰੀਆਂ ਸੇਵਾ ਮੁਕਤ ਅਧਿਕਾਰੀਆਂ ਨੂੰ ਵੀ ਲਗਦਾ ਹੈ ਕਿ ਨਵੇਂ ਫੌਜ ਮੁਖੀ ਉਪਰ ਮੁਲਤਵੀ ਮਾਮਲਿਆਂ ਦੀ ਤਲਵਾਰ ਲਟਕਦੀ ਰਹਿਣ, ਉਹਨਾਂ ਦੀ ਆਜ਼ਾਦ ਤੇ ਨਿਰਪੱਖ ਕੰਮਕਾਜ਼ ’ਚ ਵੱਡੀਆਂ ਅੜਿਚਨਾ ਹੋਣਗੀਆਂ। ਦਿਲੀ ਦੇ ਕੋਲ ਮੇਰਠ ਵਿਚ ਫੌਜ ਨੂੰ ਕੋਰਟ ਆਫ ਇਨਕੁਆਰੀ ’ਚ ਅਫਰੀਕੀ ਦੇਸ਼ ਕਾਂਗੋ ’ਚ ਇਕ ਸੈਕਸ ਕਾਂਡ ਕੇਸ ਚਲ ਰਿਹਾ ਹੈ ਜਿਸ ’ਚ ਸੰਯੁਕਤ ਰਾਸ਼ਟਰ ਸ਼ਾਂਤੀ ਫੌਜ ਦੇ ਭਾਰਤੀ ਫੌਜੀਆਂ ’ਤੇ ਅਨੇਕਾਂ ਸਥਾਨਕ ਔਰਤਾਂ ਦੇ ਯੌਨ ਸੋਸ਼ਣ ਦਾ ਦੋਸ਼ ਹੈ। ਇਸ ਮਾਮਲੇ ’ਚ ਜਲਦੀ ਹੀ ਪੀੜਤ ਮਾਵਾਂ ਤੇ ਬੱਚਿਆਂ ਦਾ ਡੀ.ਐਨ.ਏ ਟੈਸਟ ਕਰਨ ਦੇ ਹੁਕਮ ਹੋਣ ਦੀ ਸੰਭਾਵਨਾ ਦਰਸਾਈ ਜਾ ਰਹੀ ਹੈ।

ਇਹ ਮਾਮਲਾ ਸਾਲ 2007-08 ਦਾ ਹੈ। ਉਸ ਸਮੇਂ ਦੇ ਮੇਜਰ ਜਨਰਲ ਵਿਕਰਮ ਸਿੰਘ (ਨਵੇਂ ਫੌਜ ਮੁਖੀ) ਕਾਂਗੋ ਗਣਰਾਜ ’ਚ ਤੈਨਾਤ ਸੰਯੁਕਤ ਰਾਸ਼ਟਰ ਦੀ ਸ਼ਾਂਤੀ ਸੈਨਾ ਦੇ ਪੂਰਬੀ ਵਿਭਾਗ ਦੇ ਕਮਾਂਡਰ ਸਨ। ਤਦ ਵਿਕਰਮ ਸਿੰਘ ਦੋਹਰੀ ਭੂਮਿਕਾ ਵਿਚ ਸਨ ਅਤੇ ਇਸ ਇਕ ਗੱਲ ਨੂੰ ਸਰਕਾਰ ਨੇ ਸੁਪਰੀਮ ਕੋਰਟ ਵਿਚ ਸੁਣਵਾਈ ਸਮੇਂ ਛੁਪਾਇਆ ਸੀ। ਉਸ ਸਮੇਂ ਉਸ ਦੀ ਅਗਵਾਈ ਵਾਲੀ ਭਾਰਤੀ ਟੁਕੜੀ ’ਤੇ ਸੋਸ਼ਣ ਦੇ 68 ਕੇਸ ਦਰਜ ਹੋਏ। ਇਸ ਦੇ ਸਿੱਟੇ ਵਜੋਂ ਪੈਦਾ ਹੋਏ ਬੱਚਿਆਂ ਦੇ ਭਵਿੱਖ ’ਤੇ ਵੀ ਕੋਰਟ ਆਫ ਇਨਕੁਆਰੀ ਨੇ ਫੈਸਲਾ ਕਰਨਾ ਹੈ। ਇਸ ਤੋਂ ਇਲਾਵਾ ਦੂਜਾ

ਮਾਮਲਾ ਹੈ ਜੰਮੂ ਤੇ ਕਸ਼ਮੀਰ ’ਚ ਫਰਜੀ ਮੁਕਾਬਲੇ ਦਾ ਹੈ। ਜਿਸ ’ਚ ਇਕ 70 ਸਾਲਾ ਮਜ਼ਦੂਰ ਨੂੰ ਅੱਤਵਾਦੀ ਕਹਿ ਮਾਰਨ ਦਾ ਦੋਸ਼ ਵਿਕਰਮ ਸਿੰਘ ਉਪਰ ਲੱਗਿਆ ਹੈ। ਇਹ ਦੋਨੋਂ ਕੇਸ ਅਜੇ ਅਦਾਲਤ ਵਿਚ ਹਨ ਅਤੇ ਇਹਨਾਂ ਉਪਰ ਅਜੇ ਫੈਸਲਾ ਹੋਣਾ ਬਾਕੀ ਹੈ। ਆਪਣੇ ਆਪ ’ਚ ਇਹ ਪਹਿਲਾਂ ਮੌਕਾ ਹੈ ਜਦ ਫੌਜ ਮੁਖੀ ’ਤੇ ਦੋ ਵੱਖ-ਵੱਖ ਮੁਕੱਦਮੇ ਚਲ ਰਹੇ ਹਨ ਤੇ ਹਥਿਆਰਾਂ ਦੀ ਖਰੀਦ ਸਬੰਧੀ ਵਿਵਾਦ ਪੂਰੀ ਤਰ੍ਹਾਂ ਠੰਡਾ ਨਹੀਂ ਹੋਇਆ ਹੈ। ਆਉਣ ਵਾਲੇ ਕੁਝ ਮਹੀਨਿਆਂ ’ਚ ਜੇ ਹਥਿਆਰਾਂ ਦੀ ਖਰੀਦ ਨੂੰ ਪਾਰਦਰਸ਼ੀ ਬਣਾਉਣ ਦੇ ਅਮਲ ਨੇ ਜ਼ੋਰ ਨਾ ਫੜਿਆ ਤਾਂ ਸਥਿਤੀ ਹੋਰ ਵਿਗੜ ਸਕਦੀ ਹੈ।

ਇਹਨਾਂ ਸਾਰੀਆਂ ਹਾਲਤਾਂ ’ਚ ਨਵੇਂ ਫੌਜ ਮੁਖੀ ਨੇ ਅਹੁਦਾ ਸੰਭਾਲਿਆ ਹੈ। ਨਿਸਚੈ ਹੀ ਉਹਨਾਂ ਦੇ ਮੂਹਰੇ ਦੀ ਡਗਰ ਬਹੁਤ ਪੇਚੀਦਾ ਹੈ ਅਤੇ ਦਬਾਅ ਨਾਲ ਭਰੀ ਹੋਈ ਹੈ। ਨਾਲ ਹੀ ਹਥਿਆਰਾਂ ਦੀ ਖਰੀਦ ਵਿਚ ਵਿਆਪਕ ਭ੍ਰਿਸ਼ਟਾਚਾਰ ਖਿਲਾਫ ਜੋ ਆਵਾਜ਼ ਫੌਜ ਅੰਦਰ ਤੇ ਬਾਹਰ ਉਠਣੀ ਸ਼ੁਰੂ ਹੋਈ ਹੈ। ਉਸ ਦੇ ਵੀ ਭਵਿੱਖ ਦਾ ਸੁਆਲ ਹੈ।

# ਹਕੂਮਤੀ ਕੁਰਸੀ ਦੀ ਦੌੜ: ਮੋਦੀ ਬਨਾਮ ਅਡਵਾਨੀ

ਮੋਦੀ ਅਹਿਮਦਾਬਾਦ ਤੋਂ ਦਿੱਲੀ ਆਉਣ ਦੀ ਤਿਆਰ ਕਰ ਰਹੇ ਹਨ ਪਰ ਗੁਜਰਾਤ ਦੰਗਿਆਂ ਦਾ ਸਭ ਤੋਂ ਵੱਡਾ ਦਾਗ ਉਹਨਾਂ 'ਤੇ ਲੱਗਿਆ ਹੋਇਆ ਹੈ। ਅਦਾਲਤਾਂ 'ਚ ਹੁਣ ਵੀ ਮਾਮਲੇ ਚਲ ਰਹੇ ਹਨ ਕੀ ਅਜੇਹੇ ਨੇਤਾ ਨੂੰ ਦੇਸ਼ ਆਪਣੇ ਨੇਤਾ ਜਾਂ ਪ੍ਰਧਾਨ ਵਜੋਂ ਸਵੀਕਾਰ ਕਰੇਗਾ। ਜੋ ਆਪਣੇ ਫੈਸਲੇ ਲੋਕਾਂ ਦੀ ਸ਼ਕਲ ਦੇਖ ਕੇ ਜਾਂ ਆਪਣੀ ਪਸੰਦ ਨਾ ਪਸੰਦ ਵਜੋਂ ਕਰਦਾ ਹੋਵੇ? ਕੀ ਅੱਜ ਦੀ ਗਠਜੋੜ ਦੀ ਰਾਜਨੀਤੀ ਅਜੇਹਾ ਨੇਤਾ ਸਭ ਲਈ ਹੋ ਸਕਦਾ ਹੈ ਜੋ ਸਿਰਫ ਆਪਣੀ ਤਾਨਾਸ਼ਾਹੀ ਚਲਾਉਂਦਾ ਹੋਵੇ? ਗਠਜੋੜ ਦੀ ਰਾਜਨੀਤੀ ਵਿਚ ਤਾਂ ਪ੍ਰਧਾਨ ਮੰਤਰੀ ਤਕ ਨੂੰ ਆਪਣੇ ਮੰਤਰੀ ਚੁਨਣ ਦਾ ਅਧਿਕਾਰ ਬਾਕੀ ਨਹੀਂ ਰਹਿ ਜਾਂਦਾ। ਉਹ ਆਪਣੀ ਸਹਿਯੋਗੀ ਪਾਰਟੀ ਦੇ ਹਿਸਾਬ ਨਾਲ ਆਪਣੇ ਮੰਤਰੀ ਬਣਾ ਸਕਦਾ ਹੈ, ਰਖ ਸਕਦਾ ਹੈ ਜਾਂ ਫਿਰ ਕਈ ਵਾਰ ਕਿਸੇ ਨੂੰ ਹਟਾਉਣਾ ਵੀ ਪੈਂਦਾ ਹੈ। ਬਹੁਤ ਸਾਰੇ ਲੋਕ ਨਾ ਚਾਹੁੰਦੇ ਹੋਣਗੇ ਪਰ ਨਰੇਂਦਰ ਮੋਦੀ ਫਿਲਹਾਲ ਭਾਜਪਾ ਦੇ ਸਭ ਤੋਂ ਹਰਮਨ ਪਿਆਰੇ ਨੇਤਾ ਮੰਨੇ ਜਾਂਦੇ ਹਨ। ਬਹੁਤੇ ਸਾਰੇ ਲੋਕ ਉਸ ਨੂੰ 'ਹਿੰਦੂ ਹਿਰਦੈ ਸਮਰਾਟ' ਕਹਿੰਦੇ ਹਨ ਪਰ ਕੀ ਉਹ ਪੂਰੇ ਦੇਸ਼ 'ਚ ਹਰਮਨ ਪਿਆਰੇ ਹਨ? ਹਿੰਦੁਸਤਾਨ ਦੀ ਨੌਜਵਾਨ ਪੀੜ੍ਹੀ ਕੀ ਉਹਨਾਂ ਨੂੰ ਫਿਰਕੂ ਨੇਤਾ ਵਜੋਂ ਨਹੀਂ ਵੇਖਦੀ। ਕੀ ਵਿਕਾਸ ਦੀ ਸਾਬਣ ਨਾਲ ਉਹਨਾਂ ਦੇ ਗੁਜਰਾਤ ਦੰਗਿਆਂ ਦੇ ਦਾਗ ਧੋਤੇ ਜਾ ਸਕਦੇ ਹਨ? ਪਰ ਮੋਦੀ ਇੱਕਲੇ ਨੇਤਾ ਜਾਂ ਮੁੱਖ ਮੰਤਰੀ ਨਹੀਂ ਹਨ ਜਿਸ ਦੀ ਅਗਵਾਈ 'ਚ ਦੋ-ਦੋ ਵਾਰ ਸਰਕਾਰ ਬਣੀ ਹੋਵੇ, ਉਸ 'ਚ ਮੱਧ ਪ੍ਰਦੇਸ਼ ਵਰਗੇ ਵੱਡੇ ਰਾਜ ਦੇ ਮੁੱਖ ਮੰਤਰੀ ਸ਼ਿਵਰਾਜ ਸਿੰਘ ਤੇ ਛਤੀਸ਼ਗੜ੍ਹ ਦੇ ਰਮਨ ਸਿੰਘ ਆਉਂਦੇ ਹਨ। ਮੋਦੀ ਅਡਵਾਨੀ ਵਾਂਗੂੰ ਕੱਟੜਵਾਦ ਰਾਹੀਂ ਵੱਡੇ ਨੇਤਾ ਬਣਨਾ ਚਾਹੁੰਦੇ ਹਨ, ਕਿਸੇ ਹੱਦ ਤਕ ਉਹ ਇਸ ਵਿਚ ਸਫਲ ਵੀ ਹੋਏ ਹਨ ਪਰ ਉਹਨਾਂ ਨੂੰ ਇਹ ਵੀ ਯਾਦ ਰਖਣਾ ਚਾਹੀਦਾ ਹੈ ਕਿ ਅਡਵਾਨੀ ਵੱਡੇ ਨੇਤਾ ਤਾਂ ਬਣ ਗਏ ਪਰ ਸਭ ਨੂੰ ਮੰਨਜ਼ੂਰ ਨੇਤਾ ਨਹੀਂ ਬਣ ਸਕੇ ਅਤੇ ਸ਼ਾਇਦ ਇਹੀ ਵਜਾਹ ਰਹੀ ਕਿ ਉਹਨਾਂ ਦਾ ਪ੍ਰਧਾਨ ਮੰਤਰੀ ਬਣਨ ਦਾ ਸੁਪਨਾ ਅੱਜ ਤਕ ਅਧੂਰਾ ਹੈ। ਮੁੰਬਈ ਭਾਜਪਾ ਦੀ ਜਨਮ ਭੂਮੀ ਹੈ। ਕੁਝ ਦਿਨ ਪਹਿਲਾਂ ਇਥੇ ਜਦ ਭਾਜਪਾ ਦੀ ਕਾਰਜ ਸੰਮਤੀ ਦੀ ਮੀਟਿੰਗ ਹੋਈ ਤਾਂ ਪਾਰਟੀ ਦੇ ਸਾਰੇ ਬਜ਼ੁਰਗ ਨੇਤਾ ਲਾਲ ਕ੍ਰਿਸ਼ਨ ਅਡਵਾਨੀ ਨੇ ਪਾਰਟੀ ਨੂੰ ਇਕ ਅਹਿਮ ਨਸੀਹਤ ਦਿਤੀ, 'ਅਕਸਰ ਲੋਕ ਪੁਛਦੇ ਹਨ ਕਿ ਕੀ ਭਾਜਪਾ ਕਾਂਗਰਸ ਦਾ ਬਦਲ ਹੋ ਸਕਦੀ ਹੈ? ਸਾਨੂੰ ਇਸ ਤੋਂ ਸਾਵਧਾਨ ਰਹਿਣਾ ਚਾਹੀਦਾ ਹੈ' ਸੁਆਲ ਇਹ ਹੈ ਕਿ ਸਤਾ ਦੀ ਦੌੜ 'ਚ ਭਾਜਪਾ ਕਾਂਗਰਸ ਦਾ ਬਦਲ ਨਾ ਬਣੇ ਤਾਂ ਕੀ ਕਰੀਏ? ਜੁਆਬ ਖੁਦ ਭਾਜਪਾ ਲੱਭ ਰਹੀ ਹੈ। ਸ਼ਾਇਦ ਇਸ ਲਈ ਹੀ ਰਾਹ ਤਲਾਸ਼ਣ ਦੀ ਕੋਸ਼ਿਸ਼ 'ਚ ਭਟਕ ਰਹੀ ਹੈ ਭਾਜਪਾ। ਕੀ ਭਾਜਪਾ ਸਤਾ ਹਾਸਲ ਨਹੀਂ ਕਰਨਾ ਚਾਹੁੰਦੀ? ਕੀ ਸਤਾ ਭਾਜਪਾ ਦੇ ਮੌਜੂਦਾ ਰਾਹ ਨਾਲ ਹਾਸਲ ਹੋ ਸਕਦੀ ਹੈ ਜਾਂ ਫਿਰ ਸਤਾ ਤਕ ਪਹੁੰਚਣ ਲਈ ਸਾਰਿਆਂ ਕੋਲ ਸਿਰਫ ਇਕ ਹੀ ਰਾਹ ਹੈ। ਸੱਤਾ ਜਿਹੜੇ ਮਰਜੀ ਤਰੀਕੇ ਨਾਲ ਹਾਸਲ ਹੋਵੇ, ਕਰ ਲੈਣੀ ਚਾਹੀਦੀ ਹੈ ਤਾਂ ਕਿ ਲਾਲ ਕ੍ਰਿਸ਼ਨ ਅਡਵਾਨੀ ਆਪਣੀ ਪਾਰਟੀ ਨੂੰ ਚੇਤਾਵਨੀ ਦੇ ਰਹੇ ਸਨ ਕਿ ਕਿਸ ਤਰ੍ਹਾਂ

ਭਾਜਪਾ ਨੇ ਕੁਝ ਵਕਤ ਪਹਿਲਾਂ ਝਾਰਖੰਡ ਵਿਚ ਸਤਾ ਹਾਸਲ ਕੀਤੀ ਸੀ? ਜਾਂ ਫਿਰ ਝਾਰਖੰਡ ਵਿਚ ਵੀ ਰਾਜ ਸਭਾ ਲਈ ਉਮੀਦਵਾਰ ਦੀ ਚੋਣ ਕੀਤੀ ਗਈ ਸੀ ਜਿਸ ਨੂੰ ਬਾਅਦ 'ਚ ਭਾਰੀ ਦਬਾਅ ਕਰਕੇ ਹਟਾਉਣਾ ਪਿਆ? ਪਰ ਕੀ ਅਡਵਾਨੀ ਖੁਦ ਉਸ ਚੇਤਾਵਨੀ ਜਾਂ ਉਹਨਾਂ ਸੁਆਲਾਂ ਦੇ ਨਾਂ ਜੁਆਬ ਜਾਣਦੇ ਹਨ? ਅਡਵਾਨੀ ਨੇ ਮੁੰਬਈ ਬੈਠਕ 'ਚ ਇਹ ਸੁਆਲ ਤਾਂ ਕੀਤਾ ਪਰ ਇਸ ਦਾ ਜੁਆਬ ਨਹੀਂ ਦਿੱਤਾ, ਰਾਹ ਨਹੀਂ ਸੁਝਾਇਆ ਜਦਕਿ ਉਹ ਉਸ ਵਕਤ ਪਾਰਟੀ ਦੇ ਸਭ ਤੋਂ ਬਜ਼ੁਰਗ ਨੇਤਾ ਸਨ, ਰਾਹ ਦਿਖਾ ਸਕਦੇ ਹਨ। ਕੀ ਉਹ ਭੀਸ਼ਮ ਪਿਤਾਮਾ ਦੀ ਭੂਮਿਕਾ ਨਿਭਾਉਣ ਲਈ ਤਿਆਰ ਹਨ? ਜਾਂ ਖੁਦ ਅਜੇ ਇੰਦਰਪ੍ਰਸਥ 'ਤੇ ਰਾਜ ਦੀ ਲਾਲਸਾ ਲਈ ਬੈਠੇ ਹਨ? ਕੀ ਪਾਰਟੀ ਜਾਂ ਮੁਲਕ ਉਹਨਾਂ ਨੂੰ ਮੌਕਾ ਦੇਣ ਲਈ ਤਿਆਰ ਹੈ ਜਾਂ ਫਿਰ ਅਡਵਾਨੀ ਤੋਂ ਇਲਾਵਾ ਕਿਸੇ ਹੋਰ ਨੂੰ ਭਾਜਪਾ ਹਕੂਮਤੀ ਕੁਰਸੀ ਤਕ ਪਹੁੰਚਾਉਣ ਦਾ ਮਾਧਿਅਮ ਬਣਾ ਰਹੀ ਹੈ? ਕੀ ਉਸ ਨੇ ਅਜੇਹਾ ਨੇਤਾ ਲਭ ਲਿਆ ਹੈ ਜੋ ਭਾਜਪਾ ਨੂੰ ਬਿਨ੍ਹਾਂ ਕਾਂਗਰਸ ਦਾ ਬਦਲ ਬਣਾਏ ਸਤਾ ਤਕ ਪਹੁੰਚ ਸਕਦਾ ਹੈ? ਵੈਸੇ ਤਾਂ ਅਜੇ ਇਹ ਸੁਆਲ ਵੱਡਾ ਹੈ ਕਿ ਕੀ ਭਾਜਪਾ ਕਾਂਗਰਸ ਦਾ ਬਦਲ ਬਣ ਕੇ ਵੀ ਸਤਾ ਤਕ ਪਹੁੰਚ ਸਕਦੀ ਹੈ? ਕੀ ਪਾਰਟੀ ਕੋਲ ਕੋਈ ਅਜੇਹਾ ਦਿਉ ਕੱਦ ਨੇਤਾ ਹੈ ਜਿਸ ਨੂੰ ਪਾਰਟੀ 'ਚ ਸਾਰੇ ਲੋਕ ਜਾਂ ਫਿਰ ਵੱਧ ਤੋਂ ਵੱਧ ਲੋਕ ਸਵੀਕਾਰ ਕਰ ਸਕਣ? ਉਂਜ ਤਾਂ ਮੁੰਬਈ 'ਚ ਦੋ ਦਿਨ ਚਲੀ ਭਾਜਪਾ ਦੀ ਬੈਠਕ 'ਚ ਸਾਰੇ ਨੇਤਾ ਬੈਠੇ। ਉਹ ਨੇਤਾ ਵੀ ਆਏ ਜਿਹਨਾਂ ਨੇ ਆਉਣ ਤੋਂ ਇਨਕਾਰ ਕੀਤਾ ਸੀ। ਉਹ ਨੇਤਾ ਵੀ ਆਏ ਜੋ ਆਉਣ ਲਈ ਸ਼ਰਤਾਂ ਲਾ ਰਹੇ ਸਨ ਤੇ ਸ਼ਰਤਾਂ ਮੰਨਵਾ ਕੇ ਪਾਰਟੀ 'ਚ ਵਿਜੇਤਾ ਦੀ ਭੂਮਿਕਾ 'ਚ ਦਿਸੇ ਪਰ ਕੀ ਇਹ ਉਹਨਾਂ ਦੀ ਵੱਡੀ ਜਿੱਤ ਸੀ? ਕੀ ਅਜੇਹਾ ਨੇਤਾ ਨੂੰ ਦੇਸ਼ ਆਪਣਾ ਪ੍ਰਧਾਨ ਮੰਤਰੀ ਮੰਨ ਸਕਦਾ ਹੈ? ਕੀ ਭਾਜਪਾ 'ਚ ਇਸ ਮੀਟਿੰਗ 'ਚ ਉਹਨਾਂ ਮੁਦਿਆਂ ਨੂੰ ਤਲਾਸ਼ ਲਿਆ ਜਿਹਨਾਂ ਦੇ ਸਿਰ 'ਤੇ ਉਹ ਚੋਣ ਲੜ ਸਕਦੀ ਹੈ ਜਾਂ ਫਿਰ ਪਾਰਟੀ ਇਸ ਬੈਠਕ'ਚ ਸਿਰਫ ਆਪਣੇ ਝਮੇਲਿਆਂ 'ਚ ਹੀ ਫਸੀ ਰਹੀ ਤੇ ਉਹਨਾਂ ਨੂੰ ਸੁਲਝਾਉਣ 'ਚ ਕਾਮਯਾਬ ਨਹੀਂ ਹੋ ਸਕੀ। ਮੁੰਬਈ ਦੀ ਮੀਟਿੰਗ 'ਚ ਭਾਜਪਾ ਪ੍ਰਧਾਨ ਦਾ ਇਕੋ ਇਕ ਏਜੰਡਾ ਰਿਹਾ ਖੁਦ ਲਈ ਦੂਜੀ ਪਾਰੀ ਪੱਕੀ ਕਰਨੀ। ਇਸ ਲਈ ਉਹਨਾਂ ਨੇ ਨਰੇਂਦਰ ਮੋਦੀ ਦੇ ਖ਼ੂਬ ਨਖਰੇ ਉਠਾਏ। ਆਪਣੇ ਸਹਿਯੋਗੀ ਤੇ ਕਰੀਬੀ ਸੰਜੈ ਜੋਸ਼ੀ ਨੂੰ ਵੀ ਹਲਾਲ ਕਰ ਦਿੱਤਾ ਕਿਉਂਕਿ ਮੋਦੀ ਦੀ ਪਹਿਲੀ ਸ਼ਰਤ ਸੀ ਕਿ ਜੋਸ਼ੀ ਨੂੰ ਹਟਾਉਣ ਪਿਛੋਂ ਹੀ ਉਹ ਮੁੰਬਈ ਬੈਠਕ 'ਚ ਆਉਣਗੇ। ਮੋਦੀ ਆ ਗਏ ਤਾਂ ਸੁਸ਼ਮਾ ਸਵਰਾਜ ਤੇ ਅਡਵਾਨੀ ਨਾਰਾਜ਼ ਹੋ ਗਏ। ਭ੍ਰਿਸ਼ਟਾਚਾਰ ਦੇ ਮਾਮਲੇ 'ਚ ਮੁੱਖ ਮੰਤਰੀ ਦੇ ਅਹੁਦੇ ਤੋਂ ਹਟਾਏ ਗਏ ਯੈਦੀਯੁਰੱਪਾ ਵੀ ਪਹੁੰਚ ਗਏ, ਬਹੁਤ ਸਾਰੇ ਲੋਕ ਨਾ ਚਾਹੁੰਦੇ ਹੋਣਗੇ ਪਰ ਨਰੇਂਦਰ ਮੋਦੀ ਫਿਲਹਾਲ ਭਾਜਪਾ ਦੇ ਸਭ ਤੋਂ ਹਰਮਨ ਪਿਆਰੇ ਨੇਤਾ ਮੰਨੇ ਜਾਂਦੇ ਹਨ। ਰਾਮ ਤੋਂ ਪਿਛੋਂ ਭਾਜਪਾ ਨੇ ਹੁਣ ਗੰਗਾ ਦੀ ਭਲਾਈ ਨੂੰ ਮੁੱਦਾ ਬਣਾਉਣ ਦਾ ਫੈਸਲਾ ਲਿਆ ਹੈ। ਭਾਜਪਾ ਨੇ ਆਪਣੀ ਬੈਠਕ 'ਚ ਗੰਗਾ ਨੂੰ ਬਚਾਉਣ ਲਈ ਮੁਹਿੰਮ ਚਲਾਉਣ ਦੀ ਗੱਲ ਕੀਤੀ ਹੈ ਪਰ ਕੀ ਸਿਰਫ ਗੰਗਾ ਨੂੰ ਬਚਾਉਣ ਲਈ ਮੁਹਿੰਮ ਚਲਾਉਣ ਦੀ ਗੱਲ ਕੀਤੀ ਹੈ ਪਰ ਕੀ ਸਿਰਫ ਗੰਗਾ ਨੂੰ ਬਚਾਉਣ ਨਾਲ ਕੰਮ ਚਲੇਗਾ? ਕੀ ਗੰਗਾ ਦੀ ਮੁਹਿੰਮ ਤੋਂ ਪਹਿਲਾਂ ਭਾਜਪਾ ਨੂੰ ਖੁਦ ਨੂੰ ਬਚਾਉਣ ਲਈ ਇਕ ਕੌਮੀ ਮੁਹਿੰਮ ਚਲਾਉਣ ਦੀ ਲੋੜ ਨਹੀਂ ਹੈ? ਗੰਗੋਤਰੀ ਨਾਲ ਗੰਗਾਸਾਗਰ

ਯਾਨੀ ਉਪਰ ਤੋਂ ਹੇਠਾਂ ਪੱਧਰ ਦੇ ਨੇਤਾ ਤਕ ਹਰ ਪੱਧਰ ’ਤੇ ਭਾਜਪਾ ਨੂੰ ਬਚਾਉਣ ਦੀ ਲੋੜ ਹੈ। ਉਸ ਨੂੰ ਸਾਫ ਕਰਨ ਦੀ ਜ਼ਰੂਰਤ ਹੈ ਪਰ ਕੀ ਖੁਦ ਭਾਜਪਾ ਨੂੰ ਮਾਮਲੇ ਦੀ ਗੰਭੀਰਤਾ ਨਜ਼ਰ ਆ ਰਹੀ ਹੈ? ਛੇ ਸਾਲਾਂ ਤਕ ਦੇਸ਼ ’ਤੇ ਰਾਜ ਕਰਨ ਵਾਲੀ ਭਾਜਪਾ ਦੇਸ਼ ਦੀ ਸਭ ਤੋਂ ਵੱਡੀ ਵਿਰੋਧੀ ਪਾਰਟੀ, ਸੰਸਦ ਦੇ ਦੋਨਾਂ ਸਦਨਾ ’ਚ ਵਿਰੋਧੀ ਧਿਰ ਦੀ ਕੁਰਸੀ ’ਤੇ ਬੈਠਣ ਵਾਲੀ ਪਾਰਟੀ ਸੰਸਦ ’ਚ 163 ਮੈਂਬਰ ਰਖਣ ਵਾਲੀ ਤੇ ਐਨ.ਡੀ.ਏ ਦੀ ਅਗਵਾਈ ਕਰਨ ਵਾਲੀ ਪਾਰਟੀ, ਕੀ ਅੱਜ ਆਮ ਆਦਮੀ ਨਾਲ ਵਾਸਤਾ ਰਖਣ ਵਾਲੀ ਪਾਰਟੀ ਹੈ? ਕੀ ਉਸ ਨੂੰ ਆਮ ਆਦਮੀ ਦੀਆਂ ਪ੍ਰੇਸ਼ਾਨੀਆਂ ਤੇ ਤਕਲੀਫਾਂ ਨਾਲ ਕੋਈ ਵਾਹ ਵਾਸਤਾ ਰਹਿ ਗਿਆ ਹੈ? ਕੀ ਉਸ ਚਿੰਤਾ ਹੈ ਕਿ ਆਮ ਆਦਮੀ ਮਹਿੰਗਾਈ ਨਾਲ ਪੀੜਤ ਹੈ ਤੇ ਉਸ ਨੂੰ ਪੁਛਦਾ ਕੋਈ ਨਹੀਂ। ਉਸ ਨੂੰ ਆਪਣੀਆਂ ਜਿੰਮੇਵਾਰੀਆਂ ਦਾ ਅਹਿਸਾਸ ਹੀ ਨਹੀਂ ਹੈ ਜਾਂ ਘੱਟੋਂ-ਘੱਟ ਉਹਨਾਂ ਦੀ ਤਰਜੀਹ ਹੀ ਨਹੀਂ ਹੈ। ਮੁੰਬਈ ’ਚ ਭਾਜਪਾ ਨੇਤਾਵਾਂ ਦਾ ਇੱਕਠ ਉਸ ਵਕਤ ਹੋ ਰਿਹਾ ਸੀ ਜਦ ਦੇਸ਼ ’ਚ ਪੈਟਰੋਲ ਦੀਆਂ ਕੀਮਤਾਂ ਦੇ ਵਧਣ ਦਾ ਐਲਾਨ ਹੋ ਗਿਆ। ਸਰਕਾਰ ’ਚ ਬੈਠੀ ਕਾਂਗਰਸ ਨੂੰ ਸ਼ਾਇਦ ਇਸ ਦਾ ਅੰਦਾਜ਼ਾ ਸੀ ਕਿ ਭਾਜਪਾ ਨੂੰ ਆਪਣੇ ਅੰਦਰੂਨੀ ਕਲੇਸ਼ ਤੋਂ ਫੁਰਸ਼ਤ ਨਹੀਂ ਹੈ ਤੇ ਉਹ ਵੱਡੀ ਮੁਹਿੰਮ ਨਹੀਂ ਚਲਾ ਸਕੇਗੀ। ਭਾਜਪਾ ਆਪਣਾ ਘਰ ਸੰਭਾਲਣ ’ਚ ਲੱਗੀ ਰਹੀ। ਆਮ ਆਦਮੀ ਦੇ ਮੁੱਦੇ ’ਤੇ ਉਸ ਨੂੰ ਫੁਰਸ਼ਤ ਹੀ ਨਹੀਂ ਮਿਲ ਸਕੀ। ਕੀ ਇਹ ਨਹੀਂ ਹੋ ਸਕਦਾ ਸੀ ਕਿ ਪੈਟਰੋਲ ਦੇ ਭਾਅ ਵਧਾਉਣ ਦੇ ਮੁੱਦੇ ’ਤੇ ਸਰਕਾਰ ਅਸਹਿਮਤੀ ਦਿੰਦੀ ਤੇ ਪਾਰਟੀ ਪ੍ਰਧਾਨ ਇਸ ਗੱਲ ਦਾ ਐਲਾਨ ਕਰਦੇ ਕਿ ਸਭ ਤੋਂ ਪਹਿਲਾਂ ਗੱਲ ਮਹਿੰਗਾਈ ਦੀ ਹੋਣੀ ਚਾਹੀਦੀ ਹੈ। ਸਾਡੀ ਪਾਰਟੀ ਕੀ ਕਰੇਗੀ? ਕਿਵੇਂ ਅੰਦੋਲਨ ਕਰੇਗੀ? ਕਿਉਂ ਨਹੀਂ ਉਸ ਨੇ ਆਪਣੇ ਐਨ.ਡੀ.ਏ ਦੀਆਂ ਭਾਈਵਾਲ ਪਾਰਟੀਆਂ ਨਾਲ ਗੱਲ ਕਰਕੇ ਇਸ ਨੂੰ ਵੱਡੀ ਮੁਹਿੰਮ ਦੀ ਸ਼ਕਲ ਦਿੱਤੀ? ਪਰ ਬੀ.ਜੇ.ਪੀ ਦਾ ਘਰ ਖਿੰਡਿਆ ਪਿਆ ਹੈ। ਸਰਕਾਰ ਬਣਾਉਣ ਲਈ ਭਾਜਪਾ ਨੂੰ ਬਹੁਮਤ ਸਾਂਸਦ ਚਾਹੀਦੇ ਹਨ ਪਰ 225 ਸੀਟਾਂ ਤਾਂ ਇਹੋ ਜਿਹੀਆਂ ਹਨ ਜਿਹਨਾਂ ’ਤੇ ਭਾਜਪਾ ਕਦੇ ਨਹੀਂ ਜਿੱਤੀ। 10 ਰਾਜਾਂ ’ਚ ਭਾਜਪਾ ਦਾ ਕੋਈ ਨੁਮਾਇੰਦਾ ਹੀ ਨਹੀਂ। ਉਤਰ ਪ੍ਰਦੇਸ਼ ਲਈ ਭਾਜਪਾ ਕੋਲ ਕੋਈ ਰਣਨੀਤੀ ਹੈ? ਅਗਲੇ ਸਾਲ ਮੱਧ ਪ੍ਰਦੇਸ਼ ਤੇ ਰਾਜਸਥਾਨ ’ਚ ਵੋਟਾਂ ਪੈਣੀਆਂ ਹਨ। ਇਹਨਾਂ ਰਾਜਾਂ ’ਚ ਜੇ ਤਾਕਤ ਬਣਾਈ ਰਖਦੀ ਹੈ ਤਾਂ ਵੀ ਅੱਗੇ ਵਧਣ ਦਾ ਰਾਹ ਲੱਭ ਸਕਦੀ ਹੈ। ਪੂਰੇ ਦੋ ਸਾਲ ਪਏ ਹਨ। ਅਜੇ ਵੀ ਇਕ ਜੁਟ ਹੋ ਗਈ ਤਾਂ ਵੀ ਭਾਜਪਾ ਸੱਤਾ ’ਚ ਆਉਣ ਦੀ ਉਮੀਦ ਕਰ ਸਕਦੀ ਹੈ, ਕੀ ਭਾਜਪਾ ਜਹਾਦ ਲਈ ਤਿਆਰ ਹੈ?

# ਮੀਡੀਆ ਰਿਪੋਰਟਿੰਗ ਦੇ ਦਿਸ਼ਾ-ਨਿਰਦੇਸ਼ ਤਹਿ ਕਰਨ ਬਾਰੇ

ਇਸ ਸਾਲ ਸੁਪਰੀਮ ਕੋਰਟ ਨੇ ਇਕ ਬਹਿਸ ਸ਼ੁਰੂ ਕੀਤੀ ਹੈ-ਅਦਾਲਤ 'ਚ ਚਲ ਰਹੇ ਮਾਮਲਿਆਂ ਦੀ ਮੀਡੀਆ ਰਿਪੋਰਟਿੰਗ ਦੇ ਦਿਸ਼ਾ-ਨਿਰਦੇਸ਼ ਤਹਿ ਕਰਨ ਬਾਰੇ। ਇਸ ਸੁਣਵਾਈ 'ਚ ਦਸ਼ ਦੀ ਸੁਪਰੀਮ ਕੋਰਟ ਦੇ ਬੈਂਚ ਮੂਹਰੇ ਲਾਜ਼ਮੀ ਮੰਨਣਯੋਗ ਦਿਸ਼ਾ-ਨਿਰਦੇਸ਼ ਤਹਿ ਕਰਨ ਦੀ ਕਿਸੇ ਵੀ ਨਿਆਂਇਕ ਕੋਸ਼ਿਸ਼ ਖਿਲਾਫ ਵੱਡੇ-ਵੱਡੇ ਮਸ਼ਹੂਰ ਨਿਆਂਇਕ ਮਾਹਰਾਂ ਨੇ ਬਹਿਸ ਕੀਤੀ ਹੈ। ਇਹਨਾਂ ਬਹਿਸਾਂ 'ਚ ਲੋਕਤੰਤਰ ਦੇ ਬੁਨਿਆਦੀ, ਸਹੀ ਤੇ ਜ਼ਰੂਰੀ ਕਿੰਤੂ ਬਹਿਸ ਦੇ ਵੱਡੇ-ਵੱਡੇ ਜੁਮਲੇ ਸੁਣਾਈ ਦਿੱਤੇ। ਸੰਵਿਧਾਨਕ, ਮੌਲਿਕ ਅਧਿਕਾਰ ਆਦਿ ਮੀਡੀਆ ਹੋਵੇ ਜਾਂ ਹੋਰ ਮਾਨਵੀ ਪ੍ਰਬੰਧ ਨੂੰ ਅਸੀਂ ਵੀ ਭ੍ਰਿਸ਼ਟਾਚਾਰ ਮੁਕਤ, ਸੱਚ ਤੱਥ ਭਰਪੂਰ ਤੇ ਸਾਫ ਸੁਥਰਾ ਵੇਖਣਾ ਚਾਹੁੰਦੇ ਹਾਂ। ਸੁਪਰੀਮ ਕੋਰਟ ਵਾਗੂੰ ਅਸੀਂ ਵੀ ਸਨਸਨੀਖੇਜ਼ ਮੀਡੀਆ ਟ੍ਰਾਇਲ ਦੇ ਵਿਰੋਧੀ ਹਾਂ ਅਤੇ ਨਿਆਂ ਲਈ ਧੀਰਜ ਭਰਿਆ ਤੇ ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਕਰਨ ਵਾਲਾ ਤਰਕ ਜਰੂਰੀ ਮੰਨਦੇ ਹਾਂ। ਪਰ ਨਿਆਂਧੀਨ ਕੇਸਾਂ ਦੀ ਰੀਪੋਰਟਿੰਗ ਲਈ ਬੰਦਨਕਾਰੀ ਦਿਸ਼ਾ-ਨਿਰਦੇਸ਼ਾਂ ਦੇ ਅਸੀ ਖਿਲਾਫ ਹਾਂ। ਇਸ ਲਈ ਇਸ ਬਹਿਸ 'ਚ ਅਸੀਂ ਅਮੂਰਤ ਲੋਕਰਾਜੀ ਤੇ ਸੰਵਿਧਾਨਕ ਬਹਿਸ ਵਟਾਂਦਰੇ ਦੀ ਬਜਾਏ ਇਸ ਦੇਸ਼ ਦੇ ਆਮ ਬੇਵਸ ਤੇ ਬੇਕਸ ਇੰਸਾਨ ਦੀ ਜ਼ਿੰਦਗੀ ਦੇ ਰੋਜਨਾਮਚੇ ਦੇ ਰਾਹ ਉਤਰਨਾ ਚਾਹੁੰਦੇ ਹਾਂ। ਇਸ ਦੇਸ਼ 'ਚ ਆਏ ਦਿਨ ਅਪਰਾਧਿਕ ਨਿਆਂਪ੍ਰਣਾਲੀ ਆਪਣੀਆਂ ਹੀ ਮਰਿਆਦਾ ਤੋੜ ਕੇ ਆਮ ਆਦਮੀ ਨੂੰ ਨਿਆਂ ਤੋਂ ਵਾਂਝਿਆਂ ਹੀ ਨਹੀਂ ਕਰਦੀ ਬਲਕਿ ਜਦ ਉਹ ਨਿਆਂ ਦੀ ਮੰਗ ਕਰਨ ਨਿਕਲਦਾ ਹੈ ਤਾਂ ਉਸ ਦੀ ਲੁੱਟ ਘਸੁੱਟ ਤੇ ਦੁੱਖ ਦਰਦ ਕਈ ਗੁਣਾ ਵਧਾ ਦਿੰਦੀ ਹੈ। ਇਸ ਲਈ ਹੋਰ ਲੋਕਰਾਜੀ ਅਦਾਰਿਆਂ ਵਾਗੂੰ ਨਿਆਂਪ੍ਰਣਾਲੀ 'ਤੇ ਵੀ ਜਨਤਕ ਨਿਗਰਾਨੀ ਤੇ ਬਹਿਸ ਜਰੂਰੀ ਹੈ। ਸੋਚੋ ਜੇ ਇਹ ਬਹਿਸ ਤੇ ਨਿਗਰਾਨੀ ਨਾ ਹੁੰਦੀ ਜੈਸਿਕਾ ਨਾਲ ਮਾਮਲੇ 'ਚ ਕਈ ਗਵਾਹਾਂ ਨੂੰ ਪ੍ਰਭਾਵਿਤ ਤੇ ਸਬੂਤਾਂ ਨਾਲ ਛੇੜਛਾੜ ਕਰਕੇ ਤੇ ਗੁਜਰਾਤ ਦੰਗਿਆਂ ਦੇ ਬੇਸਟ ਬੇਕਰੀ ਮਾਮਲੇ 'ਚ ਅਹਿਮ ਗਵਾਹ ਜਾਹਿਰਾ ਸੇਖ ਨੂੰ ਪ੍ਰਭਾਵਿਤ ਕਰਕੇ ਨਿਆਂ ਦਿਵਾਉਣ ਦੀ ਕੋਸ਼ਿਸ਼ ਕੀ ਸਫਲ ਨਹੀਂ ਹੋ ਜਾਂਦੀ? ਇਸ ਕੜੀ 'ਚ ਇਨਸਾਫ ਨੂੰ ਪਲਟ ਕੇ ਇਨਸਾਫ ਦੀ ਲੋੜਵੰਦਾਂ ਨੂੰ ਅਤੇ ਸਤਾ 'ਤੇ ਝੁਕਾਉਣ ਦਾ ਤਾਜ਼ਾ ਮਾਮਲਾ ਰਾਜਸਥਾਨ 'ਚ ਆਇਆ ਹੈ। ਜੈਪੁਰ ਤੇ ਦਿੱਲੀ ਦੇ ਹਸਪਤਾਲਾਂ 'ਚ ਮਹੀਨਿਆਂ ਬੱਧੀ ਚੱਕਰ ਕੱਟ ਚੁਕੀ ਤੇ ਕਮਰ ਤੋਂ ਹੇਠਾਂ ਲਕਵਾ ਗ੍ਰਸਿਤ ਤੇ ਪੈਰ ਗੁਆ ਚੁਕੀ ਸੀਮਾ ਦਾ ਵਜੂਦ ਮੇਰੇ ਮਨ ਨੂੰ ਬੇਚੈਨ ਕਰ ਰਿਹਾ ਹੈ। ਰਾਜਿਸਥਾਨ ਰੈਪਿਡ ਐਕਸ਼ਨ ਫੋਰਮ 'ਚ ਸਿਪਾਹੀ ਸ਼ਿਵਦਾਨ ਸਿੰਘ ਦੀ ਧੀ ਸੀਮਾ ਆਪਣੇ ਚਚੇਰੇ ਭਾਈਆਂ ਯਦੁਵੀਰ ਤੇ ਯੁਗਵੀਰ ਦੇ ਨਾਲ ਪੜ੍ਹ ਕੇ ਮੁਕਾਬਲਾ ਪ੍ਰੀਖਿਆ ਦੀ ਤਿਆਰੀ ਕਰਨ ਭਰਤਪੁਰ ਜ਼ਿਲ੍ਹੇ ਦੇ ਜੈਪੁਰ ਆਈ ਸੀ ਜਿਥੇ ਤਿੰਨੋਂ ਇਕ ਕਿਰਾਏ ਦੇ ਮਕਾਨ 'ਚ ਰਹਿੰਦੇ ਸਨ। ਪਿਛਲੇ ਸਾਲ 23 ਜਨਵਰੀ ਨੂੰ ਸੀਮਾ ਰਾਜਸਥਾਨ ਪੁਲਸ ਦੀ ਦਰਿੰਦਗੀ ਤੇ ਹਵਸ਼ ਦਾ ਸ਼ਿਕਾਰ ਬਣ ਗਈ। ਉਸ ਦੀ ਇਕ ਸਹੇਲੀ ਆਪਣੇ ਬਾਪ ਦਾ ਘਰ ਛੱਡ ਕੇ ਕਿਥੇ ਗਈ ਅਤੇ ਉਸ ਦੇ ਪਿਤਾ ਨੇ ਗੁੰਮਸ਼ੁਦਾ ਦੀ ਰੀਪੋਟ ਕੀ ਲਿਖਵਾਈ ਕਿ ਸੀਮਾ ਤੇ ਉਸ ਦੇ ਚਚੇਰੇ ਭਾਈਆਂ 'ਤੇ ਰਾਜਸਥਾਨ ਦੀ ਪੁਲਸ

ਆਫਤ ਬਣ ਕੇ ਟੁੱਟ ਪਈ। ਜੈਪੁਰ ਦੇ ਪ੍ਰਤਾਪ ਨਗਰ ਥਾਣੇਦਾਰ ਰਾਮ ਨਿਵਾਸ ਬਿਸ਼ਨੋਈ ਨੇ ਤਿੰਨੋ ਭਾਈ-ਭੈਣ ਨੂੰ ਪੁਛਗਿੱਛ ਦੇ ਬਹਾਨੇ ਤਲਬ ਕਰ ਲਿਆ। ਉਥੇ ਦੋਨੋਂ ਲੜਕੀਆਂ ਨੂੰ ਬੁਰੀ ਤਰ੍ਹਾਂ ਕੁਟਿਆ ਗਿਆ ਤੇ ਸੀਮਾ ਨੂੰ ਥਾਣੇਦਾਰ ਤੇ ਦੋ ਹੋਰ ਸਿਪਾਹੀਆਂ ਨੇ ਅਸਲੀਲ ਤੇ ਅਸਹਿ ਯੌਨ ਤਸੀਹੇ ਦਿੱਤੇ ਇਹਨਾਂ 'ਚੋਂ ਇਕ ਸਿਪਾਹੀ ਲਾਲ ਚੰਦ ਮੀਣਾ ਨੇ ਤਿੰਨਾਂ ਨੂੰ ਅਗਲੇ ਦਿਨ ਫਿਰ ਥਾਣੇ ਆਉਣ ਨੂੰ ਕਿਹਾ। ਭੈਭੀਤ ਤੇ ਅਪਮਾਨਿਤ ਸੀਮਾ (24 ਜਨਵਰੀ 2011 ਦੀ ਸੁਬਾਹ) ਇਕ ਆਤਮ ਹਤਿਆ ਨੋਟ ਲਿਖ ਕੇ ਘਰੋਂ ਭੱਜ ਕੇ ਚਲਦੀ ਟ੍ਰੇਨ ਮੂਹਰੇ ਕੁਦ ਪਈ। ਇਸ ਹਾਦਸੇ ਕਾਰਨ ਉਸ ਨੂੰ ਆਪਣੀ ਇਕ ਲੱਤ ਗੁਆਉਣੀ ਪਈ ਤੇ ਉਹ ਕਮਰ ਤੋਂ ਹੇਠਾਂ ਬੁਰੀ ਤਰ੍ਹਾਂ ਲਕਵਾ ਗ੍ਰਸਤ ਹੋ ਗਈ। ਪਿਛੋਂ ਨਾਗਰਿਕ ਅਧਿਕਾਰ ਕਾਮਿਆਂ ਤੇ ਮੀਡੀਆ ਦੇ ਰੌਲਾ ਪਾਉਣ ਪਿਛੋਂ ਰਾਜ ਸਰਕਾਰ ਦੀ ਜਾਂਚ ਤੇ ਪੁਲਸ ਦੀ ਛਾਣਬੀਣ 'ਚ ਥਾਣੇਦਾਰ ਰਾਮ ਨਿਵਾਸ ਬਿਸਨੋਈ ਤੇ ਉਸ ਦੇ ਦੋ ਸਹਿਯੋਗੀ ਸਿਪਾਹੀ ਦੋਸ਼ੀ ਪਾਏ ਜਾ ਕਰਕੇ ਗ੍ਰਿਫ਼ਤਾਰ ਕਰ ਲਏ ਗਏ। ਮੁੱਖ ਮੰਤਰੀ ਅਸ਼ੋਕ ਗਹਿਲੋਤ ਖੁਦ ਸੀਮਾ ਨੂੰ ਵੇਖਣ ਗਏ ਤੇ ਰਾਜਸਥਾਨ ਸਰਕਾਰ ਨੇ ਉਸ ਦੇ ਇਲਾਜ ਲਈ 10 ਲੱਖ ਰੁਪਏ ਮੁਆਵਜਾ ਵੀ ਦਿੱਤਾ। ਪਰ ਇਸ ਪਿਛੋਂ ਪੁਲਸ ਦੇ ਦੂਜਾ ਦੁਰ ਚੱਕਰ ਚਲਾਇਆ। ਸੀਮਾ ਦੀ ਗੁੰਮਸ਼ੁਦਾ ਸਹੇਲੀ ਹਿਨਾ ਬਰਾਮਦ ਕਰ ਲਈ ਗਈ ਅਤੇ ਉਸ ਤੋਂ ਥਾਣੇ 'ਚ ਉਸ ਦੇ ਤਸੀਹਿਆਂ ਦੇ ਗਵਾਹ ਉਹਨਾਂ ਦੇ ਦੋਨੋਂ ਚਚੇਰੇ ਭਾਈਆਂ ਤੇ ਕੁਝ ਹੋਰ ਲੋਕਾਂ ਖਿਲਾਫ ਹਿਨਾ ਦੇ ਯੌਨ ਸੋਸ਼ਣ ਦੇ ਕੇਸ ਦਰਜ ਕਰਵਾਏ ਗਏ। ਇਕ ਪਾਸੇ ਸੀਮਾ ਨੂੰ ਯੌਨ ਤਸੀਹੇ ਦੇ ਦੋਸ਼ੀ ਥਾਣੇਦਾਰ ਰਾਮ ਨਿਵਾਸ ਬਿਸ਼ਨੋਈ ਦੀ ਜ਼ਮਾਨਤ ਖਾਰਜ ਹੋ ਰਹੀ ਸੀ, ਦੂਜੇ ਪਾਸੇ ਹਾਈਕੋਰਟ ਤੋਂ ਸੰਪੂਰਨ ਤੌਰ 'ਤੇ ਸਰੀਰਕ ਅਪਾਹਜ਼ ਤੇ ਲਾਚਾਰ, ਪੁਲਸ ਤਸੀਹਿਆਂ ਦੀ ਸ਼ਿਕਾਰ ਸੀਮਾ ਤੇ ਉਸ ਦੇ ਭਰਾਵਾਂ, ਮਿੱਤਰਾਂ ਦੀ ਗ੍ਰਿਫ਼ਤਾਰੀ ਦੇ ਹੁਕਮ ਜਾਰੀ ਕੀਤੇ ਜਾ ਰਹੇ ਸਨ। ਅਦਾਲਤਾਂ ਇਹ ਵੀ ਨਹੀਂ ਸੋਚ ਪਾ ਰਹੀਆਂ ਸਨ ਕਿ ਕੱਟੇ ਪੈਰ ਵਾਲੀ, ਲਕਵਾ ਗ੍ਰਸਿਤ ਸਰੀਰ ਵਾਲੀ ਖੁਦ ਆਪਣਾ ਨਿਤਨੇਮ ਕਰਨ 'ਚ ਅਸਮਰਥ ਸੀਮਾ ਜੇਹਲ 'ਚ ਕਿਵੇਂ ਜਾਵੇਗੀ। ਉਸ ਦੇ ਭਰਾ ਤੇ ਮਿੱਤਰ ਤਾਂ ਗ੍ਰਿਫ਼ਤਾਰ ਕਰ ਹੀ ਲਏ ਗਏ। ਸੀਮਾ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਪਰ ਮੈਡੀਕਲ ਬੋਰਡ ਦੇ ਕਹਿਣ 'ਤੇ ਉਸ ਨੂੰ ਹਸਪਤਾਲ ਰਖਿਆ ਗਿਆ। ਜੱਜ ਉਹਨਾਂ ਡਾਕਟਰਾਂ 'ਤੇ ਚੀਕਦੇ ਰਹੇ ਜਿਹਨਾਂ ਨੇ ਸੀਮਾ ਨੂੰ ਹਸਪਤਾਲ 'ਚ ਰਖਣ ਦੀ ਰਾਇ ਦਿਤੀ ਸੀ। ਸੀਮਾ ਨੂੰ ਆਖਰ ਇਸ ਸਾਲ ਮਈ 'ਚ ਸੁਪਰੀਮ ਕੋਰਟ ਤੋਂ ਮੈਡੀਕਲ ਅਧਾਰ 'ਤੇ ਜਮਾਨਤ ਮਿਲੀ।

ਪਹਿਲਾਂ ਤੋਂ ਤਸੀਹਿਆਂ ਦਾ ਸ਼ਿਕਾਰ ਲੜਕੀ ਤੇ ਉਸ ਦੇ ਪ੍ਰੀਵਾਰ ਲਈ ਇਸ ਦੇਸ਼ ਦੀ ਅਪਰਾਧਿਕ ਨਿਆਂਪ੍ਰਣਾਲੀ ਨੇ ਸਾਲ ਭਰ ਤਕ ਹੋਰ ਤਸੀਹੇ ਦੀ ਵਿਵਸਥਾ ਕਰ ਦਿਤੀ। ਨਤੀਜਾ ਇਹ ਹੋਇਆ ਕਿ ਸੀਮਾ ਤੇ ਉਸ ਦਾ ਪ੍ਰੀਵਾਰ ਘੋਰ, ਮਾਨਸਿਕ ਦਬਾਅ 'ਚ ਆ ਗਏ। ਉਹਨਾਂ 'ਤੇ ਜੇਹਲ 'ਚ ਬੰਦ ਰਿਸ਼ਤੇਦਾਰਾਂ ਤੇ ਜਾਤੀ ਸਮਾਜ ਤੋਂ ਵੀ ਦਬਾਅ ਪਵਾਇਆ ਜਾਣ ਲੱਗਿਆ। ਨਾਲ ਹੀ ਲੱਖਾਂ ਰੁਪਏ ਦਾ ਲਾਲਚ ਵੀ ਦਿੱਤਾ ਗਿਆ ਕਿ ਸੀਮਾ ਫੌਜਦਾਰੀ ਅਦਾਲਤ 'ਚ ਸੁਣਵਾਈ ਸਮੇਂ ਆਪਣੇ ਬਿਆਨ 'ਚ ਦੋਸ਼ੀ ਪੁਲਸ ਵਾਲਿਆਂ ਨਾ ਪਹਿਚਾਨਣ ਤਾਂ ਹਿਨਾ ਵੀ ਆਪਣਾ ਬਿਆਨ ਬਦਲ ਕੇ ਸੀਮਾ ਤੇ ਹੋਰਾਂ ਖਿਲਾਫ ਆਪਣਾ ਮੁਕੱਦਮਾ ਖਤਮ ਕਰਨ ਦੀ ਪਹਿਲ ਕਰ ਲਵੇਗੀ। ਅੰਤ ਭਾਰਤ ਦੀ ਅਪਰਾਧਿਕ ਨਿਆਂ-ਪ੍ਰਣਾਲੀ (ਪੁਲਸ ਤੇ ਅਦਾਲਤਾਂ ਜਿਸ ਦਾ ਅਟੁੱਟ

ਅੰਗ ਹਨ), ਨੇ ਨਿਆਂ ਦੀ ਬਲੀ ਲੈ ਲਈ ਸੀਮਾ ਆਪਣੇ ਮਾਪਿਆਂ, ਨਾਤਿਆਂ ਤੇ ਰਿਸ਼ਤੇਦਾਰਾਂ ਦੇ ਕਹਿਣ 'ਤੇ ਫੌਜਦਾਰੀ ਅਦਾਲਤ 'ਚ ਆਪਣੇ ਬਿਆਨ ਤੋਂ ਪਲਟ ਗਈ ਅਤੇ ਸਮਝੌਤੇ ਅਨੁਸਾਰ ਹਿਨਾ ਵੀ ਆਪਣੇ ਬਿਆਨ ਤੋਂ ਮੁਕਰ ਗਈ। ਕਿਸੇ ਨੂੰ ਨਿਆਂ ਦੀ ਚਿੰਤਾ ਹੋਵੇ ਤਾਂ ਇਹ ਜਾਂਚ ਹੋਣੀ ਚਾਹੀਦੀ ਹੈ ਕਿ ਜੁੜੇ ਮਾਮਲਿਆਂ 'ਚ ਇਕ ਹੀ ਦਿਨ 'ਚ ਦੋ ਔਰਤਾਂ ਕਿਸ ਸੂਤਰਧਾਰ ਦੇ ਇਸ਼ਾਰੇ 'ਤੇ ਦਬਾਅ ਜਾਂ ਲਾਲਚ 'ਚ ਆਪਣੇ ਬਿਆਨਾਂ ਤੋਂ ਮੁਕਰ ਗਈਆਂ। ਸਰਕਾਰ ਹੋਵੇ ਜਾਂ ਅਦਾਲਤ ਨਿਆਂ ਪ੍ਰਤੀ ਜੇ ਗੰਭੀਰ ਹੋਣ ਤਾਂ ਇਸ ਜਾਂਚ ਦਾ ਹੁਕਮ ਕਰਨ ਲਈ ਅਜੇ ਵੀ ਸਮਾਂ ਬਾਕੀ ਹੈ। ਕੁਝ ਦਿਨਾਂ ਪਿਛੋਂ ਇਹ ਵਕਤ ਵੀ ਬੀਤ ਜਾਵੇਗਾ। ਸਾਡੀ ਨਿਆਂ ਪ੍ਰਣਾਲੀ 'ਤੇ ਇਕ ਸੁਆਲੀਆਂ ਚਿੰਨ੍ਹ ਲਾ ਕੇ ਜ਼ਬਰ ਤੇ ਅਨਿਆਂ ਦਾ ਇਕ ਹੋਰ ਕੀਰਤੀਮਾਨ ਸਥਾਪਤ ਕਰਕੇ ਜੋ ਸੁਪਰੀਮ ਕੋਰਟ ਨਿਆਂਧੀਨ ਮਾਮਲਿਆਂ ਦੀ ਰੀਪੋਰਟਿੰਗ ਤੇ ਟਿੱਪਣੀ 'ਤੇ ਬੰਧਨਕਾਰੀ ਦਿਸ਼ਾ-ਨਿਰਦੇਸ਼ ਲਾ ਦੇਵੇ ਤਾਂ ਅਸੀਂ ਅਜੇਹਾ ਲਿਖ ਕੇ ਨਿਆਂ ਲਈ ਤਵਾਰੀਖ 'ਚ ਆਪਣੀ ਛੋਟੀ ਜਿਹੀ ਚੀਖ ਵੀ ਨਹੀਂ ਦਰਜ ਕਰਵਾ ਸਕਾਂਗੇ। ਤਦ ਕਿਹੜਾ ਰਾਹ ਬਚੇਗਾ? ਇਨਸਾਫ ਦੇ ਇਜਲਾਸ 'ਚ ਜ਼ਰਾ ਖੌਫ ਖਾਈਏ ਹਜ਼ੂਰ ਲੋਗ।

# ਪੰਜਾਬ ਦਾ ਭਵਿੱਖ ਕਿਵੇਂ ਸੁਧਰੇ?

ਪੰਜਾਬ ਦੀ ਹਾਲਤ ਬਦ ਤੋਂ ਬਦਤਰ ਹੁੰਦੀ ਜਾਣ ਕਰਕੇ ਫਿਕਰ ਕਰਨ ਵਾਲੀ ਗੱਲ ਹੈ। ਪੰਜਾਬ ਸਰਕਾਰ ਸਿਰ 119000 ਕਰੋੜ ਰੁਪਏ ਦਾ ਕਰਜਾ ਹੈ। ਜਿਸ 'ਚ ਬਿਜਲੀ ਬੋਰਡ ਤੇ ਕਾਰਪੋਰੇਸ਼ਨਾਂ ਦਾ 49832 ਕਰੋੜ ਰੁਪਏ ਦਾ ਕਰਜਾ ਸ਼ਾਮਲ ਹੈ। ਇਸ ਉਪਰ ਲਗਭਗ 13000 ਕਰੋੜ ਰੁਪਏ ਸਲਾਨਾ ਵਿਆਜ ਪੈਂਦਾ ਹੈ। ਪੰਜਾਬ ਦੇ ਕਿਸਾਨਾਂ ਸਿਰ 35000 ਕਰੋੜ ਰੁਪਏ ਦੇ ਕਰਜੇ ਦਾ ਬੋਝ ਹੈ। ਕਰਜੇ ਤੋਂ ਦੁਖੀ ਕਿਸਾਨ ਖੁਦਕਸ਼ੀਆਂ ਕਰ ਰਹੇ ਹਨ। ਲੋਕ ਕੈਂਸਰ ਆਦਿ ਦੀ ਬੀਮਾਰੀ ਨਾਲ ਮਰ ਰਹੇ ਹਨ। ਨੌਜ਼ਵਾਨ ਲੜਕੇ, ਲੜਕੀਆਂ ਠੀਕ ਕੰਮ ਨਾ ਮਿਲਣ ਕਰਕੇ, ਨਸ਼ਿਆਂ ਨਾਲ ਬਰਬਾਦ ਹੋ ਰਹੇ ਹਨ ਜਾਂ ਵਿਦੇਸ਼ਾਂ 'ਚ ਜਾ ਕੇ ਦੁੱਖ ਭੋਗ ਰਹੇ ਹਨ। ਤਨਖਾਹਾਂ ਤੇ ਪੈਨਸਨਾਂ ਦਾ ਸਲਾਨਾ ਬਿੱਲ 18242 ਕਰੋੜ ਰੁਪਏ ਤਕ ਜਾਂਦਾ ਹੈ। ਇਹ ਕੁਝ ਸਰਕਾਰੀ ਆਮਦਨ ਦਾ 70 ਫੀਸਦੀ ਬਣਦਾ ਹੈ। ਵਿਕਾਸ ਦੇ ਕੰਮਾਂ ਲਈ ਬਹੁਤ ਘੱਟ ਬਚਦਾ ਹੈ।

ਪੰਜਾਬ ਦੀ ਦੁਰਦਸ਼ਾ ਦੀ ਅਸਲੀ ਵਜਾਹ ਹੈ ਕੀ?

1. ਪੰਜਾਬ ਦੇ ਪਾਣੀਆਂ ਦੀ ਲੁੱਟ ਪੰਜਾਬ ਦੀ ਦੁਰਦਸ਼ਾ ਦੀ ਅਸਲੀ ਵਜਾਹ ਪੰਜਾਬ ਦੇ ਦਰਿਆਈ ਪਾਣੀਆਂ ਦਾ ਲੁੱਟਿਆ ਜਾਣਾ ਹੈ, ਪਰ ਪੰਜਾਬ ਦੇ ਆਮ ਲੋਕਾਂ ਨੂੰ ਪਤਾ ਨਹੀਂ ਕਿ ਕੇਂਦਰ ਸਰਕਾਰ ਨੇ ਪੰਜਾਬ ਦਾ ਪਾਣੀ ਖੋਹ ਕੇ ਉਹਨਾਂ 'ਤੇ ਜੁਲਮ ਢਾਹਿਆ ਹੈ। ਇਸ ਨਾਲ ਉਹਨਾਂ ਦੀਆਂ ਆਉਣ ਵਾਲੀਆਂ ਨਸਲਾਂ ਦੀ ਕਿੰਨੀ ਦੁਰਦਸ਼ਾ ਹੋਵੇਗੀ ਇਹ ਪੰਜਾਬ ਦੀ ਸਾਹਰਗ ਵੱਢਣ ਦੇ ਬਰਾਬਰ ਹੈ।

ਪੰਜਾਬ ਦੀ 70 ਫੀਸਦੀ ਆਬਾਦੀ ਖੇਤੀ ਤੇ ਨਿਰਭਰ ਹੈ।

ਪੰਜਾਬ ਦੀਆਂ ਸਾਰੀਆਂ ਰਾਜਸੀ ਪਾਰਟੀਆਂ ਤੇ ਪੰਜਾਬ ਹਤੈਸ਼ੀਆਂ ਲਈ ਵਿਚਾਰ ਹਿੱਤ ਕੁਝ ਨੁਕਤੇ ਤੇ ਮਸਲੇ ਇਸ ਲੇਖ ਦਾ ਅਧਾਰ ਹਨ-ਲੇਖਕ ਪਹਿਲਾਂ ਬਹੁਤ ਸਾਰੇ ਪੰਜਾਬੀ ਫ਼ੌਜ਼ ਦੀ ਨੌਕਰੀ ਕਰਦੇ ਸਨ। ਪਰ ਹੁਣ ਕੇਂਦਰ ਸਰਕਾਰ ਨੇ ਫ਼ੌਜ਼ ਦੀ ਭਰਤੀ ਦਾ ਦਰਵਾਜਾ ਇਨ੍ਹਾਂ ਵਾਸਤੇ ਤਕਰੀਬਨ ਬੰਦ ਕਰ ਦਿੱਤਾ ਹੈ। ਆਪਣੇ ਖੇਤਾਂ ਵਿੱਚ ਵੱਧ ਤੋਂ ਵੱਧ ਫਸਲ ਉਗਾ ਕੇ ਇਨ੍ਹਾਂ ਨੂੰ ਰੋਟੀ ਜੁੜਦੀ ਹੈ, ਜਿਸ ਵਾਸਤੇ ਨਹਿਰੀ ਸਿੰਜਾਈ ਬੇਹੱਦ ਜ਼ਰੂਰੀ ਹੈ। ਕੋਈ ਹੋਰ ਕੁਦਰਤੀ ਸੋਮੇ ਨਾ ਹੋਣ ਕਰਕੇ ਦਰਿਆਵਾਂ ਦਾ ਪਾਣੀ ਪੰਜਾਬ ਵਾਸਤੇ ਜ਼ਿੰਦਗੀ ਮੌਤ ਦੀ ਅਹਿਮੀਅਤ ਰੱਖਦਾ ਹੈ। ਪਰ ਇਨ੍ਹਾਂ ਪਾਣੀਆਂ ਦੀ ਤਕਸੀਮ ਦਾ ਮਾਮਲਾ ਬੁਰੀ ਤਰ੍ਹਾਂ ਉਲਝਾ ਦਿੱਤਾ ਗਿਆ ਹੈ। ਇਸ ਨੂੰ ਤੋੜ ਮਰੋੜ ਕੇ ਭੁਲੇਖੇ ਪਾਉਣ ਵਾਸਤੇ ਬਹੁਤ ਹੁਸ਼ਿਆਰ ਦਿਮਾਗਾਂ ਦੀ ਵਰਤੋਂ ਕੀਤੀ ਗਈ ਹੈ। ਪਰ ਫੇਰ ਵੀ ਕੁਝ ਤੱਥ ਹਨ ਜੋ ਇਹ ਮਾਮਲਾ ਸਮਝਣ ਵਿੱਚ ਸਾਧਾਰਨ ਆਦਮੀ ਦੀ ਸਹਾਇਤਾ ਕਰ ਸਕਦੇ ਹਨ।

ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਪੱਧਰ ਤੇ ਦਰਿਆਵਾਂ ਦੇ ਪਾਣੀ ਉਪਰ ਰਿਪੇਰੀਅਨ ਕਾਨੂੰਨ ਲਾਗੂ ਹੁੰਦਾ ਹੈ। (ਜਿਸ ਇਲਾਕੇ ਵਿਚ ਕੋਈ ਦਰਿਆ ਜਾਂ ਉਸਦੀਆਂ ਸ਼ਾਖਾਂ ਵਗਦੀਆਂ ਹਨ ਉਸਨੂੰ ਰਿਪੇਰੀਅਨ ਇਲਾਕਾ ਕਹਿੰਦੇ ਹਨ ਅਤੇ ਜਿਸ ਦੇਸ਼ ਜਾਂ ਸੂਬੇ ਵਿੱਚ ਇਹ ਇਲਾਕਾ ਪੈਂਦਾ ਹੈ ਉਸਨੂੰ ਰਿਪੇਰੀਅਨ ਦੇਸ਼ ਜਾਂ ਸੂਬਾ

ਆਖਦੇ ਹਨ) ਇਸ ਕਾਨੂੰਨ ਦੇ ਅਨੁਸਾਰ ਜੇਕਰ ਕੋਈ ਦਰਿਆ ਸਮੁੱਚੇ ਤੌਰ ਤੇ ਕਿਸੇ ਇੱਕ ਸੂਬੇ ਵਿੱਚੋਂ ਵਗਦਾ ਹੈ ਤਾਂ ਇਸ ਉਪਰ ਉਸ ਸੂਬੇ ਦਾ ਮੁਕੰਮਲ ਹੱਕ ਹੁੰਦਾ ਹੈ, ਹੋਰ ਕਿਸੇ ਸੂਬੇ ਦਾ ਕਿਸੇ ਤਰ੍ਹਾਂ ਵੀ ਇਸ ਉਪਰ ਕੋਈ ਅਧਿਕਾਰ ਨਹੀਂ ਬਣਦਾ ਅਤੇ ਜੇਕਰ ਕੋਈ ਦਰਿਆ ਇਕ ਤੋਂ ਵੱਧ ਸੂਬਿਆਂ ਜਾਂ ਦੇਸ਼ਾਂ ਵਿੱਚੋਂ ਲੰਘਦਾ ਹੈ ਤਾਂ ਹਰੇਕ ਸੂਬੇ ਜਾਂ ਦੇਸ਼ ਦਾ ਦਰਿਆ ਦੇ ਉਸ ਹਿੱਸੇ ਉਪਰ ਹੱਕ ਹੁੰਦਾ ਹੈ ਜਿਹੜਾ ਉਸ ਦੇ ਇਲਾਕੇ ਵਿੱਚ ਪੈਂਦਾ ਹੈ। ਪਰ ਉਹ ਅਗਲੇ ਇਲਾਕਿਆਂ ਦਾ ਪਾਣੀ ਬੰਦ ਨਹੀਂ ਕਰ ਸਕਦਾ। ਦਰਿਆ ਦੇ ਪਾਣੀ ਬਾਰੇ ਸਹਿ-ਰਿਪੇਰੀਅਨ (Co-Riparian) ਸੂਬਿਆਂ ਵਿੱਚ ਝਗੜੇ ਹੋ ਸਕਦੇ ਹਨ, ਪਰ ਰਿਪੇਰੀਅਨ ਸੂਬੇ ਅਤੇ ਗੈਰ ਰਿਪੇਰੀਅਨ ਸੂਬੇ ਵਿਚਕਾਰ ਨਹੀਂ। ਅੰਤਰ ਰਾਸ਼ਟਰੀ ਕਾਨੂੰਨ ਅਧੀਨ ਦਰਿਆ ਅਤੇ ਦਰਿਆਵਾਂ ਦੇ ਪਾਣੀ, ਜੋ ਕਿ ਜ਼ਮੀਨ ਉਪਰ ਵਗਦੇ ਹਨ, ਸੂਬੇ ਦੇ ਇਲਾਕੇ ਜਾਂ ਜ਼ਮੀਨ ਦਾ ਜ਼ਰੂਰੀ ਹਿੱਸਾ ਹਨ, ਅਤੇ ਸੂਬੇ ਦਾ ਉਨ੍ਹਾਂ ਉਪਰ ਮੁਕੰਮਲ ਹੱਕ ਬਣਦਾ ਹੈ। ਕਿਉਂਕਿ ਇਲਾਕਾ ਸੂਬੇ ਦੀ ਪਰਿਭਾਸ਼ਾ ਦਾ ਅਨਿੱਖੜਵਾਂ ਅੰਗ ਹੈ। ਰਿਪੇਰੀਅਨ ਕਾਨੂੰਨ ਪਿੱਛੇ ਬੁਨਿਆਦੀ ਸਿਧਾਂਤ ਜਾਂ ਤਰਕ ਇਹ ਹੈ ਕਿ ਕਿਸੇ ਦਰਿਆ ਦੇ ਇਲਾਕੇ ਵਿੱਚ ਵਸਣ ਵਾਲੇ ਲੋਕਾਂ ਨੇ ਦਰਿਆ ਦੀ ਮਾਰ ਕਾਰਨ ਸਦੀਆਂ ਤੋਂ ਆਪਣੀ ਜ਼ਮੀਨ, ਜਾਇਦਾਦ, ਮਾਲ ਪਸ਼ੂ ਅਤੇ ਇਨਸਾਨੀ ਜ਼ਿੰਦਗੀ ਦਾ ਨੁਕਸਾਨ ਝੱਲਿਆ ਹੁੰਦਾ ਹੈ। ਇਸ ਲਈ ਦਰਿਆ ਦੇ ਫਾਇਦਿਆਂ ਉਪਰ ਸਿਰਫ਼ ਉਨ੍ਹਾਂ ਦਾ ਹੱਕ ਬਣਦਾ ਹੈ। ਮਿਸਾਲ ਦੇ ਤੌਰ ’ਤੇ 1988 ਦੇ ਹੜ੍ਹਾਂ ਕਾਰਨ ਹੀ ਪੰਜਾਬ ਵਿੱਚ ਸਰਕਾਰੀ ਅੰਦਾਜ਼ੇ ਅਨੁਸਾਰ ਇਕ ਅਰਬ ਡਾਲਰ ਜਾਇਦਾਦ ਦੇ ਨੁਕਸਾਨ ਤੋਂ ਇਲਾਵਾ ਸੈਂਕੜੇ ਜਾਨਾਂ ਵੀ ਗਈਆਂ ਜਦ ਕਿ ਰਾਜਸਥਾਨ, ਹਰਿਆਣਾ ਜਾਂ ਦਿੱਲੀ ਦਾ ਪੰਜਾਬ ਦੇ ਦਰਿਆਵਾਂ ਦੇ ਹੜ੍ਹਾਂ ਨਾਲ ਕਦੇ ਵਾਲ ਵਿੰਗਾ ਨਹੀਂ ਹੋਇਆ। ਰਿਪੇਰੀਅਨ ਕਾਨੂੰਨ ਹਿੰਦੋਸਤਾਨ ਦੇ ਸੰਵਿਧਾਨ ਦੇ ਸੱਤਵੇਂ ਸ਼ੈਡੀਯੂਲ ਦੀ ਸਟੇਟ ਲਿਸਟ ਦੀ ਐਂਟਰੀ 17 ਵਿੱਚ ਦਰਜ ਹੈ। ਇਸ ਦੇ ਅਧੀਨ ਦਰਿਆਵਾਂ ਦੇ ਪਾਣੀ ਕੰਟਰੋਲ ਕਰਨ ਅਤੇ ਵਰਤਣ ਦਾ ਅਧਿਕਾਰ ਹੈ। ਦਰਿਆਵਾਂ ਦੇ ਪਾਣੀ ਅਤੇ ਇਨ੍ਹਾਂ ਤੋਂ ਪੈਦਾ ਕੀਤੀ ਬਿਜਲੀ ਪੂਰੇ ਤੌਰ ਤੇ ਸਟੇਟ ਦਾ ਵਿਸ਼ਾ ਹੋਣ ਕਾਰਨ, ਇਨ੍ਹਾਂ ਉਪਰ ਕੇਂਦਰ ਦਾ ਕੋਈ ਅਧਿਕਾਰ ਨਹੀਂ। ਪਰ ਅੰਤਰਰਾਜੀ ਦਰਿਆਵਾਂ ਦੇ ਪਾਣੀਆ ਜਾਂ ਦਰਿਆਈ ਘਾਟੀਆਂ ਸਬੰਧੀ ਝਗੜਿਆਂ ਦਾ ਨਿਆਇਕ ਫੈਸਲਾ ਕਰਨ ਦੀ ਵਿਵਸਥਾ ਹੈ :-

1) ਸੰਸਦ (Parliament) ਕਿਸੇ ਅੰਤਰਰਾਜ਼ੀ ਦਰਿਆ ਦੇ ਪਾਣੀ ਜਾਂ ਦਰਿਆ ਦੀ ਘਾਟੀ ਦੀ ਵਰਤੋਂ, ਵੰਡ ਜਾਂ ਕੰਟਰੋਲ ਸੰਬੰਧੀ ਕਿਸੇ ਝਗੜੇ ਜਾਂ ਸ਼ਿਕਾਇਤ ਦੇ ਨਿਆਇਕ ਨਿਰਣੇ ਦੀ ਕਾਨੂੰਨ ਦੁਆਰਾ ਵਿਵਸਥਾ ਕਰ ਸਕਦੀ ਹੈ।

2) ਸੰਵਿਧਾਨ ਵਿੱਚ ਭਾਵੇਂ ਕੁਝ ਵੀ ਲਿਖਿਆ ਹੋਵੇ ਪਾਰਲੀਮੈਂਟ ਕਾਨੂੰਨ ਦੁਆਰਾ ਇਹ ਵਿਵਸਥਾ ਕਰ ਸਕਦੀ ਹੈ ਕਿ ਸੁਪਰੀਮ ਕੋਰਟ ਤੇ ਕੋਈ ਹੋਰ ਕੋਰਟ ਅਜਿਹੇ ਝਗੜੇ ਜਾਂ ਸ਼ਿਕਾਇਤ ਦੇ ਮਾਮਲੇ ਵਿੱਚ ਆਪਣਾ ਅਧਿਕਾਰ ਨਹੀਂ ਜਤਾਏਗੀ ਜਿਸ ਦਾ ਮਦ ਨੰ:1 ਵਿੱਚ ਜ਼ਿਕਰ ਕੀਤਾ ਗਿਆ ਹੈ।

ਇਸ ਮਦ ਦੇ ਅਧੀਨ ਕੇਂਦਰ ਨੇ ਅੰਤਰਰਾਜ਼ੀ ਦਰਿਆਵਾਂ ਸੰਬੰਧੀ ਝਗੜਿਆਂ ਅਤੇ ਸ਼ਿਕਾਇਤਾਂ ਦਾ ਨਿਆਇਕ ਨਿਰਣਾ ਕਰਨ ਵਾਸਤੇ ਬੋਰਡ ਅਤੇ ਟ੍ਰਿਬਿਊਨਲ ਕਾਇਮ ਕਰਨ ਦੀ ਤਾਕਤ ਆਪਣੇ ਹੱਥ ਵਿੱਚ ਲਈ ਹੈ ਅਤੇ ਜ਼ਰੂਰੀ ਨੁਕਤਾ ਇਹ

ਹੈ ਕਿ ਇਸ ਕਾਨੂੰਨ ਦੇ ਤਹਿਤ ਕਾਇਮ ਕੀਤੇ ਗਏ ਟ੍ਰਿਬਿਊਨਲ ਸਿਰਫ ਸਹਿ ਰਿਪੇਰੀਅਨ ਸੂਬੇ (ਜਿਨ੍ਹਾਂ ਸੂਬਿਆਂ ਵਿੱਚ ਦਰਿਆ ਵੱਗਦਾ ਹੋਵੇ) ਵਿਚਕਾਰ ਝਗੜਿਆਂ ਬਾਰੇ ਹੀ ਨਿਆਇਕ ਨਿਰਣਾ ਕਰ ਸਕਦੇ ਹਨ, ਨਾ ਕਿ ਰਿਪੇਰੀਅਨ ਸੂਬੇ ਅਤੇ ਗੈਰ ਰਿਪੇਰੀਅਨ ਸੂਬੇ ਵਿਚਕਾਰ ਝਗੜਿਆਂ ਬਾਰੇ।

ਰਾਜਸਥਾਨ ਨੇ ਜੋ ਨਰਮਦਾ ਦਰਿਆ ਦੇ ਪਾਣੀ ਉਪਰ ਆਪਣਾ ਹੱਕ ਜਤਾਇਆ ਸੀ, ਉਹ ਵੀ ਇਕ ਵੇਖਣ ਵਾਲੀ ਗੱਲ ਹੈ। ਨਰਮਦਾ ਮੱਧ ਪ੍ਰਦੇਸ਼, ਮਹਾਰਾਸ਼ਟਰ ਅਤੇ ਗੁਜਰਾਤ ਦੇ ਇਲਾਕਿਆਂ ਵਿੱਚੋਂ ਵਗਦਾ ਹੈ ਪਰ ਰਾਜਸਥਾਨ ਦੇ ਇਲਾਕੇ ਵਿੱਚੋਂ ਨਹੀਂ। ਰਾਜਸਥਾਨ ਨੇ ਇਸ ਦਰਿਆ ਵਿੱਚੋਂ ਹਿੱਸਾ ਵੰਡਾਉਣ ਲਈ ਟ੍ਰਿਬਿਊਨਲ ਕੋਰਟ ਵਿੱਚ ਇੱਕ ਪਟੀਸ਼ਨ ਦਾਇਰ ਕੀਤੀ। ਸੁਪਰੀਮ ਕੋਰਟ ਦੇ ਇਕ ਸਿਟਿੰਗ ਜੱਜ ਉਪਰ ਆਧਾਰਤ ਟ੍ਰਿਬਿਊਨਲ ਨੇ ਫੈਸਲਾ ਦਿੱਤਾ:-

(ੳ) "ਰਾਜਸਥਾਨ ਨਰਮਦਾ ਦੇ ਸੰਬੰਧ ਵਿੱਚ ਗੈਰ ਰਿਪੇਰੀਅਨ ਸੂਬਾ ਹੋਣ ਕਰਕੇ ਟ੍ਰਿਬਿਊਨਲ ਅੱਗੇ ਦਰਖਾਸਤ ਨਹੀਂ ਦੇ ਸਕਦਾ ਕਿਉਂਕਿ ਕਾਨੂੰਨ ਦੇ ਅਨੁਸਾਰ ਸਿਰਫ ਸਹਿ ਰਿਪੇਰੀਅਨ ਸੂਬੇ ਹੀ ਅਜਿਹਾ ਕਰ ਸਕਦੇ ਹਨ।"

(ਅ) "ਰਾਜਸਥਾਨ ਸੂਬੇ ਦਾ ਨਰਮਦਾ ਘਾਟੀ ਦੇ ਪਾਣੀ ਦੇ ਕਿਸੇ ਵੀ ਹਿੱਸੇ ਉਪਰ ਕੋਈ ਅਧਿਕਾਰ ਨਹੀਂ ਬਣਦਾ ਕਿਉਂਕਿ ਰਾਜਸਥਾਨ ਸਹਿ ਰਿਪੇਰੀਅਨ ਸੂਬਾ ਨਹੀਂ।"

ਰਾਜਸਥਾਨ ਦੀ ਇਸ ਦਲੀਲ ਦੇ ਜਵਾਬ ਵਿੱਚ ਕਿ ਇਸ ਨੂੰ ਇਸ ਲਈ ਨਰਮਦਾ ਦਾ ਪਾਣੀ ਮਿਲਣਾ ਚਾਹੀਦਾ ਹੈ ਕਿਉਂਕਿ ਇਹ ਪੰਜਾਬ ਦੇ ਦਰਿਆਵਾਂ ਦਾ ਪਾਣੀ ਲੈ ਰਿਹਾ ਹੈ ਹਾਲਾਂਕਿ ਪੰਜਾਬ ਦੇ ਦਰਿਆਵਾਂ ਦੇ ਸੰਬੰਧ ਵਿੱਚ ਇਹ ਗੈਰ ਰਿਪੇਰੀਅਨ ਹੈ, ਜੱਜ ਨੇ ਫਰਮਾਇਆ :

(ੲ) "ਰਾਵੀ ਅਤੇ ਬਿਆਸ ਦੇ ਪਾਣੀ ਦੀ ਰਾਜਸਥਾਨ ਦੁਆਰਾ ਵਰਤੋਂ ਇੱਕ ਸਮਝੌਤੇ ਦਾ ਨਤੀਜਾ ਸੀ। ਰਾਜਸਥਾਨ ਦੇ ਦਸਤਾਵੇਜ ਭਾਗ 6 ਦੇ ਸਫਾ 26 ਅਤੇ 30 ਉੱਪਰ ਤੋਂ ਜ਼ਾਹਿਰ ਹੁੰਦਾ ਹੈ ਕਿ ਪੰਜਾਬ ਰਾਜਸਥਾਨ ਦੀਆਂ ਲੋੜਾਂ ਪੂਰੀਆਂ ਕਰਨ ਵਾਸਤੇ ਤਿਆਰ ਸੀ ਬਸ਼ਰਤੇ ਕਿ ਪਹਿਲਾਂ ਰਿਪੇਰੀਅਨ ਸੂਬੇ ਦੇ ਤੌਰ 'ਤੇ ਇਸ ਦੀਆਂ ਆਪਣੀਆਂ ਲੋੜਾਂ ਪੂਰੀਆਂ ਹੋਣ।"

ਜਦੋਂ ਸੰਨ 1947 ਵਿੱਚ ਪਾਕਿਸਤਾਨ ਕਾਇਮ ਹੋਇਆ ਤਾਂ ਹਿੰਦੋਸਤਾਨੀ ਪੰਜਾਬ ਅਤੇ ਪਾਕਿਸਤਾਨੀ ਪੰਜਾਬ, ਪੰਜਾਬ ਦੇ ਦਰਿਆਵਾਂ ਦੇ ਸੰਬੰਧ ਵਿੱਚ ਸਹਿ ਰਿਪੇਰੀਅਨ ਸੂਬੇ ਬਣ ਗਏ। ਬਟਵਾਰੇ ਤੋਂ ਕੁਝ ਮਹੀਨੇ ਬਾਅਦ ਹਿੰਦੋਸਤਾਨ ਅਤੇ ਪਾਕਿਸਤਾਨ ਨੇ "ਚਲ ਰਹੀ ਸਥਿਤੀ ਜਾਰੀ ਰੱਖਣ" (Still Stand Agreement) ਦੇ ਸਮਝੌਤੇ ਉਪਰ ਦਸਤਖਤ ਕੀਤੇ ਜਿਸ ਵਿੱਚ ਇਹ ਵਿਵਸਥਾ ਸੀ ਕਿ ਬਟਵਾਰੇ ਦੇ ਸਮੇਂ ਜਿੰਨਾ ਪਾਣੀ ਕੋਈ ਲੈ ਰਿਹਾ ਸੀ ਉਹ ਸਪਲਾਈ ਜਾਰੀ ਰੱਖੀ ਜਾਵੇ। ਪਰ ਜਲਦੀ ਹੀ ਦੋਵਾਂ ਦੇਸ਼ਾਂ ਵਿੱਚ ਝਗੜਾ ਖੜਾ ਹੋ ਗਿਆ। ਜਿਸ ਤੋਂ ਜੰਗ ਛਿੜਨ ਦਾ ਖਤਰਾ ਬਣ ਗਿਆ। ਹਾਲਤ ਨੂੰ ਵੇਖਦੇ ਹੋਏ ਵਰਲਡ ਬੈਂਕ ਨੇ ਦੋਵਾਂ ਦੇਸ਼ਾਂ ਵਿਚਕਾਰ ਸਮਝੌਤਾ ਕਰਵਾਉਣ ਲਈ ਆਪਣੀਆਂ ਸੇਵਾਵਾਂ ਪੇਸ਼ ਕੀਤੀਆਂ ਜੋ ਦੋਵਾਂ ਦੇਸ਼ਾਂ ਨੇ ਮਨਜ਼ੂਰ ਕਰ ਲਈਆਂ। ਵਰਲਡ ਬੈਂਕ ਦੀ ਸਰਪ੍ਰਸਤੀ ਵਿੱਚ ਗੱਲਬਾਤ ਸ਼ੁਰੂ ਹੋਈ ਜੋ ਰੁਕ-ਰੁਕ ਕੇ ਲੰਮਾ ਸਮਾਂ ਚਲਦੀ ਰਹੀ। ਇਕ ਮੌਕੇ, ਸੰਨ 1954 ਵਿਚ, ਸ੍ਰੀ ਐਨ.

ਡੀ. ਗੁਲਾਟੀ ਜੋ ਕਿ ਇੰਡਸ ਵਾਟਰਜ਼ ਕਮਿਸ਼ਨ ਅੱਗੇ ਹਿੰਦੋਸਤਾਨ ਦਾ ਕੇਸ ਪੇਸ਼ ਕਰ ਰਿਹਾ ਸੀ, ਦੇ ਸੁਝਾਅ ਤੇ ਹਿੰਦੋਸਤਾਨ ਨੇ ਪਾਕਿਸਤਾਨ ਦੇ ਮੁਕਾਬਲੇ ਵਿੱਚ ਆਪਣਾ ਹੱਕ ਵਧਾ ਚੜ੍ਹਾ ਕੇ ਜਤਾਉਣ ਵਾਸਤੇ ਇਕ ਚਾਲ ਘੜ ਲਈ। ਦਲੀਲ ਇਹ ਦਿੱਤੀ ਗਈ ਕਿ ਪੂਰਬੀ ਪੰਜਾਬ ਦੀਆਂ ਲੋੜਾਂ ਪੂਰੀਆਂ ਕਰਨ ਤੋਂ ਬਾਅਦ ਪੰਜਾਬ ਦੇ ਦਰਿਆਵਾਂ ਦਾ 80 ਲੱਖ ਏਕੜ ਫੁਟ ਪਾਣੀ ਰਾਜਸਥਾਨ ਵਿੱਚ ਸਿੰਜਾਈ ਲਈ ਵਰਤਿਆ ਜਾਵੇਗਾ। (ਇੱਕ ਲੱਖ ਏਕੜ ਫੁਟ ਸਿੰਜਾਈ ਦਾ ਮਤਲਬ ਹੁੰਦਾ ਹੈ ਐਨਾ ਪਾਣੀ ਜਿਹੜਾ ਇੱਕ ਲੱਖ ਏਕੜ ਰਕਬੇ ਵਿੱਚ ਇੱਕ ਫੁੱਟ ਖੜਾ ਹੋ ਸਕੇ) ਪਰ ਪਾਕਿਸਤਾਨ ਨੇ ਤਿੰਨ ਪੂਰਬੀ ਦਰਿਆਵਾਂ-ਸਤਲੁਜ, ਬਿਆਸ ਅਤੇ ਰਾਵੀ-ਵਿੱਚੋਂ ਆਪਣਾ ਹਿੱਸਾ ਲੈਣ ਤੇ ਜ਼ੋਰ ਨਾ ਦਿੱਤਾ। ਕਿਉਂਕਿ ਇਸ ਕੋਲ ਚਨਾਬ, ਜੇਹਲਮ ਅਤੇ ਸਿੰਧ ਦਾ ਲੋੜ ਤੋਂ ਵੱਧ ਪਾਣੀ ਸੀ ਅਤੇ ਇਨ੍ਹਾਂ ਤਿੰਨ ਦਰਿਆਵਾਂ ਦਾ ਪਾਣੀ ਉਸ ਇਲਾਕੇ ਵੱਲ ਮੋੜਨ ਦਾ ਫੈਸਲਾ ਕੀਤਾ ਜਿੱਥੇ ਪਹਿਲਾਂ ਸਤਲੁਜ, ਬਿਆਸ ਅਤੇ ਰਾਵੀ ਦਾ ਪਾਣੀ ਲੱਗਦਾ ਸੀ। ਇੰਡਸ ਬੇਸਿਨ ਰਿਵਰਜ਼ ਵਾਟਰਜ਼ ਟਰੀਟੀ (Indus Basin Rivers Waters Treaty) ਉਤੇ 1960 ਵਿੱਚ ਸ੍ਰੀ ਨਹਿਰੂ ਨੇ ਹਿੰਦੋਸਤਾਨ ਵੱਲੋਂ, ਉਸ ਵੇਲੇ ਦੇ ਮੁੱਖ ਮੰਤਰੀ ਸ. ਸਵਰਣ ਸਿੰਘ ਨੇ ਪੰਜਾਬ ਵੱਲੋਂ ਅਤੇ ਸ਼੍ਰੀ ਅਯੂਬ ਖਾਨ ਨੇ ਸਮਝੌਤੇ ਉਪਰ ਦਸਤਖਤ ਕੀਤੇ, ਜਿਸ ਦੇ ਅਨੁਸਾਰ ਸਤਲੁਜ, ਬਿਆਸ ਅਤੇ ਰਾਵੀ ਦਾ ਸਾਰਾ ਪਾਣੀ ਹਿੰਦੋਸਤਾਨੀ ਪੰਜਾਬ (ਪੂਰਬੀ ਪੰਜਾਬ) ਨੂੰ ਅਲਾਟ ਕੀਤਾ ਗਿਆ ਅਤੇ ਬਾਕੀ ਤਿੰਨ ਦਰਿਆ ਚਨਾਬ, ਜੇਹਲਮ ਅਤੇ ਸਿੰਧ ਮੁਕੰਮਲ ਤੌਰ ਤੇ (ਪੱਛਮੀ ਪੰਜਾਬ) ਪਾਕਿਸਤਾਨ ਦੇ ਹਿੱਸੇ ਆਏ। ਆਪਣੇ ਪਾਣੀਆਂ ਨੂੰ ਮੋੜਨ ਵਾਸਤੇ ਪਾਕਿਸਤਾਨ ਨੂੰ ਵਰਲਡ ਬੈਂਕ ਅਤੇ ਦੋਸਤ ਦੇਸ਼ਾਂ ਵੱਲੋਂ ਮਦਦ ਦਿੱਤੀ ਗਈ। ਹਿੰਦੋਸਤਾਨ ਨੇ ਵੀ ਕੁਝ ਹਿੱਸਾ ਪਾਇਆ। ਪੰਜਾਬ ਦੇ ਪਾਣੀਆਂ ਦੀ ਵੰਡ ਦੇ ਝਗੜੇ ਵਿੱਚ ਪੰਜਾਬ ਦੇ ਵਿਰੋਧੀਆਂ ਨੇ (ਜਿਨ੍ਹਾਂ ਵਿੱਚ ਕਾਮਰੇਡ ਸੱਤ ਪਾਲ ਡਾਂਗ ਵੀ ਸ਼ਾਮਿਲ ਸੀ) ਇਹ ਦਲੀਲ ਘੜ ਲਈ ਕਿ ਕਿਉਂਕਿ ਕੇਂਦਰ ਨੇ ਪਾਕਿਸਤਾਨ ਕੋਲੋਂ ਪਾਣੀ "ਖਰੀਦਿਆ" ਹੈ ਇਸ ਲਈ ਕੇਂਦਰ ਇਹ ਪਾਣੀ ਜਿਸ ਸੂਬੇ ਨੂੰ ਚਾਹੇ ਦੇ ਸਕਦਾ ਹੈ।

ਦੇਸ਼ ਦੀ ਵੰਡ ਸਮੇਂ ਸਤਲੁਜ, ਬਿਆਸ ਅਤੇ ਰਾਵੀ ਵਿੱਚ 325 ਲੱਖ ਏਕੜ ਫੁੱਟ ਪਾਣੀ ਸੀ। (ਹੁਣ ਕੁਦਰਤੀ ਤਬਦੀਲੀਆਂ ਕਰਕੇ ਇਹ 285 ਲੱਖ ਏਕੜ ਫੁੱਟ, ਜਾਂ ਇਸ ਤੋਂ ਵੀ ਘੱਟ, ਰਹਿ ਗਿਆ ਹੈ) ਇਸ ਵਿੱਚੋਂ 90 ਲੱਖ ਏਕੜ ਫੁੱਟ ਪਾਣੀ ਉਨ੍ਹਾਂ ਇਲਾਕਿਆਂ ਵਿਚ ਵਰਤਿਆ ਜਾਂਦਾ ਸੀ ਜਿਹੜੇ ਬਾਅਦ ਵਿੱਚ ਪੰਜਾਬੀ ਸੂਬਾ ਬਣੇ। ਬੀਕਾਨੇਰ, ਬਹਾਵਲਪੁਰ ਅਤੇ ਅੰਗਰੇਜ਼ੀ ਪੰਜਾਬ ਵਿਚਕਾਰ 1920 ਵਿੱਚ ਹੋਏ ਸਮਝੌਤੇ ਅਧੀਨ 10 ਲੱਖ ਏਕੜ ਫੁੱਟ ਪਾਣੀ ਉਸ ਵੇਲੇ ਦੀ ਰਿਆਸਤ ਬੀਕਾਨੇਰ ਨੂੰ ਦੇ ਦਿੱਤਾ ਗਿਆ। ਬੀਕਾਨੇਰ ਨੂੰ ਇਹ ਪਾਣੀ ਪੈਸਿਆਂ ਦੇ ਬਦਲੇ ਮਿਲਦਾ ਸੀ ਕਿਉਂਕਿ ਉਹ ਰਿਪੇਰੀਅਨ ਸੂਬਾ ਨਹੀਂ ਸੀ। ਇਹ ਰਕਮ ਪੰਜਾਬ ਸਰਕਾਰ ਵਸੂਲ ਕਰਦੀ ਸੀ, ਕੇਂਦਰ ਨਹੀਂ, ਕਿਉਂਕਿ ਦਰਿਆਵਾਂ ਉਪਰ ਸੂਬੇ ਦਾ ਹੱਕ ਸੀ, ਕੇਂਦਰ ਦਾ ਨਹੀਂ। ਜਿਹੜੇ ਇਲਾਕਿਆਂ ਦਾ ਬਾਅਦ ਵਿਚ ਹਰਿਆਣਾ ਬਣਿਆ ਉਨ੍ਹਾਂ ਨੂੰ ਪੰਜਾਬ ਦੇ ਦਰਿਆਵਾਂ ਵਿੱਚੋਂ ਕੋਈ ਪਾਣੀ ਨਹੀਂ ਮਿਲਦਾ ਸੀ। ਬਾਕੀ ਦਾ ਪਾਣੀ ਪੱਛਮੀ ਪੰਜਾਬ (ਹੁਣ ਪਾਕਿਸਤਾਨ ਵਿੱਚ) ਵਿੱਚ ਵਰਤਿਆਂ ਜਾਂਦਾ ਸੀ ਜਾਂ ਸਮੁੰਦਰ ਵਿੱਚ ਜਾ ਮਿਲਦਾ ਸੀ। ਇਸ ਪਾਣੀ ਤੋਂ ਇਲਾਵਾ ਪੰਜਾਬ 56 ਲੱਖ ਏਕੜ ਫੁਟ ਪਾਣੀ ਜਮਨਾ ਵਿੱਚੋਂ

ਲੈਂਦਾ ਸੀ ਕਿਉਂਕਿ ਪੰਜਾਬ ਦਾ ਇੱਕ ਹਿੱਸਾ (ਹੁਣ ਹਰਿਆਣਾ) ਇਸ ਦੀ ਘਾਟੀ ਵਿੱਚ ਪੈਂਦਾ ਸੀ।

ਸੰਨ 1955 ਵਿੱਚ ਕੇਂਦਰ ਨੇ ਚੁੱਪ ਚੁਪੀਤੇ ਇੱਕ "ਖੁਫ਼ੀਆ" ਫਾਈਲ ਤੇ ਆਰਡਰ ਕਰਕੇ 80 ਲੱਖ ਏਕੜ ਫੁੱਟ ਪਾਣੀ ਰਾਜਸਥਾਨ ਨੂੰ ਅਲਾਟ ਕਰ ਦਿੱਤਾ। ਹੁਣ ਪਤਾ ਲੱਗਦਾ ਹੈ ਕਿ ਇਸ ਆਰਡਰ ਵਿੱਚ ਲਿਖਿਆ ਹੈ ਕਿ ਇਸ ਪਾਣੀ ਦੀ ਕੀਮਤ ਬਾਰੇ ਫੈਸਲਾ ਅਲੱਗ ਤੌਰ ਤੇ ਬਾਅਦ ਵਿੱਚ ਕੀਤਾ ਜਾਵੇਗਾ। ਅਸਲ ਵਿੱਚ ਰਾਜਸਥਾਨ ਨੇ ਕਦੇ ਵੀ ਪੰਜਾਬ ਦਾ ਪਾਣੀ ਲੈਣ ਦੀ ਮੰਗ ਨਹੀਂ ਕੀਤੀ ਸੀ। ਜਦ ਕੇਂਦਰ ਨੇ ਇਸ ਨੂੰ ਰਾਜਸਥਾਨ ਨਹਿਰ ਵਾਸਤੇ ਸਰਵੇ ਕਰਨ ਲਈ ਕਿਹਾ ਤਾਂ ਇਸ ਨੇ ਇਸ ਨੂੰ ਬੇਲੋੜਾ ਖਰਚ ਸਮਝ ਕੇ, ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ ਕਿਉਂਕਿ ਇਸ ਨੂੰ ਇਹ ਪਾਣੀ ਮਿਲਣ ਦੀ ਆਸ ਨਹੀਂ ਸੀ। ਤਦ ਕੇਂਦਰ ਨੇ ਆਪ ਸਰਵੇ ਕਰਵਾਇਆ ਅਤੇ ਨਹਿਰ ਬਣਾਈ। ਅਸਲ ਵਿੱਚ ਕੇਂਦਰ ਨੇ ਪੰਜਾਬ ਵਿਰੋਧੀ ਇਹ ਦੁਸ਼ਟਤਾ 1948 ਵਿੱਚ ਹੀ ਸੋਚ ਲਈ ਸੀ। 1952 ਵਿੱਚ ਜਦ ਹਰੀਕੇ ਹੈਡ ਵਰਕਸ ਬਣਿਆ ਤਾਂ ਉਸ ਵਿੱਚ ਰਾਜਸਥਾਨ ਕਨਾਲ ਵਾਸਤੇ 18500 ਕਿਉਸਿਕ ਦਾ ਦਰਵਾਜ਼ਾ ਰੱਖਵਾ ਲਿਆ ਸੀ, ਹਾਲਾਂਕਿ ਨਹਿਰ ਬਣਨੀ 6 ਸਾਲ ਬਾਅਦ ਸ਼ੁਰੂ ਹੋਈ।

ਇਸ ਕਾਰੇ ਵਿੱਚ ਸ਼੍ਰੀ ਨਹਿਰੂ ਅਤੇ ਸ਼੍ਰੀ ਪਟੇਲ ਤੋਂ ਇਲਾਵਾ ਸ਼੍ਰੀ ਗੁਲਜ਼ਾਰੀ ਲਾਲ ਨੰਦਾ, ਉਸ ਸਮੇਂ ਦੇ ਕੇਂਦਰੀ ਪਾਵਰ ਅਤੇ ਸਿੰਚਾਈ ਮੰਤਰੀ, ਮੁੱਖ ਪਾਤਰ ਸਨ। ਪਰ ਸ੍ਰੀ ਨੰਦਾ ਸ਼੍ਰੀ ਨਹਿਰੂ ਦੇ ਸਹਾਇਕ ਸਨ ਅਤੇ ਉਨ੍ਹਾਂ ਦੀ ਇੱਛਾ ਪੂਰੀ ਕਰ ਰਹੇ ਸਨ। ਅਸਲ ਵਿੱਚ ਪੰਜਾਬ ਵੱਲ ਇਹ ਦੁਸ਼ਮਣੀ ਵਾਲਾ ਰਵੱਈਆ ਸ਼੍ਰੀ ਨਹਿਰੂ, ਸ਼੍ਰੀਮਤੀ ਇੰਦਰਾ ਗਾਂਧੀ, ਸ਼੍ਰੀ ਰਾਜੀਵ ਗਾਂਧੀ ਜਾਂ ਹੋਰ ਵਿਅਕਤੀਆਂ ਤੱਕ ਸੀਮਤ ਨਹੀਂ। ਬਲਕਿ ਇਹ ਇੱਕ ਸਥਾਈ ਮਾਨਸਿਕਤਾ ਹੈ ਜੋ ਸਾਰਿਆਂ ਅੰਦਰ ਧੁਰੋਂ ਹੀ ਚਲੀ ਆ ਰਹੀ ਹੈ ਅਤੇ ਲਗਾਤਾਰ ਹਰ ਪੱਧਰ ਤੇ ਕੰਮ ਕਰਦੀ ਹੈ।

ਰਾਜਸਥਾਨ ਨਹਿਰ ਬਹੁਤ ਜਲਦੀ-ਜਲਦੀ ਬਣਾਈ ਗਈ। ਸ਼੍ਰੀ ਪਰਤਾਪ ਸਿੰਘ ਕੈਰੋਂ ਦੇ ਮੁੱਖ ਮੰਤਰੀ ਹੋਣ ਦੇ ਦੌਰਾਨ ਜਮੀਨ (Acquire) ਪ੍ਰਾਪਤ ਕੀਤੀ ਗਈ ਅਤੇ ਨਹਿਰ ਬਣਾਈ ਗਈ। ਸ਼੍ਰੀ ਕੈਰੋਂ ਬਹੁਤ ਸੂਝ-ਬੂਝ ਵਾਲੇ ਹੁਸ਼ਿਆਰ ਆਦਮੀ ਸਨ, ਉਨ੍ਹਾਂ ਨੂੰ ਜ਼ਰੂਰ ਪਤਾ ਹੋਵੇਗਾ ਕਿ ਪੰਜਾਬ ਵਾਸਤੇ ਇਸ ਦੇ ਕਿੰਨੇ ਮਾਰੂ ਸਿੱਟੇ ਨਿਕਲਣਗੇ। ਪਰ ਪੰਜਾਬ ਦਾ ਹਿੱਤ ਉਨ੍ਹਾਂ ਦਾ ਹਿੱਤ ਨਹੀਂ ਸੀ। ਇਹੀ ਹਾਲ ਸ. ਸਵਰਨ ਸਿੰਘ, ਸਾਬਕਾ ਸਿੰਜਾਈ ਮੰਤਰੀ, ਪੰਜਾਬ ਦਾ ਸੀ। ਅਕਾਲੀ ਆਗੂ ਆਪਣੀ ਅਗਿਆਨਤਾ ਜਾਂ ਮੂਰਖਤਾ ਕਾਰਨ ਸ਼ਾਇਦ ਇਹ ਨਾ ਜਾਣਦੇ ਹੋਣ ਕਿ ਇਸ ਨਾਲ ਅਖੀਰ ਪੰਜਾਬ ਤਬਾਹ ਹੋ ਜਾਵੇਗਾ।

ਰਾਜਸਥਾਨ ਕਨਾਲ ਪ੍ਰੋਜੈਕਟ, ਜਿਸ ਵਿੱਚ 292 ਮੀਲ ਲੰਮੀ ਨਹਿਰ ਸ਼ਾਮਿਲ ਸੀ, ਉਪਰ ਬਹੁਤ ਜਲਦੀ-ਜਲਦੀ ਕੰਮ ਕੀਤਾ ਗਿਆ। ਇਸ ਦੀ ਉਪਯੋਗਤਾ ਜਾਚਣ ਲਈ ਲੋੜੀਂਦਾ ਸੋਚ ਵਿਚਾਰ ਨਹੀਂ ਕੀਤਾ ਗਿਆ। 1958 ਵਿੱਚ ਜਦ ਪ੍ਰੋਜੈਕਟ ਉਪਰ ਕੰਮ ਚੱਲ ਰਿਹਾ ਸੀ ਤਾਂ ਭਾਰਤ ਸਰਕਾਰ ਨੇ ਅਮਰੀਕਾ ਦੇ ਲੈਂਡ ਰੀਕਲੇਮੇਸ਼ਨ ਬਿਊਰੋ (Land Reclamation Bureau) ਨੂੰ ਇਸ ਪ੍ਰੋਜੈਕਟ ਦਾ ਜਾਇਜ਼ਾ ਲੈਣ ਲਈ ਸੱਦਿਆ। ਉਸ ਟੀਮ ਨੇ ਆਪਣੀ ਰਿਪੋਰਟ ਵਿੱਚ ਕਿਹਾ, "45 ਲੱਖ ਏਕੜ ਜਮੀਨ

ਦੀ ਸਿੰਜਾਈ ਵਾਸਤੇ ਬਣਾਏ ਗਏ ਮਨਸੂਬੇ ਦਾ ਸਰਬਪੱਖੀ ਜਾਇਜ਼ਾ ਤਿਆਰ ਕਰਨ ਵਾਸਤੇ ਬਿਊਰੋ ਆਫ ਰੀਕਲੇਮੇਸ਼ਨ ਨੂੰ ਜਮੀਨ ਦੀ ਦਰਜ਼ਾਬੰਦੀ ਕਰਨ ਅਤੇ ਜ਼ਰਾਇਤੀ ਆਰਥਿਕਤਾ ਅਤੇ ਬੰਦੋਬਸਤ ਦੇ ਅਧਿਐਨ ਲਈ ਕਈ ਸਾਲ ਚਾਹੀਦੇ ਸਨ-ਇਸ ਟੀਮ ਦਾ ਖਿਆਲ ਹੈ ਕਿ ਇਹ ਬਹੁਤ ਚੰਗਾ ਹੁੰਦਾ ਜੇ ਉਸਾਰੀ ਸ਼ੁਰੂ ਕਰਨ ਤੋਂ ਪਹਿਲਾਂ ਹੋਰ ਜਾਂਚ ਪੜਤਾਲ ਕਰ ਲਈ ਜਾਂਦੀ।"

ਦਰਿਆਈ ਪਾਣੀਆਂ ਬਾਰੇ ਅੰਤਰ-ਰਾਸ਼ਟਰੀ ਵਿਦਵਾਨ ਐਲੌਇਜ਼ ਏ ਮਾਈਕਲ (Alloys A.Michael) ਨੇ "ਸਿੰਧ ਦਰਿਆ-ਬਟਵਾਰੇ ਦੇ ਅਸਰਾਂ ਦਾ ਇੱਕ ਅਧਿਐਨ" (The Indus River----A Study of the Effects of Partition) ਵਿੱਚ ਲਿਖਿਆ ਹੈ :

"ਜੇ ਵਾਸਤਵਿਕ ਪੱਖ ਤੋਂ ਵੇਖਿਆ ਜਾਵੇ ਰਾਜਸਥਾਨ ਪ੍ਰੋਜੈਕਟ, ਆਪਣੇ ਅੰਤਮ ਰੂਪ ਵਿੱਚ, ਇੱਕ ਸ਼ੱਕੀ ਮਨਸੂਬਾ ਹੈ। ਥਾਰ ਰੇਗਸਤਾਨ ਦੇ ਉੱਤਰੀ ਹਿੱਸੇ ਵਿੱਚ ਹਿੰਦੋਸਤਾਨ-ਪਾਕਿਸਤਾਨ ਸਰਹੱਦ ਦੇ ਬਰਾਬਰ ਸੱਕਰ (Sukkar) ਡੈਮ ਦੇ ਸਾਹਮਣੇ ਤੱਕ ਰਾਜਸਥਾਨ ਨਹਿਰ ਲੈ ਕੇ ਜਾਣ ਦਾ ਵਿਚਾਰ ਇੱਕ ਛਲਾਵਾ ਸੀ। 79 ਲੱਖ ਏਕੜ ਰਕਬਾ ਸਿੰਜਾਈ ਅਧੀਨ ਲਿਆਂਦਾ ਜਾ ਸਕਦਾ ਸੀ ਅਤੇ ਇਸ ਵਿੱਚੋਂ 67 ਲੱਖ ਏਕੜ ਖੇਤੀ ਬਾੜੀ ਦੇ ਕਾਬਲ ਹੋ ਸਕਦਾ ਸੀ ਭਾਵੇਂ ਕਿ ਆਪਣੇ ਮੌਜੂਦਾ ਰੂਪ ਵਿੱਚ ਇਹ ਪ੍ਰੋਜੈਕਟ 45 ਲੱਖ ਏਕੜ ਨੂੰ ਪਾਣੀ ਦੇਣ ਤੱਕ ਸੀਮਤ ਹੈ ਜਿਸ ਵਿੱਚੋਂ ਸਿਰਫ 35 ਲੱਖ ਏਕੜ ਤੇ ਸਾਲ ਵਿੱਚ ਫਸਲ ਉਗਾਈ ਜਾ ਸਕੇਗੀ। ਹਿੰਦੋਸਤਾਨ, ਮਿਸਰ, ਅਮਰੀਕਾ ਅਤੇ ਸੋਵੀਅਤ ਯੂਨੀਅਨ ਦਾ ਆਬਪਾਸ਼ੀ (ਸਿੰਜਾਈ) ਦਾ ਲੰਮਾ ਤਜਰਬਾ ਦੱਸਦਾ ਹੈ ਕਿ ਨਵੇਂ ਇਲਾਕਿਆਂ ਵਿੱਚ ਪਤਲਾ ਪਤਲਾ ਪਾਣੀ ਫੇਰਨ ਦੀ ਨਿਸਬਤ ਪੁਰਾਣੇ ਸਿੰਜੇ ਜਾ ਰਹੇ ਇਲਾਕੇ ਵਿੱਚ ਪਾਣੀ ਦੀ ਮਾਤਰਾ ਵਧਾ ਕੇ ਜ਼ਿਆਦਾ ਅਨਾਜ ਤੇ ਕਪਾਹ ਪੈਦਾ ਕੀਤੀ ਜਾ ਸਕਦੀ ਹੈ---ਪਰ ਥਾਰ ਰੇਗਸਤਾਨ ਵਿੱਚ ਪਾਣੀ ਲੈ ਕੇ ਜਾਣਾ ਆਰਥਿਕ ਤੌਰ ਤੇ ਜਾਇਜ਼ ਨਹੀਂ ਹੈ। ਬਿਆਸ, ਸਤਲੁਜ ਅਤੇ ਰਾਵੀ ਦਾ 88 ਲੱਖ ਏਕੜ ਫੁਟ ਪਾਣੀ, ਜੋ ਹਰੀਕੇ ਤੋਂ ਰਾਜਸਥਾਨ ਕਨਾਲ ਵਿੱਚ ਮੋੜਨਾ ਹੈ, ਉਸ ਦੀ ਪੂਰਬੀ ਪੰਜਾਬ ਵਿੱਚ, ਸਤਲੁਜ ਦੇ ਉੱਤਰ ਅਤੇ ਦੱਖਣ ਵਿੱਚ ਅਤੇ ਰਾਜਸਥਾਨ ਦੇ ਉੱਤਰੀ ਕਿਨਾਰਿਆਂ ਵਿੱਚ, ਜਿੱਥੇ ਬੀਕਾਨੇਰ ਨਹਿਰ ਅਤੇ ਸਰਹਿੰਦ ਫੀਡਰ ਦਾ ਪਾਣੀ ਲੱਗਦਾ ਹੈ, ਬਹੁਤ ਚੰਗੇਰੀ ਵਰਤੋਂ ਕੀਤੀ ਜਾ ਸਕਦੀ ਸੀ। ਇਸ ਦੇ ਨਾਲ, ਹਿੰਦੋਸਤਾਨ ਕੋਲ ਜੋ ਸੀਮਤ ਖਾਦਾਂ ਹਨ, ਉਨ੍ਹਾਂ ਦੀ ਘੱਟ ਰਕਬੇ ਵਿੱਚ ਵਰਤੋਂ ਕਰਕੇ, ਰਾਜਸਥਾਨ ਵਿੱਚ ਹੋਣ ਵਾਲੇ ਖਰਚ ਅਤੇ ਮਿਹਨਤ ਨੂੰ ਬਚਾਉਂਦਿਆਂ, ਪੁਰਾਣੇ ਇਲਾਕੇ ਵਿੱਚ ਪੈਦਾਵਾਰ ਦੋ ਜਾਂ ਤਿੰਨ ਗੁਣਾ ਵਧਾਈ ਜਾ ਸਕਦੀ ਸੀ। ਭਾਖੜਾ ਪ੍ਰੋਜੈਕਟ ਦਾ ਤਜਰਬਾ ਹੀ, ਜਿਸ ਨਾਲ ਸਤਲੁਜ ਦੇ ਦੱਖਣ ਵਿੱਚ 33 ਲੱਖ ਏਕੜ ਫੁੱਟ ਪਾਣੀ ਦੀ ਸਪਲਾਈ ਵਧੀ, ਇਸ ਗੱਲ ਨੂੰ ਸਾਬਤ ਕਰਦਾ ਹੈ। ਪਰ ਇਸ ਕੇਸ ਵਿੱਚ ਵੀ ਨਹਿਰ ਵਿੱਚ ਛੱਡੇ ਜਾਣ ਵਾਲੇ ਹਰ 182 ਕਿਊਸਕ ਪਾਣੀ ਵਿੱਚੋਂ 112 ਕਿਊਸਕ ਧਰਤੀ ਵਿੱਚ ਰਿਸ ਕੇ, ਭਾਫ ਬਣ ਕੇ ਅਤੇ ਪੌਦਿਆਂ ਵਿੱਚੋਂ ਬੇਫਾਇਦਾ ਉੱਡ ਕੇ ਜ਼ਾਇਆ ਹੋ ਜਾਂਦਾ ਹੈ। ਰਾਜਸਥਾਨ ਨਹਿਰ ਵਿੱਚ ਲਾਈ ਗਈ ਸੀਮਿੰਟ ਦੀ ਪਰਤ ਨਾਲ ਮੇਨ ਕਨਾਲ ਵਿੱਚ ਭਾਵੇਂ ਪਾਣੀ ਘੱਟ ਤੋਂ ਘੱਟ ਰਿਸੇਗਾ ਪਰ ਭਾਫ ਬਣ ਕੇ ਉਡਣ ਨਾਲ ਹੀ ਸਪਲਾਈ 50 ਫੀਸਦੀ ਘੱਟ ਜਾਵੇਗੀ ਅਤੇ ਕੱਚੀਆਂ ਬ੍ਰਾਂਚ

ਨਹਿਰਾਂ, ਸੂਏ, ਮਾਈਨਰ, ਸਬ ਮਾਈਨਰ, ਖਾਲ਼ਿਆਂ ਤੇ ਵੱਟਾਂ ਵਾਲੇ ਖੇਤਾਂ ਵਿੱਚ ਰਿਸਣ ਨਾਲ ਪਾਣੀ ਹੋਰ ਘੱਟ ਜਾਵੇਗਾ, ਜਿਸ ਦੀ ਆਰਥਿਕ ਲਾਭ ਵਾਲੇ ਪੌਦਿਆਂ ਨੂੰ ਲਾ ਕੇ ਉਪਯੋਗੀ ਵਰਤੋਂ ਕੀਤੀ ਜਾ ਸਕਦੀ ਸੀ"। ਵੱਡਾ ਖਰਚ ਕਰਕੇ ਅਣਉਪਜਾਊ ਰੇਗਸਤਾਨ ਵਿੱਚ ਪਾਣੀ ਲੈ ਕੇ ਜਾਣ ਦਾ ਨਤੀਜਾ ਇਹ ਹੋ ਸਕਦਾ ਹੈ ਕਿ "ਅਖੀਰ ਵਿੱਚ ਨਿਰੀ ਮਾਯੂਸੀ ਹੱਥ ਲੱਗੇ"।

ਪਿਛਲੇ 45 ਸਾਲਾਂ ਵਿੱਚ ਚੰਗੀ ਤਰ੍ਹਾਂ ਸਾਬਤ ਹੋ ਗਿਆ ਹੈ ਕਿ ਐਲੌਏਜ਼ ਏ. ਮਾਈਕਲ ਦੇ ਵਿਚਾਰ ਕਿੰਨੇ ਠੀਕ ਸਨ। ਪੰਜਾਬ ਦਾ ਤਾਂ ਭਾਵੇਂ ਬੇਹੱਦ ਨੁਕਸਾਨ ਹੋ ਚੁੱਕਾ ਹੈ ਪਰ ਰਾਜਸਥਾਨ ਨੂੰ ਕੋਈ ਖਾਸ ਫਾਇਦਾ ਨਹੀਂ ਹੋਇਆ। ਰੇਤੇ ਵਿੱਚ ਪਾਣੀ ਇਕੋ ਥਾਂ ਗਰਕ ਹੁੰਦਾ ਰਹਿੰਦਾ ਹੈ, ਅੱਗੇ ਨਹੀਂ ਤੁਰਦਾ। ਜਿੱਥੇ ਪਾਣੀ ਲੱਗ ਵੀ ਜਾਂਦਾ ਹੈ ਉਥੇ ਬਾਲੂ ਰੇਤੇ ਵਿੱਚ ਈ ਬਹੁਤੀ ਫਸਲ ਨਹੀਂ ਹੁੰਦੀ। ਰਾਜਸਥਾਨ ਨਹਿਰ ਨੇ, ਕਿਉਂਕਿ ਇਹ ਕੁਦਰਤੀ ਵਹਿਣ ਦੇ ਟੇਢੇ ਰੁਖ ਬਣਾਈ ਗਈ ਹੈ, ਪੰਜਾਬ ਦੇ ਲੰਮੇ ਚੌੜੇ ਇਲਾਕੇ ਵਿੱਚ ਸੇਗਲ ਪੈਦਾ ਕਰ ਦਿੱਤੀ ਹੈ। ਰਾਜਸਥਾਨ ਵਿੱਚ ਵੀ ਇਹ ਅਣਗਿਣਤ ਲੋਕਾਂ ਵਾਸਤੇ ਦੁੱਖ ਦਾ ਕਾਰਨ ਬਣ ਰਹੀ ਹੈ। ਰਾਜਸਥਾਨ ਵਿੱਚ ਨਹਿਰ ਦੇ ਇੱਕ ਲੰਮੇ ਹਿੱਸੇ ਹੇਠਾਂ ਜ਼ਮੀਨ ਵਿੱਚ ਪੱਥਰ ਦੀ ਤਹਿ ਹੈ, ਜਿਸ ਕਰਕੇ ਪਾਣੀ ਜ਼ਮੀਨ ਵਿੱਚ ਹੇਠਾਂ ਨਹੀਂ ਜਾਂਦਾ, ਨਤੀਜੇ ਦੇ ਤੌਰ ਤੇ ਸੇਗਲ ਆ ਗਈ ਹੈ ਅਤੇ ਫਸਲ ਨਹੀਂ ਹੋ ਸਕਦੀ। ਜੋ ਪਹਿਲਾਂ ਬਰਾਨੀ ਫਸਲ ਹੁੰਦੀ ਸੀ, ਲੋਕ ਉਸ ਤੋਂ ਵੀ ਵਾਂਝੇ ਰਹਿ ਜਾਂਦੇ ਹਨ। ਇਸ ਤੋਂ ਇਲਾਵਾ, ਇਸ ਨਹਿਰ ਨੇ ਵਾਤਾਵਰਣ ਦਾ ਸੰਤੁਲਨ ਵੀ ਵਿਗਾੜਿਆ ਹੈ।

1965 ਵਿੱਚ ਜਦੋਂ ਹਰਿਆਣਾ ਬਣਾਉਣ ਦੀ ਮੰਗ ਕੀਤੀ ਜਾ ਰਹੀ ਸੀ ਤਾਂ ਹਰਿਆਣੇ ਦੇ ਆਗੂਆਂ ਨੂੰ ਸਾਫ਼ ਪਤਾ ਸੀ ਕਿ ਪੰਜਾਬ ਨਾਲੋਂ ਅਲੱਗ ਹੋਣ ਤੋਂ ਬਾਅਦ ਪੰਜਾਬ ਦੇ ਦਰਿਆਵਾਂ ਤੇ ਉਨ੍ਹਾਂ ਦਾ ਕੋਈ ਹੱਕ ਨਹੀਂ ਰਹੇਗਾ। ਚੌਧਰੀ ਦੇਵੀ ਲਾਲ ਅਤੇ ਹੋਰ ਆਗੂਆਂ ਨੇ ਆਪਣੇ ਲੋਕਾਂ ਨੂੰ ਸਮਝਾਇਆ ਕਿ ਅਸੀਂ ਜਮਨਾ ਦੇ ਪਾਣੀ ਨਾਲ ਸਾਰ ਲਵਾਂਗੇ ਅਤੇ, ਜੇ ਲੋੜ ਪਈ ਤਾਂ, ਯੂ. ਪੀ. ਤੋਂ ਪਾਣੀ ਲੈ ਲਵਾਂਗੇ। ਇਸ ਮਤਲਬ ਦੇ ਇਸ਼ਤਿਹਾਰ ਵੀ ਉਨ੍ਹਾਂ ਨੇ ਵੰਡੇ। ਪਰ ਜਦੋਂ ਕੇਂਦਰ ਨੇ ਆਪ ਹੁਦਰੇ ਅਤੇ ਧੱਕੇ ਵਾਲੇ ਢੰਗ ਨਾਲ ਹਰਿਆਣੇ ਨੂੰ ਪੰਜਾਬ ਦੇ ਦਰਿਆਵਾਂ ਵਿੱਚੋਂ ਪਾਣੀ ਅਲਾਟ ਕਰ ਦਿੱਤਾ ਤਾਂ ਉਹ ਆਪਣੇ ਆਪ ਨੂੰ ਇਸ ਦਾ ਮਾਲਕ ਸਮਝਣ ਲੱਗ ਪਏ।

1976 ਵਿੱਚ ਸ਼੍ਰੀਮਤੀ ਇੰਦਰਾ ਗਾਂਧੀ ਨੇ ਪੰਜਾਬ ਰੀਆਰਗੇਨਾਈਜੇਸ਼ਨ ਐਕਟ, ਜੋ ਕਿ ਸੰਵਿਧਾਨ ਦੇ ਉਲਟ ਪੰਜਾਬ ਦੇ ਹੱਕ ਮਾਰਨ ਵਾਸਤੇ ਬਣਾਇਆ ਗਿਆ ਸੀ, ਦੀ ਆੜ ਵਿੱਚ ਇੱਕ ਤਰਫ਼ਾ ਫੈਸਲਾ ਕਰਕੇ, ਹਰਿਆਣਾ ਨੂੰ 35 ਲੱਖ ਏਕੜ ਫੁੱਟ, ਪੰਜਾਬ ਨੂੰ 35 ਲੱਖ ਏਕੜ ਫੁੱਟ ਅਤੇ ਰਾਜਸਥਾਨ ਨੂੰ 80 ਲੱਖ ਏਕੜ ਫੁੱਟ ਪਾਣੀ ਅਲਾਟ ਕਰ ਦਿੱਤਾ। ਪੰਜਾਬ ਨੇ ਇਸ ਵੰਡ ਦਾ ਵਿਰੋਧ ਕੀਤਾ। ਸ. ਪ੍ਰਕਾਸ਼ ਸਿੰਘ ਬਾਦਲ ਨੇ ਇਸ ਨੂੰ ਪੰਜਾਬ ਦੇ ਕਿਸਾਨਾਂ ਵਾਸਤੇ ਮੌਤ ਦੀ ਸਜ਼ਾ ਕਿਹਾ। ਪੰਜਾਬ ਦੇ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਨੂੰ ਬਹੁਤ ਚਿੰਤਾ ਹੋਈ, ਇਸ ਲਈ ਨਹੀਂ ਕਿ ਇਹ ਫੈਸਲਾ ਪੰਜਾਬ ਵਾਸਤੇ ਹਾਨੀਕਾਰਕ ਸੀ, ਬਲਕਿ ਇਸ ਲਈ ਕਿ ਇਸ ਨਾਲ ਸੂਬੇ ਦੇ ਕਿਸਾਨ ਵੋਟਰ ਉਨ੍ਹਾਂ ਦੇ ਵਿਰੁੱਧ ਹੋ ਸਕਦੇ ਸਨ। ਪਰ ਸ਼੍ਰੀਮਤੀ ਇੰਦਰਾ ਗਾਂਧੀ ਦੇ ਗੁੱਸੇ ਤੋਂ ਡਰਦਿਆਂ ਉਹ ਇਸ ਦੇ ਵਿਰੁੱਧ ਕੁਝ ਨਾ ਬੋਲੇ। ਸਗੋਂ ਉਨ੍ਹਾਂ ਨੇ ਹਰਿਆਣੇ

ਤੋਂ 2 ਕਰੋੜ ਰੁਪਏ ਐਸ. ਵਾਈ. ਐਲ. ਨਹਿਰ ਬਨਾਉਣ ਵਾਸਤੇ ਪੇਸ਼ਗੀ ਰਕਮ ਦੇ ਤੌਰ ਤੇ ਲੈ ਲਏ। ਅਜਿਹਾ ਕਿਹਾ ਜਾ ਰਿਹਾ ਹੈ ਕਿ ਬਾਅਦ ਵਿੱਚ ਇੱਕ ਹੋਰ ਕਿਸਤ ਸ. ਪ੍ਰਕਾਸ਼ ਸਿੰਘ ਬਾਦਲ ਨੇ, ਜਦੋਂ ਉਹ ਮੁੱਖ ਮੰਤਰੀ ਬਣੇ, ਸਵੀਕਾਰ ਕੀਤੀ। ਪੰਜਾਬ ਨੇ 1966 ਦੇ ਪੰਜਾਬ ਰੀਆਰਗੇਨਾਈਜੇਸ਼ਨ ਐਕਟ ਦੀ ਧਾਰਾ 78, ਜਿਸ ਦੇ ਅਧੀਨ ਇਹ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਸੀ, ਨੂੰ ਸੁਪਰੀਮ ਕੋਰਟ ਵਿੱਚ ਚੈਲੇਂਜ ਕੀਤਾ। ਐਡਵੋਕੇਟ ਹਰਦੇਵ ਸਿੰਘ ਨੇ ਬਾਦਲ ਸਾਹਿਬ ਨੂੰ ਸੁਝਾਅ ਦਿੱਤਾ ਕਿ, ਰਾਜਸਥਾਨ ਨੂੰ ਦਿੱਤੇ ਪਾਣੀ ਸਮੇਤ, ਸਾਰਾ ਪਾਣੀ ਚੈਲੇਂਜ ਕੀਤਾ ਜਾਵੇ। ਪਰ ਸਰਦਾਰ ਬਾਦਲ ਨੇ ਇਹ ਕਹਿ ਕੇ ਇਸ ਸੁਝਾਅ ਨੂੰ ਰੱਦ ਕਰ ਦਿੱਤਾ ਕਿ "ਐਨਾ ਸਖਤ ਕਦਮ ਚੁੱਕਣ ਦੀ ਲੋੜ ਨਹੀਂ"।

ਹਰਿਆਣਾ ਅਤੇ ਰਾਜਸਥਾਨ ਚਾਹੁੰਦੇ ਸਨ ਕਿ ਫੈਸਲਾ ਅਦਾਲਤ ਦੀ ਬਜਾਏ ਕਾਰਜਕਾਰ (Executive) ਪੱਧਰ ਤੇ ਹੋ ਜਾਵੇ। ਇਸ ਲਈ ਉਹ ਇਹ ਮਾਮਲਾ ਪ੍ਰਧਾਨ ਮੰਤਰੀ ਸ਼੍ਰੀ ਮੁਰਾਰਜੀ ਦੇਸਾਈ, ਜਿਨ੍ਹਾਂ ਨੇ ਸੰਨ 1977 ਵਿੱਚ ਸ੍ਰੀਮਤੀ ਇੰਦਰਾ ਗਾਂਧੀ ਦੀ ਥਾਂ ਲਈ ਸੀ ਕੋਲ ਲੈ ਗਏ। ਸ੍ਰੀ ਦੇਸਾਈ ਨੇ ਰਿਪੇਰੀਅਨ ਪੋਜ਼ੀਸ਼ਨ ਨੂੰ ਸਮਝਦਿਆਂ ਹਰਿਆਣਾ ਅਤੇ ਰਾਜਸਥਾਨ ਨੂੰ ਸਾਫ-ਸਾਫ ਕਹਿ ਦਿੱਤਾ ਕਿ ਪੰਜਾਬ ਦੇ ਦਰਿਆਵਾਂ ਉਪਰ ਉਨ੍ਹਾਂ ਦਾ ਕੋਈ ਹੱਕ ਨਹੀਂ ਹੈ। ਓਧਰ ਇਹ ਸਪੱਸ਼ਟ ਸੀ ਕਿ ਸ੍ਰੀਮਤੀ ਇੰਦਰਾ ਗਾਂਧੀ ਦਾ ਫੈਸਲਾ ਅਤੇ ਰਿਆਰਗੇਨਾਈਜੇਸ਼ਨ ਐਕਟ, ਜਿਸ ਦੇ ਅਧੀਨ ਇਹ ਫੈਸਲਾ ਦਿੱਤਾ ਗਿਆ ਸੀ, ਸੰਵਿਧਾਨ ਦੇ ਉਲਟ ਹੋਣ ਕਾਰਨ ਅਦਾਲਤ ਵਿੱਚ ਰੱਦ ਹੋ ਜਾਣਗੇ। ਇਸ ਦੌਰਾਨ ਸ੍ਰੀਮਤੀ ਇੰਦਰਾ ਗਾਂਧੀ ਵਾਪਸ ਤਾਕਤ ਵਿੱਚ ਆ ਗਏ। ਉਨ੍ਹਾਂ ਨੇ ਰਾਜਸਥਾਨ ਅਤੇ ਹਰਿਆਣੇ ਨਾਲ ਸਮਝੌਤਾ ਕਰਵਾਉਣ ਵਾਸਤੇ ਪੰਜਾਬ ਦੇ ਮੁੱਖ ਮੰਤਰੀ ਤੇ ਦਬਾਅ ਪਾਇਆ ਤਾਂ ਕਿ ਉਨ੍ਹਾਂ ਦਾ ਦਿੱਤਾ ਫੈਸਲਾ ਜਾਇਜ਼ ਬਣ ਜਾਵੇ ਅਤੇ ਕੇਸ ਸੁਪਰੀਮ ਕੋਰਟ ਤੋਂ ਵਾਪਸ ਲਿਆ ਜਾ ਸਕੇ। ਮੁੱਖ ਮੰਤਰੀ ਸਰਦਾਰ ਦਰਬਾਰਾ ਸਿੰਘ ਦਿਲੋਂ ਇਸ ਸਮਝੌਤੇ ਲਈ ਸਹਿਮਤ ਨਹੀਂ ਸਨ। ਉਹ ਕੁਰਲਾਏ ਕਿ ਮੈਥੋਂ "ਬੰਦੂਕ ਦੀ ਨੋਕ ਤੇ ਦਸਤਖਤ ਕਰਵਾਏ ਜਾ ਰਹੇ ਹਨ।" ਪਰ ਜਦੋਂ ਸ਼੍ਰੀਮਤੀ ਇੰਦਰਾ ਗਾਂਧੀ ਨੇ ਉਨ੍ਹਾਂ ਤੇ ਦਬਾਅ ਪਾਇਆ ਤਾਂ ਜਿੱਥੇ ਉਨ੍ਹਾਂ ਨੂੰ ਕਿਹਾ ਗਿਆ ਉਥੇ ਹੀ ਸਰਦਾਰ ਦਰਬਾਰਾ ਸਿੰਘ ਨੇ ਅੰਗੂਠਾ ਲਾ ਦਿੱਤਾ। ਕੇਸ ਸੁਪਰੀਮ ਕੋਰਟ ਤੋਂ ਵਾਪਿਸ ਲੈ ਲਿਆ ਗਿਆ।

ਅਸਲ ਵਿੱਚ ਕੋਈ ਵੀ ਮੁੱਖ ਮੰਤਰੀ, ਭਾਵੇਂ ਉਹ ਕਿਸੇ ਵੀ ਪਾਰਟੀ ਦਾ ਹੋਵੇ, ਕੇਂਦਰ ਦੀ ਮਨਸ਼ਾ ਦੇ ਉਲਟ ਨਹੀਂ ਜਾ ਸਕਿਆ, ਚਾਹੇ ਪੰਜਾਬ ਦਾ ਕਿੰਨਾ ਵੀ ਨੁਕਸਾਨ ਹੁੰਦਾ ਹੋਵੇ। ਉਨ੍ਹਾਂ ਨੂੰ ਪਤਾ ਹੈ ਕਿ ਕੇਂਦਰ ਨੂੰ ਨਾਰਾਜ਼ ਕਰਕੇ ਮੁੱਖ ਮੰਤਰੀ ਦੀ ਕੁਰਸੀ ਤੇ ਆਰਾਮ ਨਾਲ ਨਹੀਂ ਬੈਠਿਆ ਜਾ ਸਕਦਾ ਅਤੇ ਉਨ੍ਹਾਂ ਨੂੰ ਆਪਣੇ ਹਿੱਤ ਪੰਜਾਬ ਦੇ ਹਿੱਤਾਂ ਨਾਲੋਂ ਜ਼ਿਆਦਾ ਪਿਆਰੇ ਰਹੇ ਹਨ।

ਮੁੱਕਦੀ ਗੱਲ ਇਹ ਕਿ ਪੰਜਾਬ ਦੇ ਦਰਿਆਵਾਂ ਦੇ ਕੁੱਲ ਪਾਣੀ ਦਾ ਤਕਰੀਬਨ 65 ਫੀਸਦੀ ਰਾਜਸਥਾਨ ਅਤੇ ਹਰਿਆਣੇ ਦੇ ਪੇਟੇ ਪਾ ਦਿੱਤਾ ਗਿਆ ਹੈ। ਸਤਲੁਜ, ਬਿਆਸ ਅਤੇ ਰਾਵੀ ਵਿੱਚ ਕੁੱਲ ਪਾਣੀ ਸ਼ੁਰੂ ਵਿੱਚ 325 ਲੱਖ ਏਕੜ ਫੁੱਟ ਅੰਕਿਆ ਗਿਆ ਸੀ। (ਪਰ ਹੁਣ ਇਹ 285 ਲੱਖ ਏਕੜ ਫੁੱਟ ਜਾਂ ਇਸ ਤੋਂ ਵੀ ਘੱਟ ਰਹਿ ਗਿਆ ਹੈ)। ਪੰਜਾਬ ਦੇ ਦਰਿਆਵਾਂ ਦਾ ਰਾਜਸਥਾਨ 112 ਲੱਖ ਏਕੜ ਫੁੱਟ (86 ਲੱਖ ਏਕੜ

ਫੁੱਟ ਰਾਜਸਥਾਨ ਕਨਾਲ ਰਾਹੀਂ, 15 ਲੱਖ ਏਕੜ ਫੁੱਟ ਭਾਖੜਾ ਨਹਿਰ ਰਾਹੀਂ ਅਤੇ 11 ਲੱਖ ਏਕੜ ਫੁੱਟ ਬੀਕਾਨੇਰ ਨਹਿਰ ਰਾਹੀਂ) ਪਾਣੀ ਲੈਂਦਾ ਹੈ ਅਤੇ ਹਰਿਆਣਾ ਨੂੰ 60 ਲੱਖ ਏਕੜ ਫੁੱਟ (43.3 ਲੱਖ ਏਕੜ ਫੁੱਟ ਸਤਲੁਜ ਦਾ ਪਾਣੀ ਭਾਖੜਾ ਨਹਿਰ ਰਾਹੀਂ ਜਾਂਦਾ ਹੈ ਅਤੇ ਇਸ ਤੋਂ ਇਲਾਵਾ ਰਾਵੀ-ਬਿਆਸ ਸਿਸਟਮ ਵਿੱਚੋਂ ਅਲਾਟ ਕੀਤੇ 35 ਲੱਖ ਏਕੜ ਫੁੱਟ ਵਿੱਚੋਂ 16.2 ਲੱਖ ਏਕੜ ਫੁੱਟ ਵੀ ਭਾਖੜਾ ਰਾਹੀਂ ਹੀ ਪਹੁੰਚਦਾ ਹੈ। ਬਚਦਾ 18.8 ਲੱਖ ਏਕੜ ਫੁੱਟ ਝਗੜੇ ਦਾ ਕਾਰਨ ਬਣਿਆ ਹੋਇਆ ਹੈ)। ਹਰਿਆਣੇ ਨੂੰ ਕੁੱਲ ਅਲਾਟ ਕੀਤਾ ਪਾਣੀ 78.3 ਲੱਖ ਏਕੜ ਫੁੱਟ ਬਣਦਾ ਹੈ। ਇਸ ਤੋਂ ਇਲਾਵਾ ਹਰਿਆਣਾ 56 ਲੱਖ ਏਕੜ ਫੁੱਟ ਪਾਣੀ ਜਮਨਾ ਵਿੱਚੋਂ ਵੀ ਲੈਂਦਾ ਹੈ। ਇਸ ਤਰ੍ਹਾਂ ਪੰਜਾਬ ਦੇ ਕੋਲ ਤਕਰੀਬਨ 35 ਫੀਸਦੀ ਪਾਣੀ ਬਚਦਾ ਹੈ। ਦੂਜੇ ਪਾਸੇ ਪੰਜਾਬ ਦੇ ਕਿਸਾਨਾਂ ਨੂੰ ਮੌਕਾ ਬੇਮੌਕਾ ਉਪਦੇਸ਼ ਦਿੱਤੇ ਜਾਂਦੇ ਹਨ ਕਿ ਉਹੀ ਫਸਲਾਂ ਬੀਜੋ ਜੋ ਘੱਟ ਤੋਂ ਘੱਟ ਪਾਣੀ ਮੰਗਦੀਆਂ ਹਨ। ਇਹ ਇਸ ਤਰ੍ਹਾਂ ਹੈ ਜਿਵੇਂ ਕੋਈ ਡਾਕੂ ਕਿਸੇ ਨੂੰ ਲੁੱਟ ਤੋਂ ਬਾਅਦ ਉਸਨੂੰ ਨਸੀਹਤ ਕਰੇ ਕਿ ਜੋ ਕੁੱਝ ਤੇਰੇ ਕੋਲ ਬਚਿਆ ਹੈ ਉਸਨੂੰ ਸੰਕੋਚ ਨਾਲ ਵਰਤੀਂ। ਇਹ ਜ਼ਖ਼ਮਾਂ ਤੇ ਲੂਣ ਭੁੱਕਣ ਵਾਲੀ ਗੱਲ ਹੈ।

ਪੰਜਾਬ ਦੇ ਪਾਣੀਆਂ ਬਾਰੇ ਕੀਤੇ ਗਏ ਸਾਰੇ ਸਮਝੌਤੇ ਅਤੇ ਫੈਸਲੇ (1955 ਦਾ ਅੰਤਰ ਸੂਬਾਈ ਮੀਟਿੰਗ ਦਾ ਫੈਸਲਾ, ਕੇਂਦਰ ਸਰਕਾਰ ਦੀ ਸਿੰਚਾਈ ਵਜ਼ਾਰਤ ਦਾ 1976 ਦਾ ਨੋਟੀਫਿਕੇਸ਼ਨ, 1981 ਦਾ ਦਰਬਾਰਾ ਸਿੰਘ ਵਾਲਾ ਸਮਝੌਤਾ, 1985 ਦਾ ਰਾਜੀਵ-ਲੌਂਗੋਵਾਲ ਸਮਝੌਤਾ ਅਤੇ 1966 ਦੇ ਪੰਜਾਬ ਰੀਔਰਗੇਨਾਈਜੇਸ਼ਨ ਐਕਟ ਦੀਆਂ 78, 79 ਅਤੇ 80 ਧਾਰਾਵਾਂ) ਕੇਂਦਰ ਦੇ ਦਬਾਅ ਹੇਠਾਂ ਕੀਤੇ ਗਏ ਹਨ, ਬਦਨੀਅਤੀ ਵਾਲੇ ਹਨ ਅਤੇ ਸੰਵਿਧਾਨ ਦੇ ਵਿਰੁੱਧ ਹਨ। ਇੰਡੀਅਨ ਕੰਟ੍ਰੈਕਟ ਐਕਟ 1872 ਦੇ ਸੈਕਸ਼ਨ 25 ਵਿੱਚ ਕਿਹਾ ਗਿਆ ਹੈ ਕਿ ਇਵਜ਼ਾਨੇ ਤੋਂ ਬਿਨ੍ਹਾਂ ਸਮਝੌਤੇ ਦੀ ਕੋਈ ਕਾਨੂੰਨੀ ਅਹਿਮੀਅਤ ਨਹੀਂ ਹੁੰਦੀ ਅਤੇ ਇਹ ਸੰਵਿਧਾਨ ਦੇ 299 ਆਰਟੀਕਲ ਦੇ ਅਨੁਸਾਰ ਹੋਣਾ ਚਾਹੀਦਾ ਹੈ।

ਹੈਲਸਿੰਕੀ ਰੂਲਜ਼ 1966, ਜਿਸ ਨੂੰ ਇੰਟਰਨੈਸ਼ਨਲ ਲਾਅ ਐਸੋਸੀਏਸ਼ਨ ਨੇ ਮਨਜ਼ੂਰ ਕੀਤਾ ਹੈ ਅਤੇ ਜਿਸ ਉਪਰ ਹਿੰਦੁਸਤਾਨ ਨੇ ਦਸਤਖਤ ਕੀਤੇ ਹਨ, ਵਿੱਚ ਲਿਖਿਆ ਹੈ, "ਦਰਿਆਵਾਂ ਉਪਰ ਉਸੇ ਸਟੇਟ ਦਾ ਹੱਕ ਹੁੰਦਾ ਹੈ ਜਿਸ ਵਿੱਚ ਉਹ ਵਗਦੇ ਹਨ" ਜਿਵੇਂ ਕਿ ਪਹਿਲਾਂ ਵੀ ਲਿਖਿਆ ਜਾ ਚੁੱਕਿਆ ਹੈ, ਹਿੰਦੁਸਤਾਨੀ ਸੰਵਿਧਾਨ ਦੇ ਸੱਤਵੇਂ ਸ਼ਡਿਊਲ ਦੀ ਸਟੇਟ ਲਿਸਟ ਦੀ ਐਂਟਰੀ 17, ਜਿਸ ਦਾ ਦਰਿਆਵੀ ਪਾਣੀਆਂ ਨਾਲ ਸੰਬੰਧ ਹੈ, ਦੇ ਅਨੁਸਾਰ ਪੰਜਾਬ ਦੇ ਤਿੰਨਾ ਦਰਿਆਵਾਂ---ਸਤਲੁਜ, ਬਿਆਸ ਅਤੇ ਰਾਵੀ---ਦੇ ਸਾਰੇ ਪਾਣੀ ਉਪਰ ਸਿਰਫ ਪੰਜਾਬ ਦਾ ਹੱਕ ਹੈ। ਪਰ ਜੇ ਹੁਕਮਰਾਨਾਂ ਦੀ ਨੀਅਤ ਬੁਰੀ ਹੋਵੇ ਤਾਂ ਸੰਵਿਧਾਨ ਨੂੰ ਉਲੰਘਣ ਦੇ ਸੌ ਤਰੀਕੇ ਕੱਢੇ ਜਾ ਸਕਦੇ ਹਨ। ਵੈਸੇ ਵੀ ਸੰਵਿਧਾਨ ਨੂੰ ਕਦੇ ਵੀ ਬਦਲਿਆ ਜਾ ਸਕਦਾ ਹੈ। ਹਿੰਦੁਸਤਾਨ ਦਾ ਸੰਵਿਧਾਨ ਹੁਣ ਤੱਕ ਕੋਈ 60 ਵਾਰੀ ਬਦਲਿਆ ਜਾ ਚੁੱਕਾ ਹੈ।

ਰਾਜਸਥਾਨ ਪੰਜਾਬ ਦੇ ਦਰਿਆਵਾਂ ਦੇ ਸੰਬੰਧ ਵਿੱਚ ਕਦੇ ਵੀ ਰਿਪੇਰੀਅਨ ਨਹੀਂ ਸੀ ਅਤੇ ਇਸ ਲਈ ਇਨ੍ਹਾਂ ਦੇ ਪਾਣੀ ਉਪਰ ਇਸ ਦਾ ਕੋਈ ਹੱਕ ਨਹੀਂ ਸੀ। ਹਰਿਆਣਾ ਸੂਬੇ ਦੀ ਰਿਆਰਗੇਨਾਈਜੇਸ਼ਨ ਪਿੱਛੋਂ ਸਤਲੁਜ, ਬਿਆਸ ਅਤੇ ਰਾਵੀ ਦੇ

ਸੰਬੰਧ ਵਿੱਚ ਗੈਰ ਰਿਪੇਰੀਅਨ ਬਣ ਗਿਆ, ਜਿਵੇਂ ਕਿ ਜਮਨਾ ਦੇ ਸੰਬੰਧ ਵਿੱਚ ਪੰਜਾਬ ਗੈਰ ਰਿਪੇਰੀਅਨ ਬਣ ਗਿਆ ਜਦੋਂ ਪੰਜਾਬ ਨੇ ਇਹ ਦਲੀਲ ਦਿੱਤੀ ਕਿ ਜੇ ਹਰਿਆਣਾ ਪੰਜਾਬ ਦੇ ਦਰਿਆਵਾਂ ਵਿੱਚੋਂ ਪਾਣੀ ਲੈਂਦਾ ਹੈ ਤਾਂ ਇਸ ਨੂੰ ਜਮਨਾ ਦੇ ਪਾਣੀ ਵਿੱਚੋਂ ਹਿੱਸਾ ਮਿਲਣਾ ਚਾਹੀਦਾ ਹੈ, ਤਾਂ ਇਸ ਨੂੰ ਜਵਾਬ ਮਿਲਿਆ ਕਿ ਇਹ ਜਮਨਾ ਦੇ ਪਾਣੀ ਤੇ ਹੱਕ ਨਹੀਂ ਜਤਾ ਸਕਦਾ ਕਿਉਂਕਿ ਇਹ ਰੀਆਰਗੇਨਾਈਜੇਸ਼ਨ ਤੋਂ ਬਾਅਦ ਗੈਰ ਰਿਪੇਰੀਅਨ ਬਣ ਗਿਆ ਹੈ ਅਤੇ ਹਰਿਆਣਾ ਜੋ ਪੰਜਾਬ ਦੇ ਦਰਿਆਵਾਂ ਦਾ ਪਾਣੀ ਲੈ ਰਿਹਾ ਹੈ ਉਹ ਪੰਜਾਬ ਰੀਆਰਗੇਨਾਈਜੇਸ਼ਨ ਐਕਟ 1966 ਸਦਕਾ ਹੈ।

ਸਰਦਾਰ ਪ੍ਰੀਤਮ ਸਿੰਘ ਕੁੰਮੇਦਾਨ, ਜੋ ਪੰਜਾਬ ਦੇ ਦਰਿਆਈ ਪਾਣੀਆਂ ਦੇ ਮਸ਼ਹੂਰ ਮਾਹਿਰ ਹਨ, ਨੇ ਇਸ ਮਾਮਲੇ ਵਿੱਚ ਲਿਖਿਆ ਹੈ, "ਸੰਵਿਧਾਨ ਦੇ ਨਿਯਮਾਂ ਅਨੁਸਾਰ ਜਦੋਂ ਸੂਬੇ ਪੁਨਰਗਠਤ ਕੀਤੇ ਜਾਂਦੇ ਹਨ ਅਤੇ ਨਵੇਂ ਸੂਬੇ ਬਣਦੇ ਹਨ ਤਾਂ ਕਦੇ ਵੀ ਦਰਿਆਈ ਪਾਣੀ ਨਹੀਂ ਵੰਡੇ ਜਾਂਦੇ, ਕਿਉਂਕਿ ਪਾਣੀ ਵੰਡਣਯੋਗ ਅਸਾਸਾ (ਅਸੈਟ) ਨਹੀਂ ਹੈ ਅਤੇ ਇਹ ਜਮੀਨ ਦੇ ਨਾਲ ਹੀ ਰਹਿੰਦਾ ਹੈ।"

"1953 ਵਿੱਚ ਗੋਦਾਵਰੀ, ਕ੍ਰਿਸ਼ਨਾ ਦਰਿਆ ਅਤੇ ਕਾਵੇਰੀ ਸੰਯੁਕਤ ਮਦਰਾਸ ਸੂਬੇ ਵਿੱਚ ਵਗਦੇ ਸਨ। ਨਵੰਬਰ 1953 ਵਿੱਚ ਆਂਧਰਾ ਪ੍ਰਦੇਸ਼ ਬਣਨ ਤੋਂ ਬਾਅਦ ਮਦਰਾਸ ਨੂੰ ਗੋਦਾਵਰੀ ਅਤੇ ਕ੍ਰਿਸ਼ਨਾ ਵਿੱਚੋਂ ਇੱਕ ਬੂੰਦ ਵੀ ਪਾਣੀ ਨਹੀਂ ਮਿਲਿਆ ਕਿਉਂਕਿ ਇਹ ਇਨ੍ਹਾਂ ਦਰਿਆਵਾਂ ਦਾ ਰਿਪੇਰੀਅਨ ਨਹੀਂ ਰਿਹਾ ਸੀ। ਇਸੇ ਤਰ੍ਹਾਂ ਆਂਧਰਾ ਨੂੰ ਕਾਵੇਰੀ ਵਿੱਚੋਂ ਕੋਈ ਪਾਣੀ ਨਹੀਂ ਮਿਲਿਆ ਕਿਉਂਕਿ ਇਹ ਇਸਦਾ ਰਿਪੇਰੀਅਨ ਨਹੀਂ ਰਿਹਾ ਸੀ। ਕਾਨੂੰਨ ਅਤੇ ਸੰਵਿਧਾਨ ਦੇ ਮੁਤਾਬਿਕ ਕਿਸੇ ਦਰਿਆ ਦੇ ਪਾਣੀ ਤੇ ਸਿਰਫ ਰਿਪੇਰੀਅਨ ਸੂਬੇ ਹੀ ਹੱਕ ਜਤਾ ਸਕਦੇ ਹਨ।

"ਜਦੋਂ 1874 ਵਿੱਚ ਬੰਗਾਲ ਨਾਲੋਂ ਅਸਾਮ ਵੱਖ ਹੋਇਆ, 1901 ਵਿੱਚ ਪੰਜਾਬ ਨਾਲੋਂ ਨਾਰਥ ਵੈਸਟਰਨ ਫਰੰਟੀਅਰ ਪ੍ਰੋਵਿੰਸ ਅਲੱਗ ਹੋਇਆ, ਬੰਗਾਲ 1905 ਵਿੱਚ ਤਕਸੀਮ ਹੋਇਆ ਅਤੇ 1912 ਵਿੱਚ ਫੇਰ ਇਕੱਠਾ ਹੋਇਆ, 1912 ਵਿੱਚ ਬਿਹਾਰ-ਉੜੀਸਾ ਬੰਗਾਲ ਨਾਲੋਂ ਅਲੱਗ ਹੋਏ, 1936 ਵਿੱਚ ਉੜੀਸਾ ਬਿਹਾਰ ਨਾਲੋਂ ਜੁਦਾ ਹੋਇਆ, 1936 ਵਿੱਚ ਸਿੰਧ ਬੰਬਈ ਨਾਲੋਂ ਅੱਡ ਹੋਇਆ, 1953 ਵਿੱਚ ਆਂਧਰਾ ਬਣਿਆ, 1960 ਵਿੱਚ ਬੰਬਈ ਵਿੱਚੋਂ ਗੁਜਰਾਤ ਅਤੇ ਮਹਾਰਾਸ਼ਟਰ ਬਣੇ, 1972 ਵਿੱਚ ਪੂਰਬੀ ਸਟੇਟਾਂ ਬਣੀਆਂ, ਅਤੇ 2000 ਵਿੱਚ ਝਾਰਖੰਡ, ਉਤਰਾਖੰਡ ਅਤੇ ਛੱਤੀਸਗੜ੍ਹ ਬਣੇ----ਪਾਣੀ ਦੀ ਵੰਡ ਨਹੀਂ ਕੀਤੀ ਗਈ"।

ਸੂਬਿਆਂ ਦੀਆਂ ਇਹਨਾਂ ਸਾਰੀਆਂ ਤਕਸੀਮਾਂ ਨੇ ਨਤੀਜਾ ਵੱਜੋਂ ਕਦੇ ਵੀ ਦਰਿਆਵਾਂ ਦੇ ਪਾਣੀ ਤਕਸੀਮ ਨਹੀਂ ਕੀਤੇ ਗਏ। ਪੰਜਾਬ ਨੂੰ ਛੱਡ ਕੇ ਹਿੰਦੁਸਤਾਨ ਵਿੱਚ ਕਿਸੇ ਵੀ ਸੂਬੇ ਦਾ ਦਰਿਆਈ ਪਾਣੀ ਨਹੀਂ ਖੋਹਿਆ ਗਿਆ।

ਰਾਜਸਥਾਨ ਅਤੇ ਹਰਿਆਣਾ ਪੰਜਾਬ ਦੇ ਦਰਿਆਵਾਂ ਵਿੱਚੋਂ ਹਰ ਸਾਲ 18200 ਕਰੋੜ ਰੁਪਏ ਦਾ ਪਾਣੀ ਮੁਫਤੋ ਮੁਫਤ ਲੈ ਜਾਂਦੇ ਹਨ। ਰਾਜਸਥਾਨ ਨੂੰ ਹਰ ਸਾਲ ਤਕਰੀਬਨ 11500 ਕਿਊਸਿਕ ਪਾਣੀ ਅਤੇ ਹਰਿਆਣੇ ਨੂੰ 6700 ਕਿਊਸਿਕ ਪਾਣੀ ਜਾਂਦਾ ਹੈ। ਇਸ ਕਿਊਸਿਕ ਪਾਣੀ ਦੀ ਅੱਜ ਕੱਲ੍ਹ ਕੀਮਤ, ਸੈਂਟਰਲ ਵਾਟਰ ਐਂਡ ਪਾਵਰ ਕਮਿਸ਼ਨ ਅਨੁਸਾਰ, ਇੱਕ ਕਰੋੜ ਰੁਪਏ ਮੰਨੀ ਜਾਂਦੀ ਹੈ।

ਇਨਸਾਫ ਲੈਣ ਵਾਸਤੇ ਇੱਕ ਹੋਰ ਯਤਨ 1983 ਵਿੱਚ ਕੀਤਾ ਗਿਆ।

ਕਿਸਾਨਾਂ ਦੀ ਇੱਕ ਜਥੇਬੰਦੀ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਰਿੱਟ ਦਾਇਰ ਕੀਤੀ। ਚੀਫ ਜਸਟਿਸ ਐੱਸ. ਐਸ. ਸੰਧਾਵਾਲੀਆ ਨੇ ਰਿੱਟ ਦਾਖਿਲ ਕਰਕੇ ਇਸ ਦੀ ਸੁਣਵਾਈ, ਆਪਣੀ ਅਗਵਾਈ ਵਾਲੇ ਫੁੱਲ ਬੈਂਚ ਦੁਆਰਾ, ਦੋ ਦਿਨਾਂ ਬਾਅਦ 25 ਨਵੰਬਰ 1983 ਨੂੰ ਨਿਸਚਤ ਕੀਤੀ। ਪਰ ਇਹਨਾਂ ਦੋ ਦਿਨਾਂ ਵਿੱਚ ਹੀ ਚੀਫ ਜਸਟਿਸ ਨੂੰ ਬਦਲ ਕੇ ਬਿਹਾਰ ਹਾਈ ਕੋਰਟ ਪਟਨਾ ਵਿੱਚ ਭੇਜ ਦਿੱਤਾ ਗਿਆ ਅਤੇ ਕੇਸ ਨੂੰ ਇਹ ਕਹਿ ਕੇ ਕਿ ਇਹ ਬਹੁਤ ਜੰਤਕ ਮਹੱਤਵ ਵਾਲਾ ਮਾਮਲਾ ਹੈ, ਗਲਤ ਤਰੀਕੇ ਨਾਲ, ਸੁਪਰੀਮ ਕੋਰਟ ਨੂੰ ਦੇ ਦਿੱਤਾ ਗਿਆ। ਉਥੇ ਪਤਾ ਨਹੀਂ ਇਸ ਦਾ ਕੀ ਬਣਿਆ।

ਬਹੁਤ ਖ਼ੂਨ ਖਰਾਬੇ ਤੋਂ ਬਾਅਦ ਸੰਨ 1985 ਵਿੱਚ ਕੇਂਦਰ ਨੇ ਪੰਜਾਬ ਉਪਰ ਰਾਜੀਵ-ਲੌਂਗੋਵਾਲ ਸਮਝੌਤਾ ਠੋਸ ਦਿੱਤਾ। ਇੱਕ ਵਾਰੀ ਫੇਰ ਕੇਂਦਰ ਨੇ ਉਸੇ ਪੁਰਾਣੀ ਬਾਂਦਰ ਵੰਡ ਨੂੰ ਪੱਕਾ ਕਰਨ ਦਾ ਯਤਨ ਕੀਤਾ। ਇਸ ਵਿੱਚ ਲਿਖਿਆ ਗਿਆ ਕਿ ਇੱਕ ਟ੍ਰਿਬਿਊਨਲ ਬਣਾਇਆ ਜਾਵੇਗਾ ਜੋ ਪੰਜਾਬ ਦੇ ਪਾਣੀਆਂ ਵਿੱਚ ਰਾਜਸਥਾਨ, ਹਰਿਆਣਾ ਅਤੇ ਪੰਜਾਬ ਦੇ ਹਿੱਸੇ ਨਿਸ਼ਚਿਤ ਕਰੇਗਾ, ਅਤੇ ਪੰਜਾਬ ਆਪਣੇ ਇਲਾਕੇ ਵਿੱਚ ਐਸ. ਵਾਈ. ਐਲ. ਨਹਿਰ ਮੁਕੰਮਲ ਕਰੇਗਾ। ("ਧਰਮ ਯੁੱਧ ਮੋਰਚਾ", ਜਿਸਦੇ ਕਾਰਨ ਦਰਬਾਰ ਸਾਹਿਬ ਦੀ ਤਬਾਹੀ ਹੋਈ, ਹਜ਼ਾਰਾਂ ਸਿੱਖ ਮਾਰੇ ਗਏ ਅਤੇ ਬੇਸ਼ੁਮਾਰ ਘਰ ਬਾਰ ਉੱਜੜ ਗਏ, ਇਸ ਨਹਿਰ ਨੂੰ ਬਣਨੋਂ ਰੋਕਣ ਵਾਸਤੇ ਹੀ ਸ਼ੁਰੂ ਕੀਤਾ ਗਿਆ ਸੀ)। ਸ੍ਰੀ ਲੌਂਗੋਵਾਲ ਦਾ ਤਾਂ ਆਪਣਾ ਸਿਆਸੀ ਮਕਸਦ ਸੀ ਪਰ ਇਸ ਸਮਝੌਤੇ ਨਾਲ ਪੰਜਾਬ ਨੂੰ ਕੱਖ ਫ਼ਾਇਦਾ ਨਹੀਂ ਪਹੁੰਚਿਆ, ਬਲਕਿ ਇਹ ਜ਼ਰੂਰ ਹੋਇਆ ਕਿ ਸ੍ਰੀ. ਲੌਂਗੋਵਾਲ ਨੇ ਪੰਜਾਬ ਦੇ ਪਾਣੀਆਂ ਤੇ ਰਾਜਸਥਾਨ ਅਤੇ ਹਰਿਆਣੇ ਦਾ ਹੱਕ ਮੰਨ ਲਿਆ। ਇਸ ਸਮਝੌਤੇ ਅਧੀਨ ਸ੍ਰੀ. ਸੁਰਜੀਤ ਸਿੰਘ ਬਰਨਾਲਾ ਨੇ ਐਸ. ਵਾਈ. ਐਲ. ਨਹਿਰ ਬਨਾਉਣ ਲਈ ਆਪਣੀ ਪੂਰੀ ਵਾਹ ਲਾਈ। ਆਪਣੀ ਥੋੜ੍ਹੇ ਅਰਸੇ ਦੀ ਚੀਫਮਨਿਸਟਰੀ ਦੌਰਾਨ ਬਰਨਾਲਾ ਜੀ ਨੇ ਪੰਜਾਬ ਵਿੱਚ ਬਣੀ ਇਸ ਨਹਿਰ ਦਾ 90 ਫੀਸਦੀ ਹਿੱਸਾ ਬਣਾਇਆ। ਅਖੀਰ "ਜਨਰਲ" ਲਾਭ ਸਿੰਘ ਆਦਿ "ਅੱਤਵਾਦੀਆਂ" ਦੁਆਰਾ ਕਈ ਇੰਜੀਨੀਅਰ ਅਤੇ ਬਹੁਤ ਸਾਰੇ ਮਜ਼ਦੂਰ ਮਾਰ ਦੇਣ ਕਰਕੇ ਨਹਿਰ ਦਾ ਬਣਨਾ ਰੁੱਕ ਗਿਆ ਨਹੀਂ ਤਾਂ ਇਸ ਵਿੱਚ ਪਾਣੀ ਵਗਦਾ ਹੋਣਾ ਸੀ।

ਪੰਜਾਬ ਦੇ ਆਗੂ ਅਤੇ ਅਫ਼ਸਰ ਜਦ ਪੰਜਾਬ ਦੇ ਪਾਣੀਆਂ ਬਾਰੇ ਗੱਲ ਕਰਦੇ ਹਨ ਜਾਂ ਕਿਸੇ ਟ੍ਰਿਬਿਊਨਲ ਜਾਂ ਅਦਾਲਤ ਵਿੱਚ ਕੇਸ ਪੇਸ਼ ਕਰਦੇ ਹਨ, ਤਾਂ ਇਹ ਕਦੇ ਨਹੀਂ ਕਹਿੰਦੇ ਕਿ ਪੰਜਾਬ ਦੇ ਦਰਿਆਵਾਂ ਉਪਰ ਰਾਜਸਥਾਨ ਅਤੇ ਹਰਿਆਣੇ ਦਾ ਕੋਈ ਹੱਕ ਨਹੀਂ ਅਤੇ ਉਨ੍ਹਾਂ ਨੂੰ ਇਨ੍ਹਾਂ ਦਰਿਆਵਾਂ ਵਿੱਚੋਂ ਕੋਈ ਪਾਣੀ ਨਹੀਂ ਮਿਲਣਾ ਚਾਹੀਦਾ। ਬਲਕਿ ਇਹ ਮੰਨ ਕੇ ਚਲਦੇ ਹਨ ਕਿ ਪੰਜਾਬ ਦਾ ਪਾਣੀ ਵੰਡਣ ਯੋਗ ਹੈ। ਮੰਗ ਸਿਰਫ ਇਹ ਉਠਾਉਂਦੇ ਹਨ ਕਿ ਹਰਿਆਣੇ ਨੂੰ ਘੱਟ ਪਾਣੀ ਮਿਲਣਾ ਚਾਹੀਦਾ ਹੈ। ਕਿਉਂਕਿ ਜੇ ਹਰਿਆਣੇ ਨੂੰ ਅਲਾਟ ਕੀਤਾ ਗਿਆ ਸਾਰਾ ਪਾਣੀ ਉਸ ਸੂਬੇ ਨੂੰ ਪਹੁੰਚਾਉਣਾ ਹੈ ਤਾਂ ਐਸ. ਵਾਈ. ਐਲ ਨਹਿਰ ਬਨਾਉਣੀ ਪਵੇਗੀ ਅਤੇ ਇਹ ਨਹਿਰ ਬਨਾਉਣੀ ਅੱਜ ਕੱਲ੍ਹ ਦੇ ਹਾਲਾਤ ਵਿੱਚ ਪੰਜਾਬ ਦੇ ਲੀਡਰਾਂ ਵਾਸਤੇ ਜਾਨ ਜੋਖੋਂ ਦਾ ਕੰਮ ਹੈ। ਜੇ ਇਹ ਨਹਿਰ ਨਹੀਂ ਬਣਦੀ ਤਾਂ 18.8 ਲੱਖ ਏਕੜ ਫੁੱਟ ਪਾਣੀ ਪੰਜਾਬ ਕੋਲ ਰਹਿ ਜਾਂਦਾ ਹੈ। ਜਿਹੜੇ ਤਿੰਨ ਚਾਰ ਕੇਸ ਪੰਜਾਬ ਦੇ ਪਾਣੀ ਬਾਰੇ ਸੁਪਰੀਮ

ਕੋਰਟ ਵਿੱਚ ਚੱਲ ਰਹੇ ਹਨ ਉਹ ਸਿਰਫ ਰਾਵੀ ਬਿਆਸ ਦੇ ਪਾਣੀ ਬਾਰੇ ਹਨ ਅਤੇ ਹਰਿਆਣੇ ਦੇ ਖਿਲਾਫ ਹਨ। ਰਾਜਸਥਾਨ ਬਾਰੇ ਕੋਈ ਜ਼ਿਕਰ ਨਹੀਂ। ਜੇ ਇਹ ਸਾਰੇ ਕੇਸ ਪੰਜਾਬ ਦੇ ਹੱਕ ਵਿੱਚ ਹੋ ਵੀ ਜਾਣ ਤਾਂ ਪੰਜਾਬ ਸਿਰਫ 18.8 ਲੱਖ ਏਕੜ ਫੁੱਟ ਪਾਣੀ ਹਰਿਆਣੇ ਨੂੰ ਦੇਣ ਤੋਂ ਬਰੀ ਹੋ ਜਾਂਦਾ ਹੈ। ਇਸ ਤੋਂ ਵੱਧ ਕੋਈ ਫਾਇਦਾ ਨਹੀਂ ਹੁੰਦਾ। ਜਿਹੜਾ 112 ਲੱਖ ਏਕੜ ਫੁੱਟ ਪਾਣੀ ਰਾਜਸਥਾਨ ਨੂੰ ਦਿੱਤਾ ਗਿਆ ਹੈ ਅਤੇ ਜਿਹੜਾ ਪੰਜਾਬ ਦੇ ਦਰਿਆਵਾਂ ਦੇ ਕੁੱਲ ਪਾਣੀ ਦਾ ਲਗਭਗ 40 ਫੀਸਦੀ ਬਣਦਾ ਹੈ, ਉਸ ਬਾਰੇ ਕਿਤੇ ਕੋਈ ਇਤਰਾਜ਼ ਨਹੀਂ ਉਠਾਇਆ ਗਿਆ।

ਇਹ ਖਾਸ ਤੌਰ ਤੇ ਚੇਤੇ ਰੱਖਣ ਵਾਲੀ ਗੱਲ ਹੈ ਕਿ ਪੰਜਾਬ ਦੇ ਪਾਣੀਆਂ ਬਾਰੇ ਫੈਸਲਾ ਕਰਨ ਦਾ ਅਧਿਕਾਰ, ਸੰਵਿਧਾਨ ਦੇ ਅਨੁਸਾਰ, ਕਿਸੇ ਪ੍ਰਧਾਨ ਮੰਤਰੀ ਜਾਂ ਕਿਸੇ ਮੁੱਖ ਮੰਤਰੀ ਜਾਂ ਹੋਰ ਕਿਸੇ ਵੀ ਵਿਅਕਤੀ ਨੂੰ ਨਹੀਂ। ਹਿੰਦੋਸਤਾਨ ਦੀ ਪਾਰਲੀਮੈਂਟ ਵੀ ਇਸ ਬਾਰੇ ਕੋਈ ਫੈਸਲਾ ਕਰਨ ਦਾ ਹੱਕ ਨਹੀਂ ਰੱਖਦੀ। ਇਹ ਹੱਕ ਸਿਰਫ ਅਤੇ ਸਿਰਫ ਪੰਜਾਬ ਵਿਧਾਨ ਸਭਾ ਨੂੰ ਹਾਸਿਲ ਹੈ।

ਪੰਜਾਬ ਵਿੱਚ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਦੇ ਸਮੇਂ ਹਰਿਆਣੇ ਦੀ ਦਰਖਾਸਤ ਤੇ ਸੁਪਰੀਮ ਕੋਰਟ ਨੇ ਪੰਜਾਬ ਨੂੰ ਆਪਣੇ ਇਲਾਕੇ ਵਿੱਚ ਐਸ. ਵਾਈ. ਐਲ. ਨਹਿਰ ਦੀ ਉਸਾਰੀ ਪੂਰੀ ਕਰਨ ਦਾ ਹੁਕਮ ਚਾੜ੍ਹ ਦਿੱਤਾ। ਕੇਂਦਰ ਸਰਕਾਰ ਕਸੂਤੀ ਫਸ ਗਈ ਕਿਉਂਕਿ ਸੁਪਰੀਮ ਕੋਰਟ ਨੇ ਕੇਂਦਰ ਨੂੰ ਨਹਿਰ ਬਨਾਉਣ ਲਈ ਆਪਣਾ ਕੋਈ ਸੰਗਠਨ 20 ਜੁਲਾਈ 2004 ਤੱਕ ਨਾਮਜ਼ਦ ਕਰਨ ਦਾ ਹੁਕਮ ਦਿੱਤਾ। ਇਸ ਵਿੱਚੋਂ ਨਿਕਲਣ ਲਈ ਕੇਂਦਰ ਨੇ ਫਟਾ ਫਟ ਅੰਤਰਰਾਜ਼ੀ ਸਮਝੌਤਿਆਂ ਨੂੰ ਤੋੜਨ ਦੇ ਇਕ ਕਾਨੂੰਨ ਦਾ ਖਰੜਾ ਤਿਆਰ ਕਰਵਾ ਲਿਆ ਜੋ ਪੰਜਾਬ ਵਿਧਾਨ ਸਭਾ ਤੋਂ ਪਾਸ ਕਰਵਾਉਣ ਲਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕੋਲ ਭੇਜ ਦਿੱਤਾ। ਮੁੱਖ ਮੰਤਰੀ ਅਪਾਤਕਾਲੀਨ ਸਥਿਤੀ ਨਾਲ ਨਿਪਟਣ ਲਈ ਵਿਧਾਨ ਸਭਾ ਦਾ ਵਿਸ਼ੇਸ ਸਮਾਗਮ ਵਿੱਚ ਲੈ ਗਏ। ਆਪਣੇ ਨਾਲ ਮੁੱਖ ਮੰਤਰੀ ਵਿਰੋਧੀ ਧਿਰ ਦੇ ਆਗੂ ਸ. ਪ੍ਰਕਾਸ਼ ਸਿੰਘ ਬਾਦਲ ਨੂੰ ਵੀ ਲੈ ਗਏ ਅਤੇ ਗਵਰਨਰ ਸਾਹਿਬ ਨੇ ਬਿਨਾ ਕਾਨੂੰਨੀ ਪੁਣਛਾਣ ਕਰਨ ਦੇ ਫਟਾਫਟ ਦਸਤਖਤ ਕਰਕੇ ਇਸ ਨੂੰ ਕਾਨੂੰਨ ਦਾ ਰੂਪ ਦੇ ਦਿੱਤਾ। ਕੇਵਲ ਮੂਰਖ ਲੋਕ ਹੀ ਇਹ ਸੋਚ ਸਕਦੇ ਹਨ ਕਿ ਗਵਰਨਰ ਸਾਹਿਬ ਨੇ ਇਹ ਸਾਰਾ ਕੁਝ ਕੇਂਦਰ ਦੀ ਪ੍ਰਵਾਨਗੀ ਤੋਂ ਵਗੈਰ ਹੀ ਕਰ ਦਿੱਤਾ। ਪ੍ਰੰਤੂ ਜਿਹੜਾ ਪਾਣੀ ਹਰਿਆਣਾ ਅਤੇ ਰਾਜਸਥਾਨ ਨੂੰ ਜਾ ਰਿਹਾ ਸੀ ਉਸ ਦੀ ਸਪਲਾਈ (ਧਾਰਾ 5 ਰਾਹੀਂ) ਕਾਇਮ ਰੱਖੀ ਗਈ। ਮਕਸਦ ਸਿਰਫ ਨਹਿਰ ਦੀ ਉਸਾਰੀ ਨੂੰ ਟਾਲਣਾ ਸੀ, ਪੰਜਾਬ ਦੇ ਖੋਹੇ ਗਏ ਪਾਣੀਆਂ ਨੂੰ ਵਾਪਸ ਲੈਣਾ ਨਹੀਂ ਸੀ। ਜੇ ਨਹਿਰ ਦੀ ਉਸਾਰੀ ਕਰਨੀ ਪੈਂਦੀ ਤਾਂ ਪੰਜਾਬ ਦੇ ਹਾਲਾਤ ਫੇਰ ਵਿਗੜ ਸਕਦੇ ਸਨ ਜੋ ਕਿ ਬਹੁਤ ਮੁਸ਼ਕਿਲ ਨਾਲ ਕਾਬੂ ਕੀਤੇ ਗਏ ਸਨ। ਕੇਂਦਰ ਵਾਲਿਆਂ ਨੇ ਇੱਕ ਤੀਰ ਨਾਲ ਦੋ ਸ਼ਿਕਾਰ ਮਾਰ ਲਏ---ਨਹਿਰ ਬਨਾਉਣ ਤੋਂ ਵੀ ਖਹਿੜਾ ਛੁਡਾ ਲਿਆ ਅਤੇ ਪਾਣੀ ਵੀ ਉਸੇ ਤਰ੍ਹਾਂ ਰਾਜਸਥਾਨ ਅਤੇ ਹਰਿਆਣੇ ਨੂੰ ਜਾਂਦਾ ਰਹਿਣ ਦਿੱਤਾ। ਕੇਂਦਰ ਨੇ ਆਪਣੇ ਆਪ ਨੂੰ ਤਾਂ ਮੁਸੀਬਤ ਤੋਂ ਬਚਾ ਲਿਆ, ਪਰ ਪੰਜਾਬ ਦੀ ਪਿੱਠ ਵਿੱਚ ਇੱਕ ਨਵਾਂ ਛੁਰਾ ਮਾਰ ਦਿੱਤਾ। ਇਹ ਭੁੱਲਣਾ ਨਹੀਂ ਚਾਹੀਦਾ ਕਿ ਜਦੋਂ ਸ੍ਰੀਮਤੀ ਇੰਦਰਾ ਗਾਂਧੀ ਐਸ. ਵਾਈ. ਐਲ. ਨਹਿਰ ਦਾ ਉਦਘਾਟਨ ਕਰਨ ਕਪੂਰੀ ਪਿੰਡ ਆਏ ਸਨ ਤਾਂ ਕੈਪਟਨ ਅਮਰਿੰਦਰ

ਸਿੰਘ ਨੇ ਉਨ੍ਹਾਂ ਦਾ ਸਵਾਗਤ ਕੀਤਾ ਸੀ।

ਇਹ ਪਾਣੀ ਨਹੀਂ, ਸਹੀ ਅਰਥਾਂ ਵਿੱਚ ਇਹ ਪੰਜਾਬ ਦਾ ਲਹੂ ਹੈ ਜੋ ਨਸਲ ਦਰ ਨਸਲ ਕੱਢਿਆ ਜਾ ਰਿਹਾ ਹੈ। ਦੋ ਸੌ ਸਾਲ ਪਹਿਲਾਂ ਪੰਜਾਬੀਆਂ ਨੇ ਹਜ਼ਾਰਾਂ ਸਾਲਾਂ ਤੋਂ ਉੱਤਰ ਵੱਲੋਂ ਆ ਕੇ ਲੁੱਟ ਮਾਰ ਕਰਦੇ ਰਹੇ ਹਮਲਾਵਰਾਂ ਨੂੰ ਹਮੇਸ਼ਾਂ ਲਈ ਰੋਕ ਦਿੱਤਾ ਸੀ। ਹੁਣ ਪੂਰਬ ਵੱਲੋਂ ਲੁੱਟ ਹੋ ਰਹੀ ਹੈ ਜੋ ਗੁੱਝੀ ਅਤੇ ਵਧੇਰੇ ਘਾਤਕ ਹੈ। ਜੇ ਇਸ ਨੂੰ ਨਾ ਰੋਕਿਆ ਗਿਆ ਤਾਂ ਪੰਜਾਬ ਜ਼ਰੂਰ ਬਰਬਾਦ ਹੋ ਜਾਵੇਗਾ। ਭੁੱਖੇ ਮਰਦੇ ਏਥੋਂ ਦੇ ਲੋਕ ਰੋਟੀ ਕਮਾਉਣ ਲਈ ਹੋਰਾਂ ਇਲਾਕਿਆਂ ਵਿੱਚ ਜਾਣਗੇ ਜਿੱਥੇ ਇਹਨਾਂ ਦੇ ਲੜਕੇ ਕੰਮੀਆਂ ਵਾਲੇ ਕੰਮ ਕਰਨਗੇ ਅਤੇ ਜ਼ਲੀਲ ਹੋਣਗੇ ਅਤੇ ਲੜਕੀਆਂ ਜੂਠੇ ਭਾਂਡੇ ਮਾਂਜਣਗੀਆਂ ਅਤੇ ਬੇਪਤੀਆਂ ਕਰਵਾਉਣਗੀਆਂ।

ਜਦੋਂ ਪੰਜਾਬੀ ਸੂਬਾ ਬਣਾਇਆ ਜਾ ਰਿਹਾ ਸੀ ਤਾਂ ਇਸਦੇ ਕੁਝ ਵਿਰੋਧੀਆਂ ਨੇ ਗ੍ਰਹਿ ਮੰਤਰੀ ਸ੍ਰੀ ਗੁਲਜ਼ਾਰੀ ਲਾਲ ਨੰਦਾ ਨੂੰ ਮਿਲਕੇ ਆਪਣੇ ਖਦਸ਼ੇ ਜ਼ਾਹਿਰ ਕੀਤੇ। ਗ੍ਰਹਿ ਵਿਭਾਗ ਨਵੇਂ ਸੂਬੇ ਦੀਆਂ ਹੱਦਾਂ ਅਤੇ ਇਸਦੇ ਸੋਮਿਆਂ ਦੇ ਕੰਟਰੋਲ ਦਾ ਫੈਸਲਾ ਕਰ ਰਿਹਾ ਸੀ। ਕਹਿੰਦੇ ਹਨ ਕਿ ਗ੍ਰਹਿ ਮੰਤਰੀ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਮੈਂ ਅਜਿਹਾ ਸੂਬਾ ਬਣਾਵਾਂਗਾ ਕਿ ਸਿੱਖ ਅਤੇ ਹੋਰ ਪੰਜਾਬੀ ਇਸ ਨੂੰ ਛੱਡ-ਛੱਡ ਕੇ ਭੱਜਣਗੇ। ਅੱਜ ਕੋਈ ਵੀ ਵੇਖ ਸਕਦਾ ਹੈ ਕਿ ਉਨ੍ਹਾਂ ਦੀ ਮਨਸ਼ਾ ਜਿੰਨੀ ਉਹ ਆਸ ਕਰ ਸਕਦੇ ਸੀ ਉਸ ਤੋਂ ਕਿਤੇ ਵੱਧ ਪੂਰੀ ਹੋਈ ਹੈ। ਪੰਜਾਬੀ ਆਪਣੀਆਂ ਜਮੀਨਾਂ ਵੇਚ ਕੇ ਵਿਦੇਸ਼ਾਂ ਵਿੱਚ ਰੋਜ਼ੀ ਕਮਾਉਣ ਜਾ ਰਹੇ ਹਨ, ਅਤੇ ਜੋ ਪਿੱਛੇ ਰਹਿ ਗਏ ਹਨ ਉਹ ਕੈਂਸਰ ਆਦਿ ਭਿਆਨਕ ਬਿਮਾਰੀਆਂ ਨਾਲ ਮਰ ਰਹੇ ਹਨ। ਸ੍ਰੀ ਗੁਲਜ਼ਾਰੀ ਲਾਲ ਨੰਦਾ ਜਿੱਥੇ ਕਿਤੇ ਵੀ ਉਹ ਹਨ, ਆਪਣੀ ਕਾਮਯਾਬੀ ਦੀ ਖੁਸ਼ੀ ਮਨਾ ਰਹੇ ਹੋਣਗੇ। ਪਰ ਸ੍ਰੀ ਗੁਲਜ਼ਾਰੀ ਲਾਲ ਤਾਂ ਉਸ ਮਸ਼ੀਨ ਦੇ ਸਿਰਫ ਇੱਕ ਪੁਰਜ਼ੇ ਸਨ ਜਿਸ ਦਾ ਗਠਨ 1947 ਵਿੱਚ ਕੀਤਾ ਗਿਆ ਸੀ ਪਰ ਜਿਸ ਦੀ ਫਿਤਰਤ ਸਦੀਆਂ ਪਹਿਲਾਂ ਨਿਸਚਤ ਹੋ ਚੁੱਕੀ ਸੀ।

ਜੇ ਪੰਜਾਬ ਦਾ ਖੋਹਿਆ ਹੋਇਆ ਪਾਣੀ ਪੰਜਾਬ ਨੂੰ ਮਿਲ ਜਾਵੇ ਤਾਂ ਨਾਂ ਟਿਊਬਵੈਲ ਲਾਉਣੇ ਪੈਣ, ਨਾਂ ਧਰਤੀ ਦਾ ਪਾਣੀ ਮੁੱਕੇ, ਨਾਂ ਡੀਜ਼ਲ ਫੂਕਣਾ ਪਵੇ, ਨਾ ਬਿਜਲੀ ਮਚਾਉਣੀ ਪਵੇ, ਨਾ ਥਰਮਲ ਪਲਾਂਟ ਲਾਉਣੇ ਪੈਣ, ਨਾ ਕੋਇਲਾ ਖਰੀਦਣਾ ਪਵੇ, ਨਾ ਪ੍ਰਦੂਸ਼ਣ ਹੋਵੇ, ਨਾ ਬਿਮਾਰੀਆਂ ਫੈਲਣ। ਪੰਜਾਬ ਦੀ ਆਪਣੀ ਬਿਜਲੀ ਇਸਦੇ ਕਾਰਖਾਨਿਆਂ ਵਾਸਤੇ ਵਾਧੂ ਹੋ ਸਕਦੀ ਹੈ ਅਤੇ ਪੰਜਾਬ ਬਹੁਤ ਹੀ ਖੁਸ਼ਹਾਲ ਸੂਬਾ ਬਣ ਸਕਦਾ ਹੈ। ਪਰ ਅੱਜ ਹਾਲਤ ਇਹ ਹੈ ਕਿ ਪੰਜਾਬ ਬਹੁਤ ਬੁਰੀ ਤਰ੍ਹਾਂ ਫਸ ਚੁੱਕਿਆ ਹੈ। ਇਸ ਦੇ ਲੋਕ ਭਾਵੇਂ ਕਿੰਨੀ ਹੀ ਮਿਹਨਤ ਕਰ ਲੈਣ, ਭਾਵੇਂ ਇੱਕ ਡੰਗ ਰੋਟੀ ਖਾਣ ਲੱਗ ਜਾਣ, ਪਰ ਇਹ ਆਪਣੇ ਆਪ ਨੂੰ ਬਚਾ ਨਹੀਂ ਸਕਣਗੇ। ਇਨ੍ਹਾਂ ਦੇ ਗਲ ਵਿੱਚ ਜਿਹੜਾ ਫਾਹਾ ਪਾ ਦਿੱਤਾ ਗਿਆ ਹੈ ਉਹ ਕੱਸਦਾ ਹੀ ਰਹੇਗਾ। ਜੇ ਪੰਜਾਬ ਨਾਲ ਕੀਤੀ ਜਾ ਰਹੀ ਇਹ ਬੇ ਇਨਸਾਫੀ ਬੰਦ ਨਾ ਕੀਤੀ ਗਈ ਤਾਂ ਪੰਜਾਬ ਹੀ ਨਹੀਂ ਹਿੰਦੁਸਤਾਨ ਵਾਸਤੇ ਵੀ ਇਸਦੇ ਨਤੀਜੇ ਬੁਰੇ ਨਿਕਲਣਗੇ।

2. ਹਰਾ ਇਨਕਲਾਬ : ਪੰਜਾਬ ਦੀ ਬਦਹਾਲੀ ਦਾ ਇੱਕ ਹੋਰ ਵੱਡਾ ਕਾਰਨ ਅਖੌਤੀ ਹਰਾ ਇਨਕਲਾਬ ਸੀ ਜੋ 1960 ਦੇ ਦਹਾਕੇ ਵਿੱਚ ਸ਼ੁਰੂ ਹੋਇਆ। ਅਸਲ ਵਿੱਚ ਇਹ ਪੰਜਾਬ ਦੇ ਕਿਸਾਨਾਂ ਨਾਲ ਕੀਤਾ ਗਿਆ ਇੱਕ ਬਹੁਤ ਬੁਰਾ ਧੋਖਾ ਸੀ। ਅਨਾਜ

ਦੀ ਸਖਤ ਕਮੀ ਦੇ ਕਾਰਨ ਹਿੰਦੁਸਤਾਨ ਦੀ ਭੁੱਖਮਰੀ ਵਾਲੀ ਹਾਲਤ ਸੀ। ਸਰਕਾਰ ਨੇ, ਖੇਤੀਬਾੜੀ ਯੂਨੀਵਰਸਿਟੀ ਨੇ ਅਤੇ ਮਲਟੀ ਨੈਸ਼ਨਲ ਕੰਪਨੀਆਂ ਨੇ ਪੰਜਾਬ ਦੇ ਕਿਸਾਨਾਂ ਨੂੰ ਵੱਧ ਤੋਂ ਵੱਧ ਪੈਦਾਵਾਰ ਕਰਨ ਵਾਸਤੇ ਉਕਸਾਇਆ। ਬੈਂਕਾਂ ਅਤੇ ਹੋਰ ਏਜੰਸੀਆਂ ਨੇ ਖੁੱਲ੍ਹੇ ਕਰਜ਼ੇ ਦਿੱਤੇ। ਪੰਜਾਬ ਵਿੱਚ 4 ਲੱਖ ਟਰੈਕਟਰ ਹਨ। ਜੇ ਇੱਕ ਟਰੈਕਟਰ ਦੀ, ਹੋਰ ਸੰਦਾਂ ਸਮੇਤ, ਘੱਟ ਤੋਂ ਘੱਟ ਕੀਮਤ 5 ਲੱਖ ਰੁਪਏ ਅੰਕੀ ਜਾਵੇ ਤਾਂ ਇਹ ਖਰਚ 20000 ਕਰੋੜ ਰੁਪਏ ਬਣਦਾ ਹੈ। ਸਾਲ 2009 ਵਿੱਚ ਪੰਜਾਬ ਨੇ 140 ਲੱਖ ਟਨ ਚੌਲ ਅਤੇ 100 ਲੱਖ ਟਨ ਕਣਕ ਕੇਂਦਰ ਨੂੰ ਦਿੱਤੀ। ਇਸਦਾ ਪੰਜਾਬ ਦੇ ਕਿਸਾਨਾਂ ਨੂੰ ਕਿੰਨਾਂ ਫਾਇਦਾ ਹੋਇਆ? ਇਹ ਵੇਖਣ ਵਾਲੀ ਗੱਲ ਹੈ। ਜੇ ਬੀਜ, ਖਾਦਾਂ, ਦਵਾਈਆਂ, ਬਿਜਲੀ, ਡੀਜ਼ਲ, ਜ਼ਮੀਨ ਦਾ ਠੇਕਾ, ਮਸ਼ੀਨਰੀ ਦੀ ਘਸਾਈ, ਖੇਤੀ ਵਾਸਤੇ ਲਏ ਕਰਜ਼ਿਆਂ ਤੇ ਵਿਆਜ ਅਤੇ ਮਿਹਨਤ ਮਜ਼ਦੂਰੀ ਆਦਿ ਸਾਰੇ ਦਾ ਹਿਸਾਬ ਲਾਈਏ ਤਾਂ, (ਭਾਰਤੀ ਕਿਸਾਨ ਯੂਨੀਅਨ ਵੱਲੋਂ ਅਪ੍ਰੈਲ 2011 ਵਿੱਚ ਪ੍ਰਧਾਨ ਮੰਤਰੀ ਨੂੰ ਦਿੱਤੇ ਗਏ ਇਕ ਮੈਮੋਰੈਂਡਮ ਅਨੁਸਾਰ) ਇਕ ਕੁਇੰਟਲ ਕਣਕ ਦੀ ਪੈਦਾਵਾਰੀ ਲਾਗਤ 2434 ਰੁਪਏ ਅਤੇ ਇੱਕ ਕੁਇੰਟਲ ਚੌਲਾਂ ਦੀ ਪੈਦਾਵਾਰੀ ਲਾਗਤ 2295 ਰੁਪਏ ਬਣਦੀ ਹੈ। ਕਿਸਾਨ ਨੂੰ ਕੇਂਦਰ ਵੱਲੋਂ ਮਿੱਥੀਆਂ ਕੀਮਤਾਂ ਅਨੁਸਾਰ, ਇੱਕ ਕੁਇੰਟਲ ਕਣਕ ਦੇ 1120 ਰੁਪਏ ਅਤੇ ਇੱਕ ਕੁਇੰਟਲ ਚੌਲਾਂ ਦੇ 1050 ਰੁਪਏ ਮਿਲਦੇ ਹਨ। (ਇਹ ਕੀਮਤਾਂ ਅੰਤਰ ਰਾਸ਼ਟਰੀ ਕੀਮਤਾਂ ਨਾਲੋਂ ਅੱਧੀਆਂ ਹਨ)। ਇਸ ਤਰ੍ਹਾਂ ਇੱਕ ਸਾਲ ਵਿੱਚ ਪੰਜਾਬ ਦੇ ਕਿਸਾਨਾਂ ਨੂੰ ਲਗਭਗ 30600 ਕਰੋੜ ਰੁਪਏ ਦਾ ਨੁਕਸਾਨ ਹੋਇਆ। ਕੋਈ ਕਹਿ ਸਕਦਾ ਹੇ ਕਿ ਜੇ ਐਨਾ ਘਾਟਾ ਪੈਂਦਾ ਹੈ ਤਾਂ ਕਿਸਾਨ ਇਹ ਕੰਮ ਨਾ ਕਰਨ। ਪਰ ਕਿਸਾਨ ਵਿਚਾਰੇ ਬੇਵੱਸ ਹਨ। ਜੇ ਇਸ ਤਰ੍ਹਾਂ ਔਖੇ ਹੋਕੇ ਅਤੇ ਖਰਚ ਕਰਕੇ ਵੱਧ ਤੋਂ ਵੱਧ ਪੈਦਾਵਾਰ ਨਾ ਕਰਨ ਤਾਂ ਉਨ੍ਹਾਂ ਦੇ ਗਲ ਵਿੱਚ ਪਿਆ ਕਰਜ਼ੇ ਦਾ ਫਾਹਾ ਕੱਸਦਾ ਹੈ। ਕਬੀਲਦਾਰੀ ਦੇ ਖਰਚੇ ਵੀ ਚਲਾਉਣੇ ਹੁੰਦੇ ਹਨ। ਇਸ ਦਾ ਫਾਇਦਾ ਕੇਂਦਰ ਲੈ ਜਾਂਦਾ ਹੈ, ਜਾਂ ਖਾਦਾਂ, ਦਵਾਈਆਂ ਅਤੇ ਡੀਜ਼ਲ ਵੇਚਣ ਵਾਲੀਆਂ ਕੰਪਨੀਆਂ ਲੈ ਜਾਂਦੀਆਂ ਹਨ। ਸਹੀ ਅਰਥਾਂ ਵਿੱਚ ਪੰਜਾਬ ਦੇ ਕਿਸਾਨਾਂ ਦੀ ਹਾਲਤ ਗੁਲਾਮਾਂ ਵਾਲੀ ਹੈ। ਪਿਛਲੇ ਜ਼ਮਾਨੇ ਵਿੱਚ ਹਮਲਾਵਰ ਆਦਮੀਆਂ, ਔਰਤਾਂ ਅਤੇ ਬੱਚਿਆਂ ਨੂੰ ਬੰਨ੍ਹ ਕੇ ਲੈ ਜਾਂਦੇ ਸਨ ਅਤੇ ਕੁੱਟ ਕੇ ਉਨ੍ਹਾਂ ਤੋਂ ਕੰਮ ਕਰਵਾਉਂਦੇ ਸਨ। ਪਰ ਅੱਜਕੱਲ੍ਹ ਗੁਲਾਮੀ ਦੀ ਸ਼ਕਲ ਬਦਲ ਗਈ ਹੈ। ਇਸ ਕਿਸਮ ਦੀ ਗੁਲਾਮੀ ਦੀ ਖੂਬੀ ਇਹ ਹੈ ਕਿ ਗੁਲਾਮਾਂ ਨੂੰ ਆਪਣੇ ਗੁਲਾਮ ਹੋਣ ਦਾ ਪਤਾ ਹੀ ਨਹੀਂ ਲੱਗਦਾ। ਅੱਜ ਪੰਜਾਬ ਦੇ ਕਿਸਾਨ ਕਰਜ਼ੇ ਦੇ ਅਣਦਿਸਦੇ ਰੱਸੇ ਨਾਲ ਬੰਨ੍ਹੇ ਹੋਏ ਹਨ ਅਤੇ ਇਨ੍ਹਾਂ ਦੇ ਆਦਮੀ, ਔਰਤ ਅਤੇ ਬੱਚੇ ਦਿਨ ਰਾਤ ਮਿਹਨਤ ਕਰਨ ਵਾਸਤੇ ਮਜਬੂਰ ਹਨ ਅਤੇ ਪੰਜਾਬ ਦੇ ਕਿਸਾਨਾਂ ਦੀ ਹਾਲਤ ਦਿਨੋ ਦਿਨ ਬਦ ਤੋਂ ਬਦਤਰ ਹੁੰਦੀ ਜਾ ਰਹੀ ਹੈ। ਕਿਸੇ ਪਾਸਿਓਂ ਸਹਾਰੇ ਦੀ ਵੀ ਆਸ ਨਹੀਂ। ਕੇਂਦਰ ਨੇ 2009-10 ਦੇ ਬਜਟ ਵਿੱਚ ਕਿਸਾਨਾਂ ਨੂੰ ਕਰਜ਼ੇ ਤੋਂ ਰਾਹਤ ਦੇਣ ਲਈ ਜੋ ਵੱਡੀ ਰਕਮ (72000 ਕਰੋੜ ਰੁਪਏ) ਰੱਖੀ ਸੀ ਉਸ ਵਿੱਚੋਂ ਪੰਜਾਬ ਦੇ ਕਿਸਾਨਾਂ ਨੂੰ ਸਿਰਫ 1.3 ਫੀਸਦੀ ਮਿਲੀ। ਪਾਲਿਸੀਆਂ ਇਸ ਤਰ੍ਹਾਂ ਬਣਾਈਆਂ ਜਾਂਦੀਆਂ ਹਨ ਕਿ ਪੰਜਾਬ ਨੂੰ ਘੱਟ ਤੋਂ ਘੱਟ ਫਾਇਦਾ ਹੁੰਦਾ ਹੈ।

3. ਟਿਊਬਵੈੱਲਾਂ ਦੀ ਭਰਮਾਰ : ਪੰਜਾਬ ਵਿੱਚ 23 ਫੀਸਦੀ ਜ਼ਮੀਨ ਨੂੰ ਨਹਿਰੀ

ਪਾਣੀ ਮਿਲਦਾ ਹੈ। 73 ਫੀਸਦੀ ਜ਼ਮੀਨ ਦੀ ਸਿੰਜਾਈ ਟਿਊਬਵੈੱਲਾਂ ਨਾਲ ਕੀਤੀ ਜਾਂਦੀ ਹੈ। ਅੱਜਕੱਲ੍ਹ ਪੰਜਾਬ ਦੀਆਂ ਫਸਲਾਂ ਨੂੰ 540 ਲੱਖ ਏਕੜ ਫੁੱਟ ਪਾਣੀ ਦੀ ਜ਼ਰੂਰਤ ਹੁੰਦੀ ਹੈ, ਜਦਕਿ ਇਸ ਨੂੰ ਸਿਰਫ ਤਕਰੀਬਨ 95 ਲੱਖ ਏਕੜ ਫੁੱਟ ਦਰਿਆਈ ਪਾਣੀ ਮਿਲਦਾ ਹੈ। ਬਾਕੀ ਪਾਣੀ ਜ਼ਮੀਨ ਵਿੱਚੋਂ ਕੱਢਿਆ ਜਾਂਦਾ ਹੈ। ਪੰਜਾਬ ਵਿੱਚ 14 ਲੱਖ ਤੋਂ ਵੱਧ ਟਿਊਬਵੈਲ ਲਾਉਣ ਤੇ ਵੀ ਕਿਸਾਨਾਂ ਦੇ ਅਰਬਾਂ ਰੁਪਏ ਖਰਚ ਹੋਏ ਹਨ। ਤਕਰੀਬਨ 7000 ਕਰੋੜ ਰੁਪਏ ਦੀ ਬਿਜਲੀ ਹਰ ਸਾਲ ਟਿਊਬਵੈਲਾਂ ਨੂੰ ਦਿੱਤੀ ਜਾਂਦੀ ਹੈ। ਇਹ ਬਿਜਲੀ ਕਿਸਾਨਾਂ ਨੂੰ ਭਾਵੇਂ ਮੁਫਤ ਮਿਲਦੀ ਹੈ ਪਰ ਖਰਚ ਤਾਂ ਆਖਿਰ ਸੂਬੇ ਤੇ ਹੀ ਪੈਂਦਾ ਹੈ। ਐਨੇ ਹੀ ਪੈਸਿਆਂ ਦਾ ਡੀਜ਼ਲ ਇਸ ਕੰਮ ਤੇ ਬਾਲਿਆ ਜਾਂਦਾ ਹੈ। (ਨਹਿਰੀ ਪਾਣੀ ਦੀ ਨਿਸਬਤ ਬਿਜਲੀ ਵਾਲੇ ਟਿਊਬਵੈਲ ਨਾਲ ਸਿੰਚਾਈ ਕਰਨ ਤੇ 3-4 ਗੁਣਾ ਅਤੇ ਡੀਜ਼ਲ ਵਾਲੇ ਟਿਊਬਵੈਲ ਨਾਲ ਸਿੰਜਾਈ ਕਰਨ ਤੇ 10-12 ਗੁਣਾ ਵੱਧ ਖਰਚ ਆਉਂਦਾ ਹੈ)। ਧਰਤੀ ਵਿੱਚ ਜੋ ਹਜ਼ਾਰਾਂ ਸਾਲਾਂ ਵਿੱਚ ਪਾਣੀ ਜਮ੍ਹਾਂ ਹੋਇਆ ਸੀ, ਉਸਨੂੰ ਨਿਹਾਇਤ ਬੇਦਰਦੀ ਨਾਲ ਕੱਢਿਆ ਜਾ ਰਿਹਾ ਹੈ। ਹੁਣ ਜਦੋਂ ਉਪਰਲੀ ਤਹਿ ਵਿੱਚ ਪਾਣੀ ਨਹੀਂ ਰਿਹਾ ਤਾਂ ਡੂੰਘੇ ਸਬਮਰਸੀਬਲ ਪੰਪ ਲਾਏ ਜਾ ਰਹੇ ਹਨ ਜੋ 5-6 ਸੌ ਫੁੱਟ ਤੱਕ ਪਾਣੀ ਚੂਸ ਲੈਂਦੇ ਹਨ। ਇੱਕ ਸਬਮਰਸੀਬਲ ਪੰਪ ਤੇ ਤਕਰੀਬਨ ਦੋ ਲੱਖ ਰੁਪਏ ਖਰਚ ਆਉਂਦੇ ਹਨ। ਇਸ ਤਰ੍ਹਾਂ ਕਿਸਾਨਾਂ ਨੇ ਪਿਛਲੇ ਸਾਲਾਂ ਵਿੱਚ ਅਰਬਾਂ ਰੁਪਏ ਹੋਰ ਕਰਜ਼ਾ ਚੁੱਕ ਕੇ ਖਰਚੇ ਹਨ। ਹੁਣ ਹਾਲਤ ਇਹ ਹੈ ਕਿ ਬਹੁਤ ਸਾਰੇ ਇਲਾਕਿਆਂ ਵਿੱਚ ਪੀਣ ਵਾਲੇ ਪਾਣੀ ਵਾਸਤੇ ਵੀ ਹੈਂਡ ਪੰਪਾਂ ਦੀ ਥਾਂ ਸਬਮਰਸੀਬਲ ਪੰਪ ਲਾਉਣੇ ਪੈ ਰਹੇ ਹਨ। ਅੱਧੋਂ ਵੱਧ ਪੰਜਾਬ ਵਿੱਚ ਜਮੀਨ ਹੇਠਲਾ ਪਾਣੀ ਮਾੜਾ ਹੈ ਅਤੇ ਸਿੰਚਾਈ ਦੇ ਕਾਬਲ ਨਹੀਂ। ਬਹੁਤਾ ਸਮਾਂ ਇਸ ਦੀ ਵਰਤੋਂ ਕਰਨ ਨਾਲ ਜਮੀਨ ਕੱਲਰ ਵਾਲੇ (ਕਲਰਾਠੀ) ਅਤੇ ਅਣਉਪਜਾਊ ਬਣ ਜਾਵੇਗੀ। ਟਿਊਬਵੈੱਲਾਂ ਨਾਲ ਸਿੰਚਾਈ ਕਰਨ ਦਾ ਇੱਕ ਹੋਰ ਖਤਰਨਾਕ ਪਹਿਲੂ ਵੀ ਹੈ। ਜਿੰਨਾ ਪਾਣੀ ਧਰਤੀ ਵਿੱਚ ਰਸਦਾ ਹੈ ਉਸ ਤੋਂ ਕਿਤੇ ਜ਼ਿਆਦਾ ਕੱਢ ਲਿਆ ਜਾਂਦਾ ਹੈ। ਇਸ ਤਰ੍ਹਾਂ ਛੇਤੀ ਹੀ ਪੰਜਾਬ ਦੇ ਨੀਮ ਰੇਗਸਤਾਨ ਬਣ ਜਾਣ ਦਾ ਸੱਚ-ਮੁੱਚ ਖਤਰਾ ਪੈਦਾ ਹੋ ਗਿਆ ਹੈ। ਇਸ ਤੋਂ ਇਲਾਵਾ ਡੂੰਘੀਆਂ ਤਹਿਆਂ ਵਿੱਚੋਂ ਕੱਢੇ ਪਾਣੀ ਵਿੱਚ ਸੰਖੀਆ, ਪਾਰਾ ਅਤੇ ਯੂਰੇਨੀਅਮ ਆਦਿ ਭਾਰੀ ਧਾਤਾਂ ਹੁੰਦੀਆਂ ਹਨ ਜਿਨ੍ਹਾਂ ਨਾਲ ਲੋਕਾਂ ਨੂੰ ਘਾਤਕ ਬਿਮਾਰੀਆਂ ਲੱਗਦੀਆਂ ਹਨ। ਹਜ਼ਾਰਾਂ ਲੋਕ ਕੈਂਸਰ ਨਾਲ ਮਰ ਚੁੱਕੇ ਹਨ, ਅਨੇਕਾਂ ਦੇ ਗੁਰਦੇ ਖਰਾਬ ਹੋ ਗਏ ਹਨ, ਅਪੰਗ ਬੱਚੇ ਪੈਦਾ ਹੋ ਰਹੇ ਹਨ, ਪੰਜਾਬ ਦੇ ਬਹੁਤ ਜ਼ਿਆਦਾ ਇਲਾਕਿਆਂ ਦੇ ਧਰਤੀ ਹੇਠਲੇ ਪਾਣੀ ਵਿੱਚ ਯੂਰੇਨੀਅਮ ਦੀ ਮਾਤਰਾ ਸਾਧਾਰਨ ਨਾਲੋਂ 10 ਤੋਂ 20 ਗੁਣਾਂ ਜ਼ਿਆਦਾ ਹੈ। ਦੂਜੇ ਪਾਸੇ ਅਖੌਤੀ ਮਾਹਰ ਲੋਕਾਂ ਨੂੰ ਭੁਲੇਖੇ ਪਾਉਣ ਲਈ ਕਹਿੰਦੇ ਹਨ ਕਿ ਇਹ ਯੂਰੇਨੀਅਮ ਤੋਸ਼ਾਮ ਦੀਆਂ ਪਹਾੜੀਆਂ ਤੋਂ ਆਇਆ ਹੈ ਜਾਂ ਪਾਕਿਸਤਾਨ ਦੇ ਕਿਸੇ ਐਟਮੀ ਪਲਾਂਟ ਤੋਂ ਏਥੇ ਪਹੁੰਚਿਆਂ ਹੈ ਜਾਂ ਫੇਰ ਇਹ ਇਰਾਕ ਅਤੇ ਅਫਗਾਨਸਤਾਨ ਦੀਆਂ ਜੰਗਾਂ ਕਾਰਨ ਹੈ। ਵੱਧ ਤੋਂ ਵੱਧ ਅਨਾਜ ਪੈਦਾ ਕਰਨ ਲਈ ਕਿਸਾਨ ਕੀਟ ਨਾਸ਼ਕ ਦਵਾਈਆਂ ਅਤੇ ਯੂਰੀਆ ਆਦਿ ਖਾਦਾਂ ਦੀ ਬਹੁਤ ਜ਼ਿਆਦਾ ਵਰਤੋਂ ਕਰਦੇ ਹਨ। ਕੈਨੇਡਾ ਦੀ ਨਿਸਬਤ ਇਹ ਵਰਤੋਂ ਫੀ ਏਕੜ 3-4 ਗੁਣਾ ਜ਼ਿਆਦਾ ਹੈ। ਪੰਜਾਬ ਸਾਰੇ ਦੇਸ਼ ਵਿੱਚ ਵਰਤੀਆਂ ਜਾਣ ਵਾਲੀਆਂ ਕੀਟ ਨਾਸ਼ਕ ਦਵਾਈਆਂ ਦਾ ਇੱਕ ਚੌਥਾਈ ਹਿੱਸਾ ਇਸਤੇਮਾਲ

ਕਰਦਾ ਹੈ। ਇਸ ਨਾਲ ਜ਼ਮੀਨ, ਜਮੀਨ ਹੇਠਲੇ ਪਾਣੀ ਅਤੇ ਫਸਲਾਂ ਵਿੱਚ ਜ਼ਹਿਰ ਫੈਲ ਰਿਹਾ ਹੈ। ਇਸ ਤਰ੍ਹਾਂ ਪੰਜਾਬ ਦੇਸ਼ ਦੀ ਕੁੱਲ ਕਣਕ ਦਾ 20 ਫੀਸਦੀ ਅਤੇ ਕੁੱਲ ਚੌਲਾਂ ਦਾ 12 ਫੀਸਦੀ ਪੈਦਾ ਕਰਦਾ ਹੈ ਅਤੇ ਕੇਂਦਰ ਦੇ ਜ਼ਖੀਰੇ ਨੂੰ 60 ਫੀਸਦੀ ਕਣਕ ਅਤੇ 40 ਫੀਸਦੀ ਚੌਲ ਮੁਹੱਈਆ ਕਰਦਾ ਹੈ। ਜਦਕਿ ਪੰਜਾਬ ਕੋਲ ਹਿੰਦੁਸਤਾਨ ਦੇ ਕੁੱਲ ਰਕਬੇ ਦਾ ਸਿਰਫ 1.53 ਫੀਸਦੀ ਰਕਬਾ ਹੈ। ਧਰਤੀ ਅਤੇ ਧਰਤੀ ਦੇ ਪਾਣੀ ਦੀ ਇਹ ਦੁਰਵਰਤੋਂ ਸੋਨੇ ਦੀ ਅੰਡੇ ਦੇਣ ਵਾਲੀ ਮੁਰਗੀ ਦਾ ਢਿੱਡ ਪਾੜਣ ਵਾਲੀ ਗੱਲ ਹੈ।

4. ਥਰਮਲ ਪਲਾਂਟਾਂ ਦਾ ਪ੍ਰਦੂਸ਼ਣ : ਪਾਣੀ ਤੋਂ ਪੈਦਾ ਹੋਣ ਵਾਲੀ ਬਿਜਲੀ ਸਭ ਤੋਂ ਸਸਤੀ ਅਤੇ ਸਾਫ ਸੁਥਰੀ ਹੁੰਦੀ ਹੈ। ਪਰ ਪੰਜਾਬ ਇਸ ਪਹਿਲੂ ਵਿੱਚ ਵੀ ਭਾਰੀ ਨੁਕਸਾਨ ਕਰਵਾ ਚੁੱਕਿਆ ਹੈ। ਟਿਊਬਵੈਲਾਂ ਨੂੰ ਬਿਜਲੀ ਮੁਹੱਈਆ ਕਰਵਾਉਣ ਵਾਸਤੇ ਧੜਾ ਧੜ ਵੱਡੇ-ਵੱਡੇ ਥਰਮਲ ਪਲਾਂਟ ਲਾਏ ਜਾ ਰਹੇ ਹਨ। ਇਨ੍ਹਾਂ ਲਈ ਹਜ਼ਾਰਾਂ ਕਿਸਾਨ ਪਰਿਵਾਰਾਂ ਦੀ ਜਮੀਨ ਲੈ ਕੇ ਉਨ੍ਹਾਂ ਨੂੰ ਉਜਾੜਿਆ ਜਾ ਰਿਹਾ ਹੈ। ਜਦੋਂ ਇਹ ਸਾਰੇ ਪਲਾਂਟ ਚੱਲਣਗੇ ਤਾਂ ਇਨ੍ਹਾਂ ਵਿੱਚ ਇੱਕ ਲੱਖ ਟਨ ਕੋਲਾ ਹਰ ਰੋਜ਼ ਬਲੇਗਾ। ਇਸ ਨਾਲ ਵਾਤਾਵਰਣ ਦੀ ਅਥਾਹ ਤਬਾਹੀ ਹੋਵੇਗੀ। ਇਨ੍ਹਾਂ ਦੇ ਧੂਏਂ ਅਤੇ ਸਵਾਹ ਵਿੱਚ ਯੂਰੇਨੀਅਮ ਅਤੇ ਪਾਰਾ ਵਗੈਰਾ ਜ਼ਹਿਰੀਲੇ ਤੱਤ ਹੁੰਦੇ ਹਨ ਜੋ ਘਾਤਕ ਬਿਮਾਰੀਆਂ ਦਾ ਕਾਰਨ ਬਣਦੇ ਹਨ। ਇਨ੍ਹਾਂ ਥਰਮਲ ਪਲਾਂਟਾਂ ਤੋਂ ਕਰੋੜਾਂ ਟਨ ਸਵਾਹ ਪੈਦਾ ਹੋਵੇਗੀ ਜਿਸਨੂੰ ਬਿਲ੍ਹੇ ਲਾਉਣ ਦਾ ਕੋਈ ਤਰੀਕਾ ਨਹੀਂ ਹੁੰਦਾ।

5. ਪੰਜਾਬ ਦੀ ਉਦਯੋਗਿਕ ਤਬਾਹੀ : ਕੇਂਦਰ ਨੇ ਹਿਮਾਚਲ ਪ੍ਰਦੇਸ਼ ਅਤੇ ਜੰਮੂ-ਕਸ਼ਮੀਰ ਵਿੱਚ ਕਾਰਖਾਨੇਦਾਰਾਂ ਨੂੰ ਟੈਕਸ ਵਿੱਚ ਵੱਡੀਆਂ ਛੋਟਾਂ ਦਿੱਤੀਆਂ ਹਨ। ਇਸ ਦਾ ਨਤੀਜਾ ਇਹ ਹੋਇਆ ਹੈ ਕਿ ਪੰਜਾਬ ਦੇ ਕਾਰਖਾਨੇਦਾਰ ਪੰਜਾਬ ਵਿੱਚੋਂ ਆਪਣੇ ਕਾਰਖਾਨੇ ਚੁੱਕ ਕੇ ਜੰਮੂ-ਕਸ਼ਮੀਰ ਅਤੇ ਹਿਮਾਚਲ ਪ੍ਰਦੇਸ਼ ਵਿੱਚ ਲਿਜਾ ਰਹੇ ਹਨ। ਕਿਹਾ ਇਹ ਜਾਂਦਾ ਹੈ ਕਿ ਇਹ ਇਸ ਲਈ ਹੋ ਰਿਹਾ ਹੈ ਕਿਉਂਕਿ ਪੰਜਾਬ ਕਾਰਖਾਨਿਆਂ ਨੂੰ ਬਿਜਲੀ ਨਹੀਂ ਦੇ ਸਕਦਾ। ਪਰ ਅਸਲੀਅਤ ਇਹ ਹੈ ਕਿ ਜੇ ਕੇਂਦਰ ਪੰਜਾਬ ਵਿੱਚ ਵੀ ਟੈਕਸ ਦੀਆਂ ਇਹ ਛੋਟਾਂ ਦੇਵੇ ਤਾਂ ਇੱਥੋਂ ਦੇ ਕਾਰਖਾਨੇਦਾਰ ਪੰਜਾਬ ਛੱਡ ਕੇ ਕਦੇ ਨਾ ਜਾਣ। ਉਦਯੋਗ ਤਬਾਹ ਹੋ ਜਾਣ ਨਾਲ, ਸੂਬੇ ਦੀ ਆਮਦਨ ਘਟਣ ਤੋਂ ਇਲਾਵਾ, ਬੇਕਾਰੀ ਫੈਲ ਰਹੀ ਹੈ।

6. ਵੱਧ ਰਹੀ ਬੇਰੁਜ਼ਗਾਰੀ : ਲੱਖਾਂ ਪੜ੍ਹੇ ਲਿਖੇ ਲੜਕੇ ਲੜਕੀਆਂ ਪੰਜਾਬ ਵਿੱਚ ਬੇਕਾਰ ਫਿਰਦੇ ਹਨ ਅਤੇ ਇਨ੍ਹਾਂ ਦੀ ਗਿਣਤੀ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਖੇਤੀ ਬਾੜੀ ਨਿਰਾ ਘਾਟੇ ਵਾਲਾ ਧੰਦਾ ਬਣ ਗਿਆ ਹੈ। ਲਗਭਗ ਹਰ ਕੋਈ ਬਾਹਰਲੇ ਦੇਸ਼ਾਂ ਵਿੱਚ ਜਾਣ ਦੀ ਕੋਸ਼ਿਸ਼ ਕਰ ਰਿਹਾ ਹੈ। ਇਸ ਖਾਤਰ ਲੋਕ ਆਪਣੀਆਂ ਜਮੀਨਾਂ ਵੇਚ ਰਹੇ ਹਨ ਅਤੇ ਏਜੰਟਾਂ ਹੱਥੋਂ ਠੱਗੇ ਜਾ ਰਹੇ ਹਨ। ਲੜਕੇ ਬਾਹਰ ਜਾ ਕੇ ਦੁੱਖ ਭੋਗ ਰਹੇ ਹਨ ਜਾਂ ਅਨਗਿਣਤ ਥਾਵਾਂ ਤੇ ਜੇਲ੍ਹਾਂ ਵਿੱਚ ਸੜ ਰਹੇ ਹਨ। ਲੜਕੀਆਂ ਬਾਹਰਲੇ ਦੇਸ਼ਾਂ ਵਿੱਚ ਜਾ ਕੇ ਹਰ ਤਰ੍ਹਾਂ ਖੱਜਲ ਖੁਆਰ ਹੋ ਰਹੀਆਂ ਹਨ। ਪਹਿਲਾਂ ਬਹੁਤ ਸਾਰੇ ਪੰਜਾਬੀ ਫੌਜ ਦੀ ਨੌਕਰੀ ਕਰਦੇ ਸਨ ਪਰ ਹੁਣ ਕੇਂਦਰ ਦੁਆਰਾ ਰਾਜਾਂ ਦੀ ਆਬਾਦੀ ਅਨੁਸਾਰ ਫੌਜ ਵਿੱਚ ਭਰਤੀ ਦਾ ਕੋਟਾ ਨਿਰਧਾਰਤ ਕਰਨ ਨਾਲ ਫੌਜ ਦੀ ਭਰਤੀ ਦਾ ਦਰਵਾਜਾ ਪੰਜਾਬੀਆਂ ਲਈ ਲਗਭਗ ਬੰਦ ਹੋ ਗਿਆ ਹੈ ਕਿਉਂਕਿ ਪੰਜਾਬ

ਦੀ ਆਬਾਦੀ ਅਨੁਸਾਰ ਪੰਜਾਬ ਨੂੰ ਫੌਜ ਵਿੱਚ ਤਕਰੀਬਨ ਢਾਈ ਪ੍ਰਤੀਸ਼ਤ ਕੋਟਾ ਮਿਲਦਾ ਹੈ।

7. ਨਸ਼ਿਆਂ ਦਾ ਹੜ੍ਹ : ਜਦੋਂ ਭਵਿੱਖ ਵਿੱਚ ਕੁਝ ਨਜ਼ਰ ਨਹੀਂ ਆਉਂਦਾ ਤਾਂ ਲੋਕ ਨਸ਼ਿਆਂ ਦਾ ਸਹਾਰਾ ਲੈਣ ਲੱਗ ਜਾਂਦੇ ਹਨ। ਇੱਕ ਅੰਦਾਜ਼ੇ ਮੁਤਾਬਕ ਪੰਜਾਬ ਦੇ 50% ਮੁੰਡੇ ਅਤੇ 30% ਕੁੜੀਆਂ ਕੋਈ ਨਾ ਕੋਈ ਨਸ਼ਾ ਕਰਦੀਆਂ ਹਨ। ਇਹ ਬਹੁਤ ਚਿੰਤਾ ਵਾਲੀ ਗੱਲ ਹੈ। ਜੇ ਕਿਸੇ ਕੌਮ ਨੂੰ ਬਰਬਾਦ ਕਰਨਾ ਹੋਵੇ ਤਾਂ ਉਸਦੇ ਬੱਚਿਆਂ ਨੂੰ ਨਸ਼ੇ ਕਰਨ ਲਾ ਦਿਓ, ਆਪੇ ਕੌਮ ਬਰਬਾਦ ਹੋ ਜਾਵੇਗੀ। ਇਸ ਬੁਰਾਈ ਨੂੰ ਰੋਕਣ ਦਾ ਕਿਸੇ ਵੀ ਸਰਕਾਰ ਨੇ ਅੱਜ ਤੱਕ ਯਤਨ ਨਹੀਂ ਕੀਤਾ। ਬਲਕਿ ਬਹੁਤ ਵਾਰੀ ਤਾਂ ਇਸ ਵਿੱਚ ਸਿਆਸੀ ਅਤੇ ਸਰਕਾਰੀ ਬੰਦਿਆਂ ਦੀ ਭਾਈਵਾਲੀ ਨਜ਼ਰ ਆਉਂਦੀ ਹੈ।

ਹੇਠ ਲਿਖੀਆਂ ਕਾਰਵਾਈਆਂ ਕਰਨ ਨਾਲ ਪੰਜਾਬ ਦੀ ਸਥਿਤੀ ਵਿੱਚ ਆਏ ਨਿਘਾਰ ਨੂੰ ਰੋਕਿਆ ਜਾ ਸਕਦਾ ਹੈ:-

1. ਦਰਿਆਈ ਪਾਣੀਆਂ ਬਾਰੇ ਸਮਝੌਤੇ ਰੱਦ ਕਰਨ ਬਾਰੇ ਕਾਨੂੰਨ ਦੀ ਧਾਰਾ (5) ਖਾਰਜ ਕੀਤੀ ਜਾਵੇ, ਇਸ ਕਾਨੂੰਨ ਨੂੰ ਪੂਰੀ ਤਰ੍ਹਾਂ ਅਮਲ ਵਿੱਚ ਲਿਆਂਦਾ ਜਾਵੇ ਅਤੇ ਬਚਾਏ ਗਏ ਪਾਣੀ ਦੀ ਵੰਡ ਲਈ ਪੰਜਾਬ ਅੰਦਰ ਸੂਇਆਂ, ਖਾਲ਼ਿਆਂ ਆਦਿ ਦਾ ਜਾਲ ਵਿਛਾਇਆ ਜਾਵੇ।

2. ਜੇ ਪਾਕਿਸਤਾਨ ਦੀ ਸਰਹੱਦ ਤੇ ਵਪਾਰ ਖੋਲ ਦਿੱਤਾ ਜਾਵੇ ਤਾਂ ਪੰਜਾਬ ਦੇ ਕਿਸਾਨਾਂ ਨੂੰ ਪੈਦਾਵਾਰ ਦਾ ਠੀਕ ਮੁੱਲ ਮਿਲ ਸਕਦਾ ਹੈ। ਪੰਜਾਬ ਵਿੱਚ ਵਧੇਰੇ ਕੌਮਾਂਤਰੀ ਹਵਾਈ ਅੱਡੇ ਸਥਾਪਤ ਹੋਣ ਜਿਥੋਂ ਵਿਦੇਸ਼ਾਂ ਨੂੰ ਸਿੱਧੀਆਂ ਹਵਾਈ ਸੇਵਾਵਾਂ ਚਾਲੂ ਕੀਤੀਆਂ ਜਾਣ। ਇਸ ਵਿਰੁੱਧ ਸੁਰੱਖਿਆ ਦੇ ਨਾਂ ਤੇ ਲਾਗੂ ਕੀਤੀਆਂ ਜਾਂਦੀਆਂ ਸਭ ਬਣਾਵਟੀ ਰੋਕਾਂ ਖਤਮ ਕੀਤੀਆਂ ਜਾਣ ਤਾਂ ਜੋ ਪੰਜਾਬ ਦੇ ਕਿਸਾਨ ਅਤੇ ਵਪਾਰੀ ਆਪਣਾ ਕਾਰੋਬਾਰ ਪ੍ਰਫੁੱਲਤ ਕਰ ਸਕਣ।

3. ਗਵਾਂਢੀ ਰਾਜਾਂ ਹਿਮਾਚਲ, ਜੰਮੂ ਕਸ਼ਮੀਰ ਅਤੇ ਉਤਰਾਖੰਡ ਆਦਿ ਨੂੰ ਦਿੱਤੀਆਂ ਗਈਆਂ ਵਿਸ਼ੇਸ਼ ਉਦਯੋਗਿਕ ਸਹੂਲਤਾਂ ਤੁਰੰਤ ਖਤਮ ਕੀਤੀਆਂ ਜਾਣ ਤਾਂ ਜੋ ਸਾਰੇ ਸੂਬੇ ਬਰਾਬਰ ਦੇ ਮੌਕਿਆਂ ਦਾ ਲਾਭ ਉਠਾ ਸਕਣ।

4. ਪੰਜਾਬ ਦੀ ਨੌਕਰਸ਼ਾਹੀ ਅਤੇ ਪੁਲਿਸ ਦੀ ਬੇਲੋੜੀ ਫੌਜ ਘਟਾਈ ਜਾਵੇ, ਆਮ ਸੇਵਾਵਾਂ ਦੀ ਥਾਂ ਸਮਾਜਿਕ ਤੌਰ ਤੇ ਜ਼ਰੂਰੀ ਸੇਵਾਵਾਂ ਜਿਵੇਂ ਡਾਕਟਰ, ਅਧਿਆਪਕ, ਪੀਣ ਵਾਲੇ ਪਾਣੀ ਨਾਲ ਸੰਬੰਧਤ ਅਮਲਾ, ਆਦਿ ਦੀ ਵਧੇਰੇ ਭਰਤੀ ਕੀਤੀ ਜਾਵੇ। ਇਹ ਭਰਤੀ ਠੇਕੇ ਦੀ ਜਗ੍ਹਾ ਪੱਕੇ ਤੌਰ ’ਤੇ ਕੀਤੀ ਜਾਵੇ।

5. ਮੰਤਰੀਆਂ ਦੀ ਕੁੱਲ ਗਿਣਤੀ ਕਾਨੂੰਨ ਮੁਤਾਬਕ ਵਿਧਾਨ ਸਭਾ ਦੀ ਗਿਣਤੀ ਦੇ 10 ਪ੍ਰਤੀਸ਼ਤ ਤੋਂ ਵੱਧ ਨਾ ਹੋਵੇ। ਹਰ ਐਰੇ ਗੈਰੇ ਨੂੰ ਮੰਤਰੀ ਪਦ ਦਾ ਦਰਜਾ ਦੇਣਾ ਬੰਦ ਕੀਤਾ ਜਾਵੇ।

6. ਬੇਲੋੜੇ ਬੋਰਡ, ਕਾਰਪੋਰੇਸ਼ਨ ਅਤੇ ਵਿਭਾਗ ਤੁਰੰਤ ਬੰਦ ਕੀਤੇ ਜਾਣ ਅਤੇ ਇਨ੍ਹਾਂ ਦੇ ਵਾਧੂ ਅਮਲੇ ਨੂੰ ਬੱਚਤੀ ਫਾਰਮੂਲੇ ਅਨੁਸਾਰ ਹੋਰਨਾਂ ਖਾਲੀ ਆਸਾਮੀਆਂ ਵਿੱਚ ਪਹਿਲ ਦੇ ਆਧਾਰ ਤੇ ਤਬਦੀਲ ਕੀਤਾ ਜਾਵੇ।

7. ਪ੍ਰਦੂਸ਼ਣ ਅਤੇ ਨਸ਼ਾਖੋਰੀ ਆਦਿ ਵਿਰੁੱਧ ਜੰਗੀ ਪੱਧਰ ਤੇ ਕਾਰਵਾਈ ਕੀਤੀ

ਜਾਵੇ ਤਾਂ ਜੋ ਇਨ੍ਹਾਂ ਦੇ ਨਤੀਜੇ ਸਮਾਂ ਨਿਰਧਾਰਤ ਢੰਗ ਨਾਲ ਨਿਕਲ ਸਕਣ। ਵਿਕਸਤ ਦੇਸ਼ਾਂ ਵਾਂਗ ਪ੍ਰਦੂਸ਼ਣ ਵਿਰੋਧੀ ਵਿਸ਼ੇਸ਼ ਪੁਲਿਸ, ਵਿਸ਼ੇਸ਼ ਥਾਣਿਆਂ ਅਤੇ ਅਦਾਲਤਾਂ ਦੇ ਗਠਨ ਬਾਰੇ ਸੋਚਿਆ ਜਾਵੇ। ਪਾਣੀ ਹਵਾ ਆਦਿ ਦੇ ਅੰਦਰੂਨੀ ਪ੍ਰਦੂਸ਼ਣ ਨਾਲ ਸਿੱਝਣ ਪਿੱਛੋਂ ਇਹ ਮਾਮਲਾ ਜ਼ੋਰਦਾਰ ਢੰਗ ਨਾਲ ਹਿਮਾਚਲ ਪ੍ਰਦੇਸ਼ ਨਾਲ ਵੀ ਉਠਾਇਆ ਜਾਵੇ।

8. ਪੰਜਾਬ ਉੱਤੇ ਜੰਗੀ ਹਰਜਾਨੇ ਵਜੋਂ ਕੇਂਦਰੀ ਹਥਿਆਰ ਬੰਦ ਬਲਾਂ ਦਾ ਪਾਇਆ ਗਿਆ ਬੋਝ ਤੁਰੰਤ ਰੱਦ ਕਰਵਾਇਆ ਜਾਵੇ ਅਤੇ ਉਸ ਉੱਤੇ ਧੱਕੇ ਨਾਲ ਚੜ੍ਹਾਇਆ ਗਿਆ ਅਗਲਾ ਪਿਛਲਾ ਸਾਰਾ ਵਿਆਜ਼ ਖਤਮ ਕਰਵਾਇਆ ਜਾਵੇ।

9. ਭਾਖੜਾ ਬਿਆਸ ਪ੍ਰਬੰਧਕੀ ਬੋਰਡ (BBMB) ਤੁਰੰਤ ਖਤਮ ਕਰਕੇ ਇਸ ਦਾ ਪ੍ਰਬੰਧ ਪੰਜਾਬ ਦੇ ਹਵਾਲੇ ਕੀਤਾ ਜਾਵੇ ਅਤੇ ਇਸ ਸੰਬੰਧ ਵਿੱਚ ਪੰਜਾਬ ਉਪਰ ਠੋਸੇ ਗਏ ਨਾ-ਬਰਾਬਰ ਸਮਝੌਤੇ ਰੱਦ ਕੀਤੇ ਜਾਣ।

# ਸੱਚ ਬੋਲਣ ਦੀ ਸਜ਼ਾ ਫਾਂਸੀ ਕਿਉਂ?

ਮੌਜੂਦਾ ਢਾਂਚਾ ਤੇ ਹਾਕਮ ਜਮਾਤ ਕਤਲ, ਵਿਭਚਾਰ ਲੁੱਟ ਤੇ ਠੱਗੀ ਨੂੰ ਨਜ਼ਰਅੰਦਾਜ ਕਰ ਸਕਦਾ ਹੈ, ਪਰ ਸਮਾਜਿਕ ਸਿਧਾਂਤ, ਲੋਕ-ਪੱਖੀ ਵਿਚਾਰਾਂ ਦਾ ਪ੍ਰਚਾਰ ਉਹਨਾਂ ਲਈ ਸਹਿਣਯੋਗ ਨਹੀਂ। ਉਹ ਸਭ ਕੁਝ ਕਰਨ ਲਈ ਤਿਆਰ

ਸਭ ਅਫਸਰ ਉਹਨਾਂ ਦੇ
ਕਾਨੂੰਨ ਦੀਆਂ ਕਿਤਾਬਾਂ ਉਹਨਾਂ ਦੀਆਂ
ਜੱਜ ਤੇ ਜੇਲਰ ਉਹਨਾਂ ਦੇ
ਨੇਤਾ ਤੇ ਗੁੰਡੇ ਉਹਨਾਂ ਦੇ,

ਜਰਮਨ ਕਵੀ ਬਰਤੋਲ ਬਰੇਖਤ ਦੀਆਂ ਇਹਨਾਂ ਸਤਰਾਂ ਨੂੰ ਗਿਰੀਡਿਹ ਦੇ ਪਹਿਲੇ ਵਧੀਕ ਸੈਸ਼ਨ ਜੱਜ ਇੰਦਰ ਦੇਵ ਮਿਸ਼ਰ ਨੇ ਸੱਚ ਕਰ ਵਿਖਾਇਆ। 23 ਜੂਨ 2011 ਨੂੰ ਲੋਕ ਸਭਿਆਚਾਰ ਦੇ ਪ੍ਰਚਾਰਕ ਲੋਕ ਕਲਾਕਾਰ ਜੀਤਨ ਮਰਾਂਡੀ ਨੂੰ ਚਿਲਖਾਰੀ ਕਾਂਡ ਦੇ ਝੂਠੇ ਦੋਸ਼ 'ਚ ਫਾਂਸੀ ਦੀ ਸਜ਼ਾ ਸੁਣਾ ਦਿੱਤੀ। ਨਿਰਸੰਦੇਹ ਦੇਸ਼ ਦੇ ਲੋਕ ਨਿਆਂਪਾਲਿਕਾ ਤੇ ਜੱਜਾਂ ਨੂੰ ਇੱਜ਼ਤ ਤੇ ਸਨਮਾਨ ਦੀ ਨਜ਼ਰ ਨਾਲ ਦੇਖਦੀ ਹੈ। ਪਰ ਸੱਚ ਦੀ ਕਸੌਟੀ 'ਤੇ ਆਪਣੇ ਫੈਸਲੇ ਨਾਲ ਖੁਦ-ਬ-ਖੁਦ ਬੇਪਰਦ ਹੋ ਕੇ ਆਪਣੇ ਜਮਾਤੀ ਪੱਖਪਾਤ ਨੂੰ ਉਜਾਗਰ ਕਰ ਦਿੰਦੇ ਹਨ। ਇਹ ਸਿੱਧ ਕਰਦੇ ਰਹਿੰਦੇ ਹਨ ਕਿ ਜਮਾਤੀ ਅਤਿਆਚਾਰੀ ਨੀਤੀ ਦੀ ਭੌਤਿਕ ਤਾਕਤ ਹਮੇਸ਼ਾਂ ਉਹਨਾਂ 'ਤੇ ਹਾਵੀ ਹੈ। ਉਹ ਅਜ਼ਾਦ ਨਹੀਂ ਹਨ ਬਲਕਿ ਹਾਕਮ ਜਮਾਤ ਦੇ ਹੱਥਾਂ ਦਾ ਖਿਡੌਣਾ ਹਨ। ਜੋ ਅਜ਼ਾਦ ਚਿੰਤਨ, ਅਸਮਿਤੀ ਤੇ ਰਾਜਸੀ ਵਿਰੋਧ ਨੂੰ ਕੁਚਲਣ ਲਈ ਬਣਾਏ ਗਏ ਹਨ। ਜੋ ਏਂਗਲਸ ਦੀ ਉਸ ਧਾਰਨਾ ਦੀ ਪੁਸ਼ਟੀ ਕਰਦਾ ਹੈ-

'ਸੱਚ ਹੈ, ਕਾਨੂੰਨ ਬੁਰਜੂਆ ਵਰਗ ਦੇ ਲਈ ਪਵਿੱਤਰ ਹੈ, ਕਿਉਂਕਿ ਇਹ ਉਸੇ ਦੀ ਰਚਨਾ ਹੈ, ਉਸ ਦੇ ਸਭਿਆਚਾਰ ਨਾਲ ਇਕਮਿਕ ਹੈ ਅਤੇ ਉਸ ਦੀ ਰਾਖੀ ਤੇ ਫਾਇਦੇ ਲਈ ਹੈ।' ਕੀ ਅਜਿਹੀ ਘਿਨੌਣੀ ਨੀਤੀ ਤੇ ਕੁਠਪੁਤਲੀ ਕਾਨੂੰਨ ਰਾਹੀਂ ਨਿਰਪੱਖ ਨਿਆਂ ਸੰਭਵ ਹੈ? ਜਸਟਿਸ ਸ੍ਰੀ ਮਿਸ਼ਰ ਨੇ ਆਪਣੇ ਫੈਸਲੇ ਨਾਲ ਦੋ ਮਕਸਦ ਹੱਲ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਕ ਤਾਂ ਜਮਾਤੀ ਸ਼ਾਗਿਰਦਾਂ, ਪਿਛਾਖੜੀ ਨੇਤਾਵਾਂ, ਗੁੰਡਿਆਂ ਤੇ ਪੁਲਸ ਨੂੰ ਸੰਤੁਸ਼ਟ ਕਰਕੇ ਉਹਨਾਂ ਦੇ ਹੌਂਸਲੇ ਬੁਲੰਦ ਕਰਨਾ ਜਿਸ ਨੇ ਲੋਕ ਕਲਾਕਾਰ ਜਿਤਨ ਮਰਾਂਡੀ ਵਿਰੁੱਧ ਝੂਠੇ ਦੋਸ਼ਾਂ ਦੀ ਸਾਜਿਸ਼ ਰਚੀ। ਦੂਜੇ ਪਾਸੇ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਖਿਲਾਫ ਉਭਰਦੀ ਲੋਕ ਸਭਿਆਚਾਰ ਦੀ ਅਜ਼ਾਦ ਛਵੀ ਦੀ ਧਾਰ ਨੂੰ ਖੁੰਢਾ ਕਰਨਾ ਤੇ ਬੇਹਤਰ ਸਮਾਜ ਉਸਾਰੀ ਦੀ ਚਾਹਤ ਤੇ ਚੇਤਨਾ ਦੇ ਵਿਕਾਸ 'ਤੇ ਪ੍ਰਸ਼ਨਚਿੰਨ੍ਹ ਲਾ ਕੇ ਤਬਦੀਲੀਕਾਰੀ ਸ਼ਕਤੀਆਂ ਨੂੰ ਮਾਯੂਸ ਕਰਨਾ। ਠੋਸ ਤੌਰ 'ਤੇ ਇਹ ਝਲਕਦਾ ਹੈ ਕਿ ਚਿਲਖਾਰੀ ਕਾਂਡ ਵਿੱਚ ਸੁਣਾਈ ਗਈ ਫਾਂਸੀ ਦੀ ਸਜ਼ਾ ਤੱਥਾਂ ਤੋਂ ਦੂਰ ਝੂਠ 'ਤੇ ਅਧਾਰਿਤ, ਗੈਰ-ਲੋਕਰਾਜੀ ਤੇ ਗੈਰਜਮਹੂਰੀ ਹੈ।

ਅਸਲ 'ਚ ਜਤਿਨ ਮਰਾਂਡੀ ਕੌਣ ਹਨ? ਜਤਿਨ ਮਰਾਂਡੀ ਦੀ ਸਖਸ਼ੀਅਤ ਤੇ ਜੀਵਨ ਇਕ ਖੁੱਲ੍ਹੀ ਕਿਤਾਬ ਹੈ। ਅੱਜ ਉਹ ਜੇਹਲ 'ਚ ਬੰਦ ਹਨ, ਪਰ ਉਹਨਾਂ

ਦੀ ਅਵਾਜ਼ ਆਡਿਓ ਵੀਡੀਓ ਐਲਬਮ ਰਾਹੀਂ ਦੇਸ਼ ਦੇ ਵੱਖ-ਵੱਖ ਸੂਬਿਆਂ 'ਚ ਗੂੰਜ ਰਹੀ ਹੈ। ਉਹਨਾਂ ਦਾ ਸਭਿਆਚਾਰਕ ਅਮਲ ਝਾਰਖੰਡ ਦੇ ਜੰਗਲਾਂ-ਪਹਾੜਾਂ 'ਚ ਕਦੀ ਸਿਮਟ ਕੇ ਨਹੀਂ ਰਿਹਾ ਹੈ। ਪੂਰਾ ਭਾਰਤ ਉਹਨਾਂ ਦਾ ਸਭਿਆਚਾਰਕ ਮੰਚ ਬਣਦਾ ਗਿਆ। ਲਗਭਗ 15 ਸਾਲਾਂ ਤੋਂ ਵੱਖ-ਵੱਖ ਰਾਜਾਂ ਦੇ ਬੁਧੀਜੀਵੀ, ਸਭਿਆਚਾਰਕ ਕਾਮੇ, ਸਾਹਿਤਕਾਰ, ਮਨੁੱਖੀ ਅਧਿਕਾਰ ਸੰਗਠਨ, ਅਗਾਂਹਵਧੂ ਤੇ ਇਨਕਲਾਬੀ ਸਮੂਹ ਉਹਨਾਂ ਦੇ ਜਨਤਕ ਤੇ ਸਭਿਆਚਾਰਕ ਜੀਵਨ ਤੋਂ ਵਾਕਿਫ ਹਨ। ਉਹ ਝਾਰਖੰਡ ਅਭਿਬਾਨ ਦੇ ਲੀਡਰ ਆਰਗੇਨਾਈਜ਼ਰ, ਬਿਹਾਰੀ ਇਨਕਲਾਬੀ ਸਭਿਆਚਾਰਕ ਸੰਘ ਦੇ ਕਾਰਜਕਾਰਨੀ ਮੈਂਬਰ, ਰਾਜਸੀ ਕੈਦੀ ਰਿਹਾਈ ਸੰਮਤੀ ਦੇ ਕੇਂਦਰੀ ਸਕੱਤਰ ਅਤੇ ਇਨਕਲਾਬੀ ਜਮਹੂਰੀ ਮੋਰਚਾ ਦੇ ਕੇਂਦਰੀ ਕਮੇਟੀ ਦੇ ਮੈਂਬਰ ਹਨ। ਜਤਿਨ ਮਰਾਂਡੀ ਦਾ ਜਨਮ ਝਾਰਖੰਡ ਦੇ ਇਕ ਗਰੀਬ ਆਦੀਵਾਸੀ ਪ੍ਰੀਵਾਰ 'ਚ ਹੋਇਆ। ਮਾਪਿਆਂ ਦੇ ਲਾਡ-ਪਿਆਰ ਨਾਲ ਬਚਪਨ ਦਾ ਵਿਕਾਸ ਸਕੂਲੀ ਸਿੱਖਿਆ ਦੇ ਨਾਲ ਸ਼ੁਰੂ ਹੋਇਆ। ਪਰ ਮਾਤਾ-ਪਿਤਾ ਦੀ ਗਰੀਬੀ ਤੇ ਘਾਟਾਂ-ਥੁੜਾਂ ਦੇ ਕਾਰਨ ਤੀਜੀ ਜਮਾਤ ਪਿੱਛੋਂ ਸਕੂਲ ਛੱਡਣਾ ਪਿਆ। ਬਾਲ ਜੀਵਨ ਖੇਤਾਂ ਦੇ ਪੈਦਾਵਾਰੀ ਸੰਘਰਸ਼ ਵਿੱਚ ਦੀ ਲੰਘਦਾ ਹੋਇਆ ਪਸ਼ੂਆਂ ਦੇ ਨਾਲ ਜੰਗਲ 'ਚ ਹੀ ਵਿਚਰਨ ਲੱਗਿਆ। ਸਕੂਲ ਦੀ ਤੰਗ ਕੋਠੜੀ ਤੇ ਕਿਤਾਬਾਂ ਦੇ ਪੰਨਿਆਂ ਤੋਂ ਬਾਹਰ ਯਥਾਰਤ ਜੀਵਨ ਦੇ ਗਿਆਨ ਪ੍ਰਾਪਤੀ ਦਾ ਵਿਸ਼ਾਲ ਖੇਤਰ ਸਾਹਮਣੇ ਆ ਗਿਆ। ਭਰਪੂਰ ਦਰਖਤਾਂ, ਉਚੇ-ਨੀਵੇਂ ਜੰਗਲ-ਪਹਾੜ, ਪਹਾੜਾਂ 'ਚ ਵਸੇ ਪਿੰਡ, ਪਿੰਡਾਂ 'ਚ ਰਹਿਣ ਵਾਲੇ ਲੋਕ ਉਹਨਾਂ ਦੇ ਜੀਵਨ ਨਿਰਬਾਹ ਦੀਆਂ ਔਕੜਾਂ, ਜੰਗਲ-ਅਧਾਰਿਤ ਜੀਵਨ ਦੀ ਵਿਆਖਿਆ, ਆਤਮ ਰੱਖਿਆ ਲਈ ਸੰਘਰਸ਼ ਤੇ ਚੁਣੌਤੀਆਂ ਜਤਿਨ ਮਰਾਂਡੀ ਦੀ ਗਿਆਨ ਪ੍ਰਾਪਤੀ ਤੇ ਅਨੁਭਵ ਦਾ ਕੇਂਦਰ ਬਣੀਆਂ। ਵਣਵਾਸੀਆਂ ਦੇ ਰਹਿਣ-ਸਹਿਣ, ਭਾਸ਼ਾ, ਬੋਲੀ ਸਹਿਯੋਗੀ ਰੁਝਾਣ ਸਮੂਹਕਕ੍ਰਿਤ ਸੰਘਰਸਸ਼ੀਲ ਸਭਿਅਤਾ ਤੇ ਸੰਸਕ੍ਰਿਤੀ ਨੇ ਜਨ-ਸੰਸਕ੍ਰਿਤੀ ਦੀ ਚੇਤਨਾ ਤੇ ਵਿਕਾਸ ਨੂੰ ਅਮਲੀ ਰੂਪ ਦਿੱਤਾ। ਜੀਵਨ ਦੀਆਂ ਸਮੱਸਿਆਵਾਂ ਤੇ ਲੋਕ ਜੀਵਨ ਦੀ ਵਿਥਾ ਗੁਨਗਨਾਹਟ ਬਣੀ। ਚਿਰਾਂ ਤੋਂ ਪ੍ਰਚਾਰੀ ਜਾਂਦੀ ਲੋਕਧੁਨ ਜੰਗਲ 'ਚ ਵਿਚਰਦੇ ਮਵੇਸ਼ੀਆਂ ਦੇ ਗਲੇ ਦੀਆਂ ਘੰਟੀਆਂ ਨੂੰ ਸਮੂਹਕ ਆਵਾਜ਼ ਅਤੇ ਵਜਦੇ ਘੁੰਗਰੂਆਂ ਦੀ ਲੈਅ 'ਤੇ ਜੀਵਨ ਦਾ ਦੁਖ ਦਰਦ ਉਹਨਾਂ ਦੇ ਗੀਤਾਂ ਦਾ ਬੋਲ ਬਣ ਗਿਆ। ਜੰਗਲ ਦੇ ਅਧਿਕਾਰ ਤੋਂ ਵਾਂਝੇ ਜੰਗਲ ਵਾਸੀਆਂ ਦਾ ਜੀਵਨ ਸੰਘਰਸ਼, ਗੁੱਸਾ ਤੇ ਲੁਟ-ਘਸੁੱਟ ਤੋਂ ਮੁਕਤੀ ਦੀ ਛਟਪਟਾਹਟ ਉਹਨਾਂ ਦੇ ਗੀਤਾਂ ਦੀ ਵਿਸ਼ਾ ਵਸਤੂ ਬਣ ਗਈ। ਉਹਨਾਂ ਦੇ ਗੀਤ ਪੀੜਤ ਦਿਲਾਂ ਲਈ ਲੋਕ-ਚੇਤਨਾ ਦਾ ਸੱਦਾ ਬਣਦੇ ਗਏ। ਜਤਿਨ ਮਰਾਂਡੀ ਵਿਅਕਤੀਗਤ ਜੀਵਨ ਦੇ ਘੇਰੇ ਨੂੰ ਉਲੰਘ ਕੇ ਜਨਤਕ ਜੀਵਨ ਦਾ ਅੰਗ ਬਣ ਗਏ। ਘਰੇਲੂ ਕੰਮਾਂ ਨਾਲ ਨਿਪਟਨ ਦੇ ਨਾਲ-ਨਾਲ ਜਨਤਕ ਜੀਵਨ ਨਾਲ ਲਗਾਅ ਵਧ ਗਿਆ। ਆਮ ਆਦਮੀ ਦੀਆਂ ਸਮੱਸਿਆਵਾਂ ਤੇ ਸੰਘਰਸ਼ ਨਾਲ ਇਕਮਿਕ ਹੋ ਕੇ ਰਾਜ ਦੀ ਲੁੱਟ-ਘਸੁੱਟ ਤੇ ਜੰਗਲ ਅਧਿਕਾਰੀਆਂ ਦੀ ਠੱਗੀ ਤੇ ਧੌਂਸ ਦਾ ਪਰਦਾਫਾਸ ਉਹਨਾਂ ਦੀ ਸਭਿਆਚਾਰਕ ਅਵਾਜ਼ ਬਣ ਗਈ। ਉਹਨਾਂ ਦੇ ਗੀਤ ਅਤੇ ਗੀਤਾਂ ਦੇ ਨਾਲ ਲੁੱਟ-ਘਸੁੱਟ ਤੇ ਜਬਰ ਦੇ ਖਿਲਾਫ ਵਿਰੋਧ ਦੀ ਵਰਗ ਚੇਤਨਾ ਦੇ ਨਾਲ ਇਕ ਨਵੇਂ ਸਮਾਜ ਦੀ ਉਸਾਰੀ ਦਾ ਮਾਰਗ ਦਰਸ਼ਕ ਬਣਦਾ ਗਿਆ। ਬੱਚੇ ਤੇ ਨੌਜਵਾਨ ਉਹਨਾਂ ਦੇ ਗੀਤਾਂ ਤੇ ਕਲਾ ਪ੍ਰਦਰਸ਼ਨ ਤੋਂ ਅਸਰਅੰਦਾਜ ਹੋ ਕੇ ਉਹਨਾਂ ਦੇ ਆਲੇ-ਦੁਆਲੇ

ਜੁੜਦੇ ਗਏ। ਉਹਨਾਂ ਦੀਆਂ ਸਭਿਆਚਾਰਕ ਟੋਲੀਆਂ ਬਣੀਆਂ ਅਤੇ ਉਹ ਝਾਰਖੰਡ ਦੀ ਸਭਿਆਚਾਰਕ ਸੰਸਥਾ, ਝਾਰਖੰਡ ਅਭਿਯਾਨ ਦੇ ਮਜ਼ਬੂਤ ਤੇ ਸਰਗਰਮ ਅੰਗ ਬਣ ਗਏ। ਉਹਨਾਂ ਦੀਆਂ ਸਭਿਆਚਾਰਕ ਸਰਗਰਮੀਆਂ ਵਿਕਸਤ ਹੁੰਦੀਆਂ ਗਈਆਂ। ਉਹਨਾਂ ਨੇ ਪੂਰੀ ਲੁਟੀ ਘਸੁੱਟੀ ਜਾਂਦੀ ਜਨਤ ਅਤੇ ਕਿਸਾਨ ਮਜ਼ਦੂਰਾਂ ਦੇ ਹੱਕ ਅਧਿਕਾਰ ਤੇ ਮਰਿਆਦਾ ਪੂਰਨ ਜੀਵਨ ਲਈ ਤਬਦੀਲੀ ਦੀ ਲੋੜ ਨੂੰ ਆਪਣੇ ਸੰਗੀਤ ਦਾ ਅਧਾਰ ਬਣਾਇਆ। ਜਦ ਝਾਰਖੰਡ ਬਿਹਾਰ ਤੋਂ ਵੱਖ ਨਹੀਂ ਹੋਇਆ ਸੀ ਤਾਂ ਝਾਰਖੰਡ ਅਭਿਯਾਨ ਬਿਹਾਰ ਇਨਕਲਾਬੀ ਸਭਿਆਚਾਰਕ ਸੰਘ ਨਾਲ ਸਬੰਧਤ ਹੋ ਗਿਆ ਸੀ ਅਤੇ ਮਰਾਂਡੀ ਕੁਲ ਹਿੰਦ ਭਾਰਤੀ ਇਨਕਲਾਬੀ ਸਭਿਆਚਾਰਕ ਮੰਚ ਦਾ ਅੰਗ ਬਣ ਗਏ। ਉਹ ਖੁਲ੍ਹੇ ਤੌਰ 'ਤੇ ਦੇਸ਼ ਦੇ ਕੋਨੇ-ਕੋਨੇ ਵਿੱਚ ਕੁਲ ਹਿੰਦ ਭਾਰਤੀ ਸਭਿਆਚਾਰਕ ਸੰਘ ਦੇ ਸੰਮੇਲਨਾਂ, ਸੈਮੀਨਾਰਾਂ, ਵਰਕਸ਼ਾਪਾਂ ਤੇ ਸਭਿਆਚਾਰਕ ਮੁਹਿੰਮਾਂ 'ਚ ਆਪਣੀ ਸਰਗਰਮ ਸ਼ਮੂਲੀਅਤ ਨਿਭਾਉਂਦੇ ਰਹੇ ਹਨ। ਬਲਕਿ ਜਿੱਥੇ ਗਏ ਉਥੋਂ ਦੀ ਭਾਸ਼ਾ ਤੇ ਧੁਨਾਂ 'ਤੇ ਅਧਾਰਤ ਗੀਤਾਂ ਨੂੰ ਆਤਮ ਸਾਤ ਕਰਦੇ ਗਏ। ਸੰਥਾਲੀ, ਖੋਰਠਾ, ਨਾਗਪੁਰੀ, ਹਿੰਦੀ ਵਿੱਚ ਅਣਗਿਣਤ ਲੋਕ ਗੀਤਾਂ ਦੀ ਰਚਨਾ ਦੇ ਅਲਾਵੇ ਬੰਗਲਾ, ਤੇਲਗੂ ਅਤੇ ਹੋਰ ਕਈ ਭਾਸ਼ਾਵਾਂ ਦੇ ਇਨਕਲਾਬੀ ਗੀਤ ਉਹਨਾਂ ਨੂੰ ਜ਼ੁਬਾਨੀ ਯਾਦ ਹੁੰਦੇ ਗਏ। ਉਹ ਸਿਰਫ ਖੁਦ ਹੀ ਨਹੀਂ ਬਲਕਿ ਉਹਨਾਂ ਦੀ ਬਾਲ-ਮੰਡਲੀ ਕਈ ਭਾਸ਼ਾਵਾਂ 'ਚ ਆਵਾਜ਼ ਬੁਲੰਦ ਕਰਦੀ ਹੈ।

ਕੁਲ ਹਿੰਦ ਭਾਰਤੀ ਇਨਕਲਾਬੀ ਸਭਿਆਚਾਰਕ ਸੰਘ ਨਾਲ ਜੁੜਣ ਪਿੱਛੋਂ ਜਤਿਨ ਮਰਾਂਡੀ ਦੀ ਇਨਕਲਾਬੀ ਵਚਨਬੱਧਤਾ ਦਾ ਬੇਹੱਦ ਵਿਕਾਸ ਹੋਇਆ। ਉਹ ਦੇਸ਼ 'ਚ ਚਲ ਰਹੇ ਜਗੀਰਦਾਰੀ ਵਿਰੋਧੀ, ਸਾਮਰਾਜ ਵਿਰੋਧੀ ਨਵ-ਜਮਹੂਰੀ ਸਭਿਆਚਾਰਕ ਧਾਰਾ ਤੋਂ ਪੂਰੀ ਤਰ੍ਹਾਂ ਜਾਣੂ ਹੋ ਗਏ। ਸਿੱਟੇ ਵਜੋਂ ਜਤਿਨ ਮਰਾਂਡੀ ਹੁਣ ਸਿਰਫ ਕੋਈ ਆਮ ਲੋਕ ਸਭਿਆਚਾਰ ਦੇ ਗਾਇਕ, ਕਲਾਕਾਰ ਤੇ ਰਚੇਤਾ ਤਕ ਸੀਮਤ ਨਹੀਂ ਰਹੇ। ਉਹਨਾਂ ਦੀ ਚੇਤਨਾ ਇਕ ਸਮਰਪਤ ਕਮਿਊਨਿਸਟ ਇਨਕਲਾਬੀ ਸਭਿਆਚਾਰਕ ਕਲਾਕਾਰ ਵਜੋਂ ਸਥਾਪਤ ਹੋ ਗਈ। ਲੋਕਰਾਜ ਦਾ ਮਖੌਟਾ ਧਾਰੀ ਜਮਾਤੀ ਸੱਤਾ ਦੇ ਆਸਨ 'ਤੇ ਬੈਠੇ ਲੋਕਾਂ ਦੇ ਝੂਠ ਤੇ ਫਰੇਬ ਦਾ ਪੜ੍ਹਦਾਫਾਸ਼ ਕਰਨਾ, ਕਾਨੂੰਨ ਦੀ ਪੋਥੀ ਪੜ੍ਹ ਕੇ ਇਨਸਾਫ ਦੀ ਤੱਕੜੀ 'ਤੇ ਡੰਡੀ ਮਾਰਨ ਵਾਲਿਆਂ ਦੀ ਪੋਲ ਖੋਹਲਣਾ ਅਤੇ ਲੁਟ-ਘਸੁੱਟ ਤੋਂ ਮੁਕਤੀ ਦੇ ਸਹੀ ਰਾਹ ਨੂੰ ਉਜਾਗਰ ਕਰਨਾ ਉਹਨਾਂ ਦੇ ਗੀਤਾਂ ਤੇ ਲੇਖਨੀ ਦਾ ਅੰਗ ਬਣ ਗਿਆ। ਜਤਿਨ ਮਰਾਂਡੀ ਦਾ ਪਿੰਡ ਨਕਲਸ ਪ੍ਰਭਾਵਿਤ ਖੇਤਰ 'ਚ ਗਿਣਿਆ ਜਾਂਦਾ ਹੈ। ਇਸ ਲਈ ਲੋਕਾਂ ਦੇ ਜੀਵਨ ਤੇ ਸੱਤਾ ਦੀ ਲੁਟ-ਘਸੁੱਟ ਦੀ ਸੱਚਾਈ ਦਾ ਗੀਤ ਗਾਉਣ ਤੇ ਪ੍ਰਚਾਰ ਕਰਨ ਕਰਕੇ ਹਾਕਮ ਜਮਾਤ ਤੇ ਪ੍ਰਸਾਸ਼ਨ ਦੇ ਗੁੱਸੇ ਦਾ ਸ਼ਿਕਾਰ ਬਣਨਾ ਜਤਿਨ ਮਰਾਂਡੀ ਲਈ ਸੁਭਾਵਿਕ ਸੀ, ਕਿਉਂਕਿ ਇਤਿਹਾਸ ਗਵਾਹ ਹੈ, ਸੱਚ ਬੋਲਣ ਦੇ ਕਾਰਨ ਹੀ ਵਿਗਿਆਨਕ ਗੈਲੀਲੀਓ ਨੂੰ ਹਾਕਮ ਜਮਾਤ ਦਾ ਜ਼ਬਰ ਝਲਣਾ ਪਿਆ ਸੀ। ਨਕਸਲਵਾਦੀ ਪ੍ਰਚਾਰ ਹੋਣ ਦੇ ਦੋਸ਼ 'ਚ ਜਤਿਨ ਮਰਾਂਡੀ ਨੂੰ ਵੀ ਜੇਹਲ ਜਾਣਾ ਪਿਆ ਹੈ। ਪਰ ਉਸ ਨਾਲ ਉਸ ਦੀ ਸਭਿਆਚਾਰਕ ਨਿਹਚਾ 'ਚ ਭੋਰਾਭਰ ਵੀ ਕਮੀ ਨਹੀਂ ਆਈ ਹੈ। ਬਲਕਿ ਜੇਹਲ ਜੀਵਨ 'ਚ ਜਨਤਾ 'ਤੇ ਹੋਣ ਵਾਲੇ ਲੁਟ-ਜ਼ਬਰ ਤੇ ਨਿਆਂ ਦੀ ਆੜ ਵਿੱਚ ਹੋਣ ਵਾਲੇ ਅਤਿਆਚਾਰ ਦਾ ਨੰਗਾ ਚਿੱਟਾ ਰੂਪ ਸਾਹਮਣੇ ਆਇਆ। ਇਸ ਨਾਲ ਉਹ ਭੁੱਖ ਵਿਰੁੱਧ, ਹਨੇਰੇ

ਵਿਰੁੱਧ, ਰੋਸ਼ਨੀ ਦੇ ਲਈ ਅਤੇ ਨਵੇਂ ਸਮਾਜ ਖਾਤਰ ਸੰਘਰਸ਼ ਦੀ ਚੇਤਨਾ ਦੀ ਅਲਖ ਜਗਾਉਂਦੇ ਰਹੇ।

2008 'ਚ ਜਤਿਨ ਮਰਾਂਡੀ ਨੇ 'ਝਾਰਖੰਡ 'ਚ ਨਕਸਲਵਾਦ 'ਤੇ ਇਕ ਨਜ਼ਰ' ਸਿਰਲੇਖ ਹੇਠ ਇਕ ਲੰਬਾ ਲੇਖ ਲਿਖਿਆ। ਇਹ ਲੇਖ ਰਾਂਚੀ ਦੇ 'ਪ੍ਰਭਾਤ ਖਬਰ' ਅਖਬਾਰ 'ਚ ਕਈ ਕਿਸ਼ਤਾਂ 'ਚ ਛਪਿਆ। ਇਸ ਲੇਖ 'ਚ ਆਦੀਵਾਸੀ ਲੋਕਾਂ ਦੀ ਆਰਥਕ ਰਾਜਸੀ ਤੇ ਸਭਿਆਚਾਰਕ ਜ਼ਿੰਦਗੀ ਦੀ ਤਸਵੀਰ, ਰਾਜਸੀ ਲੁੱਟ-ਘਸੁੱਟ ਦਾ ਵਰਨਣ ਅਤੇ ਪੀੜਤ ਲੋਕਾਂ ਦੇ ਜਾਰੀ ਵਿਰੋਧ ਦੀ ਕਹਾਣੀ ਹੈ। ਸਦੀਆਂ ਤੋਂ ਝਾਰਖੰਡ ਦੀ ਧਰਤੀ 'ਤੇ ਜਾਰੀ ਜਮਾਤੀ ਲੜਾਈ ਤੇ ਹਕੂਮਤ ਦੇ ਹਿੰਸਕ ਅਤਿਆਚਾਰ ਦੀਆਂ ਨੀਤੀਆਂ ਕਾਰਨ ਉਸ ਦਾ ਨਕਸਲਵਾਦੀ ਜਾਂ ਮਾਓਵਾਦੀ ਧਾਰਾ 'ਚ ਵਿਕਾਸ ਦਾ ਜਿਉਂਦਾ ਜਾਗਦਾ ਚਿਤਰਣ ਹੈ। ਫਿਰ ਜਤਿਨ ਮਰਾਂਡੀ ਨੂੰ ਸਜ਼ਾ ਕਾਹਦੀ? ਜਤਿਨ ਮਰਾਂਡੀ ਦੇ ਆਲੇਖ ਦੀ ਆਖਰੀ ਕੜੀ ਪ੍ਰਭਾਤ ਖਬਰ 'ਚ ਛਪਦੇ ਹੀ ਝਾਰਖੰਡ ਸਰਕਾਰ ਬੇਚੈਨ ਹੋ ਗਈ। ਝਾਰਖੰਡ ਦੀ ਹਕੀਕਤ ਦੇ ਖਰੇ-ਖਰੇ ਵਿਸਲੇਸ਼ਣ ਤੋ ਬੇਨਿਕਾਬ ਨੇਤਾ, ਸੱਤਾ ਦੇ ਦਲਾਲ, ਨੌਕਰਸ਼ਾਹ ਤੇ ਪੁਲਸ, ਪ੍ਰਸਾਸ਼ਨ ਖਫ਼ਾ ਹੋ ਗਏ। ਜਤਿਨ ਮਰਾਂਡੀ ਉਹਨਾਂ ਦੀਆਂ ਅੱਖਾਂ 'ਚ ਰੜਕਣ ਲੱਗੇ। ਉਹਨਾਂ ਖਿਲਾਫ ਅਖਬਾਰ 'ਚ ਝੂਠੀ ਖਬਰ ਛਾਪੀ ਗਈ। ਉਹਨਾਂ ਨੂੰ ਮਾਓਵਾਦੀ ਕਹਿ ਕੇ ਚਿਲਖਾਰੀ ਕਾਂਡ ਨਾਲ ਜੋੜ ਦਿੱਤਾ ਗਿਆ। ਉਹਨਾਂ 'ਤੇ ਲੋਕਾਂ ਨੂੰ ਭੜਕਾਉਣ ਦਾ ਦੋਸ਼ ਲਾਇਆ ਗਿਆ। ਉਹਨਾਂ ਪਿੱਛੇ ਜਸੂਸਾਂ ਤੇ ਮੁਖਬਰਾਂ ਨੂੰ ਲਾਇਆ ਗਿਆ। ਸਿੱਟੇ ਵਜੋਂ ਨੇਤਾਵਾਂ, ਗੁੰਡਿਆਂ ਤੇ ਪੁਲਸ ਨੇ ਗੰਢਤੁਪ ਕਰਕੇ ਉਹਨਾਂ ਉਪਰ ਚਿਲਖਾਰੀ ਕਾਂਡ 'ਚ ਸ਼ਾਮਲ ਹੋਣ ਦਾ ਝੂਠਾ ਦੋਸ਼ ਸਥਾਪਿਤ ਕਰਕੇ ਉਹਨਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਉਹਨਾਂ ਨੂੰ ਮਾਓਵਾਦੀ ਐਲਾਨ ਕੇ ਬਾਬੂ ਲਾਲ ਮਰਾਂਡੀ ਦੇ ਪੁੱਤ ਦੇ ਕਤਲ ਦਾ ਦੋਸ਼ੀ ਬਣਾ ਕੇ ਜੇਹਲ 'ਚ ਸੁੱਟ ਦਿੱਤਾ ਗਿਆ ਅਤੇ ਨਿਆਂ ਅਮਲ ਚਲਾ ਕੇ ਫਾਂਸੀ ਦੀ ਸਜ਼ਾ ਸੁਣਾ ਦਿੱਤੀ ਗਈ। ਨਿਆਂ ਦੀ ਆੜ 'ਚ ਅਤਿਆਚਾਰੀ ਸਾਜਿਸ਼ ਰਚੀ ਗਈ, ਚਿਲਖਾਰੀ ਕਾਂਡ ਦੀ ਐਫ. ਆਈ. ਆਰ. ਦਰਜ ਕਰਵਾਉਣ ਵਾਲੇ ਦਾ ਬਿਆਨ ਹੈ ਕਿ ਅਸੀਂ ਕਿਸੇ ਨੂੰ ਪਹਿਚਾਨਿਆ ਨਹੀਂ। ਘਟਨਾ ਪਿੱਛੋਂ ਵਾਪਸ ਮੁੜਦੇ ਲੋਕਾਂ ਵਲੋਂ ਸੁਣੇ ਸੁਣਾਏ ਨਾਵਾਂ ਨੂੰ ਉਸ ਨੇ ਦਰਜ ਕਰਵਾਇਆ। ਘਟਨਾ ਵਾਲੀ ਥਾਂ 'ਤੇ ਕਿਸੇ ਗਵਾਹ ਜਾਂ ਜਖਮੀਆਂ ਦਾ ਬਿਆਨ ਪੁਲਸ ਨੇ ਦਰਜ ਨਹੀਂ ਕੀਤਾ। ਘਟਨਾ ਵਾਲੇ ਪਿੰਡ ਦਾ ਇਕ ਵੀ ਗਵਾਹ ਨਹੀਂ ਹੈ ਬਲਕਿ ਘਟਨਾ ਵਾਲੀ ਥਾਂ ਤੋਂ 50-60 ਕਿਲੋਮੀਟਰ ਦੂਰ ਦੇ ਗਵਾਹਾਂ ਦਾ ਬਿਆਨ ਦਰਜ ਕਰਕੇ ਉਸ ਨੂੰ ਕੋਰਟ 'ਚ ਖੜ੍ਹਾ ਕੀਤਾ ਗਿਆ ਹੈ। ਸ਼ੱਕੀ ਦੋਸ਼ੀਆਂ ਨੂੰ ਜੇਹਲ 'ਚ ਭੇਜਣ ਪਿੱਛੋਂ ਉਹਨਾਂ ਦੀ ਟੀ. ਆਈ. ਪ੍ਰੇਡ ਰਾਹੀਂ ਕਿਸੇ ਗਵਾਹ ਤੋਂ ਸ਼ਨਾਖਤ ਨਹੀਂ ਕਰਵਾਈ ਗਈ। ਨਿਆਂਇਕ ਮੈਜਿਸਟ੍ਰੇਟ ਦੇ ਸਾਹਮਣੇ ਗਵਾਹਾਂ ਵੱਲੋਂ 164 ਦੇ ਬਿਆਨ ਅਤੇ ਉਹਨਾਂ ਦੇ ਸੈਸ਼ਨ ਕੋਰਟ 'ਚ ਦਿੱਤੇ ਗਏ ਬਿਆਨਾਂ 'ਚ ਕੋਈ ਤਾਲਮੇਲ ਨਹੀਂ ਹੈ। ਯਾਨੀ ਨਿਆਂਇਕ ਪ੍ਰੀਖਣ 'ਤੇ ਇਕ ਸਰਸਰੀ ਨਿਗਾਹ ਮਾਰਨ ਨਾਲ ਸਪੱਸ਼ਟ ਹੋ ਜਾਂਦਾ ਹੈ ਕਿ ਘਟਨਾ ਦੀ ਐਫ. ਆਈ. ਆਰ. ਦੇ ਬਿਆਨ ਪੁਲਸ ਡਾਇਰੀ 'ਚ ਦਰਜ ਬਿਆਨ, 164 ਦੇ ਬਿਆਨ ਤੇ ਸੈਸ਼ਨ ਕੋਰਟ 'ਚ ਦਿੱਤੇ ਬਿਆਨ 'ਚ ਕੋਈ ਸਮਾਨਤਾ ਨਹੀਂ ਹੈ। ਸਾਰੇ ਗਵਾਹਾਂ ਦੇ ਬਿਆਨ ਅਤੇ ਨਿਆਂਇਕ ਪ੍ਰੀਖਣ ਵਿੱਚ ਘੋਰ ਆਪਾਵਿਰੋਧ ਹੈ ਅਤੇ ਸ਼ੰਕੇ ਭਰੇ ਹੋਏ ਹਨ ਸਿਰਫ ਕੁਝ ਖਰੀਦੇ ਹੋਏ ਗਵਾਹਾਂ

ਨੂੰ ਪੁਲਸ ਵੱਲੋਂ ਸੋਚੇ ਸਮਝੇ ਢੰਗ ਨਾਲ ਪਹਿਚਾਣ ਕਰਵਾ ਕੇ ਝੂਠੇ ਦੋਸ਼ ਨੂੰ ਸੱਚ ਸਾਬਤ ਕਰਨ ਦੀ ਸਾਜਿਸ਼ ਰਚੀ ਗਈ। ਨਿਆਂਮੂਰਤੀ ਸ੍ਰੀ ਮਿਸ਼ਰ ਦੇ ਸਾਹਮਣੇ ਬਚਾਅ ਪੱਖ ਦੇ ਵਕੀਲਾਂ ਨੇ ਆਪਣੀ ਬਹਿਸ 'ਚ ਐਫ. ਆਈ. ਆਰ. ਸਮੇਤ ਪੁਲਸ ਅਦਾਰੇ, ਚਸ਼ਮਦੀਦ ਗਵਾਹਾਂ ਦੇ ਕੋਰਟ 'ਚ ਦਰਜ ਬਿਆਨ ਤੇ ਨਿਆਂਇਕ ਜਾਂਚ 'ਚ ਮੌਜੂਦ ਸਾਰੇ ਹਾਲਤਾਂ ਤੇ ਸ਼ਕੀ ਬਿੰਦੂਆਂ ਨੂੰ ਸਪੱਸ਼ਟ ਕਰ ਦਿੱਤਾ ਗਿਆ। ਇਹ ਦਰਸਾਇਆ ਕਿ ਕਿਸੇ ਵੀ ਬਿੰਦੂ ਨੁਕਤੇ ਤੋਂ ਦੋਸ਼ੀਆਂ ਖਿਲਾਫ ਦੋਸ਼ ਸਿੱਧ ਨਹੀਂ ਹੁੰਦਾ ਹੈ। ਭਾਰਤੀ ਦੰਡ ਵਿਧਾਨ (ਕੋਡ ਆਫ ਕੰਡਕਟ) ਦੇ ਨਿਆਂਇਕ ਦਾ ਲਾਭ (Benefit of doubt) ਦੋਸ਼ੀਆਂ ਨੂੰ ਮਿਲਣਾ ਅਟਲ ਹੈ। ਜਿਸ ਅਧਾਰ 'ਤੇ ਦੋਸ਼ੀਆਂ ਨੂੰ ਦੋਸ਼ ਮੁਕਤ ਤੇ ਬਾਇਜ਼ਤ ਰਿਹਾ ਹੋਣ ਦਾ ਨਿਆਂਇਕ ਅਧਿਕਾਰ ਹੈ। "ਭੈਸ ਦੇ ਅੱਗੇ ਬੀਨ ਬਜਾਈ ਉਹ ਬੈਠੀ ਪਗਰਾਈ' ਨੂੰ ਸਿੱਧ ਕਰਦਿਆਂ ਮਿਸ਼ਰ ਨੇ ਸਾਰੀਆਂ ਦਲੀਲਾਂ ਨੂੰ ਅਣਸੁਣਿਆ ਕਰ ਦਿੱਤਾ। ਆਪਣੀ ਅਗਾਉਂ ਮਨ ਬਣਾ ਕੇ ਤਹਿ ਕੀਤੀ ਧਾਰਨਾ ਨੂੰ ਲਾਗੂ ਕਰਦਿਆਂ ਪੁਸ਼ਟ ਨਾ ਹੋਏ ਤਰਕਾਂ ਦੇ ਸਹਾਰੇ ਦੋਸ਼ੀਆਂ ਖਿਲਾਫ ਅਭਿਯੋਗ ਸਿੱਧ ਕਰਨ 'ਚ ਲੱਗੇ ਰਹੇ। ਸ੍ਰੀ ਮਿਸ਼ਰ ਦੀ ਸਭ ਤੋਂ ਵੱਡੀ ਖਾਮੀ ਕਹੀ ਜਾਏਗੀ ਕਿ ਉਹਨਾਂ ਨੇ ਚਿਲਖਾਰੀ ਕਾਂਡ ਦੀ ਪਿਠਭੂਮੀ ਤੇ ਕਾਰਨਾਂ ਨੂੰ ਇਕ ਨਿਰਪੱਖ ਵਿਚਾਰਕ ਦੇ ਨਜ਼ਰੀਏ ਤੋਂ ਸਮਝਣ ਦੀ ਕੋਸ਼ਿਸ਼ 'ਚ ਉਹ ਨਾਕਾਮ ਰਹੇ। ਉਹ ਨੇ ਇਕ ਨਿਰਪੱਖ ਨਿਆਂਇਕ ਫਰਜ ਨੂੰ ਕਿਨਾਰੇ ਰੱਖਕੇ ਚਿਲਖਾਰੀ ਕਾਂਡ ਨੂੰ ਸਿਰਫ ਜਸੂਸੀ ਨਜ਼ਰ ਨਾਲ ਵੇਖਿਆ। ਇਸ ਦੇ ਸਮਾਜਿਕ ਹਾਲਾਤ ਦਾ ਜਾਣਬੁਝ ਕੇ ਵਿਸਲੇਸ਼ਣ ਨਹੀਂ ਕੀਤਾ ਗਿਆ ਅਤੇ ਇਸ ਸਤਹੀ ਸਮਝ ਤੇ ਚੇਤਨਾ ਦੇ ਕਾਰਨ ਚਿਲਖਾਰੀ ਕਾਂਡ ਨੂੰ ਸਿਰਫ ਇੱਕ ਹਿੰਸਕ ਸਾਜਿਸ਼ ਕਹਿ ਦਿੱਤਾ ਗਿਆ। ਨਿਰਪੱਖ ਨਿਆਂਇਕ ਮਾਨਸਨਮਾਨ ਨੂੰ ਧੁੰਦਲਾ ਕਰਕੇ ਇਸ ਨੂੰ 'ਵਿਰਲਿਆਂ ਚੋਂ ਵਿਰਲਾ ਕੇਸ' ਕਰਾਰ ਦੇ ਕੇ ਮੌਤ ਦੀ ਸਜ਼ਾ ਦਾ ਹੁਕਮ ਸੁਣਾ ਦਿੱਤਾ। ਸ੍ਰੀ ਮਿਸ਼ਰ ਆਪਣੀ ਜਮਾਤੀ ਪੱਖਪਾਤ ਦੇ ਘੇਰੇ 'ਚ ਇਹ ਭੁਲ ਗਏ ਕਿ ਆਪਣੀਆਂ ਸਮੱਸਿਆਵਾਂ ਦੇ ਹੱਲ ਤੇ ਰਾਜਸੀ ਲੁਟ-ਘਸੁੱਟ ਤੋਂ ਮੁਕਤੀ ਲਈ ਸਾਧਨਾਂ ਦੀ ਚੋਣ ਕਰਨਾ ਲੁਟੇ ਤੇ ਕੁੱਟੇ ਜਾਂਦੇ ਮੇਹਨਤਕਸ਼ ਵਰਗ ਦਾ ਆਪਣਾ ਅਜ਼ਾਦ ਅਧਿਕਾਰ ਹੈ।

ਇਸ ਸੱਚਾਈ ਨੂੰ ਕਦੇ ਵੀ ਝੁਠਲਾਇਆ ਨਹੀਂ ਜਾ ਸਕਦਾ ਕਿ ਝਾਰਖੰਡ 'ਚ ਸਦੀਆਂ ਤੋਂ ਜਾਰੀ ਲੁਟ-ਘਸੁੱਟ ਤੇ ਰਾਜ ਦੇ ਅਤਿਆਚਾਰੀ ਕਾਨੂੰਨਾਂ ਨੇ ਹੀ ਉਥੇ ਤਿਖੀ ਜਮਾਤੀ ਲੜਾਈ ਨੂੰ ਮਜ਼ਬੂਤ ਬਣਾਇਆ ਹੈ। ਝਾਰਖੰਡ 'ਚ ਮਾਓਵਾਦੀ ਅੰਦੋਲਨ ਦਾ ਵਿਕਾਸ ਤੇ ਹਥਿਆਰਬੰਦ ਸੰਘਰਸ਼ ਨੂੰ ਜਾਰੀ ਰੱਖਣਾ, ਸਰਕਾਰੀ ਲੁਟ-ਘਸੁੱਟ, ਲੋਕ ਸਮੱਸਿਆਵਾਂ ਦੇ ਹੱਲ ਵਿੱਚ ਹਾਕਮ ਜਮਾਤ ਦੀ ਅਸਮਰਥਾ ਤੇ ਉਹਨਾਂ ਨੂੰ ਭੋਗਣ ਦੀ ਲਾਲਸਾ 'ਚ ਵਾਧੇ ਦਾ ਸਿੱਟਾ ਹੈ। ਚਿਲਖਾਰੀ ਕਾਂਡ ਨੂੰ ਸਿਰਫ ਮਾਓਵਾਦੀ ਸਾਜਿਸ ਵਜੋਂ ਵਿਆਖਿਆ ਕਰਨਾ, ਗੈਰ ਪ੍ਰਸੰਗਿਕ ਹੈ। ਇਹ ਪਿਛਾਖੜੀ 'ਪੇਂਡੂ ਰਖਿਆ ਫੋਰਸ' ਉਸ ਦੇ ਸਰਗਨਾ ਤੇ ਲੀਡਰਸ਼ਿਪ ਦੀਆਂ ਹਿੰਸਕ ਤੇ ਦਮਨਕਾਰੀ ਸਰਗਰਮੀਆਂ ਖਿਲਾਫ ਫੌਰੀ ਹਾਲਤ 'ਚ ਜਮਾਤੀ ਲੜਾਈ ਦਾ ਹੀ ਸਿੱਟਾ ਸੀ। ਇਸਨੂੰ ਵਿਰਲਿਆਂ 'ਚੋਂ ਵਿਰਲੀ, ਹਿੰਸਕ ਸਾਜਿਸ਼ ਕਹਿਣਾ ਨਿਆਂਇਕ ਨਿਰਪੱਖਤਾ ਨੂੰ ਵੀ ਧੁੰਦਲਾ ਕਰਨਾ ਹੈ। ਅੱਜ ਦੇਸ਼ ਵਿੱਚ ਨਿਰਪੱਖ ਆਵਾਜ਼ ਉਠ ਰਹੀ ਹੈ ਕਿ ਜਤਿਨ ਮਰਾਂਡੀ ਵਰਗੇ ਲੋਕ ਕਲਾਕਾਰ ਨੂੰ ਸੱਚ ਬੋਲਣ, ਲਿਖਣ ਤੇ ਸਦਾ ਖੁਲ੍ਹ ਕੇ ਜੀਵਨ ਦਾ ਗੀਤ ਗਾਉਣ ਕਾਰਨ ਫਾਂਸੀ

ਦੀ ਸਜ਼ਾ ਸੁਣਾਈ ਗਈ। ਜਿਸ ਨੇ ਝੂਠ ਤੇ ਫਰੇਬ ਦਾ ਪਰਦਾਫਾਸ਼ ਕਰਨਾ ਆਪਣੇ ਜੀਵਨ ਦਾ ਮਕਸਦ ਬਣਾਇਆ ਹੈ। ਉਸ ਖਿਲਾਫ ਅਦਾਲਤ 'ਚ ਝੂਠ ਨੂੰ ਵੀ ਝੁਠਲਾਉਣ ਵਾਲੇ ਗਵਾਹਾਂ ਨੂੰ ਖੜ੍ਹਾ ਕਰਕੇ ਜੋ ਕੁਝ ਕਹੂੰਗਾ ਸੱਚ, ਸੱਚ ਤੋਂ ਸਿਵਾਏ ਕੁਝ ਵੀ ਨਹੀਂ- ਅਤੇ ਸੱਚ ਦਾ ਰਾਗ ਅਲਾਪਦੇ ਹੋਏ ਜਸਟਿਸ ਨੇ ਸੱਚ ਨੂੰ ਫਾਂਸੀ 'ਤੇ ਲਟਕਾਉਣ ਦਾ ਫੁਰਮਾਨ ਜਾਰੀ ਕਰ ਦਿੱਤਾ। ਨਿਸਚੈ ਹੀ ਇਸ ਫੈਸਲੇ ਨੇ ਇਕ ਨਿਰਦੋਸ਼ ਜੀਵਨ, ਉਸ ਦੇ ਘਰ-ਪ੍ਰੀਵਾਰ, ਸੱਚ ਦੀ ਨਿਹਚਾ, ਸ਼ਹਿਰੀ ਅਜ਼ਾਦੀ, ਮਨੁੱਖੀ ਮਾਨ ਸਨਮਾਨ ਤੇ ਇਕ ਸਭਿਅਕ ਤੇ ਜਮਹੂਰੀ ਸਮਾਜ ਦੀ ਹੋਂਦ ਨੂੰ ਹੀ ਦਾਅ 'ਤੇ ਲਾ ਦਿੱਤਾ ਹੈ। ਇਹੀ ਵਜਾਹ ਹੈ ਕਿ ਇਸ ਖਿਲਾਫ਼ ਦੇਸ਼ ਵਿੱਚ ਵਿਰੋਧ, ਰੋਹ ਤੇ ਗੁੱਸੇ ਦੀ ਅਵਾਜ਼ ਉਠ ਰਹੀ ਹੈ।

# ਵਾਰ-ਵਾਰ ਅੰਨਾ ਮੌਨ ਵਰਤ ਕਿਉਂ ਰੱਖ ਲੈਂਦੇ ਹਨ?

ਪੂੰਜੀਵਾਦੀ ਸਮਾਜ 'ਚ ਸਭ ਕੁਝ ਵੇਚਣ ਲਈ ਪੈਦਾ ਕੀਤਾ ਜਾਂਦਾ ਹੈ। ਚਾਹੇ ਉਹ ਅਨਾਜ ਹੋਵੇ, ਕਲਾ ਹੋਵੇ, ਮਨੋਰੰਜਨ ਜਾਂ ਫਿਰ ਖਬਰਾਂ। ਸਨਸਨੀ ਪੈਦਾ ਕਰਨ ਤੇ ਉਸ ਨੂੰ ਵੇਚਣਾ ਪੂੰਜੀਵਾਦ ਦੇ ਸੜਦੇ ਸਮਾਜ ਢਾਂਚੇ ਨੂੰ ਦਿਖਾ ਰਿਹਾ ਹੈ। ਪਿਛਲੇ 5-6 ਮਹੀਨਿਆਂ ਤੋਂ ਬ੍ਰਾਂਡ ਅੰਨਾ ਨੂੰ ਖੂਬ ਵੇਚਿਆ ਗਿਆ। ਉਸ ਪਿੱਛੋਂ 13 ਅਕਤੂਬਰ ਨੂੰ ਪ੍ਰਸ਼ਾਂਤ ਭੂਸ਼ਨ ਦੀ ਸ੍ਰੀ ਰਾਮ ਸੈਨਾ ਵੱਲੋਂ ਕੁਟਮਾਰ ਤੇ ਦੂਜੇ ਦਿਨ ਅੰਨਾ ਸਮਰਥਕਾਂ ਦੀ ਕੋਰਟ 'ਚ ਧੁਲਾਈ ਨੇ ਮੀਡੀਆ ਨੂੰ "ਰਿਆਇਲਟੀ ਸੋ" ਵਰਗਾ ਮਸਾਲਾ ਦੇ ਦਿੱਤਾ। ਇਸ ਸ਼ੋਅ ਲਈ ਸ੍ਰੀ ਰਾਮ ਸੈਨਾ ਮੁਖੀ ਪ੍ਰਮੋਦ ਮੁਥਾਲਿਕ ਪੈਸਾ ਲੈ ਕੇ ਕੋਈ ਵੀ ਕੰਮ ਕਰਨ ਦੀ ਗੱਲ ਕਰਦਿਆਂ ਤਹਿਲਕਾ ਦੇ ਸਿਟੰਗ ਅਪ੍ਰੇਸ਼ਨ 'ਚ ਫੜੇ ਗਏ। ਇਸ ਪੂਰੇ ਅਮਲ 'ਚ ਅਸਲੀ ਸੁਆਲ ਗਾਇਬ ਕਰ ਦਿੱਤਾ ਗਿਆ ਹੈ। ਸਿਰਫ ਮਾਰਕੁਟ ਦੀ ਸਨਅਤੀ 'ਤੇ ਹਮਲਾ ਕਰਨ ਵਾਲੇ ਫਾਸਿਸਟ ਗੁੰਡਿਆਂ ਨਾਲ ਕਿਵੇਂ ਨਿਬੜਿਆ ਜਾਵੇ ਇਸ 'ਤੇ ਕੋਈ ਗੱਲਬਾਤ ਨਹੀਂ ਹੋਈ, ਰਾਸ਼ਟਰਵਾਦ ਦੇ ਨਾਂ ਹੇਠ ਮਾਨਵਤਾ ਦੇ ਦੁਸ਼ਮਣਾਂ ਨੂੰ ਤਾਕਤਵਰ ਵਿਖਾ ਕੇ ਛੱਡ ਦਿੱਤਾ ਗਿਆ। ਬਲਕਿ ਹੋਣਾ ਤਾਂ ਇਹ ਚਾਹੀਦਾ ਸੀ ਕਿ ਕਸ਼ਮੀਰ ਮੁੱਦੇ 'ਤੇ ਖੁੱਲੀ ਬਹਿਸ ਚਲਾਈ ਜਾਂਦੀ ਤਾਂ ਕਿ ਭਾਰਤ ਦੇ ਲੋਕਾਂ ਨੂੰ ਦੂਜਾ ਪੱਖ ਵੀ ਪਤਾ ਲੱਗਦਾ। ਕਸ਼ਮੀਰ ਨੂੰ ਝਮੇਲੇ ਵਾਲਾ ਮੁੱਦਾ ਬਣਾ ਕੇ ਅਤੇ ਭਾਰਤ ਦਾ ਅਟੁੱਟ ਅੰਗ ਦਸ ਕੇ ਦੂਜੇ ਸਭ ਪੱਖਾਂ ਦੀ ਆਵਾਜ਼ ਨੂੰ ਦਬਾ ਦਿੱਤਾ ਗਿਆ।

**ਸ੍ਰੀ ਰਾਮ ਸੇਨੇ ਦਾ ਇਤਿਹਾਸ** :- ਸ੍ਰੀ ਰਾਮ ਸੇਨੇ ਦਾ ਗਠਨ 1960 ਦੇ ਦਹਾਕੇ ਵਿੱਚ ਕਾਲਕੀ ਜੀ ਮਹਾਰਾਜ ਨੇ ਕੀਤਾ ਜੋ ਕਿਸੇ ਵੇਲੇ ਸ਼ਿਵ ਸੈਨਾ ਮੁਖੀ ਬਾਲ ਠਾਕਰੇ ਦਾ ਸੱਜਾ ਹੱਥ ਹੁੰਦਾ ਸੀ। ਸ੍ਰੀ ਰਾਮ ਸੇਨੇ ਚਰਚਾ 'ਚ ਉਦੋਂ ਆਈ ਜਦ 2008 ਵਿੱਚ ਉਸ ਦੇ ਗੁੰਡਿਆਂ ਨੇ ਹੁਸੈਨ ਦੀ ਪੇਟਿੰਗ ਪ੍ਰਦਰਸ਼ਨੀ ਵਿੱਚ ਤੋੜਭੰਨ ਕੀਤੀ ਅਤੇ ਮੰਗਲੌਰ ਦੇ ਪੱਬ 'ਚ ਘੁਸ ਕੇ ਮਾਰਕੁਟ ਕੀਤੀ ਗਈ। ਸ੍ਰੀ ਰਾਮ ਸੇਨੇ ਦਾ ਪ੍ਰਮੁੱਖ ਪ੍ਰਮੋਦ ਮੁਥਾਲਿਕ ਪਹਿਲਾਂ ਵਿਸ਼ਵ ਹਿੰਦ ਪ੍ਰੀਸ਼ਦ 'ਚ ਸੀ। ਮਾਲੇਗਾਵ ਬੰਬ ਵਿਸਫੋਟ ਦਾ ਮੁੱਖ ਦੋਸ਼ੀ ਕਰਨਲ ਪ੍ਰੋਹਿਤ ਸ੍ਰੀ ਰਾਮ ਸੇਨੇ ਦੀ ਪ੍ਰਸੰਸ਼ਾ ਕਰਦਾ ਅਤੇ ਮੁਥਾਲਿਕ ਸਾਧਵੀ ਪ੍ਰਤਿਗਆ ਠਾਕਰ ਨੂੰ ਜੋ ਕਿ ਅੱਤਵਾਦੀ ਬੰਬ ਵਿਸਫੋਟ ਦੀ ਦੋਸ਼ੀ ਹੈ, ਨਿਰਦੋਸ਼ ਦੱਸਦਾ ਹੈ। ਤਹਿਲਕਾ ਵੱਲੋਂ ਕੀਤੇ ਗਏ ਬੰਬ ਸਿਟੰਗ ਆਪਰੇਸ਼ਨ 'ਚ ਪ੍ਰਮੋਦ ਮੁਥਾਲਿਕ ਪੈਸਾ ਲੈ ਕੇ ਕੰਮ ਨੂੰ ਮੰਨਦਾ ਹੈ ਅਤੇ ਪੁਲਸ ਤੇ ਰਾਜਸੀ ਨੇਤਾਵਾਂ ਤੋਂ ਆਪਣੇ ਗੂੜਾ ਸਬੰਧ ਵੀ ਦੱਸਦਾ ਹੈ। ਕੌਮੀ ਆਰ. ਐਸ. ਐਸ. ਅਤੇ ਇਨ੍ਹਾਂ ਦੀ ਵਿਚਾਰਧਾਰਾ ਇੱਕ ਵਰਗੇ ਹੀ ਹੈ ਫਰਕ ਸਿਰਫ ਏਨਾ ਹੀ ਹੈ ਕਿ ਇਕ ਵੱਡਾ ਜਥੇਬੰਦਕ ਫਾਸੀਵਾਦੀ ਰਾਜਸੀ ਗ੍ਰੋਹ ਹੈ ਅਤੇ ਦੂਜਾ ਛੋਟਾ ਮਾਫੀਆ ਗਰੋਹ। ਵੈਸੇ ਸ੍ਰੀ ਰਾਮ ਸੈਨੇ ਆਰ. ਐਸ. ਐਸ. ਬਜਰੰਗ ਦਲ, ਏ. ਬੀ. ਵੀ. ਪੀ. ਤੋਂ ਲੈ ਕੇ ਵਿਸ਼ਵ ਹਿੰਦੂ ਪ੍ਰੀਸ਼ਦ, ਸ਼ਿਵ ਸੈਨਾ ਵਰਗੇ ਫਾਸ਼ੀਵਾਦੀਆਂ ਦੇ ਅਸਲੀ ਗੁਰੂ ਇਟਲੀ ਦਾ ਮਸੋਲਿਲੀ ਤੇ ਜਰਮਨੀ ਦਾ ਹਿਟਲਰ ਹੈ। ਭਾਰਤ ਵਿੱਚ ਫਿਰਕੂ ਫਾਸ਼ੀਵਾਦ ਦੇ ਵਿਚਾਰਕ ਬੋਨੇ ਵਾਲਾ ਮੁੰਜੇ 1931 'ਚ ਇਟਲੀ ਗਿਆ ਅਤੇ ਉਥੇ ਉਸ ਨੇ ਮਸੋਲਿਨੀ ਨਾਲ ਮੁਲਾਕਾਤ ਕੀਤੀ ਸੀ। 1924 ਤੋਂ 1935

ਤੱਕ ਆਰ. ਐਸ. ਐਸ. ਨਾਲ ਨੇੜਤਾ ਰੱਖਣ ਵਾਲੇ ਅਖਬਾਰ 'ਕੇਸਰੀ' ਨੇ ਮੁਸੋਲਿਨੀ ਤੇ ਉਸ ਦੀ ਫਾਸ਼ੀਵਾਦੀ ਸੱਦਾ ਦੀ ਪ੍ਰਸੰਸ਼ਾ 'ਚ ਲਗਾਤਾਰ ਲੇਖ ਛਾਪੇ। ਮੁੰਜੇ ਨੇ ਹੇਡਗੇਵਾਰ ਨੂੰ ਮਸੋਲਿਨੀ ਵੱਲੋਂ ਨੌਜਵਾਨ ਦੇ ਦਿਮਾਗ 'ਚ ਜ਼ਹਿਰ ਘੋਲ ਕੇ ਉਹਨਾਂ ਨੂੰ ਫਾਸ਼ੀਵਾਦੀ ਸੰਗਠਨ 'ਚ ਸ਼ਾਮਲ ਕਰਨ ਦੇ ਤੌਰ ਤਰੀਕਿਆਂ ਬਾਰੇ ਦੱਸਿਆ। ਇਸ ਸਮੇਂ ਵਿਨਾਇਕ ਦਮੋਦਰ ਸਾਵਰਕਰ ਨੇ ਜਰਮਨੀ ਦੇ ਨਾਤਿਸਆਂ ਨਾਲ ਸੰਪਰਕ ਸਥਾਪਤ ਕੀਤਾ। ਸਰਕਾਰ ਨੇ ਜਰਮਨੀ ਵਿੱਚ ਹਿਟਲਰ ਵੱਲੋਂ ਯਹੂਦੀਆਂ ਦੇ ਸਫਾਏ ਨੂੰ ਸਹੀ ਦੱਸਿਆ। ਭਾਰਤ 'ਚ ਹਿੰਦ ਫਿਰਕੂ ਫਾਸ਼ੀਵਾਦੀ ਅੰਨ੍ਹੀ ਕੌਮ ਪ੍ਰਸਤੀ ਵੀ ਸਭਿਆਚਾਰਕ ਰਾਸ਼ਟਰਵਾਦ ਦਾ ਚੋਲਾ ਪਹਿਣ ਕੇ ਸਾਹਮਣੇ ਆਇਆ ਜੋ ਅੱਜ ਪੂਰੇ ਦੇਸ਼ 'ਚ ਜ਼ਹਿਰ ਘੋਲ ਰਿਹਾ ਹੈ। ਸਪੱਸ਼ਟ ਹੈ ਕਿ ਇਹਨਾਂ ਦੇ ਵੱਖ-ਵੱਖ ਵੰਸ਼ਜਾਂ ਨਾਲ ਨਿਪਟਨ ਦਾ ਕੰਮ ਨਾ ਤਾਂ ਇਸ ਦੇਸ਼ ਦੀ ਕਾਨੂੰਨ ਵਿਵਸਥਾ ਕਰ ਸਕਦੀ ਹੈ ਅਤੇ ਨਾ ਹੀ ਕੇਜਰੀਵਾਲ-ਅੰਨਾ ਬ੍ਰਾਂਡ ਲੋਕ। ਵਰਨਾ ਤਹਿਲਕਾ ਦੇ ਸਿਟੰਗ 'ਚ ਬੇਨਕਾਬ ਮੁਤਾਲਿਕ ਤੇ ਬਾਬੂ ਬਜਰੰਗੀ ਵਰਗੇ ਲੋਕ ਅੱਜ ਤੱਕ ਖੁਲ੍ਹੇ ਨਾ ਘੁੰਮ ਰਹੇ ਹੁੰਦੇ।

**ਅੰਨਾ ਦਾ ਮੌਨ ਵਰਤ** :- ਪ੍ਰਸ਼ਾਂਤ ਭੂਸ਼ਣ ਦੀ ਮਾਰਕੁਟ ਪਿੱਛੋਂ ਅੰਨਾ ਹਜ਼ਾਰੇ ਅਗਲੇ ਹੀ ਦਿਨ ਮੌਨ ਵਰਤ ਧਾਰਨ ਕਰ ਗਏ ਤੇ ਲਿਖਿਤ ਸੁਨੇਹੇ 'ਚ ਕਸ਼ਮੀਰ ਨੂੰ ਭਾਰਤ ਦਾ ਅਟੁੱਟ ਅੰਗ ਦੱਸਿਆ ਅਤੇ ਕਿਹਾ ਕਿ ਉਹ ਪਾਕਿਸਤਾਨ ਖਿਲਾਫ ਲੜ ਚੁੱਕੇ ਹਨ ਅਤੇ ਕਦੇ ਭਾਰਤ ਪਾਕਿਸਤਾਨ ਜੰਗ ਹੋਈ ਤਾਂ ਉਹ ਹੁਣ ਵੀ ਲੜਨ ਲਈ ਤਿਆਰ ਹਨ। ਇਸ ਤਰ੍ਹਾਂ ਦਾ ਬਿਆਨ ਗਾਂਧੀਵਾਦੀ ਨੇਤਾ ਤਾਂ ਨਹੀਂ ਦੇਵੇਗਾ। ਅੰਨਾ ਹਜ਼ਾਰੇ ਸ੍ਰੀ ਰਾਮ ਸੈਨੇ ਦੇ ਗੁੰਡਿਆਂ 'ਤੇ ਸਖਤ ਕਾਰਵਾਈ ਕਰਨ ਦੀ ਥਾਂ ਇਸ ਤਰ੍ਹਾਂ ਦੇ ਲੋਕਾਂ ਨੂੰ ਅਪੀਲ ਕਰ ਰਹੇ ਹਨ ਕਿ 'ਤੁਸੀਂ ਦੇਸ਼ ਸੰਭਾਲਨਾ ਹੈ ਅਜਿਹਾ ਕੰਮ ਨਾ ਕਰੋ।' ਜੇ ਪ੍ਰਮੋਦ ਮੁਥਾਲਿਕ ਵਰਗੇ ਲੋਕਾਂ ਨੂੰ ਦੇਸ਼ ਸੰਭਾਲਨ ਦੀ ਜਿੰਮੇਵਾਰੀ ਦੇ ਦਿੱਤੀ ਗਈ ਤਾਂ ਕਲਪਨਾ ਕੀਤੀ ਜਾ ਸਕਦੀ ਹੈ ਕਿ ਕੀ ਹੋਵੇਗਾ। ਵਿਅਕਤੀ ਨੂੰ ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ ਤਾਂ ਭਾਰਤ ਦਾ ਸੰਵਿਧਾਨ ਵੀ ਦਿੰਦਾ ਹੈ। ਜੇ ਕੋਈ ਬੰਦਾ ਕਿਸੇ ਮਾਮਲੇ 'ਤੇ ਆਪਣੀ ਰਾਇ ਦਿੰਦਾ ਹੈ ਤਾਂ ਕਿਸੇ ਦੂਜੇ ਵਿਅਕਤੀ ਜਾਂ ਸੰਗਠਨ ਨੂੰ ਪਸੰਦ ਨਹੀਂ ਕਰਦਾ ਤਾਂ ਉਸ ਬੰਦੇ ਨੂੰ ਮਾਰਨਾ ਜਾਂ ਧਮਕਾਉਣਾ ਫਾਸੀਵਾਦੀ ਦਹਿਸ਼ਤ ਫੈਲਾਉਣਾ ਨਹੀਂ ਤਾਂ ਹੋਰ ਕੀ ਹੈ? ਇਸ ਦਾ ਮਤਲਬ ਇਹ ਹੋਇਆ ਕਿ ਜੇ ਸ੍ਰੀ ਰਾਮ ਸੈਨੇ ਵਰਗੇ ਸੰਗਠਨ ਨੂੰ ਭਗਤੀ ਸੰਗੀਤ ਪਸੰਦ ਹੈ ਤਾਂ ਤੁਸੀਂ ਵੀ ਓਹੀ ਸੰਗੀਤ ਸੁਣੋ, ਜੇ ਉਹ ਸ਼ਾਕਾਹਾਰੀ ਹੈ ਤਾਂ ਤੁਸੀਂ ਵੀ ਸ਼ਾਕਾਹਾਰੀ ਬਣੋ ਨਹੀਂ ਤਾਂ ਤੁਹਾਡਾ ਸਿਰ ਭੰਨ ਦਿੱਤਾ ਜਾਵੇਗਾ। ਵੈਸੇ ਅੰਨਾ ਹਜ਼ਾਰੇ ਨੇ ਇਸ ਤਰ੍ਹਾਂ ਦਾ ਤਜ਼ਰਬਾ ਆਪਣੇ ਪਿੰਡ ਰਾਲੇਗਾਣ ਸਿੱਧੀ ਵਿੱਚ ਵੀ ਕੀਤਾ ਹੈ। ਅੰਨਾ ਹਜ਼ਾਰੇ ਆਪਣੇ ਆਪ ਨੂੰ ਫਸਦਾ ਵੇਖ ਮੌਨ ਵਰਤ 'ਤੇ ਚਲੇ ਗਏ ਤੇ ਇਹ ਉਹਨਾਂ ਦਾ ਪਹਿਲਾ ਮੌਨ ਵਰਤ ਨਹੀਂ ਹੈ। ਜਦ ਮੁੰਬਈ 'ਚ ਉਤਰ ਭਾਰਤੀਆਂ ਨੂੰ ਕੁਟਿਆ ਮਾਰਿਆ ਜਾ ਰਿਹਾ ਸੀ ਤਦ ਵੀ ਉਹ ਮੌਨ ਸਨ, ਉਲਟੇ ਇਸ ਕਤਲੇਆਮ ਦੇ ਜਿੰਮੇਵਾਰ ਨਰੇਂਦਰ ਮੋਦੀ ਦੀ ਵੀ ਇਕ ਵਾਰੀ ਤਾਰੀਫ ਕੀਤੀ ਹਾਲਾਂਕਿ ਪਿੱਛੋਂ ਬਦਲ ਗਏ। ਇਸ ਤੋਂ ਇਲਾਵਾ ਰਾਜ ਠਾਕਰੇ ਵਰਗੇ ਲੋਕਾਂ ਦੇ ਨਾਲ ਮੰਚ ਸਾਂਝਾ ਕਰਨ ਵਿੱਚ ਵੀ ਅੰਨਾ ਹਜ਼ਾਰੇ ਮਾਣ ਮਹਿਸੂਸ ਕਰਦੇ ਹਨ। ਪੂਰੇ ਦੇਸ਼ 'ਚ ਲੱਖਾਂ ਕਿਸਾਨ ਆਤਮ ਹੱਤਿਆ ਕਰ ਰਹੇ ਹਨ ਤਦ ਵੀ ਉਹ ਮੌਨ ਹਨ। ਦੇਸ਼ ਭਰ 'ਚ ਮਜ਼ਦੂਰਾਂ ਨੂੰ ਕੁਚਲਿਆ ਜਾ ਰਿਹਾ ਹੈ ਤੇ

ਉਹਨਾਂ ਦੇ ਹੱਕਾਂ-ਅਧਿਕਾਰਾਂ ਨੂੰ ਰੋਲਿਆ ਜਾ ਰਿਹਾ ਹੈ ਫੇਰ ਵੀ ਉਹ ਮੌਨ ਹਨ। ਉਹਨਾਂ ਦੇ ਭ੍ਰਿਸ਼ਟਾਚਾਰ ਦੇ ਵਿਰੋਧ ਦਾ ਡਰਾਮਾ ਚਲ ਰਿਹਾ ਸੀ ਉਸ ਸਮੇਂ ਗੜਗਾਓ 'ਚ ਮਜ਼ਦੂਰ ਆਪਣੀ ਇੱਜ਼ਤ ਤੇ ਅਧਿਕਾਰਾਂ ਲਈ ਲੜ ਰਹੇ ਸਨ। ਅੰਨਾ ਹਜ਼ਾਰੇ ਜਾਂ ਉਹਨਾਂ ਦੀ ਮੰਡਲੀ ਦੇ ਇੱਕ ਵੀ ਮਦਾਰੀ ਨੂੰ ਇਹ ਨਜ਼ਰ ਨਹੀਂ ਆਇਆ, ਨਜ਼ਰ ਆਉਂਦਾ ਵੀ ਕਿਉਂ, ਸੁਜ਼ਕੀ ਤੇ ਮਰੂਤੀ ਵਰਗੇ ਕਾਰਪੋਰੇਟ ਤਾਂ ਨਿਰੰਤਰ ਸਦਾਚਾਰੀ ਹਨ। ਅਤੇ ਸ਼ਾਇਦ ਇਸ ਲਈ ਜਨ ਲੋਕ ਪਾਲ ਦੇ ਦਾਇਰੇ 'ਚ ਕਾਰਪੋਰਟ ਜਗਤ ਦਾ ਭ੍ਰਿਸ਼ਟਾਚਾਰ ਨਹੀਂ ਆਉਂਦਾ। ਅੰਨਾ ਹਜ਼ਾਰੇ ਤਾਂ ਬਸ ਆਪਣਾ 'ਲੋਕਪਾਲ ਬਿੱਲ' ਪਾਸ ਹੋਣਾ ਮੰਗਦਾ ਹੈ, ਚਾਹੇ ਮਜ਼ਦੂਰ ਮਰਦੇ ਰਹਿਣ। ਗਰੀਬ ਕਿਸਾਨ ਆਤਮ ਹੱਤਿਆਵਾਂ ਕਰਦੇ ਰਹਿਣ। ਅੰਨਾ ਟੀਮ ਨੇ ਜਨ-ਲੋਕਪਾਲ ਵਿਧਾਇਕ 'ਚ ਐਨ. ਜੀ. ਓ. ਕਾਰਪੋਰੇਟ ਸੈਕਟਰ ਤੇ ਟਰੱਸਟ ਸ਼ਾਮਲ ਹੀ ਨਹੀਂ ਕੀਤੇ ਗਏ ਕਿਉਂਕਿ ਅੰਨਾ ਦੇ ਸਭ ਤੋਂ ਕਰੀਬੀ ਲੋਕਾਂ ਅਰਵਿੰਦ ਕੇਜਰੀਵਾਲ ਮਨੀਸ਼ਾ ਸਿਸੋਦਿਆ ਕਿਰਨ ਬੇਦੀ ਕੋਲ ਐਨ. ਜੀ. ਓ. ਤੇ ਖੁਦ ਦੇ ਟਰੱਸਟ ਹਨ। ਇਹਨਾਂ ਵੱਲੋਂ ਚਲਾਏ ਜਾ ਰਹੇ ਸੰਗਠਨਾਂ ਨੂੰ ਪਿਛਲੇ ਤਿੰਨ ਸਾਲਾਂ ਵਿੱਚ ਫੋਰਡੇ ਫਾਊਡੇਸ਼ਨ ਤੋਂ ਚਾਰ ਲੱਖ ਡਾਲਰ ਮਿਲ ਚੁੱਕੇ ਹਨ। 'ਇੰਡੀਆ ਅੰਗੇਸਿਟ ਕਰੱਪਸਨ' 'ਚ ਕੁਝ ਅਜਿਹੇ ਅਦਾਰੇ ਜੁੜੇ ਹਨ ਜਿਹਨਾਂ ਦੇ ਅਲੂਮੀਨੀਅਮ ਦੇ ਕਾਰਖਾਨੇ ਹਨ ਅਤੇ ਉਹ ਬੰਦਰਗਾਹ ਤੇ ਸੇਜ ਤੱਕ ਬਣਾਉਂਦੇ ਹਨ। ਅੰਨਾ ਟੀਮ ਦੀ ਦੂਜੀ ਮੈਂਬਰ ਕਿਰਨ ਬੇਦੀ ਵੱਲੋਂ ਸੈਮੀਨਾਰ ਤੇ ਸਭਾਵਾਂ 'ਤੇ ਜਾਣ ਲਈ ਐਨ. ਜੀ. ਓ. ਤੇ ਅਦਾਰਿਆਂ ਤੋਂ ਸਫ਼ਰ ਭੱਤਾ ਵਧਾ ਚੜ੍ਹਾ ਕੇ ਲੈਣ ਦੀ ਗੱਲ ਸਾਹਮਣੇ ਆਈ ਹੈ। ਜਿਸ ਬਾਰੇ ਉਹਨਾਂ ਕਿਹਾ ਕਿ ਮੈਂ ਅਜਿਹਾ ਕਰਦੀ ਹਾਂ ਪਰ ਇਸ ਤਰ੍ਹਾਂ ਬਟੋਰੇ ਗਏ ਮਾਲ ਦੀ ਵਰਤੋਂ ਉਹ 'ਜਨਹਿਤ' 'ਚ ਕਰਦੀ ਹੈ। ਹੁਣ ਇਹ ਤਾਂ ਦਾਊਦ ਇਬਰਾਇਮ ਵੀ ਕਹਿ ਸਕਦਾ ਹੈ ਕਿ ਤਸਕਰੀ ਤੇ ਸੁਪਾਰੀ 'ਤੇ ਹੱਤਿਆਵਾਂ ਕਰਕੇ ਬਟੋਰੇ ਗਏ ਪੈਸੇ ਦੀ ਵਰਤੋਂ ਉਹ ਲੋਕਹਿੱਤ 'ਚ ਕਰਦਾ ਹੈ। ਉਹ ਭ੍ਰਿਸ਼ਟਾਚਾਰ ਵਿਰੋਧੀ ਧਰਮ ਯੋਧਾ ਆਪਣੇ ਭ੍ਰਿਸ਼ਟਾਚਾਰ ਬਾਰੇ ਕੋਈ ਬਿੱਲ ਨਹੀਂ ਮੰਗਦੇ। ਇਸ ਲਈ ਕਾਰਪੋਰੇਟ ਤੇ ਐਨ. ਜੀ. ਓ. ਸੈਕਟਰ ਨੂੰ ਜਨਲੋਕਪਾਲ ਬਿੱਲ ਦੇ ਦਾਇਰੇ ਤੋਂ ਬਾਹਰ ਰੱਖਿਆ ਗਿਆ ਹੈ। ਜਿਹਨਾਂ 'ਚੋਂ ਇੱਕ ਦਿੰਦਾ ਤੇ ਦੂਜਾ ਲੈਂਦਾ ਹੈ। ਯਾਦ ਰਹੇ ਕਿ ਕਿਰਨ ਬੇਦੀ ਦੀ ਆਪਣੀ ਗੈਰ ਸਰਕਾਰੀ ਜਥੇਬੰਦੀ (NGO) ਹੈ। ਇੰਡੀਆ ਵਿਜ਼ਨ ਫਾਊਂਡੇਸ਼ਨ ਉਥੇ ਸੁਪਰੀਮ ਕੋਰਟ ਨੇ ਕੇਂਦਰ ਤੇ ਰਾਜ ਸਰਕਾਰ ਨੂੰ ਨੋਟਿਸ ਭੇਜਿਆ ਕਿ ਅੰਨਾ ਹਜ਼ਾਰੇ ਦੇ 'ਹਿੰਦਸਵਰਾਜ ਟਰੱਸਟ' ਦੀ ਜਾਂਚ ਸੀ. ਬੀ. ਆਈ. ਤੋਂ ਕਰਵਾਈ ਜਾਵੇ। ਯਾਦ ਹੋਵੇ ਅੰਨਾ ਹਜ਼ਾਰੇ ਦਾ ਟਰੱਸਟ 1995 'ਚ ਬਣਿਆ ਪਰ ਉਸ 'ਚ ਗੈਰ ਕਾਨੂੰਨੀ ਢੰਗ ਨਾਲ ਇਸ ਵਿਤੀ ਸਾਲ ਤੋਂ ਪਹਿਲਾਂ ਹੀ ਸਰਕਾਰੀ ਆਰਥਕ ਸਹਾਇਤਾ ਦਿੱਤੀ ਗਈ ਸੀ। ਪਟੀਸ਼ਨ 'ਚ ਕਿਹਾ ਗਿਆ ਹੈ ਕਿ ਟਰੱਸਟ ਨੇ ਗੈਰ-ਕਾਨੂੰਨੀ ਤਰੀਕੇ ਨਾਲ ਇਕ ਕਰੋੜ ਰੁਪਏ ਤੋਂ ਵੱਧ ਰਕਮ 'ਕਾਊਂਸਿਲ ਫਾਰ ਏਡਵਾਂਸਮੈਂਟ ਆਫ ਪੀਪਲਜ ਐਕਸ਼ਨ ਐਂਡ ਰੂਰਲ ਟੈਕਨੋਲੋਜੀ (ਕਪਾਰਟ) ਤੋਂ ਹਾਸਲ ਕੀਤੀ ਸੀ। 1995 'ਚ ਅੰਨਾ ਨੇ ਕਪਾਰਟ ਤੋਂ 75 ਲੱਖ ਰੁਪਏ ਲਏ ਅਤੇ 2001 'ਚ ਕਪਾਰਟ ਤੋਂ ਪੰਜ ਕਰੋੜ ਰੁਪਏ ਪੇਂਡੂ ਸਿਹਤ ਦੇ ਨਾਂ ਨਾਲ ਲਿਆ। ਸਾਰੇ ਪੈਸੇ ਅਨਿਯਮਤ ਤਰੀਕੇ ਨਾਲ ਲਏ ਗਏ। ਪਿਛਲੇ ਕੁਝ ਸਾਲਾਂ ਵਿੱਚ ਇੱਕ ਤੋਂ ਬਾਅਦ ਇੱਕ ਘਪਲੇ ਹੋਏ ਜਿਨ੍ਹਾਂ 'ਚ ਸਭ ਵੱਡੀਆਂ ਪਾਰਲੀਮਾਨੀ ਪਾਰਟੀਆਂ ਦੇ ਨੇਤਾਵਾਂ ਦੇ ਨਾਂ ਆਏ। ਇਹਨਾਂ 'ਚ ਮੀਡੀਆ, ਕਾਰਪੋਰੇਟ

ਘਰਾਣਿਆਂ, ਵੱਡੇ ਪ੍ਰਤਰਕਾਰਾਂ ਤੇ ਨੇਤਾ-ਮੰਤਰੀ ਵਰਗ ਦੀ ਮਿਲੀ ਭੁਗਤ ਖੁਲ੍ਹ ਕੇ ਸਾਹਮਣੇ ਆ ਗਈ। ਵਧਦੀ ਮਹਿੰਗਾਈ, ਬੇਰੁਜ਼ਗਾਰੀ ਅਤੇ ਥਾਂ-ਥਾਂ ਮਜ਼ਦੂਰਾਂ ਤੇ ਕਿਸਾਨਾਂ ਦੇ ਸੰਘਰਸ਼ ਪੂੰਜੀਵਾਦੀ ਲੋਕਤੰਤਰ ’ਤੇ ਸੁਆਲ ਖੜ੍ਹੇ ਕਰ ਰਹੇ ਸਨ। ਪੂੰਜੀਵਾਦੀ ਲੋਕਰਾਜ ਤੋਂ ਲੋਕਾਂ ਦਾ ਵਿਸਵਾਸ਼ ਉਠ ਰਿਹਾ ਸੀ, ਠੀਕ ਉਸ ਸਮੇਂ ਕਈ ਭ੍ਰਿਸ਼ਟਾਚਾਰ-ਵਿਰੋਧੀ ਸਿਗੂਫੇ ਛੱਡੇ ਗਏ ਜਿਹਨਾਂ ਵਿੱਚੋਂ ਐਨ. ਏ. ਪੀ. ਐਮ. (ਨੈਸ਼ਨਲ ਅਲਾਇੰਸ ਫਾਰ ਪੀਪਲਸ ਮੂਵਮੈਂਟਸ) ਦੇ ਮੰਚ ਤੋਂ ਵਧਾਇਆ ਫੁਲਾਇਆ ਗਿਆ। ਅੰਨਾ ਹਜ਼ਾਰੇ ਦਾ ਅੰਦੋਲਨ ਸਭ ਤੋਂ ਸਫਲ ਹੋ ਗਿਆ ਜੋ ਖਿਡਾਰੀ ਇਸ ਖੇਡ ’ਚ ਪਿਛੜ ਗਏ ਜਾਂ ਜਿਹਨਾਂ ਨੂੰ ਇਸ ਅੰਦੋਲਨ ਨੇ ਹਾਸ਼ੀਏ ’ਤੇ ਸੁੱਟ ਦਿੱਤਾ। ਉਹ ਅਜੇ ਤੱਕ ‘ਬੇਮੰਚੀ-ਬੇਮੰਚੀ’ ਚਿਲਾ ਰਹੇ ਹਨ ਜਿਵੇਂ ਕਿ ਅਰੁਣਾ ਰਾਏ, ਰਜੇਂਦਰ ਸਿੰਘ ਆਦਿ ਪੂੰਜੀਵਾਦੀ ਮੀਡੀਆ ਕਾਰਪੋਰੇਟ ਤੇ ਐਨ. ਜੀ. ਓ. ਨੇ ਇਸ ਮੁਹਿੰਮ ਨੂੰ ਕਾਫੀ ਹਵਾ ਦਿੱਤੀ ਵਿਵਸਥਾ ਨੂੰ ਵਿਵਸਥਾ ਦੇ ਖਿਲਾਫ ਪੈਦਾ ਹੋਏ ਲੋਕ ਰੋਹ ਨੂੰ ਇਕ ਰਬੜ ਦੇ ਗੁਬਾਰੇ ’ਚ ਸੋਖ ਲੈਣ ’ਚ ਮਦਦ ਕੀਤੀ। ਦਿਗਵਿਜੈ ਸਿੰਘ ਖੁਦ ਪੂੰਜੀਪਤੀਆਂ ਤੇ ਠੇਕੇਦਾਰਾਂ ਦੀ ਸੇਵਾ ਕਰਨ ਵਾਲਾ ਇੱਕ ਘਾਗ ਨੇਤਾ ਹੈ। ਪਰ ਆਪਸੀ ਅੰਤਰ ਵਿਰੋਧਤਾਈਆਂ ਕਾਰਨ ਅਤੇ ਅੰਨਾ ਹਜ਼ਾਰੇ ਦੇ ਵਸਤੂਗਤ ਤੌਰ ਭਾਜਪਾ ਦਾ ਮਦਦਗਾਰ ਬਣਨ ਤੋਂ ਚੁਣਾਵੀ ਗਣਿਤ ਗੜਬੜ ਹੋ ਜਾਣ ਕਰਕੇ ਉਹ ਜੋ-ਜੋ ਪੋਲ ਖੋਹਲ ਰਿਹਾ ਹੈ ਉਸ ਨਾਲ ਪੂੰਜੀਵਾਦੀ ਵਿਵਸਥਾ ਦਾ ਇਹ ਨਵਾਂ ਸ਼ਿਗੂਫਾ ਬਰਬਾਦ ਹੁੰਦਾ ਨਜ਼ਰ ਆ ਰਿਹਾ ਹੈ। ਖੈਰ ਇਹੀ ਹੋਣਾ ਸੀ ਅਤੇ ਅੱਛਾ ਹੈ ਕਿ ਐਸਾ ਹੀ ਹੋ ਰਿਹਾ ਹੈ।

*ਮਿੰਨੀ ਕਹਾਣੀ*

# ਦੁਵਿਧਾ

"ਸ਼ਾਹ ਜੀ, ਮੇਰੀ ਘਰ ਵਾਲੀ ਮਹੀਨੇ ਭਰ ਤੋਂ ਬੀਮਾਰੀ ਨਾਲ ਮੰਜਾ ਮੱਲੀ ਪਈ ਹੈ, ਘਰੇ ਫੁੱਟੀ ਕੌਡੀ ਵੀ ਨਹੀਂ; ਇਲਾਜ ਕਰਾਵਾਂ ਤਾਂ ਕਿਵੇਂ ਕਰਾਵਾਂ, ਅੱਜ ਤਾਂ ਜ਼ਰੂਰ ਮੇਹਰ ਕਰੋ, ਕੁਝ ਤਾਂ ਉਧਾਰ ਦਿਉ, ਮੇਰੀ ਲਾਜ ਰੱਖ ਲਓ, ਮੈਂ ਥੋਡੀ ਪਾਈ ਪਾਈ ਵਿਆਜ ਸਮੇਤ ਮੋੜ ਦੇਊਗਾ।" ਮਿਰਜੇਆਣਾ ਦੇ ਜੱਟਾਂ ਦਾ ਮੁੰਡਾ ਬੰਤਾ ਸਿਉਂ ਸਰਦਾਰ ਦਾਨਾ ਮੰਡੀ 'ਚ ਸੋਮਨਾਥ ਆੜ੍ਹਤੀਏ ਦੀ ਹੱਟੀ ਮੂਹਰੇ ਮਿੰਨਤਾਂ ਤਰਲੇ ਕਰੀ ਜਾ ਰਿਹਾ ਸੀ। ਖੇਤੀ ਦੇ ਅਮਰਵੇਲ ਵਾਗੂੰ ਲਾਗਤ ਖਰਚਿਆਂ, ਕੁਦਰਤੀ ਆਫਤਾਂ, ਜਿਣਸਾਂ ਦੇ ਭਾਅ ਲਾਹੇਵੰਦ ਨਾ ਹੋਣ ਤੇ ਉਪਰੋਂ ਲੋਹੜੇ ਦੀ ਮਹਿੰਗਾਈ ਨੇ ਉਸ ਦੀ ਮਾਲੀ ਹਾਲਤ ਬੇਹੱਦ ਪਤਲੀ ਕਰ ਦਿੱਤੀ ਸੀ। ਲੱਕ ਤੋੜਵੇਂ ਘਰੇਲੂ ਖਰਚੇ ਉਸ ਦਾ ਲਹੂ ਚੂਸ ਰਹੇ ਸਨ। ਜ਼ਮੀਨ ਦੇ ਜੋ ਚਾਰ ਸਿਆੜ ਸਨ, ਉਹ ਬੈਅ ਕਰਨੇ ਪਏ, ਖੇਤੀ ਸੰਦ ਕੌਡੀਆਂ ਦੇ ਭਾਅ ਮੰਡੀ 'ਚ ਨਿਲਾਮ ਹੋ ਗਏ, ਪਤਨੀ ਦੀਆਂ ਟੂੰਮਾਂ ਵਿਕ ਗਈਆਂ। ਘਰ ਗਹਿਣੇ ਧਰਨਾ ਪਿਆ, ਜੁਆਕਾਂ ਦੀ ਪੜ੍ਹਾਈ ਧਰੀ ਧਰਾਈ ਰਹਿ ਗਈ, ਪੁਤ ਵਿਅਹੁਣ ਜੋਗੇ ਹੋ ਗਏ ਪਰ ਰਿਸ਼ਤੇ ਨਾਤੇ ਵੀਤਾਂ ਘਰ-ਕਮਾਈ ਵੇਖ ਕੇ ਤੈਅ ਹੁੰਦੇ ਹਨ। ਲੋਕਾਂ ਨੇ ਭਲਾ ਕੁੜੀਆਂ ਵੀ ਭੁਖੀਆਂ ਤਾਂ ਨਹੀਂ ਮਾਰਨੀਆਂ। ਉਸ ਦਾ ਤਾਂ ਵਾਲ-ਵਾਲ ਕਰਜੇ 'ਚ ਵਿੰਨਿਆ ਪਿਆ ਸੀ। 'ਨਹੀਂ ਭਾਈ ਸਰਦਾਰਾ ਹੁਣ ਤਾਂ ਸਾਡੇ ਵੀ ਹੱਥ ਖੜੇ ਹਨ, ਪੱਲੇ ਤੇਰੇ ਕੁਝ ਬਚਿਆ ਨਹੀਂ, ਗੂਠਾ ਕਾਹਦੇ 'ਤੇ ਲਾਵੇਂਗਾ। ਹਾਲਤ ਤੇਰੀ ਮਜ਼ੂਰਾਂ ਤੋਂ ਮਾੜੀ ਤੇ ਮੰਗ ਖਾਣ ਵਾਲਿਆਂ ਵਰਗੀ ਹੋਈ ਪਈਐ, ਉਧਾਰ ਮੁੜੂ ਕਿੱਥੋਂ, ਅਸੀਂ ਪੈਸਾ ਖੂਹ 'ਚ ਤਾਂ ਨਹੀਂ ਸੁੱਟਣਾ" ਸੇਠ ਨੇ ਵਹੀ ਫਰੋਲਦਿਆਂ ਕੋਰਾ ਜੁਆਬ ਦੇ ਮਾਰਿਆ।

"ਬੰਤੇ ਬਾਈ ਭੁਖੇ ਮਰਨ ਨਾਲੋਂ ਤੇ ਦਰ-ਦਰ ਉਧਾਰ ਮੰਗ ਕੇ ਠੋਕਰਾਂ ਖਾਣ ਨਾਲੋਂ ਤਾਂ ਚੰਗਾ ਹੈ, ਮੇਰੇ ਵਾਗੂੰ ਮਜ਼ੂਰੀ ਕਰ ਲੈ, ਆਜਾ ਆਪਾਂ ਇਕੱਠੇ ਪੱਲੇਦਾਰੀ ਕਰਾਂਗੇ, ਮੇਰੀ ਤਾਂ ਜਦੋਂ ਤੋਂ ਸੁਰਤ ਸੰਭਲੀਐ, ਦਿਹਾੜੀ-ਟੱਪਾ ਕਰਕੇ ਡੰਗ ਟਪਾਈ ਜਾ ਰਹੇ ਹਾਂ। ਜੇ ਤੂੰ ਵੀ ਮੇਰੇ ਵਾਗੂੰ ਟੱਬਰ ਪਾਲ ਲਵੇ ਤਾਂ ਹਰਜ ਵੀ ਕੀ ਐ।" ਬਾਣੀਏ ਦੇ ਹੱਟੀ ਮੂਹਰੇ ਦਾਣੇ ਛੰਡ ਕੇ ਬੋਰੀਆਂ ਭਰੀ ਜਾਂਦੇ ਬੰਤੇ ਦੇ ਹੀ ਪਿੰਡ ਦੇ ਗੋਪੀ ਨੇ ਬੰਤੇ ਦੀ ਤਰਸਯੋਗ ਹਾਲਤ ਭਾਂਪਦਿਆਂ ਵਿੱਚ ਦਖਲਅੰਦਾਜ਼ੀ ਕੀਤੀ। "ਹੈਂ ਇਹ ਕੀ ਮੈਂ ਹੁਣ ਦਿਹਾੜੀਆਂ ਕਰੂੰ ਤੇ ਉਹ ਵੀ ਤੇਰੇ ਬਰੋਬਰ, ਨਹੀਂ ਨਹੀਂ ਇਹ ਨਹੀਂ ਮੈਥੋਂ ਹੋਣਾ, ਲੋਕ ਕਹਿਣਗੇ ਲੰਬੜਾਂ ਜੱਟਾਂ ਦਾ ਮੁੰਡਾ ਜਮ੍ਹਾਂ ਹੀ ਨੰਗ ਹੋ ਗਿਆ।" ਇਹ ਕਹਿੰਦਿਆਂ ਉਹ ਛਾਲ ਮਾਰ ਕੇ ਇਉਂ ਪਿੱਛੇ ਹਟਿਆ ਜਿਵੇਂ ਕਿਸੇ ਨੇ ਉਸ ਦੇ ਪੈਰ 'ਤੇ ਠੂਹਾਂ ਰੱਖ ਦਿੱਤਾ ਹੋਵੇ। ਅਗਲੀ ਸਵੇਰੇ ਮੂੰਹ ਹਨੇਰੇ ਹੀ ਉਹ ਖੇਸੀ ਦੀ ਬੁਕਲ 'ਚ ਮੂੰਹ ਲਕੋਈ ਸ਼ਹਿਰ ਦੇ ਲੇਬਰ ਚੌਂਕ 'ਚ ਖੜਾ ਦਿਹਾੜੀ ਦੀ ਉਡੀਕ ਕਰ ਰਿਹਾ ਸੀ ਜਿਵੇਂ ਆਪਣੇ ਆਪ ਨੂੰ ਕਹਿ ਰਿਹਾ ਹੋਵੇ "ਗੱਲ ਗੋਪੀ ਦੀ ਭਾਵੇਂ ਸਹੀ ਹੈ ਪਰ ਮੈਂ ਉਸ ਦੇ ਨਾਲ ਪੱਲੇਦਾਰੀ ਤਾਂ ਨਹੀਂ ਕਰ ਸਕਦਾ ਨਾ" ਅੰਦਰੋ ਅੰਦਰ ਤੀਲਾ ਤੀਲਾ ਹੋਏ ਬੰਤੇ ਦੀ ਹਾਲਤ ਸੱਪ ਦੇ ਮੂੰਹ 'ਚ ਕੋਹੜ ਕਿਰਲੀ ਵਾਲੀ ਬਣੀ ਹੋਈ ਸੀ।

✪✪✪